**Reo-Bankowned Properties**
From San Jose to Sacramento
JASSI GILL Broker/Owner
510-304-9292
**Refinance Now**
@LOW COST
Call Sukhi Gill:510-207-9067
Jassi Gill
CA DRE Lic.#01180969 CA DRE# 00966763

**Hardeep S. Rai**
ਇੰਮੀਗਰੇਸ਼ਨ ਵਕੀਲ Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾਂ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO TEL: 415.693.9131 FAX. 415.693.9135
rai@hsrai.com www.hsrai.com
SAN JOSE TEL: 408.280.1111 FAX. 408.280.1212

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com



Twelfth Year in Publication ਕੈਲੇਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 12, Issue 31, August 6, 2011 20451 N Plum Grove Rd. Palatine, IL 60074 Ph:847-359-0746, Fax:847-705-9388


## ਪੰਥਕ ਧਿਰਾਂ ਬਾਦਲਾਂ ਖਿਲਾਫ ਇਕਜੁੱਟ

### ਖਾਲਿਸਤਾਨ ਦੇ ਮੁੱਦੇ 'ਤੇ ਮਾਨ ਨਾਲ ਮੱਤਭੇਦ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ 18 ਸਤੰਬਰ ਨੂੰ ਹੋਣ ਵਾਲੀਆਂ ਚੋਣਾਂ ਲਈ ਨਵੀਂ ਸਿਆਸੀ ਸਫਬੰਦੀ ਦਾ ਦੌਰ ਆਰੰਭ ਹੋ ਗਿਆ ਹੈ। ਵੱਖ-ਵੱਖ ਅਕਾਲੀ ਦਲਾਂ ਵੱਲੋਂ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ (ਬ) ਨੂੰ ਖਦੇੜਨ ਲਈ ਨਵਾਂ 'ਪੰਥਕ ਮੋਰਚਾ' ਬਣਾਉਣ ਦਾ ਐਲਾਨ ਕੀਤਾ ਗਿਆ ਹੈ ਪਰ ਇਸ ਪੰਥਕ ਮੋਰਚੇ ਵਿਚੋਂ ਇਸ ਵੇਲੇ ਸ਼ੋਮਣੀ ਅਕਾਲੀ ਦਲ (ਅੰਮ੍ਰਿਤਸਰ), ਆਲ ਇੰਡੀਆ ਸ਼ੋਮਣੀ ਅਕਾਲੀ ਦਲ ਤੇ ਸਿੱਖ ਸਟੂਡੈਂਟਸ ਫੈਡਰੇਸ਼ਨ (ਪੀਰ ਮੁਹੰਮਦ) ਮਨਫੀ ਹਨ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਆਪਣੇ ਬਲਬੂਤੇ 'ਤੇ ਹੀ ਚੋਣਾਂ ਲੜਨ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਵੱਲੋਂ ਆਪਣੇ 112 ਉਮੀਦਵਾਰਾਂ ਦੀ ਚੋਣ ਵੀ ਕਰ ਲਈ ਗਈ ਹੈ ਜਿਸ ਕਰਕੇ ਵਧੇਰੇ ਹਲਕਿਆਂ ਵਿਚ ਤਿਕੋਣੇ ਮੁਕਾਬਲੇ ਹੋਣ ਦੇ ਆਸਾਰ ਬਣ ਰਹੇ ਹਨ। ਇਹ ਤਿਕੋਣਾ ਮੁਕਾਬਲਾ ਸ਼੍ਰੋਮਣੀ ਅਕਾਲੀ ਦਲ, ਨਵਾਂ ਪੰਥਕ ਮੋਰਚਾ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਉਮੀਦਵਾਰਾਂ ਵਿਚਾਲੇ ਹੋਵੇਗਾ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਆਖਿਆ ਕਿ ਉਨ੍ਹਾਂ ਦੀ ਜਥੇਬੰਦੀ ਖਾਲਿਸਤਾਨ ਅਤੇ ਸ਼੍ਰੋਮਣੀ ਕਮੇਟੀ ਵਿਚ ਸਾਫ ਸੁਥਰਾ ਨਿਜ਼ਾਮ ਦੇਣ ਦੇ ਮੁੱਦੇ 'ਤੇ ਚੋਣ ਲੜੇਗੀ। ਉਨ੍ਹਾਂ ਸਪੱਸ਼ਟ ਕੀਤਾ ਕਿ ਕਾਂਗਰਸ ਅਤੇ ਭਾਜਪਾ ਸਮਰਥਕ ਜਥੇਬੰਦੀਆਂ ਨੂੰ ਛੱਡ ਕੇ ਤੇ ਖਾਲਿਸਤਾਨ ਦੇ ਮੁੱਦੇ 'ਤੇ ਚੋਣ ਲੜਨ ਦੀਆਂ ਇਛੁੱਕ ਜਥੇਬੰਦੀਆਂ ਨਾਲ ਹੀ ਗੱਠਜੋੜ ਸੰਭਵ ਹੈ।

### ਸ਼੍ਰੋਮਣੀ ਕਮੇਟੀ ਚੋਣਾਂ

ਐਤਕੀਂ 18 ਸਤੰਬਰ ਨੂੰ ਹੋ ਰਹੀਆਂ ਸ਼੍ਰੋਮਣੀ ਕਮੇਟੀ ਚੋਣਾਂ ਦੇ ਨਤੀਜੇ ਦਾ ਐਲਾਨ 22 ਸਤੰਬਰ ਨੂੰ ਕੀਤਾ ਜਾਵੇਗਾ। ਗੁਰਦੁਆਰਾ ਚੋਣ ਕਮਿਸ਼ਨ ਮੁਤਾਬਕ 18 ਸਤੰਬਰ ਨੂੰ 170 ਨੁਮਾਇੰਦਿਆਂ ਲਈ ਵੋਟਾਂ ਪੈਣਗੀਆਂ। ਸ਼੍ਰੋਮਣੀ ਕਮੇਟੀ ਦੀ ਪਿਛਲੀ ਚੋਣ 2004 ਵਿਚ ਹੋਈ ਸੀ ਅਤੇ ਇਸ ਦੀ ਮਿਆਦ 31 ਅਗਸਤ 2009 ਨੂੰ ਖ਼ਤਮ ਹੋ ਗਈ ਸੀ ਪਰ ਉਦੋਂ ਤੋਂ ਚੋਣਾਂ ਕਿਸੇ ਨਾ ਕਿਸੇ ਕਾਰਨ ਲਟਕਦੀਆਂ ਆਈਆਂ ਹਨ। ਇਸ ਵਾਰ ਵੋਟਰਾਂ ਦੀ ਗਿਣਤੀ ਘਟ ਕੇ ਸਿਰਫ 56,03,198 ਰਹਿ ਗਈ ਹੈ। ਇਨ੍ਹਾਂ ਵਿਚੋਂ 52,36,476 ਪੰਜਾਬ; 3,31723 ਹਰਿਆਣਾ; 23011 ਹਿਮਾਚਲ ਪ੍ਰਦੇਸ਼ ਤੇ 11985 ਵੋਟਰ ਚੰਡੀਗੜ੍ਹ ਵਿਚ ਹਨ।

ਉਧਰ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਹੈ ਕਿ ਗੁਰਦੁਆਰਾ ਪ੍ਰਬੰਧ ਨਾਲ ਜੁੜੀਆਂ ਇਹ ਚੋਣਾਂ ਨਿਰੋਲ ਧਾਰਮਿਕ ਮਾਮਲਿਆਂ ਨਾਲ ਸਬੰਧਤ ਹਨ ਅਤੇ ਇਨ੍ਹਾਂ ਵਿਚ ਕਿਸੇ ਵੀ ਕਿਸਮ ਦੇ ਨਸ਼ਿਆਂ

*(ਬਾਕੀ ਸਫਾ 6 'ਤੇ)*

## ਡਾ. ਜਸਬੀਰ ਸਿੰਘ ਆਹਲੂਵਾਲੀਆ 'ਤੇ ਕਾਤਲਾਨਾ ਹਮਲਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸਿੱਖ ਵਿਦਵਾਨ ਅਤੇ ਹਾਲ ਹੀ ਬਣਾਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ, ਫਤਹਿਗੜ੍ਹ ਸਾਹਿਬ ਦੇ ਵਾਈਸ ਚਾਂਸਲਰ ਡਾ. ਜਸਬੀਰ ਸਿੰਘ ਆਹਲੂਵਾਲੀਆ 'ਤੇ ਜਾਨਲੇਵਾ ਹਮਲਾ ਕੀਤਾ ਗਿਆ। ਯੂਨੀਵਰਸਿਟੀ ਕੈਂਪਸ ਵਿਚ ਹੋਏ ਇਸ ਹਮਲੇ 'ਚ ਉਨ੍ਹਾਂ ਦੀ ਪੁੜਪੁੜੀ ਵਿਚ ਦੋ ਗੋਲੀਆਂ ਲੱਗੀਆਂ। ਉਨ੍ਹਾਂ ਨੂੰ ਹੈਲੀਕਾਪਟਰ ਰਾਹੀਂ ਤੁਰੰਤ ਦਾ ਪੀ.ਜੀ.ਆਈ., ਚੰਡੀਗੜ੍ਹ ਪਹੁੰਚਾਇਆ ਗਿਆ ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਉਨ੍ਹਾਂ ਦੀ ਹਾਲਤ ਗੰਭੀਰ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਸਿਰ 'ਚੋਂ, ਮੂੰਹ ਵਿਚ ਲਗਾਤਾਰ ਖ਼ੂਨ ਵਹਿਣ ਕਾਰਨ ਫੇਫੜਿਆਂ 'ਚ ਵੀ ਖ਼ੂਨ ਭਰ ਗਿਆ। ਇਸ ਹਾਲਤ ਕਾਰਨ ਖਤਰਾ ਖੜ੍ਹਾ ਹੋ ਗਿਆ ਪਰ ਗੋਲੀਆਂ ਤੋਂ ਦਿਮਾਗ ਦੇ ਸਿੱਧੇ ਨੁਕਸਾਨ ਤੋਂ ਬਚਾਅ ਰਿਹਾ।

ਸੂਤਰਾਂ ਅਨੁਸਾਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਨਿੱਜੀ ਸਹਾਇਕ ਸੁਰਜੀਤ ਸਿੰਘ, ਡਾ. ਆਹਲੂਵਾਲੀਆ ਨੂੰ ਪਹਿਲੀ ਅਗਸਤ ਨੂੰ ਯੂਨੀਵਰਸਿਟੀ ਦਫਤਰ ਵਿਚ ਮਿਲਣ ਗਏ ਸਨ। ਇਸ ਮੁਲਾਕਾਤ ਪਿੱਛੋਂ ਡਾ. ਆਹਲੂਵਾਲੀਆ ਮਹਿਮਾਨ ਨੂੰ ਬਾਹਰ ਛੱਡਣ ਲਈ ਆਏ ਤਾਂ ਰਿਸੈਪਸ਼ਨ 'ਤੇ ਖੜ੍ਹੇ ਨੌਜਵਾਨ ਨੇ ਐਨ ਨੇੜਿਉਂ ਰਿਵਾਲਵਰ 'ਚੋਂ ਉਨ੍ਹਾਂ ਦੀ ਪੁੜਪੁੜੀ ਵੱਲ ਤਿੰਨ ਫਾਇਰ ਕਰ ਦਿੱਤੇ। ਇਨ੍ਹਾਂ ਤੋਂ ਇਕ ਫਾਇਰ ਖੁੰਝ ਗਿਆ ਜਦੋਂਕਿ ਦੋ ਗੋਲੀਆਂ ਪੁੜਪੁੜੀ ਦੇ ਬਿਲਕੁਲ ਨੇੜੇ ਲੱਗੀਆਂ। ਚਸ਼ਮਦੀਦ ਗਵਾਹਾਂ ਅਨੁਸਾਰ ਹਮਲਾਵਰ ਨੌਜਵਾਨ ਗੋਲੀਆਂ ਮਾਰਨ ਪਿੱਛੋਂ ਸ. ਬਾਦਲ ਦੇ ਪੀ.ਏ. ਦੀ ਲਾਲ ਬੱਤੀ ਵਾਲੀ ਗੱਡੀ

*(ਬਾਕੀ ਸਫਾ 6 'ਤੇ)*



*ਡਾ. ਜਸਬੀਰ ਸਿੰਘ ਆਹਲੂਵਾਲੀਆ ਨੂੰ ਹਸਪਤਾਲ ਲੈ ਜਾਣ ਦਾ ਦ੍ਰਿਸ਼।*

## ਪੁਲਿਸ ਵੱਲੋਂ ਹਮਲਾਵਰ ਦਾ ਸਕੈਚ ਜਾਰੀ



**ਫਤਹਿਗੜ੍ਹ ਸਾਹਿਬ:** ਡਾ. ਜਸਬੀਰ ਸਿੰਘ ਆਹਲੂਵਾਲੀਆ 'ਤੇ ਕਾਤਲਾਨਾ ਹਮਲਾ ਕਰਨ ਵਾਲੇ ਬੰਦੇ ਦੀ ਕੋਈ ਸੂਹ ਨਹੀਂ ਲੱਗੀ ਪਰ ਪੁਲਿਸ ਨੇ ਚਸ਼ਮਦੀਦ ਗਵਾਹਾਂ ਦੇ ਬਿਆਨਾਂ ਦੇ ਆਧਾਰ 'ਤੇ ਤਿਆਰ ਕੀਤਾ ਉਸ ਦਾ ਸਕੈੱਚ ਜਾਰੀ ਕੀਤਾ ਹੈ। ਪੁਲਿਸ ਦਾ ਦਾਅਵਾ ਹੈ ਕਿ ਹਮਲਾ ਰੰਜ਼ਿਸ਼ ਤੋਂ ਪ੍ਰੇਰਿਤ ਹੋ ਕੇ ਕੀਤਾ ਗਿਆ ਜਾਪਦਾ ਹੈ। ਇਹ ਸਕੈਚ ਬਣਾਉਣ 'ਚ ਉਸ ਟੈਕਸੀ ਡਰਾਈਵਰ ਦੀ ਖਾਸ ਮਦਦ ਲਈ ਗਈ ਜਿਸ ਦੀ ਟੈਕਸੀ ਹਮਲਾਵਰ ਨੌਜਵਾਨ ਨੇ ਸਰਹਿੰਦ ਤੋਂ ਕਿਰਾਏ 'ਤੇ ਕੀਤੀ ਸੀ। ਉਨ੍ਹਾਂ ਦਾਅਵਾ ਕੀਤਾ ਕਿ ਇਹ ਸਕੈਚ

*(ਬਾਕੀ ਸਫਾ 6 'ਤੇ)*


**REAL ESTATE & HOME LOANS**
Low Interest Rate
3.5% Down Payment
Free Credit Report
Free Pre-Approval
Successful Shortsale
AMAN HUNDAL Century 21
Broker / Associate
209.918.6464
ahundal@c21mm.com

Fresh Sweets, Snacks & Food
Catering with portable Tandoor for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
**Raja SWEETS & CATERING**
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Wedding Ceremonies, Receptions, Birthday Parties, Religious Gatherings, Corporate Events, Picnics / Bar-b-que
Warmers, Chaffing Dishes, China & Silverware, Linen Rental, Waiters & Bartenders
Call Makhan Bains or Ravinder Singh for your next Party 1-866-FOR RAJA www.RajaSweets.com

Law Offices Of
**Manpreet S. Gahra**
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜ਼ਨਸ ਲਾਅ
Manpreet S.Gahra Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# Bankruptcy *Divorce *Personal Injury *Evictions

*Bankruptcy (Ch 7) ਬੈਂਕਰਪਸੀ (ਚੈਪਟਰ 7)
> Wipe Out Credit Card Debt
> Stop Creditor Phone Calls
*Personal Injury/Car Accident
ਪਰਸਨਲ ਇੰਜਰੀ (ਸੱਟ-ਫੇਟ)/ਕਾਰ ਐਕਸੀਡੈਂਟ
*Family Law (Divorce, Child Custody)
ਫੈਮਿਲੀ ਲਾਅ (ਤਲਾਕ, ਬੱਚਿਆਂ ਦੀ ਸਪੁਰਦਗੀ)
> Child/Spousal Support > Guardianships
> Grandparents's Rights
*Evictions
> Landloard-Teant > Unlawful Detainer

New Location in Sacramento

*Free Consultation*

ਅਸੀਂ ਪੰਜਾਬੀ ਅਤੇ ਹਿੰਦੀ ਬੋਲਦੇ ਹਾਂ

Notary Services Available



*Kirandeep K Sihota Esq. and Lance V Friel, Esq.*

# Pacific Coast Law Firm P.C.


**(916)443-1190**
9245 Laguna Springs Dr., Ste. 200,
Elk Grove, CA 95758

**Now Serving Two Locations**
www.pacificcoastlawfirm.com

**(209) 475-6001**
2351 W. March Lane Suite A,
Stockton, CA 95207

---

# ਸਟਾਕਟਨ ਅਤੇ ਆਲੇ-ਦੁਆਲੇ ਦੇ ਇਲਾਕੇ ਦੇ ਕਮਰ, ਡਿਸਕ ਅਤੇ ਰੀਹ ਦੀ ਦਰਦ ਦੇ ਮਰੀਜ ਸਾਵਧਾਨ





**ਸਟਾਕਟਨ, ਕੈਲੀਫੋਰਨੀਆ:** ਇਸ ਵਿਚ ਕੋਈ ਸ਼ੱਕ ਨਹੀਂ ਕਿ ਜਿਹੜੇ ਲੋਕਾਂ ਨੂੰ ਜੋੜਾਂ ਦਾ ਦਰਦ ਸ਼ੁਰੂ ਹੋ ਜਾਂਦਾ ਹੈ ਉਨ੍ਹਾਂ ਲਈ ਜਿਉਣਾ ਮੁਹਾਲ ਹੋ ਜਾਂਦਾ ਹੈ। ਬੈਠਿਆਂ ਦਰਦ ਹੁੰਦੀ ਹੈ, ਖੜੋਤਿਆਂ, ਦੌੜਦਿਆਂ, ਤੁਰਦਿਆਂ, ਉਠਦਿਆਂ, ਗੱਡੀ ਚਲਾਉਂਦਿਆਂ ਅਤੇ ਕਈਆਂ ਨੂੰ ਤਾਂ ਲੇਟਿਆਂ ਵੀ ਦਰਦ ਹੁੰਦੀ ਹੈ। ਬੰਦਾ ਫਿਕਰਾਂ 'ਚ ਪੈ ਜਾਂਦਾ ਹੈ, ਇਸ ਦਰਦ ਤੋਂ ਕਦੀ ਛੁਟਕਾਰਾ ਵੀ ਮਿਲੇਗਾ? ਭਾਂਤ-ਭਾਂਤ ਦੇ ਇਲਾਜ ਅਜ਼ਮਾ ਚੁਕੇ ਲੋਕਾਂ ਨੂੰ ਜਾਪਣ ਲੱਗਦਾ ਹੈ ਕਿ ਜਿੰਨੇ ਮਰਜੀ ਇਲਾਜ ਕਰਵਾ ਲਵੋ, ਦਰਦ ਤੋਂ ਛੁਟਕਾਰਾ ਹੁਣ ਨਹੀਂ ਮਿਲਣਾ।

ਸਭ ਕੁਝ ਅਜ਼ਮਾ ਚੁਕੇ ਹੋ ਤੇ ਕਾਸੇ ਨਾਲ ਵੀ ਫਰਕ ਨਹੀਂ ਪਿਆ!



ਜਦੋਂ ਮੈਂ ਪਹਿਲੀ ਵਾਰ ਇਥੇ ਆਇਆ, ਮੈਂ ਕਰੀਬ ਕਰੀਬ ਢੇਰੀ ਢਾਹੀ ਬੈਠਾ ਸਾਂ। ਲਗਾਤਾਰ ਹੁੰਦੀ ਦਰਦ ਮੇਰੀ ਜਾਨ ਕੱਢਦੀ ਸੀ ਅਤੇ ਮੈਥੋਂ ਰੋਜ਼ਮੱਰਾ ਦੇ ਕੰਮ ਕਾਜ ਵੀ ਨਹੀਂ ਸਨ ਹੁੰਦੇ। ਨੌਂ ਮਹੀਨੇ ਪਹਿਲਾਂ ਹੀ ਮੇਰੀ ਸਰਜਰੀ ਹੋ ਕੇ ਹਟੀ ਸੀ। ਸ਼ੁਰੂ ਵਿਚ ਮੈਨੂੰ ਕੁਝ ਆਰਾਮ ਵੀ ਜਾਪਿਆ ਪਰ ਇਹ ਬਹੁਤਾ ਚਿਰ ਨਾ ਰਿਹਾ। ਸਰਜਰੀ ਕਰਨ ਵਾਲੇ ਮੈਡੀਕਲ ਡਾਕਟਰ ਨੇ ਸਰਜਰੀ ਪਿਛੋਂ ਇਹ ਕਹਿ ਕੇ ਹੱਥ ਝਾੜ ਦਿੱਤੇ ਕਿ ਮੈਂ ਹੋਰ ਕੁਝ ਨਹੀਂ ਕਰ ਸਕਦਾ। ਮੈਨੂੰ ਬਹੁਤ ਨਿਰਾਸ਼ਾ ਹੋਈ ਅਤੇ ਮੈਂ ਡਰ ਵੀ ਗਿਆ। ਦਰਦ ਤੋਂ ਕੁਝ ਰਾਹਤ ਹਾਸਲ ਕਰਨ ਲਈ ਮੈਂ ਬੜੀਆਂ ਤਾਕਤਵਰ ਦਰਦ ਨਿਵਾਰਕ ਦਵਾਈਆਂ ਲੈ ਰਿਹਾ ਸਾਂ। ਫਿਰ ਮੈਂ ਇਸ ਕਲੀਨਿਕ ਬਾਰੇ ਅਖਬਾਰ ਵਿਚ ਪੜ੍ਹਿਆ ਅਤੇ ਫੈਸਲਾ ਕੀਤਾ ਕਿ ਸਲਾਹ ਲੈਣ ਵਿਚ ਭਲਾ ਕੀ ਹਰਜ ਹੈ! ਮੈਨੂੰ ਥੋੜ੍ਹੀ ਸ਼ੰਕਾ ਸੀ ਪਰ ਮੇਰੇ ਕੋਲ ਹੋਰ ਰਾਹ ਵੀ ਬਾਕੀ ਨਹੀਂ ਸੀ ਬਚਿਆ। ਜੁਲਾਈ ਮਹੀਨੇ ਮੈਂ ਇਲਾਜ ਸ਼ੁਰੂ ਕੀਤਾ ਅਤੇ ਹੁਣ ਮੈਂ ਭਾਵੇਂ ਪੂਰੀ ਤਰ੍ਹਾਂ ਦਰਦ ਤੋਂ ਛੁਟਕਾਰਾ ਨਹੀਂ ਪਾ ਸਕਿਆ ਪਰ ਪਹਿਲਾਂ ਦੇ ਮੁਕਾਬਲੇ 75% ਬਿਹਤਰ ਹਾਂ। ਬਿਨਾ ਤਕਲੀਫ ਕੰਮ ਕਾਰ ਕਰਨ ਦੇ ਲਾਇਕ ਹੋਣ ਨਾਲ ਮੈਨੂੰ ਬੜੀ ਰਾਹਤ ਮਿਲੀ ਹੈ। ਹੁਣ ਮੈਨੂੰ ਆਪਣੇ ਭਵਿੱਖ ਦੀ ਚਿੰਤਾ ਨਹੀਂ ਸਗੋਂ ਇਕ ਵੱਡੀ ਆਸ ਨਜ਼ਰ ਆਉਂਦੀ ਹੈ ਕਿ ਮੈਂ ਛੇਤੀ ਹੀ ਦਰਦ ਤੋਂ ਖਹਿੜਾ ਛੁਡਾ ਲਵਾਂਗਾ। ***-ਐਡਵਿਨ ਗੁਡਮੈਨ, ਟਰੀ ਟਰਿਮਰ, ਉਮਰ 47 ਸਾਲ।***

---



ਮੈਨੂੰ ਸੰਨ 2007 ਤੋਂ ਲੱਕ ਦਰਦ ਚਲੀ ਆ ਰਹੀ ਸੀ। ਮੈਂ ਕਾਇਜ਼ਰ ਹਸਪਤਾਲ ਇਲਾਜ ਲਈ ਜਾਂਦੀ ਸੀ ਜਿਥੇ ਡਾਕਟਰਾਂ ਨੇ ਮੈਨੂੰ ਭਾਂਤ ਸੁਭਾਂਤੀਆਂ ਦਵਾਈਆਂ ਦਿੱਤੀਆਂ ਅਤੇ ਐਪੀਡਿਊਰਲ ਇੰਜੈਕਸ਼ਨ ਦਿੱਤੇ ਪਰ ਕੋਈ ਫਰਕ ਨਾ ਪਿਆ। ਮੈਂ ਸਟਾਕਟਨ ਰਿਕਾਰਡ ਅਖਬਾਰ ਵਿਚ ਇਸ ਕਲੀਨਿਕ ਬਾਰੇ ਪੜ੍ਹਿਆ ਅਤੇ ਕਾਇਜ਼ਰ ਹਸਪਤਾਲ ਵਿਚ ਆਪਣੇ ਡਾਕਟਰ ਨਾਲ ਰੀੜ੍ਹ ਦੀ ਹੱਡੀ ਦੇ ਡੀਕੰਪਰੈਸ਼ਨ ਬਾਰੇ ਗੱਲ ਕੀਤੀ ਪਰ ਉਸ ਨੇ ਕਿਹਾ ਕਿ ਉਹ ਮੇਰੇ ਲਈ ਠੀਕ ਨਹੀਂ ਹੋਵੇਗੀ। ਮੈਂ ਸਿਹਤ ਬਾਰੇ ਆਪਣਾ ਵਕੀਲ ਆਪ ਬਣਨ ਦਾ ਫੈਸਲਾ ਕੀਤਾ। ਮੈਂ ਡਾ. ਸਿਹੋਤਾ, ਡੀ ਸੀ ਨੂੰ ਮਿਲੀ। ਜਦੋਂ ਮੈਂ ਉਨ੍ਹਾਂ ਦੀ ਕਲੀਨਿਕ ਗਈ ਮੈਂ ਖੂੰਡੀ ਦੇ ਸਹਾਰੇ ਚਲਦੀ ਸਾਂ ਅਤੇ ਮੇਰੀ ਪੀੜ੍ਹ ਦਸ ਦੇ ਸਕੇਲ ਉਤੇ ਦਸ ਸੀ। ਦੋ ਹਫਤਿਆਂ ਦੇ ਇਲਾਜ ਪਿਛੋਂ ਮੈਨੂੰ ਆਪਣੀ ਖੂੰਡੀ ਦੀ ਕੋਈ ਲੋੜ ਨਾ ਰਹੀ। ਹੁਣ ਮੈਂ ਆਪਣੀ 70% ਪੀੜ ਤੋਂ ਛੁਟਕਾਰਾ ਹਾਸਲ ਕਰ ਚੁਕੀ ਹਾਂ। ਮੇਰਾ ਤੁਰਨਾ-ਫਿਰਨਾ ਵੀ ਕਾਫੀ ਸੌਖਾ ਹੋ ਗਿਆ ਹੈ। ਮੇਰੀ ਸਭਨਾਂ ਨੂੰ ਸਲਾਹ ਹੈ, ਕਦੇ ਵੀ ਹੌਸਲਾ ਨਾ ਛੱਡੋ ਸਗੋਂ ਚੁਣੌਤੀ ਦਾ ਸਿੱਧੇ ਹੋ ਕੇ ਸਾਹਮਣਾ ਕਰੋ। ਆਪਣੀ ਤੰਦਰੁਸਤ ਜ਼ਿੰਦਗੀ ਬਿਨਾ ਕਿਸੇ ਦਵਾਈ, ਸਰਜਰੀ ਅਤੇ ਦਰਦ ਦੇ ਮੁੜ ਹਾਸਲ ਕਰ ਲਈ ਤੁਰਤ ਡਾ. ਸਿਹੋਤਾ ਨੂੰ ਮਿਲੋ। ਮੈਂ ਸਮਝਦੀ ਹਾਂ ਕਿ ਡਾ. ਸਿਹੋਤਾ ਅਤੇ ਉਨ੍ਹਾਂ ਦੇ ਸਟਾਫ ਦਾ ਹਮਦਰਦਾਨਾ ਵਿਹਾਰ ਅਤੇ ਪੇਸ਼ੇਵਾਰਾਨਾ ਪਹੁੰਚ ਇਸ ਕਲੀਨਿਕ ਦੀ ਇਲਾਜ ਪ੍ਰਣਾਲੀ ਦਾ ਇਕ ਹਿੱਸਾ ਹੈ। ***-ਈਸਾ ਐਸ., ਡਿਟੈਨਸ਼ਨ ਅਫਸਰ, ਉਮਰ 61 ਸਾਲ।***

ਸੋਜ ਘਟਾਉਣ ਵਾਲੀਆਂ ਦਵਾਈਆਂ, ਕਾਇਰੋਪ੍ਰੈਕਟਿਸ, ਯੋਗਾ, ਕਸਰਤ, ਫਿਜ਼ੀਲਕ ਥੈਰਪੀ, ਸਟ੍ਰੈਚਿੰਗ, ਦਵਾਈਆਂ, ਸਰਜ਼ਰੀ, ਲੱਕ ਦੀਆਂ ਪੇਟੀਆਂ, ਨੈਚੁਰਲ ਸਪਲੀਮੈਂਟ, ਕਿਤਾਬਾਂ, ਦੇਸੀ ਨੁਸਖੇ, ਸੇਕ, ਰੀਡ ਦੀ ਹੱਡੀ 'ਚ ਇੰਜੈਕਸ਼ਨ, ਬਰਫ, ਗੱਲ ਕੀ ਹਰ ਸ਼ੈਅ ਅਜ਼ਮਾ ਚੁਕੇ ਹੋ ਪਰ ਕੋਈ ਫਰਕ ਨਹੀਂ ਪਿਆ ਤਾਂ ਇਕ ਵਾਰੀ **ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ** ਨੂੰ ਕਾਲ ਜ਼ਰੂਰ ਕਰੋ ਉਹ ਅਗਲੇ 72 ਘੰਟੇ ਲਈ ਆਪਣਾ ਮਾਹਿਰਾਨਾ ਮਸ਼ਵਰਾ ਬਿਲਕੁਲ ਮੁਫਤ ਦੇਣਗੇ। ਬਸ, ਸਾਰੀਆਂ ਅਪੁਆਇੰਟਮੈਂਟਾਂ ਬੁੱਕ ਹੋ ਜਾਣ ਤੋਂ ਪਹਿਲਾਂ ਪਹਿਲਾਂ ਕਾਲ ਕਰ ਲਓ। ਡਾ. ਜਗਜੀਤ ਸਿੰਘ ਸਿਹੋਤਾ, ਡੀ.ਸੀ. ਨੇ ਆਪਣਾ ਮਾਹਿਰਾਨਾ ਮਸ਼ਵਰਾ ਬਿਨਾ ਕਿਸੇ ਫੀਸ ਅਤੇ ਬਿਨਾ ਕਿਸੇ ਬੰਦਿਸ਼ ਦੇ ਦੇਣ ਦਾ ਫੈਸਲਾ ਸਟਾਕਟਨ ਤੇ ਆਲੇ-ਦੁਆਲੇ ਦੇ ਇਲਾਕੇ ਦੇ ਲੋਕਾਂ ਦੀ ਕਮਰ ਦਰਦ, ਡਿਸਕ ਅਤੇ ਗਰਦਨ ਦੀ ਦਰਦ ਨੂੰ ਮੁੱਖ ਰੱਖਦਿਆਂ ਕੀਤਾ ਹੈ।

ਇਸ ਡਾਕਟਰ ਵਲੋਂ ਕਮਰ, ਡਿਸਕ ਅਤੇ ਗਰਦਨ ਦੇ ਦਰਦ ਦੇ ਕੀਤੇ ਜਾਂਦੇ ਇਲਾਜ ਦਾ ਮਰੀਜਾਂ ਨੂੰ ਏਨਾ ਫਾਇਦਾ ਹੋਇਆ ਹੈ ਕਿ ਇਨ੍ਹਾਂ ਦਰਦਾਂ ਤੋਂ ਪ੍ਰੇਸ਼ਾਨ ਲੋਕ ਉਸ ਦੀ ਕਲੀਨਿਕ ਵੱਲ ਵਹੀਰਾਂ ਘੱਤ ਕੇ ਤੁਰੇ ਆ ਰਹੇ ਹਨ। ਉਸ ਨੇ ਉਨ੍ਹਾਂ ਲੋਕਾਂ ਨੂੰ ਆਸ ਦੀ ਇਕ ਸੱਚੀ ਕਿਰਨ ਦਿਖਾਈ ਹੈ ਜੋ ਜੋੜਾਂ ਦੇ ਦਰਦ ਲਈ ਸਭੋ ਕੁਝ ਅਜ਼ਮਾ ਚੁਕੇ ਹਨ ਪਰ ਕੋਈ ਫਾਇਦਾ ਨਹੀਂ ਹੋਇਆ। ਉਸ ਦੀ ਇਲਾਜ ਪ੍ਰਣਾਲੀ ਦੀ ਖਾਸੀਅਤ ਇਹ ਹੈ ਕਿ ਇਸ ਵਿਚ ਕੋਈ ਦਵਾਈ ਨਹੀਂ ਦਿੱਤੀ ਜਾਂਦੀ, ਕੋਈ ਸਰਜ਼ਰੀ ਨਹੀਂ ਕੀਤੀ ਜਾਂਦੀ ਅਤੇ ਕੋਈ ਇੰਜੈਕਸ਼ਨ ਨਹੀਂ ਦਿੱਤੇ ਜਾਂਦੇ। ਇਸ ਤੋਂ ਉਪਰ ਇਹ ਵੀ ਕਿ ਇਹ ਇਲਾਜ ਪ੍ਰਣਾਲੀ ਉਚ ਤਕਨੀਕ 'ਤੇ ਆਧਾਰਤ ਹੈ ਅਤੇ ਬਹੁਤ ਹੀ ਸੁਖਾਵੀਂ ਵੀ ਹੈ। ਡਾ. ਸਿਹੋਤਾ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਪਤਾ ਹੈ ਕਿ ਇਸ ਤਰ੍ਹਾਂ ਦੇ ਦਰਦ ਦਾ ਇਲਾਜ ਉਨ੍ਹਾਂ ਦੀ ਇਲਾਜ ਪ੍ਰਣਾਲੀ ਨਾਲ ਹੀ ਸੌਖਿਆਂ ਹੋ ਸਕਦਾ ਹੈ। ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਕਿੰਨੇ ਲੋਕਾਂ ਨੂੰ ਉਨ੍ਹਾਂ ਦੇ ਮਸ਼ਵਰੇ ਅਤੇ ਧਿਆਨ ਦੀ ਲੋੜ ਹੈ, ਇਸੇ ਕਰਕੇ ਉਹ ਦਿੱਤੇ ਜਾਣ ਵਾਲੇ ਮਸ਼ਵਰਿਆਂ ਦੀ ਗਿਣਤੀ ਸੀਮਤ ਕਰਨ ਲਈ ਮਜ਼ਬੂਰ ਹਨ ਤਾਂ ਕਿ ਹਰ ਮਰੀਜ਼ ਨੂੰ ਨਿੱਜੀ ਤੌਰ 'ਤੇ ਧਿਆਨ ਦਿਤਾ ਜਾ ਸਕੇ। ਜੇ ਤੁਸੀਂ ਇਹ ਲੇਖ ਛਪਣ ਦੇ 72 ਘੰਟੇ ਦੇ ਅੰਦਰ ਅੰਦਰ ਕਾਲ ਕਰੋ ਤਾਂ ਡਾ. ਸਿਹੋਤਾ ਦੀ ਗਾਰੰਟੀ ਹੈ ਕਿ ਉਹ ਆਪਣੀ ਕਲੀਨਿਕ ਲਈ ਅਪੁਆਇੰਟਮੈਂਟ ਜ਼ਰੂਰ ਦੇਣਗੇ। ਸੋ ਅੱਜ ਹੀ ਸਟਾਕਟਨ ਸਵੀਅਰ ਬੈਕ ਐਂਡ ਨੈਕ ਪੇਨ ਹਾਟਲਾਈਨ 'ਤੇ ਕਾਲ ਕਰੋ: 209 464 7738

ਇਸ ਸਲਾਹ-ਮਸ਼ਵਰੇ ਦੀ ਉਂਜ ਫੀਸ 247 ਡਾਲਰ ਹੈ। ਗੱਲ ਨਿਰੀ ਪੈਸੇ ਦੀ ਵੀ ਨਹੀਂ, ਤੁਹਾਨੂੰ ਇਸ ਗੱਲ ਦਾ ਭਰੋਸਾ ਮਿਲਦਾ ਹੈ ਕਿ ਤੁਹਾਡੀ ਕਮਰ, ਡਿਸਕ ਜਾਂ ਗਰਦਨ ਦੀ ਦਰਦ ਦਾ ਕੋਈ ਇਲਾਜ ਸੰਭਵ ਹੈ। **ਸੋ, ਕਮਰ, ਹਰਨੀਆ, ਸਲਿਪ ਡਿਸਕ, ਰੀਹ, ਅਰਥਰਾਈਟਸ, ਚੂਲੇ ਦੀ ਜਾਂ ਲੱਤ ਦੀ-ਕੋਈ ਵੀ ਦਰਦ** ਹੈ ਤਾਂ ਇਲਾਜ ਦਾ ਇਹ ਮੌਕਾ ਹੱਥੋਂ ਜਾਣ ਨਾ ਦਿਓ। ਫੌਰੀ ਕਾਲ ਕਰੋ

**209 464 7738**

ਕਲੀਨਿਕ **2531 N. California Street (North California St. & Ellis St.)** ਵਿਖੇ ਹੈ, ਹਾਰਡਿੰਗ ਵੇਅ ਤੇ ਅਲਪਾਈਨ ਐਵਨਿਊ ਵਿਚਾਲੇ ਸੇਂਟ ਜੌਸਫ ਹਸਪਤਾਲ ਤੋਂ ਡੇਢ ਬਲਾਕ ਦੂਰ। **ਨੋਟ (1):** ਕਾਲ ਕਰਨ ਵਾਲੇ ਪਹਿਲੇ 11 ਮਰੀਜ਼ਾਂ ਨੂੰ 48 ਘੰਟੇ ਵਿਚ ਅਪੁਆਇੰਟਮੈਂਟ ਮਿਲ ਜਾਏਗੀ। **ਨੋਟ (2):** ਜੇ ਤੁਸੀਂ ਅਪੁਆਇੰਟਮੈਂਟ 12 ਅਗਸਤ 2011 ਸ਼ਾਮ 6 ਵਜੇ ਤਕ ਬਣਾਉਂਦੇ ਹੋ ਤਾਂ ਇਸ ਲਈ ਕੋਈ ਫੀਸ ਨਹੀਂ ਦੇਣੀ ਪਵੇਗੀ (247 ਡਾਲਰ ਦੇ ਬਰਾਬਰ)। *ਸਾਡੀ "ਤਸੱਲੀ ਦੀ ਗਾਰੰਟੀ" ਇਹ ਗੱਲ ਯਕੀਨੀ ਬਣਾਉਂਦੀ ਹੈ ਕਿ ਤੁਹਾਨੂੰ ਸਾਡੀ ਕਲੀਨਿਕ ਵਿਚ ਸਾਫ-ਸੁਥਰਾ, ਸੰਭਾਲ ਕਰਨ ਵਾਲਾ, ਖੁਸ਼ਗਵਾਰ ਅਤੇ ਪੇਸ਼ੇਵਰ ਮਾਹੌਲ ਮਿਲੇਗਾ ਕਿਉਂਕਿ ਇਹ ਤੁਹਾਡੀਆਂ ਲੋੜਾਂ ਪ੍ਰਤੀ ਹੁੰਗਾਰਾ ਭਰਨ ਵਾਲਾ ਅਤੇ ਸਮੇਂ ਦਾ ਪਾਬੰਦ ਹੋਵੇਗਾ। ਇਸਦਾ ਮਤਲਬ ਨਤੀਜਿਆਂ ਦੀ ਗਾਰੰਟੀ ਨਹੀਂ ਹੈ।

New location in Sacramento next to Arden way mall
**Phone Number: 916-564-5551**
**We have 2 locations now**
One in **Stockton**
One in **Sacramento**

Copyright © 2009 CMC, LLC

# ਪਰਵਾਸੀ ਪੰਜਾਬੀ ਪੰਜਾਬ ਦੀ ਸਾਰ ਲੈਣ-ਮਨਪ੍ਰੀਤ ਬਾਦਲ

**ਸੈਕਰਾਮੈਂਟੋ (ਰਾਜਾ):** ਪੰਜਾਬ ਦੇ ਸਿਆਸਤਦਾਨਾਂ ਨੇ ਪੰਜਾਬ ਦੀਆਂ ਮਾਂਵਾਂ ਨੂੰ ਤੜ੍ਹਫਾਉਣ ਵਿਚ ਕੋਈ ਕਸਰ ਨਹੀਂ ਛੱਡੀ। ਹੁਣ ਪਰਵਾਸੀ ਪੰਜਾਬੀ ਆਪਣੀ ਧਰਤੀ ਮਾਂ ਦੀ ਸਾਰ ਲੈਣ ਤਾਂ ਜੋ ਉਜੜ ਰਹੇ ਪੰਜਾਬ ਨੂੰ ਬਚਾਇਆ ਜਾ ਸਕੇ। ਅਮਰੀਕਾ ਦੌਰੇ 'ਤੇ ਆਏ ਪੀਪਲਜ਼ ਪਾਰਟੀ ਆਫ ਪੰਜਾਬ (ਪੀ ਪੀ ਪੀ) ਦੇ ਕਾਰਜਕਾਰੀ ਆਗੂ ਸ. ਮਨਪ੍ਰੀਤ ਸਿੰਘ ਬਾਦਲ ਨੇ ਇਹ ਭਾਵੁਕ ਅਪੀਲ ਕਰਦਿਆਂ ਪਰਵਾਸੀ ਪੰਜਾਬੀਆਂ ਨੂੰ ਆਪਣੀ ਪਾਰਟੀ ਦੀ ਹਮਾਇਤ ਦੀ ਅਪੀਲ ਕੀਤੀ।

ਸੈਕਰਾਮੈਂਟੋ, ਫਰਿਜ਼ਨੋ, ਬੇਕਜ਼ਫੀਲਡ ਅਤੇ ਬੇਏਰੀਏ ਵਿਚ ਆਪਣੀ ਪਾਰਟੀ ਦੀਆਂ ਵੱਖ ਵੱਖ ਕਾਨਫਰੰਸਾਂ ਨੂੰ ਸੰਬੋਧਨ ਕਰਦਿਆਂ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਪਾਰਟੀ ਬਣਾਉਣ ਦਾ ਸਾਡਾ ਮੂਲ ਮਕਸਦ ਸਰਕਾਰ ਦੀ ਸਿਰਫ ਨੇਮ ਪਲੇਟ ਬਦਲਣਾ ਨਹੀਂ ਸਗੋਂ ਨਿਜ਼ਾਮ ਬਦਲਣਾ ਹੈ। ਪੰਜਾਬ ਨੂੰ ਬੇਰੁਜ਼ਗਾਰੀ, ਨਸ਼ਿਆਂ, ਰਿਸ਼ਵਤ ਅਤੇ ਕਰਜ਼ੇ ਤੋਂ ਮੁਕਤ ਕਰਨਾ ਇਸ ਵੇਲੇ ਸਭ ਤੋਂ ਵੱਡਾ ਮਸਲਾ ਹੈ। ਜੇ ਸਾਡੀ ਸਰਕਾਰ ਆਈ ਤਾਂ ਪੰਜਾਬ ਵਿਚ ਬੰਦੇ ਦਾ ਨਹੀਂ ਕਾਨੂੰਨ ਦਾ ਰਾਜ ਹੋਵੇਗਾ।

ਸ. ਬਾਦਲ ਨੇ ਕਿਹਾ ਕਿ 27 ਮਾਰਚ ਨੂੰ ਖਟਕੜ ਕਲਾਂ ਵਿਚ ਪਾਰਟੀ ਨੇ ਜੋ ਰਸਤਾ ਅਖਤਿਆਰ ਕੀਤਾ ਸੀ ਅਸੀਂ ਜ਼ਿੰਦਗੀ ਦੇ ਆਖਰੀ ਸਾਹ ਤੱਕ ਉਸ ਰਸਤੇ 'ਤੇ ਚੱਲਣ ਦੀਆਂ ਕਸਮਾਂ ਖਾਧੀਆਂ ਹੋਈਆਂ ਹਨ। ਅਸੀਂ ਆਉਣ ਵਾਲੀਆਂ ਨਸਲਾਂ ਲਈ ਰਸਤਾ ਸਾਫ ਕਰਨਾ ਚਾਹੁੰਦੇ ਹਾਂ।

29 ਜੁਲਾਈ ਨੂੰ ਸੈਕਰਾਮੈਂਟੋ ਤੋਂ ਨਾਰਥ ਅਮਰੀਕਾ ਦੀ ਜਾਗੋ ਯਾਤਰਾ ਸ਼ੁਰੂ ਕਰਦਿਆਂ ਫਰੀਮਾਂਟ ਅਤੇ ਸੈਕਰਾਮੈਂਟੋ ਵਿਚ ਪਿਛਲੇ 30 ਸਾਲਾਂ ਵਿਚ ਪੰਜਾਬ ਤੋਂ ਆਉਂਦੇ ਰਾਜਸੀ ਆਗੂਆਂ ਦੀਆਂ ਸਾਰੀਆਂ ਰੈਲੀਆਂ ਤੋਂ ਵੱਡੇ ਇਕੱਠਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਜਜ਼ਬਾਤੀ ਲਫ਼ਜ਼ਾਂ 'ਚ ਕਿਹਾ ਕਿ ਜੁਗਨੀ ਉਹਨੂੰ ਚੰਗੀ ਲਗਦੀ ਹੈ ਜਿਹਨੂੰ ਸੱਟ ਇਸ਼ਕ ਦੀ ਵੱਜਦੀ ਹੈ ਤੇ ਸਾਨੂੰ ਇਸ ਵੇਲੇ ਸ਼ਹੀਦੇ ਆਜ਼ਮ ਦੀ ਜਜ਼ਬੇ ਨਾਲ ਇਸ਼ਕ ਹੋ ਗਿਆ ਹੈ। ਉਨ੍ਹਾਂ ਕਿਹਾ ਜੇ ਸਾਡੀ ਪਾਰਟੀ ਦੀ ਸਰਕਾਰ ਆਈ ਤਾਂ ਜੇ ਮੇਰੇ ਕਿਸੇ ਧੀ-ਪੁੱਤਰ ਜਾਂ ਰਿਸ਼ਤੇਦਾਰ ਜਾਂ ਪਾਰਟੀ ਵਰਕਰ ਨੇ ਇਖਲਾਕ ਤੋਂ ਗਿਰ ਕੇ ਕੋਈ ਕੰਮ ਕੀਤਾ ਉਨ੍ਹਾਂ ਨੂੰ ਲੋਕਾਂ ਦੇ ਸਾਹਮਣੇ ਚੌਂਕਾਂ ਵਿਚ ਪੁੱਠੇ ਟੰਗ ਦੇਵਾਂਗਾ। ਉਨ੍ਹਾਂ ਕਿਹਾ ਕਿ ਸਮਾਂ ਆ ਗਿਆ ਹੈ ਕਿ ਹੁਣ ਪਰਵਾਸੀ ਪੰਜਾਬੀ ਵੀ ਪੰਜਾਬ ਨਾਲ ਇਸ਼ਕ ਕਰਨ ਅਤੇ ਪੰਜਾਬ ਬਾਰੇ ਆਪਣੀ ਸੋਚ ਬਦਲਣ ਜਦੋਂ ਸੋਚ ਬਦਲ ਗਈ ਤਾਂ ਦੇਸ਼ ਪੰਜਾਬ ਨੇ ਆਪੇ ਬਦਲ ਜਾਣਾ ਹੈ।

ਅਗਲੇ ਸਾਲ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਵੱਲ ਸੰਕੇਤ ਕਰਦਿਆਂ ਉਨ੍ਹਾਂ ਕਿਹਾ ਕਿ 6 ਮਹੀਨਿਆਂ ਵਿਚ ਹੀ ਚੰਡੀਗੜ੍ਹ ਦਾ ਕਿਲ੍ਹਾ ਸਰ ਕਰ ਲਵਾਂਗੇ। ਅਸੀਂ ਆਪਣੀ ਗੱਡੀ ਅੱਗੇ ਜਿਹੜਾ ਇੰਜਣ ਜੋੜਿਆ ਹੈ ਇਸ ਵਿਚ ਹੁਣ ਕੋਈ ਵੀ ਪੁਰਾਣਾ ਪੁਰਜਾ ਨਹੀਂ ਪਾਇਆ ਜਾਵੇਗਾ। ਅਸੀਂ ਪੜ੍ਹੇ ਲਿਖੇ ਇਮਾਨਦਾਰ ਤੇ ਮਿਹਨਤੀ ਨੌਜਵਾਨਾਂ ਨੂੰ ਮੈਦਾਨ ਵਿਚ ਉਤਾਰਾਂਗੇ। ਉਨ੍ਹਾਂ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਕੈਨੇਡੀ ਦੇ ਭਾਸ਼ਣ ਦੇ ਹਵਾਲੇ ਨਾਲ ਕਿਹਾ ਕਿ ਜੇ ਦੇਸ਼ ਲਈ ਜਾਨ ਵੀ ਦੇਣੀ ਤਾਂ ਮੈਂ ਦੇਸ਼ ਵੱਲ ਪਿੱਠ ਨਹੀਂ ਕਰਾਂਗਾ। ਇਹ ਨਾ ਪੁੱਛੋ ਕਿ ਮੁਲਕ ਤੁਹਾਡੀ ਖਾਤਰ ਕੀ ਕਰ ਸਕਦਾ ਹੈ, ਇਹ ਦੱਸੋ ਕਿ ਤੁਸੀਂ ਮੁਲਕ ਲਈ ਕੀ ਕਰ ਸਕਦੇ ਹੋ। ਆਪਣੇ ਰਵਾਇਤੀ ਅੰਦਾਜ਼ ਵਿਚ ਸ. ਬਾਦਲ ਨੇ ਆਪਣੀਆਂ ਤਕਰੀਰਾਂ ਵਿਚ ਕਾਦਰ ਯਾਰ ਅਤੇ ਬੁੱਲੇ ਸ਼ਾਹ ਸਮੇਤ ਕਈ ਨਾਮਵਰ ਕਵੀਆਂ ਦੇ ਕਲਾਮ ਦੇ ਹਵਾਲੇ ਦਿੱਤੇ।



ਕਾਨਫਰੰਸ ਨੂੰ ਸੰਬੋਧਨ ਕਰ ਰਹੇ ਮਨਪ੍ਰੀਤ ਸਿੰਘ ਬਾਦਲ ਤੇ ਹੋਰ ਬੁਲਾਰੇ



ਮਨਪ੍ਰੀਤ ਬਾਦਲ ਨੇ ਕਿਹਾ ਕਿ ਇਸ ਵੇਲੇ ਪੰਜਾਬ ਦੇ ਸਿਆਸਤਦਾਨ, ਜ਼ਰਾਇਮ ਪੇਸ਼ਾ ਲੋਕਾਂ ਦੀ ਰਹਿਨੁਮਾਈ ਕਰ ਰਹੇ ਹਨ। ਇਸ ਵੇਲੇ ਤਾਂ ਪੰਜਾਬ ਦੇ ਥਾਣੇ ਵਿਕਦੇ ਹਨ। ਪੰਜਾਬ ਵਜ਼ਾਰਤ ਤੋਂ ਆਪਣੇ ਅਸਤੀਫੇ ਦੀ ਗੱਲ ਕਰਦਿਆਂ ਸ. ਬਾਦਲ ਨੇ ਕਿਹਾ, ਵਜ਼ਾਰਤ ਮੈਂ ਆਪਣੀ ਜ਼ਮੀਰ ਦੀ ਆਵਾਜ਼ ਨਾਲ ਛੱਡੀ ਹੈ। ਇਸ ਵੇਲੇ ਪੰਜਾਬ ਦੇ ਜੋ ਹਾਲਾਤ ਹਨ ਉਸ ਨੂੰ ਠੀਕ ਕਰਨ ਲਈ ਇਕ ਵਜ਼ਾਰਤ ਤਾਂ ਕੀ ਹਜ਼ਾਰ ਮਨਪ੍ਰੀਤ ਤੇ ਲੱਖਾਂ ਵਜ਼ਾਰਤਾਂ ਵਾਰੀਆਂ ਜਾ ਸਕਦੀਆਂ ਹਨ। ਮੈਂ ਪੰਜਾਬ ਦੇ ਕੁਝ ਸੁਪਨੇ ਤੇ ਕੁਝ ਉਮੀਦਾਂ ਲੈ ਕੇ ਬੇਵੱਸ ਹੋਇਆ ਤੁਹਾਡੇ ਘਰ ਬੜੇ ਮਾਣ ਨਾਲ ਆਇਆਂ ਮੇਰਾ ਮਾਣ ਨਾ ਤੋੜਿਓ। ਮੈਂ ਡਾਲਰ ਲੈਣ ਨਹੀਂ ਤੁਹਾਨੂੰ ਲੈਣ ਆਇਆ ਹਾਂ। ਪੰਜਾਬ ਦੇ ਮਸਲੇ ਪੰਜਾਬ ਦੇ ਜੰਮਿਆਂ ਨੇ ਹੀ ਹੱਲ ਕਰਨੇ ਹਨ। ਆਓ, ਰਲ ਕੇ ਪੰਜਾਬ ਨੂੰ ਭਾਰਤ ਦੇ ਮੱਥੇ ਦਾ ਚੰਨ ਬਣਾਈਏ।

ਪਾਰਟੀ ਦੇ ਸੀਨੀਅਰ ਆਗੂ ਭਗਵੰਤ ਮਾਨ ਨੇ ਪਰਵਾਸੀ ਪੰਜਾਬੀਆਂ ਨੂੰ ਮਜਾਹੀਆ ਲਹਿਜ਼ੇ ਵਿਚ ਮੁਖਾਤਿਬ ਹੁੰਦਿਆਂ ਕਿਹਾ, ਤੁਸੀਂ ਅਕਾਲੀ ਤੇ ਕਾਂਗਰਸੀ ਡਾਕਟਰਾਂ ਕੋਲੋਂ ਤਾਂ 64 ਸਾਲ ਪੰਜਾਬ ਦਾ ਇਲਾਜ ਕਰਵਾ ਕੇ ਦੇਖ ਲਿਆ ਹੈ, ਹੁਣ ਮਨਪ੍ਰੀਤ ਦਾ ਇਕ ਦੇਸੀ ਇਲਾਜ ਹਥੌਲਾ ਵੀ ਕਰਵਾ ਕੇ ਵੇਖ ਲਓ, ਸ਼ਾਇਦ ਪੰਜਾਬ ਦੇ ਕਸ਼ਟ ਕੱਟੇ ਜਾਣ।

ਪਾਰਟੀ ਦੇ ਆਗੂ ਅਤੇ ਸਾਬਕਾ ਐਮ ਐਲ ਏ ਕੁਸ਼ਲਦੀਪ ਢਿੱਲੋਂ ਨੇ ਕਿਹਾ ਕਿ ਪੰਜਾਬ ਪੀਪਲਜ਼ ਪਾਰਟੀ ਦੀ ਹੋਂਦ ਤੋਂ ਬਾਅਦ ਆਰਥਿਕਤਾ ਦਾ ਮੁੱਦਾ ਉਭਰ ਕੇ ਸਾਹਮਣੇ ਆਇਆ। ਸਾਬਕਾ ਐਮ ਐਲ ਏ ਜਗਬੀਰ ਸਿੰਘ ਬਰਾੜ ਨੇ ਕਿਹਾ ਕਿ ਕਿਸੇ ਸਮੇਂ ਭਾਰਤ ਵਾਸੀਆਂ ਨੂੰ ਜੈ ਪ੍ਰਕਾਸ਼ ਨਾਰਾਇਣ ਮਿਲਿਆ ਸੀ ਉਸੇ ਤਰ੍ਹਾਂ ਹੁਣ ਪੰਜਾਬ ਨੂੰ ਪੰਜਾਬੀਆਂ ਦਾ ਨਾਇਕ ਮਨਪ੍ਰੀਤ ਬਾਦਲ ਮਿਲਿਆ ਹੈ। ਨੌਜਵਾਨ ਆਗੂ ਗੁਰਪ੍ਰੀਤ ਸਿੰਘ ਭੱਟੀ ਨੇ ਕਿਹਾ ਕਿ ਇਸ ਵੇਲੇ ਪੰਜਾਬ ਦੇ ਨੌਜਵਾਨਾਂ ਦੀ ਅਗਵਾਈ ਕਰਨ ਵਾਲਾ ਆਗੂ ਸਾਨੂੰ ਮਿਲ ਗਿਆ ਹੈ, ਹੁਣ ਨੌਜਵਾਨ ਪੰਜਾਬ ਦੀ ਕਾਇਆਂ ਕਲਪ ਮਨਪ੍ਰੀਤ ਬਾਦਲ ਦੀ ਅਗਵਾਈ ਵਿਚ ਕਰਨਗੇ।

ਕੁਲਦੀਪ ਧਾਲੀਵਾਲ ਨੇ ਮਨਪ੍ਰੀਤ ਬਾਦਲ ਨੂੰ ਕਿਹਾ ਕਿ ਜਿਹੜਾ ਕਾਫਲਾ ਤੁਸੀਂ ਸ਼ਹੀਦ ਭਗਤ ਸਿੰਘ ਦੇ ਪਿੰਡੋਂ ਤੋਰਿਆ ਸੀ ਅਸੀਂ ਗਦਰੀ ਬਾਬਿਆਂ ਦੀ ਧਰਤੀ ਕੈਲੀਫੋਰਨੀਆ ਤੋਂ ਲੈ ਕੇ ਤੁਰੇ ਹਾਂ ਤੇ ਤੁਹਾਡੇ ਨਾਲ ਕਾਫਲੇ ਨਾਲ ਚੱਟਾਨ ਵਾਂਗ ਖੜ੍ਹੇ ਹਾਂ ਅਤੇ ਜਦੋਂ ਵੀ ਤੁਹਾਨੂੰ ਲੋੜ ਪਈ ਅਸੀਂ ਉਸੇ ਵਲੇ ਕਮਰਕੱਸੇ ਕਰ ਲਵਾਂਗੇ। ਇਨ੍ਹਾਂ ਕਾਨਫਰੰਸਾਂ ਨੂੰ ਲਾਲੀ ਧਨੋਆ, ਗੁਲਿੰਦਰ ਗਿੱਲ ਅਤੇ ਡਾ. ਜਗਤਾਰ ਸਿੰਘ ਸੰਧੂ ਨੇ ਵੀ ਸੰਬੋਧਨ ਕੀਤਾ।

ਬੇਏਰੀਏ ਵਿਚ ਸ. ਮਨਪ੍ਰੀਤ ਬਾਦਲ ਨੇ ਆਪਣੇ ਸਾਥੀਆਂ ਸਮੇਤ ਗੁਰੂ ਘਰ ਸੈਨ ਹੋਜ਼ੇ, ਗੁਰੂ ਘਰ ਫਰੀਮਾਂਟ ਵਿਖੇ ਮੱਥਾ ਟੇਕਿਆ ਅਤੇ ਪੰਜਾਬ ਦੀ ਚੜ੍ਹਦੀ ਕਲਾ ਦੀ ਅਰਦਾਸ ਵੀ ਕਰਵਾਈ। ਉਹ ਸੰਨੀਵੇਲ ਮੰਦਰ ਵੀ ਗਏ ਜਿਥੇ ਮੰਦਰ ਕਮੇਟੀ ਨੇ ਰਾਜ ਭਨੋਟ ਦੀ ਅਗਵਾਈ ਵਿਚ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਇਨ੍ਹਾਂ ਕਾਨਫਰੰਸਾਂ ਨੂੰ ਕਾਮਯਾਬ ਕਰਨ ਲਈ ਕੁਲਦੀਪ ਧਾਲੀਵਾਲ, ਡਾ. ਜਗਤਾਰ ਸੰਧੂ, ਗੁਲਿੰਦਰ ਗਿੱਲ, ਲਾਲੀ ਧਨੋਆ, ਜੰਗ ਬਦੇਸ਼ਾ, ਹਰਮਿੰਦਰ ਸਿੰਘ ਗਿੱਲ, ਕੰਵਲਜੀਤ ਸਿੰਘ ਸਿੱਧੂ ਅਤੇ ਮਦਨ ਸ਼ਰਮਾ, ਸੁਰਜੀਤ ਢਿੱਲੋਂ, ਕਸ਼ਮੀਰ ਸਹੋਤਾ, ਮਨਜੀਤ ਧੁੱਗਾ ਅਤੇ ਸੁੱਖੀ ਚਾਹਲ ਨੇ ਰਾਤ ਦਿਨ ਇਕ ਕਰਕੇ ਕੰਮ ਕੀਤਾ।



ਸੈਕਰਾਮੈਂਟੋ ਅਤੇ ਫਰੀਮਾਂਟ ਵਿਚ ਹੋਈਆਂ ਕਾਨਫਰੰਸਾਂ ਦੇ ਵੱਖ ਵੱਖ ਦ੍ਰਿਸ਼



# ਅਕਾਲੀ-ਭਾਜਪਾ ਸਰਕਾਰ ਨੇ ਵਹਾਇਆ ਨਸ਼ਿਆਂ ਦਾ ਛੇਵਾਂ ਦਰਿਆ

## ਪੰਜਾਬ 'ਚ ਲੱਗਣਗੀਆਂ ਸ਼ਰਾਬ ਦੀਆਂ 19 ਫੈਕਟਰੀਆਂ

**ਬਠਿੰਡਾ:** ਅਕਾਲੀ-ਭਾਜਪਾ ਸਰਕਾਰ ਵੱਲੋਂ ਪੰਜਾਬ ਦੇ ਲੋਕਾਂ ਨੂੰ ਇਹ ਨਵਾਂ 'ਤੋਹਫਾ' ਹੈ ਕਿ ਪੰਜਾਬ ਦੀ ਹਰ ਨੁੱਕਰ ਚ ਹੁਣ 'ਸ਼ਰਾਬ ਫੈਕਟਰੀ' ਲੱਗੇਗੀ। ਕੋਈ ਟਾਵਾਂ ਜ਼ਿਲ੍ਹਾ ਹੀ 'ਸ਼ਰਾਬ ਫੈਕਟਰੀ' ਤੋਂ ਬਚ ਸਕੇਗਾ। ਪੰਜਾਬ 'ਚ 19 ਨਵੀਆਂ 'ਸ਼ਰਾਬ ਫੈਕਟਰੀਆਂ' ਲੱਗ ਰਹੀਆਂ ਹਨ ਜਿਨ੍ਹਾਂ ਨੂੰ ਪੰਜਾਬ ਸਰਕਾਰ ਨੇ ਹਰੀ ਝੰਡੀ ਦੇ ਦਿੱਤੀ ਹੈ। ਪਹਿਲਾ ਵਾਰ ਹੈ ਕਿ ਏਡੀ ਵੱਡੀ ਪੱਧਰ 'ਤੇ ਸ਼ਰਾਬ ਫੈਕਟਰੀਆਂ ਦੀ ਆਮਦ ਹੋਈ ਹੈ। ਇਸ ਤੋ ਪਹਿਲਾਂ ਪੰਜਾਬ ਦੇ ਸੱਤ ਜ਼ਿਲ੍ਹਿਆਂ 'ਚ ਸਿਰਫ 11 ਸ਼ਰਾਬ ਫੈਕਟਰੀਆਂ ਸਨ ਜਦੋਂਕਿ ਹੁਣ ਅੱਠ ਹੋਰ ਜ਼ਿਲ੍ਹਿਆਂ 'ਚ ਸ਼ਰਾਬ ਫੈਕਟਰੀਆਂ ਲੱਗਣਗੀਆਂ। ਇੱਥੋਂ ਤੱਕ ਕਿ ਪਵਿੱਤਰ ਸ਼ਹਿਰਾਂ ਵਾਲੇ ਜ਼ਿਲ੍ਹਿਆਂ 'ਚ ਵੀ ਸ਼ਰਾਬ ਦਾ ਉਤਪਾਦਨ ਹੋਵੇਗਾ। ਤਖਤ ਦਮਦਮਾ ਸਾਹਿਬ ਨੇੜੇ ਦੋ ਸ਼ਰਾਬ ਸਨਅਤਾਂ ਕਾਇਮ ਹੋਣੀਆਂ ਹਨ।।

ਸੂਚਨਾ ਦੇ ਅਧਿਕਾਰ ਕਾਨੂੰਨ ਤਹਿਤ ਪ੍ਰਾਪਤ ਵੇਰਵਿਆਂ ਅਨੁਸਾਰ ਸ਼ਹੀਦਾਂ ਦੀ ਧਰਤੀ ਵਜੋਂ ਜਾਣੇ ਜਾਂਦੇ ਜ਼ਿਲ੍ਹਾ ਫਿਰੋਜ਼ਪੁਰ ਵਿਚ ਤਿੰਨ ਨਵੀਆਂ ਹੋਰ ਸ਼ਰਾਬ ਫੈਕਟਰੀਆਂ ਲੱਗਣਗੀਆਂ ਜਦਕਿ ਇਸ ਤੋਂ ਪਹਿਲਾਂ ਵੀ ਇਕ ਸ਼ਰਾਬ ਫੈਕਟਰੀ ਇਸ ਜ਼ਿਲ੍ਹੇ 'ਚ ਹੈ। ਇਵੇਂ ਹੀ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਜ਼ਿਲ੍ਹੇ ਨਵਾਂ ਸ਼ਹਿਰ ਵਿਚ ਵੀ ਇਕ ਨਵੀਂ ਸ਼ਰਾਬ ਦੀ ਫੈਕਟਰੀ ਲੱਗੇਗੀ। ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਵੱਲੋਂ 19 ਨਵੀਆਂ ਸ਼ਰਾਬ ਫੈਕਟਰੀਆਂ ਲਾਉਣ ਲਈ ਫਰਮਾਂ ਨੂੰ 'ਲੈਟਰ ਆਫ਼ ਇੰਟੈਂਟ' ਜਾਰੀ ਕਰ ਦਿੱਤੇ ਗਏ ਹਨ। ਇਹ ਫੈਕਟਰੀਆਂ ਲਾਉਣ ਕਰਨ ਦਾ ਕੰਮ ਸ਼ੁਰੂ ਹੋ ਚੁੱਕਾ ਹੈ। ਪੰਜਾਬ ਤਾਂ ਪਹਿਲਾਂ ਹੀ ਨਸ਼ਿਆਂ ਦੀ ਮਾਰ ਝੱਲ ਰਿਹਾ ਹੈ ਤੇ ਹੁਣ ਪੰਥਕ ਸਰਕਾਰ ਵਜੋਂ ਜਾਣੀ ਜਾਂਦੀ ਮੌਜੂਦਾ ਸਰਕਾਰ ਨੇ ਸ਼ਰਾਬ ਦੇ ਕਾਰੋਬਾਰ ਨੂੰ ਹੋਰ ਹਵਾ ਦੇ ਦਿੱਤੀ ਹੈ। ਲੋਕ ਰੋਹ ਤਾਂ ਹੁਣ ਏਨਾ ਤਿੱਖਾ ਹੋਣ ਲੱਗਾ ਹੈ ਕਿ ਲੋਕ ਸ਼ਰਾਬ ਦੇ ਠੇਕਿਆਂ ਖ਼ਿਲਾਫ਼ ਨਿੱਤਰਨ ਲੱਗ ਪਏ ਹਨ।

ਸੂਚਨਾ ਅਨੁਸਾਰ ਪੰਜਾਬ ਚ ਇਸ ਵੇਲੇ ਜੋ 11 ਸ਼ਰਾਬ ਫੈਕਟਰੀਆਂ ਹਨ, ਉਹ ਸਲਾਨਾ ਸ਼ਰਾਬ ਦੀਆਂ 143 ਕਰੋੜ 18 ਲੱਖ ਬੋਤਲਾਂ ਦਾ ਉਤਪਾਦਨ ਕਰਦੀਆਂ ਹਨ। ਮਤਲਬ ਕਿ ਇਸ ਵੇਲੇ ਪੰਜਾਬ ਵਿਚ ਰੋਜ਼ਾਨਾ 39 ਲੱਖ 23 ਹਜ਼ਾਰ ਬੋਤਲਾਂ ਦਾ ਉਤਪਾਦਨ ਹੁੰਦਾ ਹੈ। ਨਵੀਆਂ ਲੱਗਣ ਵਾਲੀਆਂ 19 ਨਵੀਆਂ ਸ਼ਰਾਬ ਫੈਕਟਰੀਆਂ ਦੀ ਸਲਾਨਾ ਸ਼ਰਾਬ ਦੇ ਉਤਪਾਦਨ ਦੀ ਸਮਰੱਥਾ 73 ਕਰੋੜ 46 ਲੱਖ ਬੋਤਲਾਂ ਹੋਏਗੀ। ਮੋਟੇ ਤੌਰ 'ਤੇ ਇਨ੍ਹਾਂ ਨਵੀਆਂ ਫੈਕਟਰੀਆਂ ਦੇ ਚੱਲਣ ਮਗਰੋਂ ਪੰਜਾਬ ਵਿਚ ਰੋਜ਼ਾਨਾ 59 ਲੱਖ 35 ਹਜ਼ਾਰ ਬੋਤਲਾਂ ਸ਼ਰਾਬ ਤਿਆਰ ਹੋਏਗੀ। ਪੰਜਾਬ ਦਾ ਸਲਾਨਾ ਸ਼ਰਾਬ ਉਤਪਾਦਨ ਇਨ੍ਹਾਂ ਫੈਕਟਰੀਆਂ ਨਾਲ ਕੁੱਲ 216 ਕਰੋੜ 65 ਲੱਖ ਬੋਤਲਾਂ ਦਾ ਹੋ ਜਾਵੇਗਾ। ਇਹ ਇਕੱਲੀ ਦੇਸੀ ਸਰਾਬ ਦੀਆਂ ਸਨਅਤਾਂ ਹਨ। ਇਨ੍ਹਾਂ ਸਨਅਤਾਂ ਦੇ ਲੱਗਣ ਮਗਰੋਂ ਪੰਜਾਬ 'ਚ ਸ਼ਰਾਬ ਦਾ ਉਤਪਾਦਨ ਪ੍ਰਤੀ ਪਿੰਡ 488 ਬੋਤਲਾਂ ਹੋ ਜਾਵੇਗਾ। ਪੰਜਾਬ 'ਚ ਇਸ ਵੇਲੇ ਆਬਾਦ ਪਿੰਡਾਂ ਦੀ ਗਿਣਤੀ 12278 ਹੈ ਜਦੋਂਕਿ ਪਰਿਵਾਰਾਂ ਦੀ ਗਿਣਤੀ 45 ਲੱਖ ਦੇ ਕਰੀਬ ਹੈ।

ਜ਼ਿਲ੍ਹਾ ਪਟਿਆਲਾ ਤਾਂ ਸ਼ਰਾਬ ਉਤਪਾਦਨ ਵਿਚ ਪਹਿਲੇ ਨੰਬਰ ਤੇ ਆ ਜਾਵੇਗਾ। ਇਸ ਜ਼ਿਲ੍ਹੇ 'ਚ ਪਹਿਲਾਂ ਹੀ ਚਾਰ ਸ਼ਰਾਬ ਫੈਕਟਰੀਆਂ ਹਨ ਜਦੋਂਕਿ ਤਿੰਨ ਹੋਰ ਨਵੀਆਂ ਸ਼ਰਾਬ ਫੈਕਟਰੀਆਂ ਲੱਗ ਰਹੀਆਂ ਹਨ। ਇਸ ਜ਼ਿਲ੍ਹੇ 'ਚ ਉਤਰ ਪ੍ਰਦੇਸ਼ ਤੇ ਚੰਡੀਗੜ੍ਹ ਦੀਆਂ ਫਰਮਾਂ ਵੱਲੋਂ ਸ਼ਰਾਬ ਸਨਅਤਾਂ ਕਾਇਮ ਕੀਤੀਆਂ ਜਾ ਰਹੀਆਂ ਹਨ। ਦੂਸਰਾ ਨੰਬਰ ਜ਼ਿਲ੍ਹਾ ਗੁਰਦਾਸਪੁਰ ਦਾ ਹੈ ਜਿਥੇ ਦੋ ਸ਼ਰਾਬ ਸਨਅਤਾਂ ਪਹਿਲਾਂ ਹੀ ਮੌਜੂਦ ਹਨ ਤੇ ਇਸੇ ਤਰ੍ਹਾਂ ਤਿੰਨ ਹੋਰ ਸ਼ਰਾਬ ਸਨਅਤਾਂ ਇਸ ਜ਼ਿਲ੍ਹੇ ਚ ਲੱਗਣਗੀਆਂ। ਇਵੇਂ ਹੀ ਲੁਧਿਆਣਾ ਤੇ ਬਰਨਾਲਾ ਜ਼ਿਲ੍ਹੇ 'ਚ ਵੀ ਇਕ ਇਕ ਸ਼ਰਾਬ ਫੈਕਟਰੀ ਲੱਗਣੀ ਹੈ। ਦੋ ਪਵਿੱਤਰ ਸ਼ਹਿਰਾਂ ਵਾਲਾ ਜ਼ਿਲ੍ਹਾ ਰੋਪੜ ਵਿਚ ਵੀ ਦੋ ਨਵੀਆਂ ਸ਼ਰਾਬ ਫੈਕਟਰੀਆਂ ਲੱਗਣੀਆਂ ਹਨ। ਪਹਿਲਾਂ ਸਰਕਾਰਾਂ ਵੱਲੋਂ ਪਵਿੱਤਰ ਸ਼ਹਿਰਾਂ ਵਾਲੇ ਜ਼ਿਲ੍ਹਿਆਂ ਦਾ ਇਸ ਗੱਲੋਂ ਖਿਆਲ ਰੱਖਿਆ ਜਾਂਦਾ ਸੀ।

ਇਸੇ ਤਰ੍ਹਾਂ ਹੁਸ਼ਿਆਰਪੁਰ ਜ਼ਿਲ੍ਹੇ 'ਚ ਦੋ ਨਵੀਆਂ ਸ਼ਰਾਬ ਫੈਕਟਰੀਆਂ ਲੱਗਣੀਆਂ ਹਨ। ਬਰਨਾਲਾ ਜ਼ਿਲ੍ਹੇ 'ਚ ਟਰਾਈਡੈਂਟ ਗਰੁੱਪ ਵੱਲੋਂ ਅਤੇ ਬਠਿੰਡਾ ਜ਼ਿਲ੍ਹੇ 'ਚ ਬੀ.ਸੀ.ਐਲ. ਗਰੁੱਪ ਵਲੋਂ ਫੈਕਟਰੀ ਲਾਈ ਜਾ ਰਹੀ ਹੈ। ਬੀ.ਸੀ.ਐਲ. ਗਰੁੱਪ ਦੀ ਪਹਿਲਾਂ ਵੀ ਇਕ ਸ਼ਰਾਬ ਫੈਕਟਰੀ ਹੈ। ਇਨ੍ਹਾਂ ਤੋ ਇਲਾਵਾ ਪੰਜਾਬ ਵਿਚ 22 ਬੋਟਲਿੰਗ ਪਲਾਂਟ ਵੀ ਹਨ ਜਿਨ੍ਹਾਂ 'ਚ ਅੰਗਰੇਜ਼ੀ ਸ਼ਰਾਬ ਤਿਆਰ ਹੁੰਦੀ ਹੈ। ਇਨ੍ਹਾਂ 'ਚੋ ਤਿੰਨ ਪਲਾਂਟ ਚਾਲੂ ਹਾਲਤ ਵਿਚ ਨਹੀਂ ਹਨ। ਅੰਗਰੇਜ਼ੀ ਸ਼ਰਾਬ ਵਾਲੇ ਇਹ ਪਲਾਂਟ ਸਭ ਤੋ ਵੱਧ ਜ਼ਿਲ੍ਹਾ ਮੋਹਾਲੀ ਵਿਚ ਸੱਤ ਪਲਾਂਟ ਹਨ। ਦੱਸਣਯੋਗ ਹੈ ਕਿ ਇਨ੍ਹਾਂ ਸ਼ਰਾਬ ਸਨਅਤਾਂ ਵੱਲੋਂ ਸਰਕਾਰ ਦੀ ਮਾਲੀ ਮਦਦ ਵੀ ਕੀਤੀ ਜਾਂਦੀ ਹੈ। ਵਿਸ਼ਵ ਕਬੱਡੀ ਕੱਪ ਵਿਚ ਇਨ੍ਹਾਂ ਸਨਅਤਾਂ ਨੇ ਭਰਵਾਂ ਯੋਗਦਾਨ ਪਾਇਆ ਸੀ।

# ਅਕਾਲੀਆਂ ਦੇ ਵਿਕਾਸ ਦੇ ਦਾਅਵਿਆਂ ਨੂੰ ਬੇਨਕਾਬ ਕਰੇਗੀ ਕਾਂਗਰਸ

**ਚੰਡੀਗੜ੍ਹ:** ਪੰਜਾਬ ਕਾਂਗਰਸ ਨੇ ਕੇਂਦਰ ਦੀ ਯੂ.ਪੀ.ਏ. ਸਰਕਾਰ ਦੀ 16 ਪ੍ਰਮੁੱਖ ਪ੍ਰੋਗਰਾਮਾਂ ਹੇਠ ਆਈ ਗ੍ਰਾਂਟ 'ਤੇ ਨਿਰਭਰ ਪੰਜਾਬ ਸਰਕਾਰ ਦੇ ਦਾਅਵਿਆਂ ਨੂੰ ਬੇਨਕਾਬ ਕਰਨ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਲਗਾਤਾਰ ਕੇਂਦਰ 'ਤੇ ਸੂਬੇ ਨਾਲ ਪੱਖਪਾਤ ਕਰਨ ਦੇ ਲਾਏ ਜਾਂਦੇ ਦੋਸ਼ਾਂ ਦਾ ਸੱਚ ਸਾਹਮਣੇ ਲਿਆਉਣ ਦਾ ਫੈਸਲਾ ਕੀਤਾ ਹੈ।

ਪੰਜਾਬ ਪ੍ਰਦੇਸ਼ ਕਾਂਗਰਸ ਦੀਆਂ ਵੱਖ-ਵੱਖ ਕਮੇਟੀਆਂ ਨੂੰ ਸੰਬੋਧਨ ਕਰਦਿਆਂ ਪੰਜਾਬ ਕਾਂਗਰਸ ਦੇ ਇੰਚਾਰਜ ਗੁਲਚੈਨ ਸਿੰਘ ਚਰਕ ਤੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇਨ੍ਹਾਂ ਗ੍ਰਾਂਟਾਂ ਤੋਂ ਬਿਨਾਂ ਸੂਬਾ ਸਰਕਾਰ ਪੂਰੀ ਤਰ੍ਹਾਂ ਨਾਲ ਦੀਵਾਲੀਆ ਹੋ ਜਾਵੇਗੀ। ਦੋਵਾਂ ਆਗੂਆਂ ਨੇ ਪੰਜਾਬ ਦੇ ਲੋਕਾਂ ਨੂੰ ਦੱਸਿਆ ਕਿ ਰਾਜ ਸਰਕਾਰ ਵੱਲੋਂ ਜਾਰੀ ਕੀਤੀਆਂ ਜਾ ਰਹੀਆਂ ਵੱਖ-ਵੱਖ ਗ੍ਰਾਂਟਾਂ ਦੇ ਫੰਡ ਭਾਰਤ ਸਰਕਾਰ ਨੇ ਹੀ ਮੁਹੱਈਆ ਕੀਤੇ ਹਨ। ਸ੍ਰੀ ਚਰਕ ਨੇ ਕਿਹਾ ਕਿ ਪੰਜਾਬ ਦੀਆਂ ਅਗਾਮੀ ਵਿਧਾਨ ਸਭਾ ਚੋਣਾਂ ਦੌਰਾਨ ਮੁੱਖ ਮੁੱਦਾ ਵਿਕਾਸ ਹੀ ਹੋਵੇਗਾ ਕਿਉਂਕਿ ਸਮਾਜ ਦੀ ਹਰ ਸ਼੍ਰੇਣੀ ਦੀ ਭਲਾਈ ਲਈ ਯੂ.ਪੀ.ਏ. ਸਰਕਾਰ ਵੱਲੋਂ ਚਲਾਏ ਜਾ ਰਹੇ 16 ਪ੍ਰਮੁੱਖ ਪ੍ਰੋਗਰਾਮਾਂ ਤੋਂ ਵਧ ਕੇ ਵਿਕਾਸ ਦੀ ਇਸ ਤੋਂ ਵਧੀਆ ਕੋਈ ਹੋਰ ਉਦਾਹਰਣ ਨਹੀਂ ਹੋ ਸਕਦੀ ਹੈ. ਸ੍ਰੀ ਚਰਕ ਨੇ ਕਾਂਗਰਸੀ ਆਗੂਆਂ ਨੂੰ ਕਿਹਾ ਕਿ ਉਹ ਆਪਣੇ ਨਾਲ ਵਿਕਾਸ ਪ੍ਰਾਜੈਕਟਾਂ ਦੀ ਯੁੱਧ ਸਮੱਗਰੀ ਲੈ ਕੇ ਅਕਾਲੀ-ਭਾਜਪਾ ਗਠਜੋੜ ਦਾ ਸਫਾਇਆ ਕਰਨ ਲਈ ਚੋਣ ਅਖਾੜੇ ਵਿਚ ਨਿਤਰਨ।।

ਇਸ ਮੌਕੇ ਕੈਪਟਨ ਨੇ ਕਿਹਾ ਕਿ ਰਾਜ ਸਰਕਾਰ ਨਾ ਸਿਰਫ ਕਰੈਡਿਟ ਲੈਣ ਲਈ ਝੂਠਾ ਦਾਅਵਾ ਪੇਸ਼ ਕਰ ਰਹੀ ਹੈ ਸਗੋਂ ਕਈ ਪ੍ਰੋਗਰਾਮਾਂ ਨੂੰ ਲਾਗੂ ਕਰਨ 'ਚ ਵੀ ਫੇਲ੍ਹ ਸਾਬਤ ਹੋਈ ਹੈ। ਉਨ੍ਹਾਂ ਕਿਹਾ ਕਿ ਕਈ ਪ੍ਰਾਜੈਕਟ ਸੂਬਾ ਸਰਕਾਰ ਵੱਲੋਂ ਮੈਚਿੰਗ ਗ੍ਰਾਂਟਾਂ ਨਾ ਮੁਹੱਈਆ ਕਰਵਾਏ ਜਾਣ ਕਾਰਨ ਸਮਾਪਤ ਹੋ ਗਏ ਹਨ। ਉਨ੍ਹਾਂ ਖੁਲਾਸਾ ਕਰਦਿਆਂ ਕਿਹਾ ਕਿ ਕਈ ਮਾਮਲਿਆਂ ਵਿਚ ਫੰਡਾਂ ਨੂੰ ਮੋੜਿਆ ਗਿਆ ਤੇ ਕਈਆਂ ਨੂੰ ਸੰਗਤ ਦਰਸ਼ਨ ਪ੍ਰੋਗਰਾਮਾਂ ਦੌਰਾਨ ਬਾਦਲ ਵੱਲੋਂ ਆਪਣੇ ਪਸੰਦੀਦਾ ਲੋਕਾਂ ਤੇ ਸਥਾਨਾਂ ਨੂੰ ਦਿੱਤਾ ਗਿਆ। ਪੀ.ਸੀ.ਸੀ. ਮੀਡੀਆ ਕਮੇਟੀ ਦੀ ਮੀਟਿੰਗ ਦੌਰਾਨ ਮੈਂਬਰਾਂ ਨੇ ਸੱਤਾਧਾਰੀ ਗਠਜੋੜ ਪਾਰਟੀ ਦੇ ਏਕਾਧਿਕਾਰ 'ਤੇ ਗਹਿਰੀ ਚਿੰਤਾ ਪ੍ਰਗਟਾਈ। ਉਨ੍ਹਾਂ ਖੁਲਾਸਾ ਕੀਤਾ ਕਿ ਲੋਕਲ ਕੇਬਲ ਨੈਟਵਰਕਾਂ 'ਤੇ ਸੁਖਬੀਰ ਸਿੰਘ ਬਾਦਲ ਨੇ ਕਬਜ਼ਾ ਕਰ ਲਿਆ ਹੈ ਤੇ ਜਿਹੜੇ ਚੈਨਲ ਉਨ੍ਹਾਂ ਮੁਤਾਬਕ ਨਹੀਂ ਚੱਲਦੇ ਜਾਂ ਨਿਰਪੱਖ ਰਹਿੰਦੇ ਹਨ, ਉਨ੍ਹਾਂ ਨੂੰ ਬਲੈਕ ਆਊਟ ਕੀਤਾ ਜਾ ਰਿਹਾ ਹੈ।

# ਭਾਜਪਾ ਨੇ ਹੁਣ ਮਹਿੰਗਾਈ ਨੂੰ ਮੁੱਦਾ ਬਣਾਇਆ

ਨਵੀਂ ਦਿੱਲੀ: ਭ੍ਰਿਸ਼ਟਾਚਾਰ ਅਤੇ ਮਹਿੰਗਾਈ ਦੇ ਮੁੱਦੇ ਯੂ.ਪੀ.ਏ. ਸਰਕਾਰ ਲਈ ਵੱਡੀ ਸਿਰਦਰਦੀ ਬਣੇ ਹੋਏ ਹਨ। ਸੰਸਦ ਦੇ ਸਰਦ ਰੁੱਤ ਤੇ ਬਜਟ ਇਜਲਾਸ ਤੋਂ ਬਾਅਦ ਹੁਣ ਮਾਨਸੂਨ ਇਜਲਾਸ 'ਚ ਵੀ ਵਿਰੋਧੀ ਧਿਰਾਂ ਨੇ ਸਰਕਾਰ ਨੂੰ ਕਸੂਤੀ ਹਾਲਤ 'ਚ ਫਸਾ ਦਿੱਤਾ ਹੈ। ਵਿਰੋਧੀ ਧਿਰਾਂ ਦੇ ਦਬਾਅ ਕਾਰਨ ਹਾਕਮ ਧਿਰ ਨੂੰ ਮਹਿੰਗਾਈ ਦੇ ਮੁੱਦੇ 'ਤੇ ਬਹਿਸ ਕਰਾਉਣ ਲਈ ਸਹਿਮਤ ਹੋਣਾ ਪਿਆ। ਇਸ ਮੁੱਦੇ ਨੂੰ ਲੈ ਕੇ ਪਾਰਲੀਮੈਂਟ ਦੇ ਦੋਵਾਂ ਸਦਨਾਂ ਵਿਚ ਦੋ ਦਿਨ ਕਾਰਵਾਈ ਠੱਪ ਰਹੀ। ਭਾਜਪਾ ਨੇ ਸਰਕਾਰ ਨੂੰ ਮਹਿੰਗਾਈ ਅਤੇ ਭ੍ਰਿਸ਼ਟਾਚਾਰ ਦੇ ਮੁੱਦਿਆਂ 'ਤੇ ਘੇਰਨ ਦੀ ਤਿਆਰੀ ਕੀਤੀ ਗਈ ਸੀ ਪਰ ਕਰਨਾਟਕ ਦੇ ਮੁੱਖ ਮੰਤਰੀ ਯੇਡੀਯੁਰੱਪਾ ਦੇ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਘਿਰ ਜਾਣ ਕਾਰਨ ਭਾਜਪਾ ਨੇ ਮਹਿੰਗਾਈ ਨੂੰ ਅਹਿਮ ਮੁੱਦਾ ਬਣਾ ਲਿਆ ਹੈ। ਉਂਜ ਅਲੋਚਨਾ ਤੋਂ ਬਚਣ ਲਈ ਭਜਾਪ ਨੇ ਸੰਸਦ ਦੇ ਇਜਲਾਸ ਤੋਂ ਪਹਿਲਾਂ ਹੀ ਯੇਡੀਯੁਰੱਪਾ ਨੂੰ ਅਹੁਦੇ ਤੋਂ ਲਾਂਭੇ ਕਰ ਦਿੱਤੀ ਹੈ।

ਕੇਂਦਰੀ ਪਾਰਲੀਮਾਨੀ ਮੰਤਰੀ ਪਵਨ ਕੁਮਾਰ ਬਾਂਸਲ ਲੋਕ ਸਭਾ ਦੀ ਕਾਰਵਾਈ ਮੁਲਤਵੀ ਹੋਣ ਤੋਂ ਬਾਅਦ 2 ਅਗਸਤ ਨੂੰ ਵਿਰੋਧੀ ਦੇ ਆਗੂਆਂ ਸੁਸ਼ਮਾ ਸਵਰਾਜ ਤੇ ਅਰੁਣ ਜੇਤਲੀ ਨੂੰ ਮਿਲੇ ਤੇ ਮਹਿੰਗਾਈ ਦੇ ਮੁੱਦੇ ਸਰਕਾਰ ਵੱਲੋਂ ਬਹਿਸ ਕਰਵਾਉਣ ਦੀ ਇੱਛਾ ਜ਼ਾਹਿਰ ਕੀਤੀ। ਪਹਿਲਾਂ ਸਰਕਾਰ ਇਸ ਗੱਲ 'ਤੇ ਅੜੀ ਰਹੀ ਕਿ ਉਹ ਮਹਿੰਗਾਈ ਦੇ ਮੁੱਦੇ 'ਤੇ ਬਹਿਸ ਕਰਵਾਉਣ ਲਈ ਤਿਆਰ ਹੈ ਪਰ ਵੋਟਿੰਗ ਲਈ ਤਿਆਰ ਨਹੀਂ। ਵਿਰੋਧੀ ਧਿਰ ਵੋਟਿੰਗ ਕਰਵਾਉਣ ਲਈ ਅੜੀ ਰਹੀ ਤੇ ਇਸ ਕਰਕੇ ਸਦਨ ਦੀ ਕਾਰਵਾਈ ਨਹੀਂ ਚੱਲਣ ਦਿੱਤੀ। ਸੀ.ਪੀ.ਐਮ. ਦੇ ਆਗੂ ਅਤੇ ਰਾਜ ਸਭਾ ਮੈਂਬਰ ਸੀਤਾ ਰਾਮ ਯੈਚੁਰੀ ਨੇ ਕਿਹਾ ਕਿ ਵਧ ਰਹੀ ਮਹਿੰਗਾਈ ਨਾਲ ਆਮ ਆਦਮੀ ਪਿਸ ਰਿਹਾ ਹੈ। ਸਰਕਾਰ ਨੂੰ ਸਿੱਕੇ ਦੀ ਪਸਾਰ ਦਰ ਨੂੰ ਵਧਣ ਤੋਂ ਰੋਕਣ ਲਈ ਠੋਸ ਕਦਮ ਚੁੱਕਣੇ ਚਾਹੀਦੇ ਹਨ।

ਉਧਰ, ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਸਾਰੀਆਂ ਪਾਰਟੀਆਂ ਨੂੰ ਬੇਨਤੀ ਕੀਤੀ ਹੈ ਕਿ ਉਹ ਮੁਲਕ ਨੂੰ ਦਰਪੇਸ਼ ਮੁਸ਼ਕਲਾਂ ਦੇ ਟਾਕਰੇ ਲਈ ਰਲ ਕੇ ਕੰਮ ਕਰਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਇਹ ਦਿਆਨਤਦਾਰੀ ਭਰੀ ਖ਼ਾਹਿਸ਼ ਹੈ ਕਿ ਮੌਨਸੂਨ ਸੈਸ਼ਨ ਠੀਕ ਠਾਕ ਚੱਲੇ ਤੇ ਸੰਸਦ ਨੂੰ ਰਾਸ਼ਟਰੀ ਮਹੱਤਤਾ ਦੇ ਸਾਰੇ ਮੁੱਦੇ ਵਿਚਾਰਨੇ ਚਾਹੀਦੇ ਹਨ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨੇ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਵਿਰੋਧੀ ਧਿਰ ਨੂੰ ਵੰਗਾਰਦਿਆਂ ਕਿਹਾ ਕਿ ਇਸ ਮਾਮਲੇ 'ਚ ਉਸ ਦਾ ਦਾਮਨ ਵੀ ਸਾਫ ਨਹੀਂ। ਮੌਨਸੂਨ ਸੈਸ਼ਨ ਦੀ ਪੂਰਬਲੀ ਸੰਧਿਆ ਮੌਕੇ ਸਪੀਕਰ ਮੀਰਾ ਕੁਮਾਰ ਵੱਲੋਂ ਸੱਦੀ ਸਰਬ ਪਾਰਟੀ ਮੀਟਿੰਗ ਤੋਂ ਬਾਅਦ ਪ੍ਰਧਾਨ ਮੰਤਰੀ ਨੇ ਕਿਹਾ ਕਿ ਉਹ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਬਹਿਸ ਕਰਨ ਤੋਂ ਨਹੀਂ ਡਰਦੇ।



# ਸੈਕਰਾਮੈਂਟੋ 'ਚ 'ਤੀਆਂ ਦੇ ਮੇਲੇ' ਦੀਆਂ ਤਿਆਰੀਆਂ ਮੁਕੰਮਲ


**ਸੈਕਰਾਮੈਂਟੋ:** ਪੰਜਾਬੀ ਕਲਚਰਲ ਸੁਸਾਇਟੀ, ਸੈਕਰਾਮੈਂਟੋ ਵਲੋਂ 14 ਅਗਸਤ ਨੂੰ ਕਰਵਾਏ ਜਾ ਰਹੇ 'ਤੀਆਂ ਦੇ ਮੇਲੇ' ਦੀਆਂ ਤਿਆਰੀਆਂ ਮੁਕੰਮਲ ਹਨ। ਬਲਦੇਵ ਕੌਰ ਤੇ ਰਸ਼ਪਾਲ ਪਰਹਾਰ ਦੀ ਪ੍ਰਧਾਨਗੀ ਹੇਠ ਮਨਦੀਪ ਫਰਵਾਲਾ ਦੇ ਘਰ ਹੋਈ ਸੁਸਾਇਟੀ ਦੀ ਮੀਟਿੰਗ ਤੋਂ ਬਾਅਦ ਮਨਦੀਪ ਫਰਵਾਲਾ ਨੇ ਦੱਸਿਆ ਕਿ ਮੇਲੇ ਲਈ ਡਿਊਟੀਆਂ ਦੀ ਵੰਡ ਕਰ ਦਿੱਤੀ ਗਈ ਹੈ। ਮੇਲੇ ਵਿਚ ਕੱਪੜਿਆਂ, ਗਹਿਣਿਆਂ, ਮਹਿੰਦੀ ਅਤੇ ਖਾਣ-ਪੀਣ ਦੇ ਸਾਮਾਨ ਦੇ ਸਟਾਲ ਲਾਏ ਜਾਣਗੇ।

ਜ਼ਿਕਰਯੋਗ ਹੈ ਕਿ ਪੰਜਾਬੀ ਕਲਚਰਲ ਸੁਸਾਇਟੀ ਦਾ ਇਹ 'ਤੀਆਂ ਦਾ ਮੇਲਾ' 14 ਅਗਸਤ ਦਿਨ ਐਤਵਾਰ ਨੂੰ 1 ਵਜੇ ਐਸ.ਈ.ਐਸ. ਹਾਲ (10427, ਈਸਟ ਸਟਾਕਟਨ ਬੁਲੇਵਰਡ, ਐਲਕ ਗਰੋਵ) ਵਿਖੇ ਹੋ ਰਿਹਾ ਹੈ। ਇਸ ਪਰਿਵਾਰਕ ਮੇਲੇ ਨੂੰ ਚਾਰ ਹਿੱਸਿਆਂ 'ਚ ਵੰਡਿਆ ਗਿਆ ਹੈ-ਗੀਤ-ਸੰਗੀਤ, ਸਟੇਜ ਪ੍ਰੋਗਰਾਮ, ਲਾਈਵ ਬੋਲੀਆਂ ਅਤੇ ਡੀ.ਜੇ. 'ਤੇ ਡਾਂਸ।

ਪਰਮਜੀਤ ਔਲਖ ਤੇ ਪਰਦੀਪ ਪੂੰਨੀ ਨੇ ਦੱਸਿਆ ਕਿ ਸੁਸਾਇਟੀ ਪਿਛਲੇ 23 ਸਾਲ ਤੋਂ ਪੰਜਾਬੀ ਕਮਿਊਨਿਟੀ ਨੂੰ ਆਪਣੇ ਵਿਰਸੇ ਨਾਲ ਜੋੜਨ ਦਾ ਉਪਰਾਲਾ ਕਰ ਰਹੀ ਹੈ। ਮੇਲੇ ਦੀ ਵੀਡੀਓ 'ਚਾਹਲ ਵੀਡੀਓ' ਵੱਲੋਂ ਬਣਾਈ ਜਾਵੇਗੀ। ਮੰਚ ਸੰਚਾਲਨ ਮਨਦੀਪ ਫਰਵਾਲ ਕਰਨਗੇ। ਮੀਟਿੰਗ ਵਿਚ ਬਲਦੇਵ ਕੌਰ, ਰਸ਼ਪਾਲ ਕੌਰ, ਹਰਪ੍ਰੀਤ ਸਹੋਤਾ, ਅਮਨ ਰੰਗੀ, ਰਾਜਵਿੰਦਰ ਪੂੰਨੀ, ਕਮਲ ਢਿੱਲੋਂ, ਭਵਨਦੀਪ ਕੌਰ, ਪਰਦੀਪ ਪੂੰਨੀ, ਰਾਜਵੀਰ ਕੌਰ, ਗੁੰਜਨ ਔਲਖ, ਜਸਵਿੰਦਰ ਚੌਹਾਨ, ਬਲਵੀਰ ਪੂੰਨੀ, ਜਸਵੀਰ ਗਿੱਲ, ਹਰਿੰਦਰ ਕੌਰ, ਲਾਡੀ ਥਾਂਦੀ, ਬਲਵਿੰਦਰ ਗਰਚਾ, ਸੋਨੀਆ ਢਿੱਲੋਂ, ਰਾਣੀ ਸਰਹੱਦੀ, ਰੁਪਿੰਦਰ ਕੌਰ, ਤਜਿੰਦਰ ਕੌਰ, ਹਰਮਿੰਦਰ ਕੌਰ, ਪਰਮਜੀਤ ਕੌਰ, ਬਲਵਿੰਦਰ ਗਰਚਾ, ਇੰਦਰਪਾਲ ਕਾਹਲੋਂ, ਹਰਪ੍ਰੀਤ ਕੌਰ, ਪਰਮਜੀਤ ਕੌਰ ਤੇ ਰੁਪਿੰਦਰ ਮੱਲੀ ਹਾਜ਼ਰ ਸਨ। ਹੋਰ ਜਾਣਕਾਰੀ ਲਈ ਮਨਦੀਪ ਫਰਵਾਲਾ (ਫੋਨ: 916-212-1826), ਰਸ਼ਪਾਲ ਪਰਹਾਰ (916-730-7191) ਅਤੇ ਬਲਦੇਵ ਕੌਰ (916-996-2010) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਕਸ਼ਮੀਰ ਸਿੰਘ ਹੀਰਾ ਨੂੰ ਸਦਮਾ, ਭਰਾ ਸੁਰਗਵਾਸ

**ਸੈਕਰਾਮੈਂਟੋ:** ਇੰਡੀਆ ਮਾਰਕਿਟ (ਸੈਕਰਾਮੈਂਟੋ) ਦੇ ਮਾਲਕ ਅਤੇ ਉਘੇ ਸਮਾਜ ਸੇਵਕ ਸ. ਕਸ਼ਮੀਰ ਸਿੰਘ ਹੀਰਾ ਦੇ ਭਰਾ ਸ. ਮਲਕੀਤ ਸਿੰਘ ਦਾ 28 ਜੁਲਾਈ ਨੂੰ ਲੰਬੀ ਬਿਮਾਰੀ ਪਿਛੋਂ ਦੇਹਾਂਤ ਹੋ ਗਿਆ। ਮਰਹੂਮ ਮਲਕੀਤ ਸਿੰਘ 59 ਸਾਲ ਦੇ ਸਨ ਅਤੇ ਆਪਣੇ ਪਿੱਛੇ ਪਤਨੀ, ਤਿੰਨ ਲੜਕੇ ਅਤੇ ਇਕ ਲੜਕੀ ਛੱਡ ਗਏ ਹਨ। ਮਲਕੀਤ ਸਿੰਘ ਲਗਭਗ ਚਾਰ ਮਹੀਨਿਆਂ ਤੋਂ ਬਿਮਾਰ ਸੀ ਅਤੇ ਉਹ ਲੁਧਿਆਣਾ ਦੇ ਓਸਵਾਲ ਹਸਪਤਾਲ ਵਿਖੇ ਜ਼ੇਰ-ਏ-ਇਲਾਜ ਸੀ।



ਸ. ਮਲਕੀਤ ਸਿੰਘ ਦਾ ਉਨ੍ਹਾਂ ਦੇ ਜੱਦੀ ਪਿੰਡ ਮੋਰਾਂਵਾਲੀ (ਜ਼ਿਲ੍ਹਾ ਹੁਸ਼ਿਆਰਪੁਰ) ਵਿਚ ਸਸਕਾਰ ਕਰ ਦਿੱਤਾ ਗਿਆ। ਉਨ੍ਹਾਂ ਨਮਿਤ ਸਾਧਾਰਨ ਪਾਠ ਦੇ ਭੋਗ 7 ਅਗਸਤ ਨੂੰ ਪਾਏ ਜਾਣਗੇ। ਸ. ਹੀਰਾ ਨਾਲ ਸੰਪਰਕ ਫੋਨ 916-798-8142 'ਤੇ ਕੀਤਾ ਜਾ ਸਕਦਾ ਹੈ।

## ਮਨੀਲਾ ਵਿਚ ਪੰਜਾਬੀ ਨੌਜਵਾਨ ਦਾ ਕਤਲ

**ਨਵਾਂ ਸ਼ਹਿਰ:** ਨਵਾਂ ਸ਼ਹਿਰ ਦੇ ਨੌਜਵਾਨ ਸੰਜੀਵ ਦੀ ਮਨੀਲਾ ਵਿਖੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਸੰਜੀਵ ਦੀ ਰਿਸ਼ਤੇਦਾਰ ਬਿਮਲਾ ਨੇ ਦੱਸਿਆ ਕਿ ਉਸ ਦਾ ਬੇਟਾ ਗੋਰਾ ਤੇ ਸੰਜੀਵ ਮਨੀਲਾ ਵਿਖੇ ਇਕੱਠੇ ਰਹਿੰਦੇ ਸਨ ਤੇ ਸੰਜੀਵ ਫਾਇਨਾਂਸ ਦਾ ਕਾਰੋਬਾਰ ਕਰਦਾ ਸੀ।

ਬੀਤੇ ਦਿਨ ਸੰਜੀਵ ਜਦ ਹਸਪਤਾਲ ਵਿਚ ਦਾਖਲ ਗੋਰਾ ਨੂੰ ਮਿਲਣ ਲਈ ਜਾ ਰਿਹਾ ਸੀ ਤਾਂ ਉਸ ਨੂੰ ਰਸਤੇ 'ਚ ਕੁਝ ਵਿਅਕਤੀਆਂ ਨੇ ਘੇਰ ਕੇ ਗੋਲੀ ਮਾਰ ਦਿੱਤੀ ਤੇ ਫਰਾਰ ਹੋ ਗਏ। ਹਸਪਤਾਲ ਵਿਚ ਉਸ ਦੀ ਮੌਤ ਹੋ ਗਈ।


**Brand new convenience store for Sale/Lease**

**ਨਵਾਂ ਨਕੋਰ ਕਨਵੀਨੀਐਂਸ ਸਟੋਰ ਵਿਕਾਊ ਹੈ**

New convenience store having Walk in Cooler, Lottery, Money Order, ATM, Air machine and everything in place for the new owner.
On one of the busiest streets in town, Corner lot, having good parking
**For Lease $35000/-**

**CONTACT:HARRY SINGH-317-213-8408**

**Restaurant For Sale**

**Elegant Indian Restaurant for sale in Indianapolis, Indiana**

***High Traffic Area *Good Customer Base *Plenty of Parking *Been Open Since 1993 *Beer/Wine License *55 Seat***


**ਇੰਡੀਅਨਐਪੋਲਿਸ (ਇੰਡੀਆਨਾ) 'ਚ ਵਧੀਆ ਚਲਦਾ ਇੰਡੀਅਨ ਰੈਸਟੋਰੈਂਟ ਵਿਕਾਊ ਹੈ**

> 55 ਬੰਦਿਆਂ ਦੇ ਬੈਠਣ ਲਈ ਟੇਬਲ
> ਬੀਅਰ ਅਤੇ ਵਾਈਨ ਦਾ ਲਾਇਸੈਂਸ
>ਵਧੀਆ ਪਾਰਕਿੰਗ >1993 ਤੋਂ ਵਧੀਆ ਚਲਦਾ

**Call (317) 513-8510**

**ATM's & Credit Card Terminals at Lowest Prices! No Hidden Fees.**

Merchant Accounts-Grocery, Motels, Limos/Taxis, Gas stations.
Credit card terminals -Verifone, Hypercom...
Transfer existing CC processing to us for lower rates.
*99% approved same day.* We specialize in high risk businesses.
ATMs – TRANAX/TRITON/WRG, starting at $69/mo.*
*(Perfect for retail stores, hotels, gas stations, etc.)*
*Need Money?* We provide cash advance against credit card processing with NO collateral or personal guarantee.
Online Data Corp. is a registered ISO/MSP of Wells Fargo Bank N.A.
*Credit restrictions apply.
Call SAGAR HANDA at: 773-416-8526
or 773-935-VISA, SagarATM@yahoo.com
www.GoldCoastATM.com




**ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ**

**ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ**

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

**Law Offices Of Jaspreet Singh**

4491 W. Shaw Ave., Suite 300 B (Near Costco) Fresno, CA 93722 Ph: 559-271-5511

44790 S. Grimmer Blvd. #204 Fremont CA-94538 Ph:510-657-6444 Fax: 510-657-6443

2945 W. Capitol Ave, Sacramento CA-95691 Ph: 916-372-4448 Fax: 916-372-4440

# ਫਾਈ ਦਾ ਮਕਾਨ ਜ਼ਬਤ ਕਰਨ ਲਈ ਕਾਰਵਾਈ ਸ਼ੁਰੂ

**ਵਾਸ਼ਿੰਗਟਨ:** ਅਮਰੀਕਾ ਸਰਕਾਰ ਨੇ ਕਸ਼ਮੀਰੀ ਵੱਖਵਾਦੀ ਗੁਲਾਬ ਨਬੀ ਫਾਈ ਦੇ ਤਿੰਨ ਕਰੋੜ ਰੁਪਏ ਦੇ ਮਕਾਨ ਨੂੰ ਜ਼ਬਤ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਫਾਈ 'ਤੇ ਦੋਸ਼ ਹੈ ਕਿ ਉਹ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ.ਆਈ. ਤੋਂ ਮਿਲਦੇ ਫੰਡਾਂ ਰਾਹੀਂ ਕਸ਼ਮੀਰ ਮੁੱਦੇ 'ਤੇ ਅਮਰੀਕੀ ਸੰਸਦ ਮੈਂਬਰਾਂ ਨੂੰ ਪ੍ਰਭਾਵਿਤ ਕਰਦਾ ਸੀ। ਇਸ ਤੋਂ ਇਲਾਵਾ ਉਸ 'ਤੇ ਨਾਜਾਇਜ਼ ਢੰਗ ਨਾਲ ਵਿਦੇਸ਼ ਤੋਂ ਪੈਸਾ ਹਾਸਲ ਕਰਨ ਦੇ ਦੋਸ਼ ਵੀ ਹਨ।

ਕਸ਼ਮੀਰੀ ਅਮਰੀਕੀ ਕੌਂਸਲ ਦੇ ਮੁਖੀ 62 ਸਾਲਾ ਫਾਈ ਦਾ ਮਕਾਨ ਵਾਸ਼ਿੰਗਟਨ ਦੇ ਵਧੀਆ ਮੰਨੇ ਜਾਂਦੇ ਬਾਹਰੀ ਖੇਤਰ ਵਿਚ ਹੈ ਜਿਸ ਦੀ ਕੀਮਤ 7 ਲੱਖ ਅਮਰੀਕੀ ਡਾਲਰ (ਲਗਪਗ 3 ਕਰੋੜ ਰੁਪਏ) ਤੋਂ ਵੱਧ ਮੰਨੀ ਗਈ ਹੈ। ਆਈ.ਐਸ.ਆਈ. ਦੇ ਅਣ-ਰਜਿਸਟਰਡ ਏਜੰਟ ਵਜੋਂ ਕੰਮ ਕਰਨ ਵਾਲੇ ਫਾਈ ਨੂੰ ਘਰ ਵਿਚ ਨਜ਼ਰਬੰਦ ਕੀਤਾ ਹੋਇਆ ਹੈ ਤੇ ਉਸ 'ਤੇ ਸਖ਼ਤ ਨਿਗਰਾਨੀ ਰੱਖੀ ਜਾ ਰਹੀ ਹੈ। ਫਾਈ ਦੀ ਨਿਗਰਾਨੀ ਲਈ ਇਲੈਕਟ੍ਰਾਨਿਕ ਯੰਤਰਾਂ ਦੀ ਵੀ ਮਦਦ ਲਈ ਜਾ ਰਹੀ ਹੈ।

ਅਮਰੀਕੀ ਅਸਿਸਟੈਂਟ ਅਟਾਰਨੀ ਗੋਰਡਨ ਕਰੋਮਬਰਗ ਨੇ ਹਾਲ ਹੀ ਵਿਚ ਵਰਜੇ ਨੇਆ ਦੀ ਜ਼ਿਲ੍ਹਾ ਅਦਾਲਤ ਵਿਚ ਦੱਸਿਆ ਸੀ ਕਿ ਸਰਕਾਰ ਨੇ ਫਾਈ ਦੇ ਮਕਾਨ ਨੂੰ ਜ਼ਬਤ ਕਰਨ ਦਾ ਫੈਸਲਾ ਕੀਤਾ ਹੈ। ਉਧਰ ਫਾਈ ਦੇ ਵਕੀਲ ਨੇ ਇਹ ਕਿਹਾ ਸੀ ਕਿ ਮਕਾਨ ਦੀ ਕੀਮਤ ਪੰਜ ਲੱਖ ਅਮਰੀਕੀ ਡਾਲਰ ਹੈ ਤੇ ਜੇ ਅਦਾਲਤ ਲੋੜ ਸਮਝਦੀ ਹੈ ਤਾਂ ਇਸ ਨੂੰ ਜ਼ਮਾਨਤ ਵਜੋਂ ਵਰਤਿਆ ਜਾ ਸਕਦਾ ਹੈ। ਇਸ 'ਤੇ ਸਰਕਾਰੀ ਵਕੀਲ ਨੇ ਕਿਹਾ ਕਿ ਫਾਈ ਨੇ ਗੈਰ-ਕਾਨੂੰਨੀ ਢੰਗ ਨਾਲ ਪੈਸੇ ਹਾਸਲ ਕੀਤੇ ਹਨ ਜਿਸ ਕਰਕੇ ਉਸ ਦੇ ਮਕਾਨ ਨੂੰ ਜ਼ਮਾਨਤ ਵਜੋਂ ਨਹੀਂ ਵਰਤਿਆ ਜਾ ਸਕਦਾ। ਫਾਈ ਨੇ ਪਿਛਲੇ 20 ਸਾਲਾਂ ਦੌਰਾਨ ਆਈ.ਐਸ.ਆਈ. ਤੋਂ ਲੱਖਾਂ ਡਾਲਰ ਹਾਸਲ ਕੀਤੇ ਹਨ ਜਿਸ ਕਾਰਨ ਸਰਕਾਰ ਉਸ ਦਾ ਮਕਾਨ ਜ਼ਬਤ ਕਰੇਗੀ।

ਕਿ ਹੋਰ ਖੁਲਾਸਾ ਹੋਇਆ ਹੈ ਕਿ ਫਾਈ ਤੇ ਪਾਕਿਸਤਾਨੀ ਖੁਫ਼ੀਆ ਏਜੰਸੀ ਆਈ.ਐਸ.ਆਈ. ਵਿਚਕਾਰ ਮਾਇਕ ਲੈਣ ਦੇਣ ਲਈ 'ਬਰਿੱਲਕ੍ਰੀਮ' ਤੇ '30 ਪਲੱਸ' ਕੋਡ ਵਰਤੇ ਜਾਂਦੇ ਸਨ। ਐਫ.ਬੀ.ਆਈ. ਵੱਲੋਂ ਸੌਂਪੇ ਗਏ ਹਲਫ਼ੀਆ ਬਿਆਨ 'ਚ ਕਿਹਾ ਗਿਆ ਹੈ ਕਿ ਫਾਈ ਦੇ ਆਪਣੇ ਪਾਕਿਸਤਾਨੀ ਆਕਾ ਜਾਵੇਦ ਅਜ਼ੀਦ ਖਾਨ ਨੇ ਉਸ ਤੋਂ ਪੁੱਛਿਆ ਕਿ ਉਸ ਨੂੰ ਸਾਰੀਆਂ ਚੀਜ਼ਾਂ ਮਿਲ ਗਈਆਂ ਹਨ। ਇਸ ਦੇ ਜੁਆਬ 'ਚ ਫਾਈ ਕਹਿੰਦਾ ਹੈ ਕਿ 75 ਮਿਲੀਗ੍ਰਾਮ 'ਬਰਿੱਲਕ੍ਰੀਮ' ਨੂੰ ਛੱਡ ਕੇ ਸਾਰਾ ਕੁਝ ਮਿਲ ਗਿਆ ਹੈ। ਐਫ.ਬੀ.ਆਈ. ਦੇ ਜਾਂਚਕਾਰਾਂ ਨੂੰ ਸ਼ੱਕ ਹੈ ਕਿ ਇਸ ਕੋਡ ਰਾਹੀਂ ਫਾਈ ਵੱਲੋਂ ਅਮਰੀਕਾ 'ਚ ਕਸ਼ਮੀਰ ਬਾਰੇ ਪ੍ਰਾਪੇਗੰਢਾ ਕਰਨ ਲਈ 75 ਹਜ਼ਾਰ ਡਾਲਰ ਦੀ ਮੰਗ ਕੀਤੀ ਗਈ ਹੋ ਸਕਦੀ ਹੈ।

ਖਾਨ ਨਾਲ ਇਸੇ ਗੱਲਬਾਤ ਦੌਰਾਨ ਫਾਈ ਨੇ ਪੁੱਛਿਆ ਕਿ ਉਹ ਲੰਡਨ ਤੋਂ 'ਬਰਿੱਲਕ੍ਰੀਮ' ਦੇ ਦੋ-ਤਿੰਨ ਪੀਸ ਮੰਗਵਾ ਲਵੇ ਜਿਸ ਬਾਰੇ ਐਫ.ਬੀ.ਆਈ. ਨੂੰ ਸ਼ੱਕ ਹੈ ਕਿ ਇਸ ਰਾਹੀਂ ਉਸ ਵੱਲੋਂ 20-30 ਹਜ਼ਾਰ ਡਾਲਰ ਦੀ ਮੰਗ ਕੀਤੀ ਗਈ ਹੈ। ਅਗਲੇ ਸਾਲ ਫਾਈ ਨੇ ਪਾਕਿਸਤਾਨ ਤੋਂ ਅਹਿਮਦ ਨਾਂ ਦੇ ਵਿਅਕਤੀ ਤੋਂ ਪੈਸੇ ਮੰਗਵਾਉਣ ਲਈ ਵੱਖਰੇ ਕੋਡ ਦੀ ਵਰਤੋਂ ਕੀਤੀ। ਇਸ ਵਾਰ ਪ੍ਰਸਿੱਧ ਤਾਕਤ ਵਧਾਊ ਕੈਪਸੂਲ '30 ਪਲੱਸ' ਦੀ ਵਰਤੋਂ ਕੀਤੀ ਗਈ। ਐਫ.ਬੀ.ਆਈ. ਨੂੰ ਯਕੀਨ ਹੈ ਕਿ '30 ਪਲੱਸ' ਕੋਡ ਫਾਈ ਲਈ 30 ਹਜ਼ਾਰ ਡਾਲਰ ਭੇਜਣ ਲਈ ਵਰਤਿਆ ਗਿਆ ਹੈ। ਅਦਾਲਤ ਸਾਹਮਣੇ ਪੇਸ਼ ਕੀਤੇ ਹਲਫ਼ੀਆ ਬਿਆਨ 'ਚ ਜਾਂਚਕਾਰਾਂ ਨੇ ਦੱਸਿਆ ਹੈ ਕਿ ਫਾਈ ਦੀ ਤਿੰਨ ਮਹੀਨੇ ਅਹਿਮਦ ਨਾਲ ਹੋਈ ਗੱਲਬਾਤ ਦੌਰਾਨ 10 ਜਨਵਰੀ ਤੋਂ 28 ਮਾਰਚ, 2011 ਦਰਮਿਆਨ ਕਸ਼ਮੀਰੀ ਅਮਰੀਕੀ ਕੌਂਸਲ ਦੇ ਖਾਤੇ 'ਚ ਤਿੰਨ ਚੈੱਕਾਂ ਰਾਹੀਂ ਕੁੱਲ 23 ਹਜ਼ਾਰ ਡਾਲਰ ਜਮ੍ਹਾਂ ਕਰਾਏ ਗਏ ਹਨ।


## ਗਾਹਕਾਂ ਦੀ ਭਾਰੀ ਮੰਗ 'ਤੇ ਫਿਰ ਤੋਂ ਮਾਰਕੀਟ ਵਿਚ ਵਾਪਿਸ

**Singh Communication**

$100 'ਚ 111 ਘੰਟੇ (1.5 ਸੈਂਟ ਪ੍ਰਤੀ ਮਿੰਟ)

*$100 ਨਾਲ 200 ਮਿੰਟ ਮੁਫਤ*

*$50 ਨਾਲ 100 ਮਿੰਟ ਮੁਫਤ*

>ਕੋਈ ਕੰਟਰੈਕਟ ਨਹੀਂ >ਸਾਫ ਸੁਥਰੀ ਆਵਾਜ਼

>ਕੋਈ ਕੁਨੈਕਸ਼ਨ ਫੀਸ ਨਹੀਂ >ਕੋਈ Expire Date ਨਹੀਂ

ਜਾਣਕਾਰੀ ਲਈ ਕਾਲ ਕਰੋ:661-889-1927

## US ON WHEELS



Looking for Truck Drivers for all 40 states

Contact:Gogi Ghumman (916) 257-7865


## ਬ੍ਰਾਊਨ ਬਣੇ ਭਾਰਤੀ ਹਵਾਈ ਸੈਨਾ ਦੇ ਨਵੇਂ ਮੁਖੀ

**ਨਵੀਂ ਦਿੱਲੀ:** ਲੜਾਕੂ ਜਹਾਜ਼ਾਂ ਦੇ ਪਾਇਲਟ ਨੌਰਮਨ ਅਨਿਲ ਕੁਮਾਰ ਬ੍ਰਾਊਨ ਨੇ ਭਾਰਤੀ ਹਵਾਈ ਸੈਨਾ ਦੇ 23ਵੇਂ ਮੁਖੀ ਵਜੋਂ ਅਹੁਦਾ ਸੰਭਾਲਿਆ। ਉਨ੍ਹਾਂ ਨੇ ਏਅਰ ਚੀਫ ਮਾਰਸ਼ਲ ਪੀ.ਵੀ. ਪਟਨਾਇਕ ਦੀ ਥਾਂ ਲਈ ਹੈ ਜੋ 42 ਸਾਲ ਦੇ ਸੇਵਾਕਾਲ ਮਗਰੋਂ ਸੇਵਾਮੁਕਤ ਹੋ ਗਏ ਹਨ।

59 ਸਾਲਾ ਪਾਇਲਟ ਨੇ ਅਹੁਦਾ ਸੰਭਾਲਣ ਤੋਂ ਫੌਰੀ ਮਗਰੋਂ ਕਿਹਾ ਕਿ ਆਈ.ਏ.ਐਫ. ਦੇ ਮੁਖੀ ਦੀ ਹੈਸੀਅਤ 'ਚ ਉਨ੍ਹਾਂ ਦੀਆਂ ਕੁਝ ਤਰਜੀਹਾਂ ਹੋਣਗੀਆਂ ਜਿਨ੍ਹਾਂ 'ਚ ਹਵਾਈ ਫੌਜ ਦੀ ਅਪਰੇਸ਼ਨਲ ਸਮਰੱਥਾ ਵਧਾਉਣੀ, ਇਸ ਦੇ ਆਧੁਨਿਕੀਕਰਨ ਦੀ ਮੁਹਿੰਮ ਜਾਰੀ ਰੱਖਣੀ ਤੇ ਸਭ ਤੋਂ ਅਹਿਮ ਗੱਲ ਆਪਣੇ ਲੋਕਾਂ ਦਾ ਧਿਆਨ ਰੱਖਣਾ ਸ਼ਾਮਲ ਹੈ। ਉਹ ਹੁਣ ਤੱਕ 3100 ਘੰਟੇ ਜਹਾਜ਼ ਚਲਾ ਚੁੱਕੇ ਹਨ। ਉਨ੍ਹਾਂ ਨੇ ਹਵਾਈ ਸੈਨਾ ਦੇ ਮੁਖੀ ਦਾ ਅਹੁਦਾ ਉਦੋਂ ਸੰਭਾਲਿਆ ਹੈ ਜਦੋਂ ਇਹ ਆਧੁਨਿਕੀਕਰਨ ਦੇ ਦੌਰ 'ਚੋਂ ਲੰਘ ਰਹੀ ਹੈ ਤੇ ਵੱਡੀ ਗਿਣਤੀ ਨਵੇਂ ਹਥਿਆਰ ਇਸ ਸੈਨਾ ਨੂੰ ਮਿਲਣ ਵਾਲੇ ਹਨ।

ਇਸ ਸਾਜ਼ੋ ਸਮੱਗਰੀ 'ਚ 126 ਨਵੇਂ ਲੜਾਕੂ ਜਹਾਜ਼, ਸੀ-17 ਰਣਨੀਤਕ ਜਹਾਜ਼ ਤੇ ਹੋਰ ਕਈ ਤਰ੍ਹਾਂ ਦੇ ਹਵਾਈ ਵਾਹਨ ਸ਼ਾਮਲ ਹਨ। ਉਨ੍ਹਾਂ ਨੇ ਹਵਾਈ ਸੈਨਾ ਨੂੰ ਆਪਣੇ ਪਹਿਲੇ ਸੰਬੋਧਨ 'ਚ ਕਿਹਾ ਕਿ ਆਈ.ਏ.ਐਫ. ਇਕ ਸਮਰੱਥ ਰਣਨੀਤਕ ਸੈਨਾ 'ਚ ਤਬਦੀਲ ਹੋ ਰਹੀ ਹੈ।

## ਤਸਕਰੀ ਦੇ ਦੋਸ਼ 'ਚ ਭਾਰਤੀ ਔਰਤ ਨੂੰ ਕੈਦ

**ਲੰਡਨ:** ਬਰਤਾਨੀਆ ਵਿਚ 50 ਹਜ਼ਾਰ ਪੌਂਡ ਤੋਂ ਵੱਧ ਮੁੱਲ ਦੀ ਹੈਰੋਇਨ ਦੀ ਤਸਕਰੀ ਕਰਨ ਦੇ ਮਾਮਲੇ ਵਿਚ ਭਾਰਤੀ ਮੂਲ ਦੀ ਔਰਤ ਨੂੰ ਤਿੰਨ ਸਾਲ ਕੈਦ ਦੀ ਸਜ਼ਾ ਸੁਣਾਈ ਗਈ।

ਦੀਪਿਕਾ ਉਮਰਤੀਆ (24 ਸਾਲ) ਨਾਮੀ ਇਸ ਔਰਤ ਨੇ ਅਦਾਲਤ ਵਿਚ ਆਪਣਾ ਗੁਨਾਹ ਕਬੂਲ ਕਰ ਲਿਆ। ਲਿਸਟਰ ਦੀ ਅਦਾਲਤ ਵਿਚ ਇਸ ਮਾਮਲੇ ਦੀ ਸੁਣਵਾਈ ਹੋਈ। ਦੀਪਿਕਾ 'ਤੇ ਦੋਸ਼ ਸੀ ਕਿ ਉਹ ਬਰਮਿੰਘਮ ਤੋਂ ਲਿਸਟਰ ਜਾਣ ਵੇਲੇ ਆਪਣੇ ਨਾਲ ਨਸ਼ੀਲੇ ਪਦਾਰਥ ਵੀ ਲੈ ਗਈ ਜੋ ਉਸ ਨੇ ਇਕ ਡੱਬੇ ਵਿਚ ਪਾਏ ਹੋਏ ਸਨ। ਲਿਸਟਰ ਜਾ ਕੇ ਉਹ ਸਹਿ-ਮੁਲਜ਼ਮਾਂ ਸਟੀਫਨ ਸਾਈਮਨ ਅਤੇ ਇਜ਼ਰ੍ਹਾ ਕੁਐਲੀ ਨੂੰ ਮਿਲੀ।

ਇਹ ਤਿੰਨੋਂ ਨਸ਼ੀਲੇ ਪਦਾਰਥਾਂ ਵਾਲਾ ਡੱਬਾ ਲੈ ਕੇ ਐਰਲ ਸ਼ਿਲਟਨ ਦੇ ਇਕ ਫਲੈਟ ਵਿਚ ਗਏ ਜਿਥੇ ਹੈਰੋਇਨ ਵਿਚ ਪੈਰਾਸਿਟਾਮੋਲ ਤੇ ਕੈਫੀਨ ਮਿਲਾਈ ਗਈ। ਸਾਈਮਨ ਨੇ ਗੁਨਾਹ ਕਬੂਲਣ ਤੋਂ ਇਨਕਾਰ ਕਰ ਦਿੱਤਾ ਪਰ ਬਾਅਦ ਵਿਚ ਦੋਸ਼ ਸਿੱਧ ਹੋਣ 'ਤੇ ਉਸ ਨੂੰ 10 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ।




Amandeep Singh
Ph:916-712-2735
DRE#01357217

## Buy a Home With Zero Cash! No Money Down!

For FREE list of properties and pre-recorded information on how "NO MONEY DOWN" Program Work. Govt. Loans, USDA, VA, Down Assistance Program and many more. Call Toll Free:1-888-450-6603 ID#4074



**$169,000**
**Rancho Cordova - $645 Payment**
Quite street. Bright living & family room. Perfect home. Private Shaded backyard. Cozy fireplace.
**FREE INFO: 1-888-450-6603**
ID#4230



**$199,000**
**Elk Grove - $806 Payment**
Great School. Cul-de-sac. Ready to move. Clean. Family Home. Safe Neighborhood
**FREE INFO: 1-888-450-6603**
ID#4243



**$149,000**
**Sacramento – $604 Payment**
Open floor plan. First time homebuyer. Bank Owned. Clean. Less than Rent. Beautiful
**FREE INFO: 1-888-450-6603**
ID#4241



**$139,900**
**Vintage – $566 Payment**
Great deal for home buyer. Walking distance to school, park, shopping plazas. Desirable location. Family Home.
**FREE INFO: 1-888-450-6603**
ID#4234



**179,900**
**Vintage – $728 Payment**
4 Beds. 3 Car garage. Quite Street. Private backyard. Eat in Kitchen. Near school & par. Great Home. Bright rooms
**FREE INFO: 1-888-450-6603**
ID#4242



**$99,000**
**Sacramento – $405 Payment**
Safe Neighborhood. Investor dream. Easy access to highway. Great School. Open floor plan. RV access.
**FREE INFO: 1-888-450-6603**
ID#4247



**$189,000**
**Elk Grove – $765 Payment**
2 story. Separate family living room. Desirable location. Great Area. Beautiful. Tree lined streets.
**FREE INFO: 1-888-450-6603**
ID#4240



**$120,000**
**Sacramento – $479**
Nice 4 bedroom 2 bath house. Clean. Family room. Desirable location. Private back yard.
**FREE INFO: 1-888-450-6603**
ID#4244



**$149,000**
**Sacramento**
Preferable area. Quite Street. Open lay out. Good neighborhood. Lively, Walking distance to park.
**FREE INFO: 1-888-450-6603**
ID#4246



**$240,000**
**Elk Grove – $953**
5 Beds. Preferable location. Quite area. Tree lined street. Hardwood Floors. Formal Dining. Granite Counters
**FREE INFO: 1-888-450-6603**
ID#4238



**$168,000**
**Natomas - $667**
2 Story. Beautiful area. Newer homes. Club house. Walking trails. Remodel kitchen. Bright rooms.
**FREE INFO: 1-888-450-6603**
ID#4245




**For Short Sale I received over $4,500**
**FREE** cash back money when we did our short sale. Both my first, second loans, utility bills and property taxes were forgiven by the lenders. Mike and family

**Get Free list of Homes at www.statewideteam.net**

**Punjab Times**
**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mann Mandeep
Bureau Chief
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, New York, Missouri

ਡਾਕ ਰਾਹੀਂ ਪਰਚਾ ਮੰਗਵਾਉਣ ਲਈ
ਸਾਲਾਨਾ ਚੰਦਾ: 85 ਡਾਲਰ,
ਪੰਜ ਸਾਲ ਲਈ: 400 ਡਾਲਰ

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸ਼੍ਰੋਮਣੀ ਕਮੇਟੀ ਚੋਣਾਂ: ਪੰਥਕ ਧਿਰਾਂ ਬਾਦਲਾਂ ਖਿਲਾਫ ਇਕਜੁੱਟ

*(ਸਫਾ ਇਕ ਦੀ ਬਾਕੀ)*

ਦੀ ਵਰਤੋਂ ਵਰਜਿਤ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਜੇ ਇਸ ਸਬੰਧੀ ਕੋਈ ਸ਼ਿਕਾਇਤ ਆਈ ਤਾਂ ਇਹ ਮਾਮਲਾ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਵਿਚਾਰਿਆ ਜਾਵੇਗਾ, ਤੇ ਦੋਸ਼ੀ ਸਾਬਤ ਹੋਏ ਬੰਦੇ ਖ਼ਿਲਾਫ਼ ਸਿੱਖ ਪ੍ਰੰਪਰਾਵਾਂ ਅਨੁਸਾਰ ਕਾਰਵਾਈ ਹੋਵੇਗੀ।

ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦੀ ਸਰਗਰਮੀ ਨੇ ਪੰਜਾਬ ਦੀ ਸਿਆਸਤ ਵਿਚ ਹਲਚਲ ਪੈਦਾ ਕਰ ਦਿੱਤੀ ਹੈ। ਇਨ੍ਹਾਂ ਚੋਣਾਂ ਦਾ ਦਾਇਰਾ ਬੇਸ਼ੱਕ ਧਾਰਮਿਕ ਹੈ ਪਰ ਇਨ੍ਹਾਂ ਦਾ ਸਿੱਧਾ ਅਸਰ ਆਗਾਮੀ ਵਿਧਾਨ ਸਭਾ ਚੋਣਾਂ 'ਤੇ ਵੀ ਪੈਣਾ ਯਕੀਨੀ ਹੈ। ਇਸ ਚੋਣ ਅਮਲ ਵਿਚ ਦਰਜਨ ਤੋਂ ਵੱਧ ਅਕਾਲੀ ਦਲ ਤੇ ਪੰਥਕ ਜਥੇਬੰਦੀਆਂ ਸਿੱਧੇ ਰੂਪ ਵਿਚ ਸ਼ਾਮਲ ਹਨ। ਸਾਰੀਆਂ ਸਿਆਸੀ ਧਿਰਾਂ ਨੂੰ ਆਸ ਸੀ ਕਿ ਸ਼੍ਰੋਮਣੀ ਕਮੇਟੀ ਚੋਣਾਂ ਵਿਧਾਨ ਸਭਾ ਦੀ ਚੋਣ ਤੋਂ ਬਾਅਦ ਹੀ ਹੋਣਗੀਆਂ ਪਰ ਅਚਨਚੇਤ ਚੋਣਾਂ ਦੇ ਐਲਾਨ ਨੇ ਬਹੁਤਿਆਂ ਨੂੰ ਚੱਕਰ ਵਿਚ ਪਾ ਦਿੱਤਾ ਹੈ। ਬਾਦਲ ਵਿਰੋਧੀ ਧੜੇ ਲਗਾਤਾਰ ਇਸ ਮੰਗ 'ਤੇ ਅੜੇ ਹੋਏ ਹਨ ਕਿ ਵੋਟਰ ਸ਼ਨਾਖਤੀ ਕਾਰਡ ਬਣਨ ਬਾਅਦ ਹੀ ਚੋਣਾਂ ਕਰਵਾਈਆਂ ਜਾਣ ਪਰ ਚੋਣ ਕਮਿਸ਼ਨਰ ਨੇ ਇਹ ਮੰਗ ਰੱਦ ਕਰ ਦਿੱਤੀ ਹੈ। ਅਕਾਲੀ ਦਲ (ਬਾਦਲ) ਲਈ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਸਮਝੀ ਜਾਂਦੀ ਸ਼੍ਰੋਮਣੀ ਕਮੇਟੀ ਦੀ ਚੋਣ ਵਰਦਾਨ ਸਾਬਤ ਹੋ ਸਕਦੀ ਹੈ। ਸ਼੍ਰੋਮਣੀ ਕਮੇਟੀ ਚੋਣ ਆ ਜਾਣ ਨਾਲ ਜਿਥੇ ਕਾਂਗਰਸ ਵਿਰੁੱਧ ਮੁਹਾਜ਼ ਖੜ੍ਹਾ ਕਰਨ ਵਿਚ ਅਕਾਲੀ ਦਲ ਦਾ ਹੱਥ ਖੁੱਲ੍ਹਾ ਹੋਵੇਗਾ, ਉਥੇ ਵਿਰੋਧੀ ਦਲਾਂ ਖਿਲਾਫ ਪ੍ਰਚਾਰ ਲਈ ਵੀ ਪਾਰਟੀ ਨੂੰ ਅਹਿਮ ਮੌਕਾ ਮਿਲ ਜਾਵੇਗਾ। ਸਭ ਤੋਂ ਵੱਡੀ ਗੱਲ ਇਹ ਹੈ ਕਿ ਸ਼੍ਰੋਮਣੀ ਕਮੇਟੀ ਚੋਣਾਂ ਦੌਰਾਨ ਸਿੱਖ ਮੁੱਦੇ ਉਭਾਰਨ ਤੇ ਇਨ੍ਹਾਂ ਮੁੱਦਿਆਂ 'ਤੇ ਸਿੱਖ ਆਵਾਮ ਦੀ ਲਾਮਬੰਦੀ ਦਾ ਬਹੁਤ ਹੀ ਅਹਿਮ ਮਾਮਲਾ ਅਕਾਲੀ ਦਲ ਦੇ ਹੱਥ ਆ ਜਾਵੇਗਾ ਤੇ ਇਸ ਨੂੰ ਤੁਰੰਤ ਬਾਅਦ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਵੀ ਬਾਖੂਬੀ ਵਰਤ ਸਕੇਗਾ।

ਕਈ ਸੀਨੀਅਰ ਅਕਾਲੀ ਆਗੂਆਂ ਦਾ ਕਹਿਣਾ ਹੈ ਕਿ ਸ਼੍ਰੋਮਣੀ ਕਮੇਟੀ ਵਿਚ ਅਕਾਲੀ ਦਲ ਦੀ ਜਿੱਤ ਵਿਧਾਨ ਸਭਾ ਚੋਣਾਂ ਲਈ ਪਾਰਟੀ ਦਾ ਮਨੋਬਲ ਉੱਚਾ ਕਰੇਗੀ। ਦੂਜੀ ਅਹਿਮ ਗੱਲ ਇਹ ਹੈ ਕਿ ਕਾਂਗਰਸ ਅਤੇ ਸ. ਮਨਪ੍ਰੀਤ ਸਿੰਘ ਬਾਦਲ ਦੀ 'ਪੀਪਲਜ਼ ਪਾਰਟੀ ਆਫ ਪੰਜਾਬ' ਸਿੱਧੇ ਤੌਰ 'ਤੇ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਹਿੱਸਾ ਨਹੀਂ ਲੈ ਰਹੀਆਂ। ਇਸ ਕਰਕੇ ਇਨ੍ਹਾਂ ਚੋਣਾਂ ਦੌਰਾਨ ਉਨ੍ਹਾਂ ਦੀ ਸਿਆਸੀ ਸਰਗਰਮੀ ਨੂੰ ਬਰੇਕਾਂ ਲੱਗ ਜਾਣਗੀਆਂ। ਉਧਰ, ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਟੱਕਰ ਦੇਣ ਲਈ ਵਿਰੋਧੀ ਪੰਥਕ ਧਿਰਾਂ ਇਕ ਮੰਚ 'ਤੇ ਆ ਗਈਆਂ ਹਨ। ਸੱਤ ਪੰਥਕ ਧਿਰਾਂ ਨੇ 31 ਜੁਲਾਈ ਨੂੰ ਚੰਡੀਗੜ੍ਹ ਵਿਚ ਇਕੱਤਰਤਾ ਕਰਕੇ ਬਾਦਲ ਦਲ ਵਿਰੁੱਧ ਹਰ ਸੀਟ 'ਤੇ ਸਾਂਝਾ ਉਮੀਦਵਾਰ ਖੜ੍ਹਾ ਕਰਨ ਦਾ ਫੈਸਲਾ ਕੀਤਾ ਹੈ। ਇਸ ਏਕੇ ਨੂੰ ਪੰਥਕ ਮੋਰਚੇ ਦਾ ਨਾਂ ਦਿੱਤਾ ਗਿਆ ਹੈ। ਪੰਥਕ ਮੋਰਚੇ 'ਚ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ), ਅਕਾਲੀ ਦਲ (1920), ਅਕਾਲੀ ਦਲ (ਲੌਂਗੋਵਾਲ), ਅਕਾਲੀ ਦਲ (ਦਿੱਲੀ), ਖਾਲਸਾ ਐਕਸ਼ਨ ਕਮੇਟੀ, ਸੁਤੰਤਰ ਯੂਥ ਅਕਾਲੀ ਦਲ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਤਿੰਨੇ ਧੜੇ ਤੇ ਹਰਿਆਣਾ ਤੋਂ ਸਿੱਖ ਆਗੂ ਦੀਦਾਰ ਸਿੰਘ ਨਲਵੀ ਤੇ ਜਗਦੀਸ਼ ਸਿੰਘ ਝੀਂਡਾ ਸ਼ਾਮਲ ਹੋਏ।

ਮੀਟਿੰਗ ਵਿਚ ਚੋਣਾਂ ਲੜਨ ਲਈ ਸੱਤ ਮੈਂਬਰੀ ਕਮੇਟੀ ਦਾ ਕਾਇਮ ਕੀਤੀ ਗਈ। ਇਹ ਕਮੇਟੀ ਚੋਣਾਂ ਨਾਲ ਸਬੰਧਤ ਸਾਰੇ ਫੈਸਲੇ ਲਵੇਗੀ ਤੇ ਇਸ ਵਿਚ ਮੁੱਖ ਤੌਰ 'ਤੇ ਉਮੀਦਵਾਰਾਂ ਦੀ ਚੋਣ ਸ਼ਾਮਲ ਹੈ। ਮੀਟਿੰਗ ਵਿਚ ਇਹ ਗੱਲ ਵੀ ਤੁਰੀ ਕਿ ਸ. ਸਿਮਰਨਜੀਤ ਸਿੰਘ ਮਾਨ ਨਾਲ ਵੀ ਏਕੇ ਦੀ ਗੱਲ ਚਲਾਈ ਜਾਵੇ ਪਰ ਉਨ੍ਹਾਂ ਦੀ ਖ਼ਾਲਿਸਤਾਨ ਦੀ ਮੰਗ ਕਰਕੇ ਕਈ ਤਰ੍ਹਾਂ ਦੀਆਂ ਅੜਚਣਾਂ ਪੈਦੀਆਂ ਰਹੀਆਂ। ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਆਗਾਮੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਿੱਖ ਸਿਆਸੀ ਪਾਰਟੀਆਂ ਵਿਚ ਸਿਆਸੀ ਦੰਗਲ ਸਾਬਤ ਹੋਣਗੀਆਂ। ਇਸ ਵਿਚ ਕਾਂਗਰਸ ਵੱਲੋਂ ਵੀ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਨੂੰ ਚਿੱਤ ਕਰਨ ਲਈ ਅਸਿੱਧੇ ਤੌਰ 'ਤੇ ਜ਼ੋਰ ਅਜ਼ਮਾਈ ਕੀਤੀ ਜਾਵੇਗੀ। ਇਸ ਵਾਰ 55 ਲੱਖ ਤੋਂ ਵਧੇਰੇ ਕੇਸਧਾਰੀ ਵੋਟਰ ਆਪਣੇ ਵੋਟ ਪਾਉਣ ਦੇ ਹੱਕ ਦੀ ਵਰਤੋਂ ਕਰਦਿਆਂ 170 ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਚੋਣ ਕਰਨਗੇ। 170 ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਚੋਣ ਕਰਨ ਲਈ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਚੰਡੀਗੜ੍ਹ ਦੇ 120 ਚੋਣ ਹਲਕਿਆਂ ਵਿਚ ਵੋਟਾਂ ਪਾਈਆਂ ਜਾਣਗੀਆਂ। ਇਨ੍ਹਾਂ ਵਿਚੋਂ 110 ਚੋਣ ਹਲਕੇ ਪੰਜਾਬ ਵਿਚ, 8 ਹਲਕੇ ਹਰਿਆਣਾ ਵਿਚ, ਇਕ ਹਲਕਾ ਚੰਡੀਗੜ੍ਹ ਵਿਚ ਤੇ ਇਕ ਹਲਕਾ ਹਿਮਾਚਲ ਪ੍ਰਦੇਸ਼ ਵਿਚ ਸ਼ਾਮਲ ਹੈ। 120 ਚੋਣ ਹਲਕਿਆਂ ਵਿਚੋਂ 50 ਹਲਕੇ ਦੋਹਰੇ ਚੋਣ ਹਲਕੇ ਹਨ ਜਿਨ੍ਹਾਂ ਵਿਚ 30 ਹਲਕੇ ਔਰਤ ਮੈਂਬਰਾਂ ਲਈ ਤੇ 20 ਅਨੁਸੂਚਿਤ ਮੈਂਬਰਾਂ ਲਈ ਰਾਖਵੇਂ ਹਨ।

ਇਨ੍ਹਾਂ ਦੋਹਰੇ ਹਲਕਿਆਂ ਵਿਚੋਂ ਇਕ ਜਨਰਲ ਸ਼੍ਰੇਣੀ ਦੇ ਮੈਂਬਰ ਤੇ ਇਕ ਰਾਖਵੀਂ ਸ਼੍ਰੇਣੀ ਦੇ ਮੈਂਬਰ ਦੀ ਚੋਣ ਹੋਵੇਗੀ ਜਦੋਂਕਿ 6 ਸਿੰਘ ਸਾਹਿਬਾਨ, ਸਦਨ ਦੇ ਸਥਾਈ ਮੈਂਬਰ ਹਨ।

## ਸ਼੍ਰੋਮਣੀ ਕਮੇਟੀ ਚੋਣਾਂ 'ਤੇ ਰੋਕ ਲਈ ਹਾਈ ਕੋਰਟ ਵਿਚ ਪਟੀਸ਼ਨ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ 18 ਸਤੰਬਰ ਨੂੰ ਹੋਣ ਵਾਲੀਆਂ ਚੋਣਾਂ ਨੂੰ ਚੁਣੌਤੀ ਦੇਣ ਲਈ ਅਰਜ਼ੀ ਦਾਖਲ ਕੀਤੀ ਗਈ ਹੈ। ਸ. ਹਰਬੰਸ ਸਿੰਘ ਕੰਧੋਲਾ ਵੱਲੋਂ ਦਾਇਰ ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਯੂ.ਪੀ. ਅਤੇ ਬਿਹਾਰ ਤੋਂ ਆਏ ਪਰਵਾਸੀ ਜਿਹੜੇ ਸਿੱਖ ਨਹੀਂ ਹਨ, ਸ਼੍ਰੋਮਣੀ ਕਮੇਟੀ ਦੇ ਵੋਟਰਾਂ ਵਜੋਂ ਰਜਿਸਟਰਡ ਹਨ ਤੇ ਇਸ ਗੱਲ ਦਾ ਦਾਅਵਾ ਕਰਦੇ ਹਨ ਕਿ ਉਹ ਸਹਿਜਧਾਰੀ ਸਿੱਖ ਹਨ। ਪਟੀਸ਼ਨ ਵਿਚ ਇਹ ਵੀ ਕਿਹਾ ਗਿਆ ਹੈ ਕਿ ਸਿਰਫ ਨਾਂ ਨਾਲ 'ਸਿੰਘ' ਲਾ ਕੇ ਹੀ ਕੋਈ ਮਨੁੱਖ ਸਿੱਖ ਨਹੀਂ ਬਣ ਜਾਂਦਾ ਕਿਉਂਕਿ ਕਈ ਰਾਜਾਂ ਜਿਵੇਂ ਹਰਿਆਣਾ, ਯੂ.ਪੀ. ਤੇ ਬਿਹਾਰ ਵਗੈਰਾ ਵਿਚ ਰਾਜਪੂਤ ਤੇ ਗੈਰ-ਸਿੱਖ ਜਾਟ ਵੀ ਆਪਣੇ ਨਾਂ ਪਿੱਛੇ 'ਸਿੰਘ' ਲਾਉਂਦੇ ਹਨ। ਪਟੀਸ਼ਨਰ ਨੇ ਇਹ ਵੀ ਕਿਹਾ ਹੈ ਕਿ ਸਰਕਾਰ ਦੀਆਂ ਗੁਪਤ ਹਦਾਇਤਾਂ 'ਤੇ ਗੈਰ-ਸਿੱਖ, ਪਤਿਤ ਸਿੱਖ ਤੇ ਸਹਿਜਧਾਰੀ ਸਿੱਖਾਂ ਨੂੰ ਵੋਟਰ ਵਜੋਂ ਰਜਿਸਟਰਡ ਕੀਤਾ ਗਿਆ ਹੈ। ਪਟੀਸ਼ਨਰ ਨੇ ਬੇਨਤੀ ਕੀਤੀ ਹੈ ਕਿ ਗੈਰ-ਸਿੱਖ ਵੋਟਾਂ ਰੋਕਣ ਲਈ ਵੋਟਰ ਸੂਚੀਆਂ ਤੇ ਵੋਟਰ ਪਛਾਣ ਪੱਤਰ ਵੋਟਰਾਂ ਦੀਆਂ ਫੋਟੋਆਂ ਸਹਿਤ ਬਣਾਏ ਜਾਣ ਤਾਂ ਕਿ ਵੋਟਰ ਦੀ ਸਹੀ ਪਛਾਣ ਹੋ ਸਕੇ। ਪਟੀਸ਼ਨਰ ਨੇ ਇਸ ਬਾਰੇ ਦੇਸ਼ ਦੇ ਚੋਣ ਕਮਿਸ਼ਨ ਵੱਲੋਂ ਜਾਰੀ ਫੋਟੋ ਆਈ.ਡੀ. ਕਾਰਡ ਦੀ ਉਦਾਹਰਣ ਵੀ ਦਿੱਤੀ।

# ਡਾ. ਜਸਬੀਰ ਸਿੰਘ ਆਹਲੂਵਾਲੀਆ 'ਤੇ ਕਾਤਲਾਨਾ ਹਮਲਾ

*(ਸਫਾ ਇਕ ਦੀ ਬਾਕੀ)*

ਵਿਚ ਸਵਾਰ ਹੋ ਗਿਆ ਤੇ ਡਰਾਈਵਰ ਨੂੰ ਧਮਕੀ ਦੇ ਕੇ ਗੱਡੀ ਭਜਾਉਣ ਲਈ ਕਿਹਾ ਪਰ ਡਰਾਈਵਰ ਮੌਕਾ ਬਚਾਅ ਕੇ ਕਾਰ ਵਿਚੋਂ ਭੱਜ ਨਿਕਲਿਆ। ਹਮਲਾਵਰ ਨੌਜਵਾਨ ਨੇ ਉਥੋਂ ਦੀ ਲੰਘ ਰਹੇ ਮੋਟਰਸਾਈਕਲ ਸਵਾਰ ਤੋਂ ਲਿਫਟ ਲੈ ਲਈ।

ਜ਼ਿਕਰਯੋਗ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਦਾ ਉਦਘਾਟਨ ਅਜੇ 25 ਮਈ ਨੂੰ ਹੀ ਹੋਇਆ ਹੈ। ਡਾ. ਆਹਲੂਵਾਲੀਆ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ੁਰੂ ਕੀਤੀ ਇਸ ਯੂਨੀਵਰਸਿਟੀ ਦੇ ਮੋਢੀ ਵਾਈਸ ਚਾਂਸਲਰ ਹਨ।

ਇਸ ਤੋਂ ਉਹ ਪਹਿਲਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਰਹਿ ਚੁੱਕੇ ਹਨ। ਉਦੋਂ ਉਨ੍ਹਾਂ ਦਾ ਕਾਰਜਕਾਲ ਵਿਵਾਦਗ੍ਰਸਤ ਰਿਹਾ ਸੀ ਅਤੇ ਇਕ ਵਿਦਿਆਰਥਣ ਨਾਲ ਕਥਿਤ ਛੇੜਛਾੜ ਦੇ ਦੋਸ਼ਾਂ ਹੇਠ ਉਨ੍ਹਾਂ 'ਤੇ ਮੁਕੱਦਮਾ ਚੱਲਿਆ ਸੀ। ਇਸ ਮਾਮਲੇ ਨੂੰ ਲੈ ਕੇ ਉਨ੍ਹਾਂ ਖ਼ਿਲਾਫ ਵੱਡੇ ਪੱਧਰ 'ਤੇ ਸੰਘਰਸ਼ ਵੀ ਹੋਇਆ ਸੀ ਜੋ ਉਨ੍ਹਾਂ ਨੂੰ ਇਸ ਅਹਿਮ ਅਹੁਦੇ ਤੋਂ ਲਾਹ ਦੇਣ ਦਾ ਮੁੱਖ ਕਾਰਨ ਬਣਿਆ ਸੀ। ਇਸ ਕੇਸ ਵਿਚੋਂ ਉਹ ਭਾਵੇਂ ਬਰੀ ਹੋ ਗਏ ਸਨ ਪਰ ਉਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਦਾ ਭਾਵੇਂ ਲਾਉਣ ਦਾ ਕੁਝ ਪੰਥਕ ਧਿਰਾਂ ਵੱਲੋਂ ਤਿੱਖਾ ਵਿਰੋਧ ਕੀਤਾ ਜਾ ਰਿਹਾ ਸੀ।

ਡਾ. ਆਹਲੂਵਾਲੀਆ ਨੂੰ 1999 ਵਿਚ ਪੰਜਾਬੀ ਯੂਨੀਵਰਸਿਟੀ ਵਿਖੇ ਉਸ ਵੇਲੇ ਦੀ ਬਾਦਲ ਸਰਕਾਰ ਨੇ ਵਾਈਸ ਚਾਂਸਲਰ ਲਾਇਆ ਸੀ। ਸਿੱਖ ਵਿਦਵਾਨ ਵਜੋਂ ਜਾਣੇ ਜਾਂਦੇ ਡਾ. ਆਹਲੂਵਾਲੀਆ ਤਕਰੀਬਨ ਢਾਈ ਸਾਲ ਬਾਅਦ ਵਿਵਾਦਾਂ ਵਿਚ ਫਸ ਗਏ। ਸਾਰੂ ਰਾਣਾ ਕਾਂਡ ਵਜੋਂ ਚਰਚਿਤ ਹੋਏ ਇਸ ਕੇਸ ਨੇ ਉਸ ਵਕਤ ਹੋਰ ਵੀ ਗੰਭੀਰ ਰੂਪ ਧਾਰਨ ਕਰ ਲਿਆ ਜਦੋਂ ਯੂਨੀਵਰਸਿਟੀ ਦੇ ਅਧਿਆਪਕਾਂ, ਵਿਦਿਆਰਥੀਆਂ ਅਤੇ ਮੁਲਾਜ਼ਮਾਂ ਨੇ ਸਾਂਝੀ ਐਕਸ਼ਨ ਕਮੇਟੀ ਬਣਾ ਕੇ ਉਨ੍ਹਾਂ ਨੂੰ ਇਸ ਅਹੁਦੇ ਤੋਂ ਹਟਾਉਣ ਲਈ ਤਿੱਖਾ ਸੰਘਰਸ਼ ਵਿੱਢ ਦਿੱਤਾ। ਕੁਝ ਸਮੇਂ ਬਾਅਦ ਬਣੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ ਅਕਾਲੀ ਪੱਖੀ ਹੋਣ ਕਾਰਨ ਡਾ. ਆਹਲੂਵਾਲੀਆ ਨੂੰ ਉਪ ਕੁਲਪਤੀ ਦੇ ਅਹੁਦੇ ਤੋਂ ਲਾਂਭੇ ਕਰ ਦਿੱਤਾ।

## ਹਮਲਾਵਰ ਦਾ ਸਕੈਚ ਜਾਰੀ

ਨੌਜਵਾਨ ਦੇ ਹੁਲੀਏ ਨਾਲ 90 ਫੀਸਦੀ ਤੱਕ ਮੇਲ ਖਾਂਦਾ ਹੈ। ਪੁਲਿਸ ਅਨੁਸਾਰ ਟੈਕਸੀ ਚਾਲਕ ਗੁਰਮੇਲ ਸਿੰਘ ਉਨ੍ਹਾਂ ਕੋਲ ਆਇਆ। ਉਸ ਨੇ ਦੱਸਿਆ ਕਿ ਵਾਈਸ ਚਾਂਸਲਰ 'ਤੇ ਹਮਲਾ ਕਰਨ ਵਾਲੇ ਨੇ ਉਸ ਦੀ ਕਾਰ ਦੋ ਸੌ ਰੁਪਏ ਵਿਚ ਕਿਰਾਏ 'ਤੇ ਲਈ ਸੀ। ਇਹ ਬੰਦਾ ਆਪਣੇ ਆਪ ਨੂੰ ਕਿਸੇ ਯੂਨੀਵਰਸਿਟੀ ਦਾ ਡੀਨ ਦੱਸ ਰਿਹਾ ਸੀ ਅਤੇ ਉਸ ਦੇ ਪੈਂਟ-ਸ਼ਰਟ ਪਹਿਨੀ ਹੋਈ ਸੀ। ਪੁੱਛਣ 'ਤੇ ਉਸ ਨੇ ਇਹ ਦੱਸਿਆ ਸੀ ਕਿ ਉਸ ਦੀ ਕਾਰ ਖਰਾਬ ਹੋ ਗਈ ਹੈ ਅਤੇ ਉਸ ਦੀ ਡਾ. ਆਹਲੂਵਾਲੀਆ ਨਾਲ ਮੀਟਿੰਗ ਹੈ। ਗੁਰਦੁਆਰਾ ਜੋਤੀ ਸਰੂਪ ਮੋੜ ਨੇੜੇ ਇਸ ਬੰਦੇ ਨੇ ਸ਼ਰਾਬ ਵੀ ਪੀਤੀ। ਫਿਰ ਉਸ ਨੇ ਕਾਰ ਯੂਨੀਵਰਸਿਟੀ ਦੇ ਬਾਹਰ ਖੜ੍ਹੀ ਕਰਨ ਲਈ ਕਿਹਾ ਅਤੇ ਆਪ ਉੱਤਰ ਕੇ ਯੂਨੀਵਰਸਿਟੀ 'ਚ ਦਾਖਲ ਹੋ ਗਿਆ। ਜਦੋਂ ਟੈਕਸੀ ਚਾਲਕ ਨੇ ਗੋਲੀ ਚੱਲਣ ਦੀ ਆਵਾਜ਼ ਸੁਣੀ ਤਾਂ ਉਸ ਨੇ ਆਪਣੀ ਕਾਰ ਸਮੇਤ ਉਥੋਂ ਖਿਸਕਣਾ ਵਾਜਬ ਸਮਝਿਆ। ਪੁਲਿਸ ਨੇ ਦੱਸਿਆ ਕਿ ਹਮਲਾਵਰ ਦਾ ਕੱਦ ਛੇ ਫੁੱਟ, ਰੰਗ ਸਾਂਵਲਾ ਅਤੇ ਦਾੜ੍ਹੀ ਖੁੱਲ੍ਹੀ ਸੀ। ਘਟਨਾ ਸਥਾਨ ਤੋਂ ਮਿਲੇ ਗੋਲੀ ਦੇ ਖੋਲ ਦੀ ਫੌਰੈਂਸਿਕ ਮਾਹਿਰਾਂ ਵੱਲੋਂ ਕੀਤੀ ਜਾਂਚ 'ਚ ਸਾਹਮਣੇ ਆਇਆ ਹੈ ਕਿ ਹਮਲਾਵਰ ਨੇ 32 ਬੋਰ ਦੇ ਰਿਵਾਲਵਰ ਨਾਲ ਹਮਲਾ ਨੇ ਕੀਤਾ।

## ਹਮਲੇ ਲਈ ਪੁਲਿਸ ਮੁਖੀ ਦੋਸ਼ੀ: ਅਮਰਿੰਦਰ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਫਤਹਿਗੜ੍ਹ ਸਾਹਿਬ ਵਿਖੇ ਨਵੀਂ ਕਾਇਮ ਕੀਤੀ ਗਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਜਸਬੀਰ ਸਿੰਘ ਆਹਲੂਵਾਲੀਆ 'ਤੇ ਹੋਏ ਹਮਲੇ ਦੀ ਸਖ਼ਤ ਨਿੰਦਾ ਕਰਦਿਆਂ ਕਿਹਾ ਕਿ ਜਦੋਂ ਸੂਬੇ ਦਾ ਪੁਲਿਸ ਮੁਖੀ ਆਪਣੇ ਫਰਜ਼ਾਂ ਨੂੰ ਤਿਆਗ ਕੇ ਅਕਾਲੀ ਜਥੇਦਾਰ ਵਾਂਗ ਕੰਮ ਕਰੇਗਾ ਤਾਂ ਪੰਜਾਬ ਸੁਰੱਖਿਅਤ ਕਿਵੇਂ ਰਹਿ ਸਕਦਾ ਹੈ? ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਵਿਚ ਕੋਈ ਵੀ ਸੁਰੱਖਿਅਤ ਨਹੀਂ ਹੈ।



# ਕਾਂਗਰਸ ਵੱਲੋਂ ਕਰਜ਼ਾ ਹੱਦਬੰਦੀ ਬਿੱਲ ਪਾਸ

**ਵਾਸ਼ਿੰਗਟਨ:** ਅਮਰੀਕਾ ਦੇ ਪ੍ਰਤੀਨਿਧ ਸਦਨ ਨੇ ਬਿੱਲ ਪਾਸ ਕਰ ਦਿੱਤਾ ਤਾਂ ਕਿ ਦੇਸ਼ ਨੂੰ ਵੱਡੇ ਪੱਧਰ 'ਤੇ ਕਰਜ਼ੇ ਪੱਖੋਂ ਡਿਫਾਲਟਰ ਹੋਣੋਂ ਬਚਾਇਆ ਜਾ ਸਕੇ। ਇਸ ਬਾਰੇ ਰੀਪਬਲਿਕਨਾਂ ਅਤੇ ਡੈਮੋਕਰੈਟਾਂ ਦਾ ਵ੍ਹਾਈਟ ਹਾਊਸ ਨਾਲ ਇਕਰਾਰ ਸਿਰੇ ਚੜ੍ਹ ਗਿਆ। ਇਸ ਤਹਿਤ ਹੁਣ ਸਰਕਾਰ ਨੂੰ ਖਰਚਿਆਂ ਵਿਚ ਸੰਜਮ ਵਰਤਣਾ ਪਵੇਗਾ। ਹੁਣ ਇਹ ਬਿੱਲ ਹਾਲੇ ਸੈਨੇਟ ਵਿਚ ਪੇਸ਼ ਹੋਣਾ ਹੈ। ਬੱਜਟ ਕੰਟਰੋਲ ਐਕਟ 2011 ਨੂੰ ਪ੍ਰਤੀਨਿਧ ਸਦਨ ਨੇ 269-161 ਵੋਟਾਂ ਨਾਲ ਪਾਸ ਕਰ ਦਿੱਤਾ।

ਵੋਟਿੰਗ ਮੌਕੇ ਕਾਂਗਰਸ ਦੀ ਮੈਂਬਰ ਗੈਬਰੀਅਲ ਜਿਫੋਰਡਜ਼ ਨਾਟਕੀ ਅੰਦਾਜ਼ ਵਿਚ ਹਾਜ਼ਰ ਹੋ ਗਈ ਜਿਸ ਉਤੇ ਜਨਵਰੀ 'ਚ ਮਾਰੂ ਹਮਲਾ ਹੋਇਆ ਸੀ। ਉਹਨੇ ਬਿੱਲ ਦੇ ਹੱਕ ਵਿਚ ਵੋਟ ਪਾਈ ਅਤੇ ਸਦਨ ਵਿਚਲੇ ਉਹਦੇ ਸਾਰੇ ਸਾਥੀਆਂ ਨੇ ਖੜ੍ਹ ਕੇ ਉਹਦਾ ਸਵਾਗਤ ਕੀਤਾ। ਸੈਨੇਟ ਵਿਚੋਂ ਹਾਂ ਮਿਲਣ 'ਤੇ ਇਹ ਬਿੱਲ ਅਮਰੀਕਾ ਦੇ ਰਾਸ਼ਟਰਪਤੀ ਕੋਲ ਜਾਏਗਾ ਜਿਨ੍ਹਾਂ ਦੇ ਦਸਤਖ਼ਤਾਂ ਮਗਰੋਂ ਇਹ ਕਾਨੂੰਨ ਬਣ ਜਾਏਗਾ। ਇਸ ਨਾਲ ਕਰਜ਼ੇ ਦੀ ਹੱਦਬੰਦੀ 14.3 ਖਰਬ ਵਧ ਗਈ ਹੈ ਅਤੇ 10 ਸਾਲਾਂ ਵਿਚ ਬੱਜਟ ਘਾਟਾ 2.4 ਖਰਬ ਡਾਲਰ ਘਟਾਇਆ ਜਾਏਗਾ।

ਵੋਟਿੰਗ ਮਗਰੋਂ ਪ੍ਰਤੀਨਿਧ ਸਦਨ ਦਾ ਗਰਮੀਆਂ ਦੀਆਂ ਛੁੱਟੀਆਂ ਦਾ ਲੰਮਾ ਅੰਤਰਾਲ ਸ਼ੁਰੂ ਹੋ ਗਿਆ ਅਤੇ ਹੁਣ ਇਹ ਸਦਨ ਸਤੰਬਰ ਦੇ ਪਹਿਲੇ ਹਫਤੇ ਜੁੜੇਗਾ।

## ਕੈਪਟਨ ਵਲੋਂ ਕਿਸਾਨਾਂ 'ਤੇ ਲਾਠੀ ਚਾਰਜ ਦੀ ਨਿਖੇਧੀ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਮਾਨਸਾ ਨੇੜੇ ਰੋਸ ਪ੍ਰਦਰਸ਼ਨ ਕਰ ਰਹੇ ਕਿਸਾਨਾਂ 'ਤੇ ਪੁਲਿਸ ਵੱਲੋਂ ਕੀਤੇ ਲਾਠੀਚਾਰਜ ਤੇ ਇਸ ਕਾਰਨ ਇਕ ਕਿਸਾਨ ਦੇ ਮਾਰੇ ਜਾਣ ਦੀ ਘਟਨਾ ਦੀ ਸਖ਼ਤ ਨਿੰਦਾ ਕੀਤੀ ਹੈ। ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਜੇ ਇੰਡੀਆਬੁਲਸ ਜਿਸ ਨੂੰ ਬਿਨਾਂ ਕਿਸੇ ਬੋਲੀ ਤੋਂ ਅਕਾਲੀ ਸਰਕਾਰ ਨੇ ਪਾਵਰ ਪ੍ਰਾਜੈਕਟ ਦੇ ਦਿੱਤਾ ਹੈ, ਨੇ ਕਿਸਾਨਾਂ ਨੂੰ ਉਚਿਤ ਮੁਆਵਜ਼ਾ ਨਾ ਦਿੱਤਾ ਤਾਂ ਅਗਲੀ ਕਾਂਗਰਸ ਸਰਕਾਰ ਉਸ ਨਾਲ ਹੋਏ ਸਮਝੌਤੇ ਨੂੰ ਰੱਦ ਕਰ ਦੇਵੇਗੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

# ਝੀਂਡਾ ਤੇ ਨਲਵੀ ਵੱਖਰੀ ਕਮੇਟੀ ਦੇ ਮੁੱਦੇ ‘ਤੇ ਲੜਨਗੇ ਚੋਣਾਂ

**ਅੰਮ੍ਰਿਤਸਰ:** ਹਰਿਆਣਾ ‘ਚ ਵੱਖਰੀ ਗੁਰਦੁਆਰਾ ਕਮੇਟੀ ਦੀ ਮੰਗ ਕਰ ਰਹੇ ਜਗਦੀਸ਼ ਸਿੰਘ ਝੀਂਡਾ ਗੁੱਟ ਤੇ ਦੀਦਾਰ ਸਿੰਘ ਨਲਵੀ ਧੜੇ ਵੱਲੋਂ ਉਥੇ ਮੁੜ ਵੱਖਰੀ ਕਮੇਟੀ ਦੀ ਮੰਗ ਨੂੰ ਲੈ ਕੇ ਹੀ ਚੋਣਾਂ ਲੜੀਆਂ ਜਾਣਗੀਆਂ। ਹਾਕਮ ਧਿਰ ਨੂੰ ਕਰੜੀ ਟੱਕਰ ਦੇਣ ਲਈ ਦੋਵਾਂ ਗੁੱਟਾਂ ਵਿਚਾਲੇ ਸਮਝੌਤਾ ਕਰਾਉਣ ਦੇ ਯਤਨ ਜਾਰੀ ਹਨ। ਹਰਿਆਣਾ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਤੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਐਡਹਾਕ ਕਮੇਟੀ) ਦੇ ਆਗੂ ਜਗਦੀਸ਼ ਸਿੰਘ ਝੀਂਡਾ ਨੇ ਕਿਹਾ ਕਿ ਉਨ੍ਹਾਂ ਦੀ ਜਥੇਬੰਦੀ ਹਰਿਆਣਾ ਦੀਆਂ ਕੁੱਲ 11 ਸੀਟਾਂ ‘ਤੇ ਆਪਣੇ ਉਮੀਦਵਾਰ ਖੜ੍ਹੇ ਕਰੇਗੀ ਤੇ ਆਪਣੇ ਬਲਬੂਤੇ ‘ਤੇ ਵੱਖਰੇ ਚੋਣ ਨਿਸ਼ਾਨ ‘ਸੂਰਜਮੁਖੀ ਦਾ ਫੁੱਲ‘ ‘ਤੇ ਚੋਣ ਲੜੇਗੀ।ਜਦੋਂਕਿ ਪੰਜਾਬ ਵਿਚੋਂ ਪੰਥਕ ਮੋਰਚੇ ਨੂੰ ਸਹਿਯੋਗ ਦੇਵੇਗੀ। ਉਨ੍ਹਾਂ ਦੱਸਿਆ ਕਿ ਉਮੀਦਵਾਰਾਂ ਦੀ ਚੋਣ ਸੱਤ ਅਗਸਤ ਤਕ ਕਰ ਲਈ ਜਾਵੇਗੀ। ਇਸ ਬਾਰੇ ਜ਼ਿਲ੍ਹਾ ਪੱਧਰ ‘ਤੇ ਇਕੱਤਰਤਾਵਾਂ ਦਾ ਦੌਰ ਜਾਰੀ ਹੋਵੇਗਾ। ਇਸ ਬਾਰੇ ਉਨ੍ਹਾਂ ਹਰਿਆਣਾ ਨੂੰ ਦੋ ਹਿੱਸਿਆਂ ਵਿਚ ਵੰਡਿਆ ਹੈ। ਹਰਿਆਣਾ ਪੂਰਬੀ ਵਿਚ 7 ਸੀਟਾਂ ਤੇ ਹਰਿਆਣਾ ਪੱਛਮੀ ਵਿਚ ਚਾਰ ਸੀਟਾਂ ਹਨ।

ਇਸ ਵੇਲੇ ਹਰਿਆਣਾ ਵਿਚ ਪੰਜ ਜਨਰਲ ਹਲਕੇ ਤੇ ਤਿੰਨ ਦੋਹਰੇ ਹਲਕੇ ਹਨ।ਜਿਨ੍ਹਾਂ ਵਿਚੋਂ ਦੋ ਔਰਤਾਂ ਲਈ ਤੇ ਇਕ ਅਨੁਸੂਚਿਤ ਜਾਤੀ ਦੇ ਉਮੀਦਵਾਰ ਲਈ ਰਾਖਵਾਂ ਹੈ। ਦੋਹਰੇ ਹਲਕਿਆਂ ਵਿਚ ਇਸ ਵਾਰ ਅੰਬਾਲਾ, ਯਮੁਨਾ ਨਗਰ ਤੇ ਹਿਸਾਰ ਸ਼ਾਮਲ ਹਨ ਜਦੋਂਕਿ ਪਿਛਲੀ ਵਾਰ ਡੱਬਵਾਲੀ, ਕੁਰੂਕਸ਼ੇਤਰ ਤੇ ਸਿਰਸਾ ਦੋਹਰੇ ਹਲਕੇ ਸਨ। ਇਸ ਵਾਰ ਯਮੁਨਾ ਨਗਰ ਤੇ ਹਿਸਾਰ ਔਰਤਾਂ ਲਈ ਤੇ ਅੰਬਾਲਾ ਅਨੁਸੂਚਿਤ ਜਾਤੀ ਦੇ ਉਮੀਦਵਾਰ ਲਈ ਰਾਖਵਾਂ ਹੈ। ਸ. ਝੀਂਡਾ ਨੇ ਦੱਸਿਆ ਕਿ ਉਨ੍ਹਾਂ ਦੀ ਜਥੇਬੰਦੀ ਹਰਿਆਣਾ ‘ਚ ਵੱਖਰੀ ਕਮੇਟੀ ਤੇ ਸ਼੍ਰੋਮਣੀ ਕਮੇਟੀ ਨੂੰ ਬਾਦਲ ਧੜੇ ਦੇ ਕਬਜ਼ੇ ਤੋਂ ਮੁਕਤ ਕਰਾਉਣ ਦੇ ਮੁੱਦੇ ‘ਤੇ ਚੋਣਾਂ ਲੜੇਗੀ। ਨਵੇਂ ਪੰਥਕ ਮੋਰਚੇ ਨਾਲ ਹੋਏ ਗਠਜੋੜ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਵਿਚ ਉਹ ਪੰਥਕ ਮੋਰਚੇ ਨੂੰ ਬਾਦਲ ਧੜੇ ਨੂੰ ਹਰਾਉਣ ਲਈ ਸਹਿਯੋਗ ਦੇਣਗੇ ਜਦੋਂਕਿ ਹਰਿਆਣਾ ਵਿਚ ਉਹ ਆਪਣੇ ਬਲਬੂਤੇ ‘ਤੇ ਚੋਣਾਂ ਲੜਨਗੇ। ਉਨ੍ਹਾਂ ਸਪੱਸ਼ਟ ਕੀਤਾ ਕਿ ਹਰਿਆਣਾ ‘ਚ ਵੱਖਰੀ ਕਮੇਟੀ ਕਾਇਮ ਕਰਨ ਦਾ ਮਾਮਲਾ ਮੁੱਖ ਮੰਗ ਹੋਣ ਕਾਰਨ ਉਹ ਪੰਥਕ ਮੋਰਚੇ ਦੇ ਝੰਡੇ ਹੇਠ ਇਕ ਨਿਸ਼ਾਨ ‘ਤੇ ਚੋਣਾਂ ਨਹੀਂ ਲੜ ਸਕਦੇ।ਪਰ ਸੱਤਾ ‘ਤੇ ਕਾਬਜ਼ ਬਾਦਲ ਧੜੇ ਨੂੰ ਹਰਾਉਣਾ ਸਮੂਹ ਜਥੇਬੰਦੀਆਂ ਦਾ ਸਾਂਝਾ ਪ੍ਰੋਗਰਾਮ ਹੈ।

ਜਥੇਬੰਦੀ ਨੂੰ ਛੱਡ ਕੇ ਵੱਖਰੇ ਹੋ ਚੁੱਕੇ ਸਿੱਖ ਆਗੂ ਦੀਦਾਰ ਸਿੰਘ ਨਲਵੀ ਬਾਰੇ ਗੱਲ ਕਰਦਿਆਂ ਸ. ਝੀਂਡਾ ਨੇ ਕਿਹਾ ਕਿ ਜੇਕਰ ਸ. ਨਲਵੀ ਬਿਨਾਂ ਸ਼ਰਤ ਜਥੇਬੰਦੀ ਵਿਚ ਵਾਪਸ ਪਰਤਦੇ ਹਨ ਤਾਂ ਉਹ ਉਨ੍ਹਾਂ ਦਾ ਸਵਾਗਤ ਕਰਨਗੇ। ਉਨ੍ਹਾਂ ਦੱਸਿਆ ਕਿ ਭਾਵੇਂ ਇਕੱਠੇ ਚੋਣਾਂ ਲੜਨ ਬਾਰੇ ਹੁਣ ਤਕ ਸ. ਨਲਵੀ ਨਾਲ ਕੋਈ ਗੱਲਬਾਤ ਨਹੀਂ ਹੋਈ ਪਰ ਇਸ ਬਾਰੇ ਕੁਝ ਧਿਰਾਂ ਵੱਲੋਂ ਯਤਨ ਜਾਰੀ ਹਨ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਹਰਿਆਣਾ ਸਟੇਟ ਅਕਾਲੀ ਦਲ ਨਾਲ ਵੀ ਤਾਲਮੇਲ ਕਰਨ ਲਈ ਜਥੇਬੰਦੀ ਵੱਲੋਂ ਦੋ ਮੈਂਬਰੀ ਕਮੇਟੀ ਬਣਾਈ ਗਈ ਹੈ ਜਿਸ ਵਿਚ ਜਨਰਲ ਸਕੱਤਰ ਜੋਗਾ ਸਿੰਘ ਤੇ ਸਕੱਤਰ ਜਸਬੀਰ ਸਿੰਘ ਖਾਲਸਾ ਸ਼ਾਮਲ ਹਨ। ਇਨ੍ਹਾਂ ਵੱਲੋਂ ਹਰਿਆਣਾ ਰਾਜ ਅਕਾਲੀ ਦਲ ਨਾਲ ਵੀ ਤਾਲਮੇਲ ਕੀਤਾ ਜਾ ਰਿਹਾ ਹੈ ਤਾਂ ਜੋ ਸ਼੍ਰੋਮਣੀ ਕਮੇਟੀ ਦੀਆਂ ਇਹ ਚੋਣਾਂ ਵਿਚ ਹਰਿਆਣਾ ਵਿਖੇ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਨੂੰ ਸਖ਼ਤ ਟੱਕਰ ਦਿੱਤੀ ਜਾ ਸਕੇ। ਉਨ੍ਹਾਂ ਨੇ ਡੇਰਾ ਸਿਰਸਾ ਮਾਮਲੇ ਦਾ ਇਹ ਚੋਣਾਂ ‘ਤੇ ਕੋਈ ਪ੍ਰਭਾਵ ਪੈਣ ਤੋਂ ਸਪੱਸ਼ਟ ਇਨਕਾਰ ਕਰਦਿਆਂ ਕਿਹਾ ਕਿ ਹਰਿਆਣੇ ਦੇ ਸਿੱਖ ਇਸ ਮਾਮਲੇ ਵਿਚ ਜਾਗਰੂਕ ਹਨ ਤੇ ਡੇਰਾਵਾਦ ਦੇ ਵਿਰੁੱਧ ਹਨ।

ਦੂਜੇ ਪਾਸੇ ਸਿੱਖ ਆਗੂ ਤੇ ਸ਼੍ਰੋਮਣੀ ਕਮੇਟੀ ਮੈਂਬਰ ਦੀਦਾਰ ਸਿੰਘ ਨਲਵੀ ਨੇ ਦੱਸਿਆ ਕਿ ਉਨ੍ਹਾਂ ਦੀ ਜਥੇਬੰਦੀ ਦੀ ਕਾਰਜਕਾਰਨੀ ਦੀ ਇਕੱਤਰਤਾ ਵਿਚ ਸੂਬੇ ਦੀਆਂ ਗਿਆਰਾਂ ਸੀਟਾਂ ਤੋਂ ਚੋਣ ਲੜਨ ਦਾ ਫੈਸਲਾ ਕੀਤਾ ਗਿਆ ਹੈ ਤੇ ਉਹ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦੇ ਮੁੱਦੇ ‘ਤੇ ਹੀ ਚੋਣਾਂ ਲੜਨਗੇ। ਇਸ ਬਾਰੇ 11 ਮੈਂਬਰੀ ਤਾਲਮੇਲ ਤੇ ਅਨੁਸ਼ਾਸਨੀ ਕਮੇਟੀ ਦਾ ਗਠਨ ਵੀ ਕੀਤਾ ਗਿਆ ਹੈ। ਸ. ਝੀਂਡਾ ਨਾਲ ਸਮਝੌਤੇ ਦੀ ਗੱਲ ਕਰਦਿਆਂ ਉਨ੍ਹਾਂ ਵੀ ਆਪਸੀ ਗਠਜੋੜ ਹੋਣ ਦੇ ਸੰਭਾਵਨਾ ਪ੍ਰਗਟਾਈ ਤੇ ਕਿਹਾ ਕਿ ਹਾਕਮ ਧਿਰ ਨੂੰ ਇਸ ਵਾਰ ਹਰਿਆਣਾ ਵਿਚ ਸਖ਼ਤ ਮੁਕਾਬਲਾ ਦਿੱਤਾ ਜਾਵੇਗਾ। ਚੋਣ ਮਨੋਰਥ ਪੱਤਰ ਵਿਚ ਹਰਿਆਣਾ ਦੇ ਸਿੱਖਾਂ ਲਈ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਕਰਨਾ, ਸੂਬੇ ਵਿਚ ਘੱਟ ਗਿਣਤੀ ਕਮਿਸ਼ਨ ਦੀ ਸਥਾਪਨਾ ਕਰਾਉਣਾ ਤੇ ਪੰਜਾਬੀ ਭਾਸ਼ਾ ਨੂੰ ਸੂਬੇ ਵਿਚ ਦੂਜੀ ਭਾਸ਼ਾ ਦੇ ਦਿੱਤੇ ਗਏ ਦਰਜੇ ਨੂੰ ਪੂਰੀ ਤਰ੍ਹਾਂ ਲਾਗੂ ਕਰਾਉਣਾ ਮੁੱਖ ਮੁੱਦੇ ਵਜੋਂ ਸ਼ਾਮਲ ਹੈ।




## ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**National Truck Driving School**

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ ’ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

**ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ**
*ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ*

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838

## Short Sale Specialist

**We Can Sell Your Home in Short Sale at No Cost to You**



Sohanpreet (Sam) Chahal
CA Lic. 01504071
Realtor/Notary Public
email:samchahal@hotmail.com

**For Buying & Selling Residential And For Loans**

*Call: Sohanpreet ‘Sam’ Chahal*

**@916-612-5773**

Serving from Bay Area to Sacramento

Call for free listing of Reo-Bankowned Properties

**Multi-Million Dollars Producer-2007, 2008 & 2009**

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

## Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707




*ਟਰਲਕ, ਕੈਲੀਫੋਰਨੀਆ ਵਿਚ ਸ. ਮਨਪ੍ਰੀਤ ਸਿੰਘ ਬਾਦਲ ਲੰਘੇ ਐਤਵਾਰ ਆਪਣੇ ਸਮਰਥਕਾਂ-ਹਰਿੰਦਰ ਤੂਰ, ਜਯੋਤੀ ਗਿੱਲ, ਜਗਰੂਪ ਤੱਖਰ, ਦੋਸਾਂਝ ਭਰਾ, ਸੰਨੀ ਧਨੋਆ, ਪਰਮਿੰਦਰ ਸਮਰਾ ਅਤੇ ਹੋਰਨਾਂ ਨੂੰ ਮਿਲੇ। ਇਸ ਮੌਕੇ ਸ. ਬਾਦਲ ਨੇ ਆਪਣੇ ਸਮਰਥਕਾਂ ਨੂੰ ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰੋਗਰਾਮਾਂ ਬਾਰੇ ਵੀ ਦੱਸਿਆ। (ਤਸਵੀਰਾਂ ਤੇ ਵੇਰਵਾ: ਹਰਜਿੰਦਰ ਹੈਪੀ)*

# ਜ਼ਮੀਨ ਐਕੁਵਾਇਰ ਕਰਨ ਖ਼ਿਲਾਫ਼ ਕਿਸਾਨਾਂ ਵੱਲੋਂ ਬਗਾਵਤ

**ਮਾਨਸਾ:** ਪ੍ਰਾਈਵੇਟ ਕੰਪਨੀਆਂ ਨੂੰ ਲਾਹਾ ਦੇਣ ਲਈ ਸਰਕਾਰ ਵੱਲੋਂ ਕਿਸਾਨਾਂ ਦੀ ਉਪਜਾਊ ਜ਼ਮੀਨ ਐਕੁਵਾਇਰ ਕਰਨ ਖ਼ਿਲਾਫ਼ ਕਿਸਾਨ ਆਰ-ਪਾਰ ਦੀ ਲੜਾਈ 'ਤੇ ਉਤਰ ਆਏ ਹਨ। ਮਾਨਸਾ ਜ਼ਿਲ੍ਹੇ ਦੇ ਪਿੰਡ ਗੋਬਿੰਦਪੁਰਾ ਵਿਖੇ ਕਿਸਾਨਾਂ ਦੀ 171 ਏਕੜ ਜ਼ਮੀਨ ਤੇ ਮਜ਼ਦੂਰਾਂ ਦੇ 10 ਘਰਾਂ ਤੋਂ ਪਿਊਨਾ ਪਾਵਰ ਕੰਪਨੀ ਦੇ ਕਬਜ਼ੇ ਨੂੰ ਹਟਾਉਣ ਲਈ 2 ਅਗਸਤ ਨੂੰ



ਜ਼ਮੀਨ ਵੱਲ ਕੂਚ ਕਰਨ ਵਾਲੇ 17 ਕਿਸਾਨ-ਮਜ਼ਦੂਰ ਜਥੇਬੰਦੀਆਂ ਦੇ ਕਾਫ਼ਲੇ 'ਤੇ ਪੁਲਿਸ ਵੱਲੋਂ ਕੀਤੇ ਗਏ 'ਵਹਿਸ਼ੀ' ਲਾਠੀਚਾਰਜ ਦੌਰਾਨ ਇਕ ਕਿਸਾਨ ਦੀ ਮੌਤ ਹੋ ਗਈ ਤੇ ਹੋਰ ਕਿਸਾਨ ਜ਼ਖਮੀ ਹੋ ਗਏ। ਪੁਲੀਸ ਨੇ ਇਸ ਦੌਰਾਨ ਸੰਘਰਸ਼ੀ ਕਿਸਾਨਾਂ ਦੀਆਂ 50 ਤੋਂ ਵੱਧ ਗੱਡੀਆਂ ਦੀ ਭੰਨ-ਤੋੜ ਕੀਤੀ। ਇਹ ਘਟਨਾ ਮਾਨਸਾ-ਬਰਨਾਲਾ ਜ਼ਿਲ੍ਹਿਆਂ ਦੀ ਹੱਦ 'ਤੇ ਸਥਿਤ ਪਿੰਡ ਕੋਟ-ਦੂਨਾ ਵਿਖੇ ਵਾਪਰੀ। ਇਸ ਕੁੱਟਮਾਰ ਵਿਚ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਸੂਬਾ ਪ੍ਰਧਾਨ ਬੂਟਾ ਸਿੰਘ

## *ਪੁਲਿਸ ਲਾਠੀਚਾਰਜ 'ਚ ਕਿਸਾਨ ਦੀ ਮੌਤ*

ਬੁਰਜਗਿੱਲ, ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਸੀਨੀਅਰ ਮੀਤ ਪ੍ਰਧਾਨ ਝੰਡਾ ਸਿੰਘ ਜੇਠੂਕੇ, ਮੋਗਾ ਜ਼ਿਲ੍ਹੇ ਦੇ ਪ੍ਰਧਾਨ ਤਰਲੋਕ ਸਿੰਘ ਹਿੰਮਤਪੁਰਾ ਤੇ ਬਲੌਰ ਸਿੰਘ ਛੰਨਾ, ਬੱਗਾ ਸਿੰਘ ਜੇਠੂਕੇ, ਰੂਪ ਸਿੰਘ ਧੌਲਾ ਸਮੇਤ ਅਨੇਕਾਂ ਕਿਸਾਨ ਜਖ਼ਮੀ ਹੋ ਗਏ। ਮਰਨ ਵਾਲੇ ਕਿਸਾਨ ਦੀ ਪਛਾਣ ਸੁਰਜੀਤ ਸਿੰਘ (65) ਪਿੰਡ ਹਮੀਦੀ, ਜ਼ਿਲ੍ਹਾ ਬਰਨਾਲਾ ਵਜੋਂ ਹੋਈ ਹੈ।

ਗ਼ੌਰਤਲਬ ਹੈ ਕਿ ਪਿੰਡ ਗੋਬਿੰਦਪੁਰਾ ਵਿਖੇ ਲੱਗਣ ਵਾਲੇ ਨਿੱਜੀ ਖੇਤਰ ਦੇ ਪਿਊਨਾ ਥਰਮਲ ਪਲਾਂਟ ਲਈ ਕੁਝ ਕਿਸਾਨਾਂ ਦੀ ਮਰਜ਼ੀ ਦੇ ਖ਼ਿਲਾਫ਼ ਰਾਜ ਸਰਕਾਰ ਵੱਲੋਂ ਜਬਰੀ ਐਕੁਆਇਰ ਕੀਤੀ ਜ਼ਮੀਨ ਨੂੰ ਬਚਾਉਣ ਲਈ 17 ਕਿਸਾਨ ਤੇ ਖੇਤ ਮਜ਼ਦੂਰ ਜਥੇਬੰਦੀਆਂ ਨੇ ਜ਼ਿਲ੍ਹਾ ਮਾਨਸਾ ਦੇ ਪਿੰਡ ਗੋਬਿੰਦਪੁਰਾ 2 ਅਗਸਤ ਨੂੰ ਵਿਸ਼ਾਲ ਰੋਸ ਮਾਰਚ ਕਰਨ ਦਾ ਪ੍ਰੋਗਰਾਮ ਉਲੀਕਿਆ ਸੀ ਜਿਸ ਨੂੰ ਅਸਫਲ ਬਣਾਉਣ ਵਾਸਤੇ ਰਾਜ ਸਰਕਾਰ ਨੇ ਤਕਰੀਬਨ ਸਾਰੇ ਪੰਜਾਬ ਦੀ ਪੁਲਿਸ ਨੂੰ ਇਸ ਕਦਰ ਤਾਇਨਾਤ ਕੀਤਾ ਹੋਇਆ ਸੀ ਕਿ ਪਿੰਡ ਗੋਬਿੰਦਪੁਰਾ ਸਾਰੇ ਦੇਸ਼ ਨਾਲੋਂ ਪੂਰੀ ਤਰ੍ਹਾਂ ਕੱਟਿਆ ਰਿਹਾ।

ਇਸ ਤੋਂ ਪਹਿਲਾਂ ਰਾਜ ਦੇ ਵੱਖ-ਵੱਖ ਹਿੱਸਿਆਂ 'ਚੋਂ ਚੱਲੇ ਮਾਰਚਾਂ ਨੂੰ ਰੋਕਣ ਲਈ ਮਾਨਸਾ ਜ਼ਿਲ੍ਹੇ ਦੀਆਂ ਸਾਰੀਆਂ ਹੱਦਾਂ ਨੂੰ ਪੂਰੀ ਤਰ੍ਹਾਂ ਸੀਲ ਕੀਤਾ ਗਿਆ ਸੀ। ਪੰਜਾਬ ਕਿਸਾਨ ਯੂਨੀਅਨ ਦੇ ਸੂਬਾਈ ਪ੍ਰਧਾਨ ਰੁਲਦੂ ਸਿੰਘ ਮਾਨਸਾ ਦੀ ਅਗਵਾਈ ਹੇਠ ਤਕਰੀਬਨ ਦੋ ਦਰਜਨ ਕਿਸਾਨਾਂ ਨੇ ਜਦ ਪਿੰਡ ਗੋਬਿੰਦਪੁਰਾ ਵੱਲ ਵਧਣ ਦਾ ਯਤਨ ਕੀਤਾ ਤਾਂ ਬੁਢਲਾਡਾ ਸ਼ਹਿਰ ਦੇ ਬਾਹਰ ਪੁਲਿਸ ਨੇ ਉਨ੍ਹਾਂ ਨੂੰ ਹਿਰਾਸਤ ਵਿਚ ਲੈ ਕੇ ਥਾਣਾ ਬੋਹਾ ਵਿਖੇ ਬੰਦ ਕਰ ਦਿੱਤਾ।

ਇਸੇ ਦੌਰਾਨ ਕਈ ਜ਼ਿਲ੍ਹਿਆਂ ਦੇ ਕਿਸਾਨ ਸੰਗਰੂਰ ਜ਼ਿਲ੍ਹੇ ਦੇ ਪਿੰਡ ਡਸਕਾ ਵਿਖੇ ਇਕੱਤਰ ਹੋ ਗਏ ਜਿਨ੍ਹਾਂ ਨੂੰ ਉਥੋਂ ਦੀ ਪੁਲੀਸ ਨੇ ਰੋਕਣ ਦਾ ਯਤਨ ਕੀਤਾ ਪਰ ਸਾਰੀਆਂ ਰੁਕਾਵਟਾਂ ਨੂੰ ਪਾਰ ਕਰਦੇ ਹੋਏ ਜਦ ਉਹ ਮਾਨਸਾ ਜ਼ਿਲ੍ਹੇ ਦੇ ਪਿੰਡ ਰੰਘੜਿਆਲ ਪੁੱਜ ਗਏ ਤਾਂ ਵੱਡੀ ਗਿਣਤੀ ਵਿਚ ਆਈ ਪੁਲੀਸ ਨੇ ਉਨ੍ਹਾਂ ਨੂੰ ਉੱਥੇ ਰੋਕ ਲਿਆ। ਸਿੱਟੇ ਵਜੋਂ ਉਨ੍ਹਾਂ ਸੜਕ 'ਤੇ ਧਰਨਾ ਲਾ ਦਿੱਤਾ ਜੋ ਕਿਸਾਨ ਦੀ ਮੌਤ ਦੀ ਖ਼ਬਰ ਮਿਲਣ ਤੋਂ ਪਿੱਛੋਂ ਰੋਸ ਵਜੋਂ ਉਠਾ ਦਿੱਤਾ ਗਿਆ।

ਇਸੇ ਦੌਰਾਨ ਮੋਗਾ, ਬਠਿੰਡਾ, ਬਰਨਾਲਾ, ਜ਼ਿਲ੍ਹਿਆਂ ਤੋਂ ਆਏ ਕਾਫ਼ਲੇ ਜਿਸ ਵਿਚ ਕਰੀਬ 1500 ਮਰਦ ਤੇ ਔਰਤਾਂ ਸ਼ਾਮਲ ਸਨ, ਨੇ ਧਨੌਲਾ-ਭੀਖੀ ਸੜਕ 'ਤੇ ਪਿੰਡ ਕੋਟਦੁੱਨਾ ਤੋਂ ਅੱਗੇ ਮਾਨਸਾ ਵੱਲ ਵਧਣ ਦਾ ਜਦੋਂ ਯਤਨ ਕੀਤਾ ਤਾਂ ਪੁਲਿਸ ਨੇ ਅਚਨਚੇਤ ਲਾਠੀਚਾਰਜ ਕਰ ਦਿੱਤਾ। ਇਸ ਕਾਰਨ ਭਗਦੜ ਮੱਚ ਗਈ। ਕਿਸਾਨਾਂ ਨੇ ਆਪਣੀ ਜਾਨ ਬਚਾਉਣ ਲਈ ਵੱਖ-ਵੱਖ ਦਿਸ਼ਾਵਾਂ ਵੱਲ ਭੱਜਣਾ ਸ਼ੁਰੂ ਕੀਤਾ। ਪੁਲਿਸ ਨੇ ਅੱਥਰੂ ਗੈਸ ਦੀ ਵੀ ਵਰਤੋਂ ਕੀਤੀ। ਇਸ ਲਾਠੀਚਾਰਜ ਦੌਰਾਨ 100 ਤੋਂ ਵੱਧ ਵਿਅਕਤੀ ਜ਼ਖ਼ਮੀ ਹੋ ਗਏ। ਪੁਲਿਸ ਵੱਲੋਂ ਸੜਕ 'ਤੇ ਖੜ੍ਹੇ ਕਿਸਾਨਾਂ ਦੇ ਵਾਹਨਾਂ ਦੀ ਵੀ ਬੁਰੀ ਤਰ੍ਹਾਂ ਭੰਨਤੋੜ ਕੀਤੀ ਗਈ। ਪੁਲਿਸ ਨੇ ਅੰਦੋਲਨਕਾਰੀਆਂ ਨੂੰ ਲੱਭ ਲੱਭ ਕੇ ਕੁੱਟਿਆ।

# ਮੈਗਸੈਸੇ ਐਵਾਰਡ ਲਈ ਦੋ ਭਾਰਤੀਆਂ ਦੀ ਚੋਣ

**ਮਨੀਲਾ:** ਮਹਾਂਰਾਸ਼ਟਰ ਦੇ ਗਰੀਬਾਂ ਨੂੰ ਕਰਜ਼ੇ ਮੁਹੱਈਆ ਕਰਵਾਉਣ ਵਾਲੀ ਨਿਲੀਮਾ ਮਿਸ਼ਰਾ ਤੇ ਅਮਰੀਕਾ ਵਸੇ ਭਾਰਤੀ ਹਰੀਸ਼ ਹਾਂਡੇ ਨੂੰ ਰੈਮੋਨ ਮੈਗਸੈਸੇ ਐਵਾਰਡ ਲਈ ਚੁਣਿਆ ਗਿਆ ਹੈ। ਸਾਲ 2011 ਲਈ ਮੈਗਸੈਸੇ ਐਵਾਰਡ ਲਈ ਕੁੱਲ ਛੇ ਵਿਅਕਤੀਆਂ ਨੂੰ ਚੁਣਿਆ ਗਿਆ ਹੈ ਜਿਨ੍ਹਾਂ ਵਿਚ ਇਹ ਦੋ ਭਾਰਤੀ ਵੀ ਸ਼ਾਮਲ ਹਨ। ਹਰੀਸ਼ ਹਾਂਡੇ ਨੇ ਸੂਰਜੀ ਊਰਜਾ ਨਾਲ ਜਗਣ ਵਾਲੀਆਂ ਲਾਈਟਾਂ ਦੀ ਵਰਤੋਂ ਨੂੰ ਉਤਸ਼ਾਹਿਤ ਕੀਤਾ ਹੈ ਜਿਸ ਕਾਰਨ ਉਸ ਨੂੰ ਮੈਗਸੈਸੇ ਐਵਾਰਡ ਲਈ ਚੁਣਿਆ ਗਿਆ ਹੈ।

ਮੈਗਸੈਸੇ ਐਵਾਰਡ ਫਾਊਂਡੇਸ਼ਨ ਦੇ ਪ੍ਰਧਾਨ ਕਾਰਮੈਂਸਿਟਾ ਟੀ ਅਬੇਲਾ ਅਨੁਸਾਰ ਜਿਨ੍ਹਾਂ ਹੋਰਾਂ ਨੂੰ ਮੈਗਸੈਸੇ ਦਿੱਤਾ ਜਾਵੇਗਾ, ਉਨ੍ਹਾਂ ਵਿਚੋਂ ਫਿਲਪੀਨਜ਼ ਦਾ ਚੈਰਿਟੀ ਗਰੁੱਪ ਐਲਟਰਨੇਟਿਵ ਡਿਵੈਲਪਮੈਂਟ ਫਾਊਂਡੇਸ਼ਨ, ਇੰਡੋਨੇਸ਼ੀਆ ਦਾ ਹਸਨ ਜੁਆਇਨੀ ਜਿਸ ਨੇ ਦੇਸ਼ ਵਿਚ ਲੜਕੀਆਂ ਲਈ ਇਸਲਾਮੀ ਸਕੂਲ ਉਸਾਰਿਆ ਸੀ ਤੇ ਉਸ ਦੀ ਸਾਥਣ ਤ੍ਰਿ ਮੁੰਮਪਨੀ ਜਿਸ ਨੇ ਮਾਈਕਰੋ ਹਾਈਡਰੋਪਾਵਰ ਤਕਨੀਕ ਨੂੰ ਉਤਸ਼ਾਹਤ ਕੀਤਾ ਤੇ ਕੰਬੋਡੀਆ ਦੀ ਕੌਲ ਪਨਾਹ ਜਿਸ ਨੇ ਦੇਸ਼ ਵਿਚ ਲੋਕਤੰਤਰ ਦੀ ਮਜ਼ਬੂਤੀ ਲਈ ਉਪਰਾਲੇ ਕੀਤੇ ਸਨ।

ਮੈਗਸੈਸੇ ਐਵਾਰਡ ਜਿਸ ਨੂੰ ਏਸ਼ੀਆ ਦੇ ਨੋਬਲ ਪੁਰਸਕਾਰ ਵਜੋਂ ਵੀ ਜਾਣਿਆ ਜਾਂਦਾ ਹੈ, ਦੇ ਇਨ੍ਹਾਂ ਜੇਤੂਆਂ ਨੂੰ 31 ਅਗਸਤ ਨੂੰ ਮਨੀਲਾ ਵਿਖੇ ਸਰਟੀਫਿਕੇਟ, ਮੈਡਲ ਤੇ ਨਕਦ ਇਨਾਮਾਂ ਨਾਲ ਸਨਮਾਨਿਆ ਜਾਵੇਗਾ। ਇਸ ਤੋਂ ਪਹਿਲਾਂ ਜਿਨ੍ਹਾਂ ਭਾਰਤੀਆਂ ਨੂੰ ਮੈਗਸੈਸੇ ਐਵਾਰਡ ਦਿੱਤਾ ਜਾ ਚੁੱਕਾ ਹੈ, ਉਨ੍ਹਾਂ ਵਿਚ ਅਚਾਰੀਆ ਵਿਨੋਬਾ ਭਾਵੇ, ਜੈ ਪ੍ਰਕਾਸ਼ ਨਰਾਇਣ, ਮਦਰ ਟੈਰੇਸਾ, ਅਰੁਣ ਸ਼ੋਰੀ, ਟੀ.ਐਨ. ਸੇਸ਼ਨ ਤੇ ਕਿਰਨ ਬੇਦੀ ਸ਼ਾਮਲ ਹਨ।


**Law Offices of Gill & Heridis**

**Immigration Services**
- Family Petitions
- Marriage Petitions
- Fiance Visas
- Vawa Petitions
- Consular Processing
- Worker Visas

- 9th Circuit Appeals
- BIA Appeals
- Removal Defense
- Asylum

**Personal Injury**
- Auto Collision



*Bhupinder Gill*
*Attorney at Law*
*(Admitted in CA)*

*Call for free initial consultation*

**(408) 940-6065, (408) 736-5203**

Email: gill@ghfirm.com Web: www.ghfirm.com

830 Stewart Drive, Suite#231, Sunnyvale, CA 94085



ਅੱਜ ਹੀ ਸਾਨੂੰ ਕਾਲ ਕਰੋ!

1.888.888.9914

ooraa

WE WORK IN ALL 50 STATES & CANADA

ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ?

ਤੁਸੀ ਆਪਣੀ ਰਹਿੰਦੀ ਪੇਮੈਂਟ 70% ਤੱਕ ਘਟਾ ਸਕਦੇ ਹੋ
ਲੇਟ ਫੀਸ ਅਤੇ ਓਵਰ ਲਿਮਿਟ ਫੀਸ ਖਤਮ ਕਰ ਸਕਦੇ ਹੋ

ਆਪਣਾ ਕਰੈਡਿਟ ਬਹਾਲ ਕਰਾਓ,
ਬੈਂਕਰਪਸੀ ਤੋਂ ਬਚੋ!




WE CAN HELP YOU TO RESOLVE YOUR IRS TAX DEBT TODAY

» #1 Ranked By Numerous Organizations
» Achieve Financial Peace of Mind
» Get The Fastest Possible Solution
» 100% Confidential
» Help Stop Wage Garnishments And Bank Levies
» Help You Have Peace Of Mind


# ਬਾਦਲ ਸਰਕਾਰ ਵੱਲੋਂ ਡੇਰਾ ਪ੍ਰੇਮੀਆਂ ਨੂੰ ਚੋਣ ਚੋਗਾ

**ਬਠਿੰਡਾ:** ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਪੰਜਾਬ ਸਰਕਾਰ ਵੱਲੋਂ ਡੇਰਾ ਸਿਰਸਾ ਦੇ ਪੈਰੋਕਾਰਾਂ ਨੂੰ ਚੋਗਾ ਪਾਉਣਾ ਸ਼ੁਰੂ ਕਰ ਦਿੱਤਾ ਗਿਆ ਹੈ। ਵਿਧਾਨ ਸਭਾ ਚੋਣਾਂ ਹੁਣ ਬਹੁਤੀ ਦੂਰ ਨਹੀਂ ਹਨ। ਪੰਜਾਬ ਪੁਲਿਸ ਨੇ ਡੇਰਾ ਪੈਰੋਕਾਰਾਂ ’ਤੇ ਦਰਜ ਕੇਸਾਂ ’ਚ ਢਿੱਲ ਦਿਖਾਉਣੀ ਸ਼ੁਰੂ ਕਰ ਦਿੱਤੀ ਹੈ। ਜਦੋਂ ਅਕਾਲੀ-ਭਾਜਪਾ ਸਰਕਾਰ ਸੱਤਾ ਵਿਚ ਆਈ ਸੀ ਤਾਂ ਉਦੋਂ ਧੜਾਧੜ ਡੇਰਾ ਸਿਰਸਾ ਪ੍ਰੇਮੀਆਂ ’ਤੇ ਪੁਲਿਸ ਕੇਸ ਦਰਜ ਹੋਏ ਸਨ। ਸਾਲ 2009 ’ਚ ਲੋਕ ਸਭਾ ਦੀ ਚੋਣ ਦੌਰਾਨ ਹੀ ਅੰਦਰੋਂ ਅੰਦਰੀ ਅਕਾਲੀ ਦਲ ਨੇ ਪੈਂਤੜਾ ਬਦਲ ਲਿਆ ਸੀ।

ਸੂਚਨਾ ਦੇ ਅਧਿਕਾਰ ਕਾਨੂੰਨ ਤਹਿਤ ਮਿਲੇ ਵੇਰਵਿਆਂ ਅਨੁਸਾਰ ਜਨਵਰੀ 2007 ਤੋਂ ਹੁਣ ਤੱਕ ਬਠਿੰਡਾ ਜ਼ੋਨ ਦੇ ਅੱਧੀ ਦਰਜਨ ਜ਼ਿਲ੍ਹਿਆਂ ’ਚ ਧਾਰਾ 295 ਏ ਤਹਿਤ 79 ਪੁਲਿਸ ਕੇਸ ਦਰਜ ਹੋਏ ਹਨ ਜਿਨ੍ਹਾਂ ’ਚੋਂ 95 ਫੀਸਦੀ ਕੇਸ ਡੇਰਾ ਪੈਰੋਕਾਰਾਂ ’ਤੇ ਹਨ। ਇਹ ਕੇਸ ਧਾਰਮਿਕ ਭਾਵਨਾਵਾਂ ਭੜਕਾਏ ਜਾਣ ਦੇ ਇਲਜ਼ਾਮ ਤਹਿਤ ਦਰਜ ਹੋਏ ਹਨ। ਜ਼ਿਲ੍ਹਾ ਬਠਿੰਡਾ ’ਚ ਸਭ ਤੋਂ ਜ਼ਿਆਦਾ 26 ਪੁਲਿਸ ਕੇਸ ਡੇਰਾ ਪੈਰੋਕਾਰਾਂ ’ਤੇ ਦਰਜ ਹੋਏ ਹਨ। ਦੂਸਰੇ ਨੰਬਰ ’ਤੇ ਜ਼ਿਲ੍ਹਾ ਮੋਗਾ ’ਚ ਡੇਰਾ ਪੈਰੋਕਾਰਾਂ ’ਤੇ 15 ਪੁਲਿਸ ਕੇਸ ਦਰਜ ਕੀਤੇ ਗਏ ਹਨ। ਬਠਿੰਡਾ ਜ਼ੋਨ ਦੀ ਪੁਲਿਸ ਨੇ ਇਨ੍ਹਾਂ ਦਰਜ ਕੇਸਾਂ ’ਚੋਂ 50 ਕੇਸਾਂ ਵਿਚ ਤਾਂ ਚਲਾਨ ਹੀ ਅਦਾਲਤ ਵਿਚ ਪੇਸ਼ ਨਹੀਂ ਕੀਤਾ ਜਦੋਂਕਿ ਇਹ ਮੁਕੱਦਮੇ ਢਾਈ ਤੋਂ ਚਾਰ ਸਾਲ ਪੁਰਾਣੇ ਦਰਜ ਹੋਏ ਹਨ।

ਪੰਜਾਬ ਪੁਲੀਸ ਨੇ ਦਰਜਨ ਐਫ.ਆਈ.ਆਰ. ਰੱਦ ਕਰ ਦਿੱਤੀਆਂ ਹਨ। ਇਸੇ ਤਰ੍ਹਾਂ 13 ਪੁਲਿਸ ਕੇਸਾਂ ’ਚ 'ਅਣਟਰੇਸਡ' ਰਿਪੋਰਟ ਭਰ ਦਿੱਤੀ ਗਈ ਹੈ। ਜਿਨ੍ਹਾਂ 33 ਕੇਸਾਂ ’ਚ ਚਲਾਨ ਪੇਸ਼ ਕੀਤੇ ਗਏ, ਉਨ੍ਹਾਂ ’ਚੋਂ 17 ਕੇਸਾਂ ’ਚ ਡੇਰਾ ਪੈਰੋਕਾਰ ਅਦਾਲਤਾਂ ’ਚੋਂ ਬਰੀ ਹੋ ਗਏ ਹਨ। ਸਾਲ 2005 ਤੇ ਸਾਲ 2006 ’ਚ ਧਾਰਾ 295 ਏ ਤਹਿਤ ਬਠਿੰਡਾ ਜ਼ੋਨ ਦੇ ਜ਼ਿਲ੍ਹਿਆਂ ’ਚ ਸਿਰਫ਼ 13 ਕੇਸ ਦਰਜ ਹੋਏ ਸਨ। ਅਕਾਲੀ ਹਕੂਮਤ ਦੌਰਾਨ ਇਨ੍ਹਾਂ ਕੇਸਾਂ ਨੇ ਇਕਦਮ ਰਫਤਾਰ ਫੜ ਲਈ। ਡੇਰਾ ਸਿਰਸਾ ਮੁਖੀ ਖ਼ਿਲਾਫ਼ ਵੀ ਥਾਣਾ ਕੋਤਵਾਲੀ ’ਚ ਧਾਰਾ 295 ਏ ਤਹਿਤ ਕੇਸ ਦਰਜ ਕੀਤਾ ਗਿਆ। ਡੇਰਾ ਮੁਖੀ ਖ਼ਿਲਾਫ਼ ਵੀ ਪੁਲਿਸ ਤੈਅ ਸਮੇਂ ਅੰਦਰ ਚਲਾਨ ਪੇਸ਼ ਕਰਨ ਵਿਚ ਨਾਕਾਮ ਰਹੀ ਜਿਸ ਦਾ ਫਾਇਦਾ ਡੇਰਾ ਮੁਖੀ ਨੂੰ ਮਿਲ ਗਿਆ ਹੈ। ਡੇਰੇ ਖ਼ਿਲਾਫ਼ ਅਦਾਲਤਾਂ ਵਿਚ ਕੇਸ ਚੱਲਿਆ, ਉਸ ਦੀ ਪੈਰਵੀ ਕਰਨੀ ਮਗਰੋਂ ਸ਼੍ਰੋਮਣੀ ਕਮੇਟੀ ਨੇ ਵੀ ਛੱਡ ਦਿੱਤੀ। ਇਸ ਕੇਸ ਦਾ ਮੁਦਈ ਰਜਿੰਦਰ ਸਿੰਘ ਸਿੱਧੂ ਇਕੱਲਾ ਹੀ ਲੜਾਈ ਲੜਦਾ ਰਿਹਾ। ਹੁਣ ਹੁਸ਼ਿਆਰਪੁਰ ਦੇ ਇਕ ਵਕੀਲ ਵੱਲੋਂ ਬਠਿੰਡਾ ਦੀ ਅਦਾਲਤ ਵਿਚ ਨਵਾਂ ਕੇਸ ਦਾਇਰ ਕੀਤਾ ਗਿਆ ਹੈ।

## ਵਿਧਾਨ ਸਭਾ ਚੋਣਾਂ ਤੋਂ ਪਹਿਲਾਂ-ਪਹਿਲਾਂ ਕੇਸ ਰਫਾ-ਦਫਾ ਕਰਨ ਦੀ ਹਦਾਇਤ




ਪਤਾ ਲੱਗਾ ਹੈ ਕਿ ਪੰਜਾਬ ਪੁਲਿਸ ਨੂੰ ਜ਼ੁਬਾਨੀ ਹਦਾਇਤਾਂ ਹਨ ਕਿ ਅਗਾਮੀ ਚੋਣਾਂ ਤੋਂ ਪਹਿਲਾਂ-ਪਹਿਲਾਂ ਡੇਰਾ ਪੈਰੋਕਾਰਾਂ ’ਤੇ ਦਰਜ ਕੇਸਾਂ ਨੂੰ ਖਤਮ ਕਰ ਦਿੱਤਾ ਜਾਵੇ। ਪੰਜਾਬ ਪੁਲਿਸ ਡੇਰਾ ਪੈਰੋਕਾਰਾਂ ’ਤੇ ਦਰਜ ਕੇਸਾਂ ’ਚੋਂ 11 ਮਾਮਲਿਆਂ ਵਿਚ ਤਾਂ ਹਾਲੇ ਪੜਤਾਲ ਹੀ ਕਰ ਰਹੀ ਹੈ। ਪੁਲਿਸ ਵੱਲੋਂ ਬਹੁਤੇ ਮਾਮਲੇ ਲਟਕਾਏ ਗਏ ਹਨ। ਡੇਰਾ ਪੈਰੋਕਾਰਾਂ ਦਾ ਪੱਖ ਹੈ ਕਿ ਉਨ੍ਹਾਂ ਖ਼ਿਲਾਫ਼ ਇਹ ਸਿਆਸੀ ਰੰਜ਼ਸ ਤਹਿਤ ਕੇਸ ਦਰਜ ਕੀਤੇ ਗਏ ਸਨ ਜਿਨ੍ਹਾਂ ’ਚ ਕੋਈ ਸਚਾਈ ਨਹੀਂ ਸੀ। ਇਸੇ ਕਰਕੇ ਇਨ੍ਹਾਂ ਕੇਸਾਂ ਵਿਚ ਉਨ੍ਹਾਂ ਨੂੰ ਅਦਾਲਤਾਂ ’ਚੋਂ ਇਨਸਾਫ ਮਿਲ ਰਿਹਾ ਹੈ। ਜ਼ਿਲ੍ਹਾ ਬਠਿੰਡਾ ’ਚ ਡੇਰਾ ਪੈਰੋਕਾਰਾਂ ਖ਼ਿਲਾਫ਼ ਸਭ ਤੋਂ ਵੱਧ 26 ਕੇਸ ਦਰਜ ਕੀਤੇ ਗਏ ਸਨ। ਉਨ੍ਹਾਂ ’ਚੋਂ 9 ਕੇਸਾਂ ਵਿਚ ਤਾਂ ਪੁਲਿਸ ਨੇ ਐਫ.ਆਈ.ਆਰ. ਰੱਦ ਕਰ ਦਿੱਤੀ ਹੈ।

ਇਸ ਸਬੰਧੀ ਕੈਂਸਲੇਸ਼ਨ ਰਿਪੋਰਟ ਅਦਾਲਤ ਵਿਚ ਪੇਸ਼ ਕੀਤੀ ਜਾ ਚੁੱਕੀ ਹੈ। ਦੋ ਕੇਸਾਂ ਵਿਚ ਡੇਰਾ ਪੈਰੋਕਾਰ ਬਰੀ ਹੋ ਚੁੱਕੇ ਹਨ ਜਦੋਂਕਿ ਤਿੰਨ ਕੇਸਾਂ ਵਿਚ 'ਅਣਟਰੇਸਡ' ਰਿਪੋਰਟ ਭਰ ਦਿੱਤੀ ਗਈ ਹੈ। ਬਠਿੰਡਾ ਪੁਲਿਸ ਨੇ 9 ਕੇਸਾਂ ਵਿਚ ਹੀ ਅਦਾਲਤ ਵਿਚ ਚਲਾਨ ਪੇਸ਼ ਕੀਤਾ ਹੈ। ਥਾਣਾ ਕੋਤਵਾਲੀ ਬਠਿੰਡਾ ’ਚ ਡੇਰਾ ਪੈਰੋਕਾਰ ਖ਼ਿਲਾਫ਼ ਅੱਧੀ ਦਰਜਨ ਪੁਲਿਸ ਕੇਸ ਦਰਜ ਹੋਏ ਹਨ ਜਦੋਂਕਿ ਥਾਣਾ ਸੰਗਤ ਵਿਚ ਪੰਜ ਕੇਸ ਦਰਜ ਹੋਏ ਹਨ। ਥਾਣਾ ਸਦਰ ਬਠਿੰਡਾ ’ਚ ਵੀ ਦੋ ਪੁਲਿਸ ਕੇਸ ਦਰਜ ਹੋਏ ਹਨ। ਨੇਹੀਆ ਵਾਲਾ ਥਾਣੇ ਵਿਚ ਵੀ ਦੋ ਪੁਲਿਸ ਕੇਸ ਦਰਜ ਹੋਏ ਹਨ। ਜ਼ਿਲ੍ਹਾ ਫਿਰੋਜ਼ਪੁਰ ’ਚ ਡੇਰਾ ਪੈਰੋਕਾਰਾਂ ’ਤੇ ਤਕਰੀਬਨ ਦਰਜਨ ਕੇਸ ਦਰਜ ਕੀਤੇ ਗਏ ਜਦੋਂਕਿ ਫਰੀਦਕੋਟ ਵਿਚ ਸੱਤ ਦੇ ਕਰੀਬ ਪੁਲਿਸ ਕੇਸ ਦਰਜ ਕੀਤੇ ਗਏ ਸਨ। ਫਰੀਦਕੋਟ ’ਚ ਪੰਜ ਕੇਸਾਂ ’ਚੋਂ ਡੇਰਾ ਪੈਰੋਕਾਰ ਬਰੀ ਵੀ ਹੋ ਚੁੱਕੇ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜੱਦੀ ਜ਼ਿਲ੍ਹੇ ਮੁਕਤਸਰ ਵਿਚ ਡੇਰਾ ਪੈਰੋਕਾਰਾਂ ’ਤੇ ਅੱਧੀ ਦਰਜਨ ਪੁਲੀਸ ਕੇਸ ਦਰਜ ਹੋਏ ਸਨ। ਮੁਕਤਸਰ ਜ਼ਿਲ੍ਹੇ ’ਚ ਚਾਰ ਕੇਸਾਂ ਵਿਚ ਡੇਰਾ ਪੈਰੋਕਾਰ ਬਰੀ ਹੋ ਚੁੱਕੇ ਹਨ। ਸੂਤਰਾਂ ਅਨੁਸਾਰ ਹੁਣ ਜੋ ਕੇਸ ਬਾਕੀ ਰਹਿ ਗਏ ਹਨ, ਉਨ੍ਹਾਂ ਦਾ ਨਿਬੇੜਾ ਵੀ ਪੁਲਿਸ ਵੱਲੋਂ ਅਗਾਮੀ ਚੋਣਾਂ ਤੋਂ ਪਹਿਲਾਂ ਪਹਿਲਾਂ ਕਰ ਦਿੱਤਾ ਜਾਵੇਗਾ।

# ਭਾਜਪਾ ਤੇ ਕਾਂਗਰਸ ਨੂੰ ਸ਼੍ਰੋਮਣੀ ਕਮੇਟੀ ’ਚ ਘੁਸਪੈਠ ਨਹੀਂ ਕਰਨ ਦਿਆਂਗੇ: ਮਾਨ

**ਪਟਿਆਲਾ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਆਖਿਆ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ 18 ਸਤੰਬਰ ਨੂੰ ਹੋਣ ਵਾਲੀਆਂ ਚੋਣਾਂ ’ਚ ਭਾਜਪਾ ਨੂੰ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਰਾਹੀਂ ਤੇ ਕਾਂਗਰਸ ਨੂੰ ਦਿੱਲੀ ਦੇ ਪਰਮਜੀਤ ਸਿੰਘ ਸਰਨਾ, ਅਕਾਲੀ ਦਲ ਪੰਚ ਪ੍ਰਧਾਨੀ, ਅਕਾਲੀ ਦਲ ਲੌਂਗੋਵਾਲ ਤੇ ਦਲ ਖਾਲਸਾ ਰਾਹੀਂ ਸ਼੍ਰੋਮਣੀ ਕਮੇਟੀ ’ਚ ਘੁਸਪੈਠ ਨਹੀਂ ਕਰਨ ਦਿੱਤੀ ਜਾਵੇਗੀ।



ਉਨ੍ਹਾਂ ਕਿਹਾ ਕਿ ਪੰਥਕ ਪਲੇਟਫਾਰਮ ’ਤੇ ਚੋਣਾਂ ਲੜੀਆਂ ਜਾਣਗੀਆਂ ਤੇ ਜੋ ਕੋਈ ਪੰਥਕ ਪਲੇਟਫਾਰਮ ’ਤੇ ਆਉਣਾ ਚਾਹੇ ਆ ਸਕਦਾ ਹੈ। ਅੰਮ੍ਰਿਤਸਰ ਦਲ ਸ਼੍ਰੋਮਣੀ ਕਮੇਟੀ ਦੀਆਂ ਸਾਰੀਆਂ ਸੀਟਾਂ ’ਤੇ ਇਹ ਚੋਣ ਲੜਨ ਦਾ ਫੈਸਲਾ ਕਰ ਚੁੱਕਿਆ ਹੈ। 112 ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਪਹਿਲਾਂ ਹੀ ਕੀਤਾ ਜਾ ਚੁੱਕਾ ਹੈ।ਤੇ ਬਾਕੀ ਉਮੀਦਵਾਰਾਂ ਬਾਰੇ ਜਲਦ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਕਹਿ ਰਹੇ ਹਨ ਕਿ ਪ੍ਰੋ. ਦਵਿੰਦਰ ਸਿੰਘ ਭੁੱਲਰ ਨੂੰ ਫਾਂਸੀ ਨਹੀਂ ਹੋਣੀ ਚਾਹੀਦੀ ਪਰ ਰਾਜ ਦੇ ਸਿੱਖ ਬਹੁ-ਗਿਣਤੀ ਵਾਲੇ ਪਾਰਲੀਮੈਂਟ ਹਲਕਿਆਂ ਲੁਧਿਆਣਾ ਤੇ ਸੰਗਰੂਰ ਤੋਂ ਕਾਂਗਰਸ ਦੇ ਪਾਰਲੀਮੈਂਟ ਮੈਂਬਰ ਵਿਜੈਇੰਦਰ ਸਿੰਗਲਾ ਤੇ ਮਨੀਸ਼ ਤਿਵਾੜੀ ਪ੍ਰੋ. ਭੁੱਲਰ ਨੂੰ ਫਾਂਸੀ ਦੇਣ ਦੀ ਮੰਗ ਕਰ ਰਹੇ ਹਨ ਜਦੋਂਕਿ ਕਾਂਗਰਸ ਦੀ ਕੌਮੀ ਚੇਅਰਪਰਸਨ ਸੋਨੀਆ ਗਾਂਧੀ ਨੇ ਇਸ ਮਾਮਲੇ ’ਤੇ ਚੁੱਪ ਵੱਟੀ ਹੋਈ ਹੈ। ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਪ੍ਰੋ. ਦਵਿੰਦਰ ਸਿੰਘ ਭੁੱਲਰ ਨੂੰ ਫਾਂਸੀ ਦੇਣ ਦਾ ਵਿਰੋਧ ਕਰ ਰਹੇ ਹਨ ਪਰ ਉਸ ਦੀ ਭਾਈਵਾਲ ਭਾਜਪਾ ਜਾਂ ਇਸ ਦੇ ਆਗੂ ਨਿਤਿਨ ਗਡਕਰੀ ਤੇ ਅਡਵਾਨੀ ਚੁੱਪ ਧਾਰੀ ਬੈਠੇ ਹਨ। ਉਨ੍ਹਾਂ ਕਿਹਾ ਕਿ ਹੁਣ ਕੈਪਟਨ ਅਮਰਿੰਦਰ ਸਿੰਘ ਤੇ ਪ੍ਰਕਾਸ਼ ਸਿੰਘ ਬਾਦਲ ਇਕ-ਦੂਜੇ ਖਿਲਾਫ ਨੀਵੇਂ ਪੱਧਰ ਦੀ ਬਿਆਨਬਾਜ਼ੀ ਕਰ ਰਹੇ ਹਨ ਜਦਕਿ ਇਹ ਦੋਵੇਂ ਆਗੂ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਘਿਰੇ ਹੋਏ ਹਨ। ਸ. ਬਾਦਲ ਨੇ ਆਪਣੇ ਖਿਲਾਫ ਚਲਦੇ ਭ੍ਰਿਸ਼ਟਾਚਾਰ ਸਬੰਧੀ ਕੇਸਾਂ ਦੇ ਸਰਕਾਰੀ ਗਵਾਹ ਮੁਕਰਾ ਲਏ ਹਨ। ਕੈਪਟਨ ਅਮਰਿੰਦਰ ਸਿੰਘ ਦੇ ਕੇਸ ਅੱਗੇ ਨਹੀਂ ਵੱਧ ਰਹੇ।

# ਸ਼੍ਰੋਮਣੀ ਕਮੇਟੀ ਚੋਣਾਂ ਕਾਹਲੀ ਨਾਲ ਕਰਾਉਣ ਦੇ ਦੋਸ਼

**ਚੰਡੀਗੜ੍ਹ**: ਅਕਾਲੀ ਦਲ (ਦਿੱਲੀ), ਅਕਾਲੀ ਦਲ 1920 ਤੇ ਅਕਾਲੀ ਦਲ (ਲੌਂਗੋਵਾਲ) ਦੇ ਨੇਤਾਵਾਂ ਵੱਲੋਂ ਗੁਰਦੁਆਰਾ ਚੋਣ ਕਮਿਸ਼ਨਰ ’ਤੇ ਸ਼੍ਰੋਮਣੀ ਕਮੇਟੀ ਚੋਣਾਂ ਕਾਹਲੀ ਵਿਚ ਕਰਵਾਏ ਜਾਣ ਦਾ ਦੋਸ਼ ਲਾਉਂਦਿਆਂ ਕਿਹਾ ਹੈ ਕਿ ਉਹ ਹੁਕਮਰਾਨ ਅਕਾਲੀ ਦਲ ਨੂੰ ਲਾਭ ਪੁੰਚਾਉਣ ਲਈ ਅਜਿਹਾ ਯਤਨ ਕਰ ਰਿਹਾ ਹੈ। ਅਕਾਲੀ ਦਲ (ਦਿੱਲੀ) ਦੇ ਆਗੂ ਮਨਜੀਤ ਸਿੰਘ ਠੁਕਰਾਲ, ਦਲ 1920 ਦੇ ਜ਼ਿਲ੍ਹਾ ਪ੍ਰਧਾਨ ਮਹਿੰਦਰਪਾਲ ਸਿੰਘ ਬਿਨਾਕਾ, ਲੌਂਗੋਵਾਲ ਦਲ ਦੇ ਆਗੂ ਹਰਬੰਸ ਸਿੰਘ ਕਪੂਰ, ਦਿਲਬਾਗ ਸਿੰਘ, ਸਤਪਾਲ ਸਿੰਘ ਸਿਦਕੀ, ਹਰਵਿੰਦਰ ਸਿੰਘ ਚਿਟਕਾਰਾ, ਭਾਈ ਗੁਰਨਾਮ ਸਿੰਘ ਨੇ ਕਿਹਾ ਕਿ ਉਹ ਲੰਬੇ ਸਮੇਂ ਤੋਂ ਮੰਗ ਕਰ ਰਹੇ ਹਨ ਕਿ ਜਿਸ ਤਰ੍ਹਾਂ ਲੋਕ ਸਭਾ, ਵਿਧਾਨ ਸਭਾਵਾਂ ਤੇ ਇਥੋਂ ਤੱਕ ਕੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਿੱਲੀ ਦੇ ਚੋਣ ਸ਼ਨਾਖਤੀ ਵੋਟਰ ਕਾਰਡ ’ਤੇ ਕਰਵਾਈ ਜਾਂਦੀ ਹੈ, ਉਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਮੈਂਬਰਾਂ ਦੇ ਵੀ ਫੋਟੋ ਸ਼ਨਾਖਤੀ ਕਾਰਡ ਬਣਨ।

FARMERS INSURANCE GROUP
Symbol of Superior Service
FARMERS®

**Now at new location:** 2774 Aborn Road , San Jose, CA 95121

ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।

*“Call for a review of any of your insurance policies or to get a quote”*
*Totally Free and No Obligation to buy from us!!*



Satwant Singh
Insurance Agent
License # OH11256

*Auto *Home *Life *Business *Workers Compensation

Call for consultation
Ph: 408-771-2438
*408-580-6063, 408-687-7566*
Fax: 408-273-6001
*SSINGH6@FARMERSAGENT.COM*

*ਪਾਲਿਸੀ (ਅਤੇ ਪ੍ਰਾਸਪੈਕਟਸ, ਜਿਥੇ ਲਾਗੂ ਹੋਵੇ) ਸਿਰਫ ਅੰਗ੍ਰਜ਼ੀ ਵਿਚ ਉਪਲਬਧ ਹੈ। ਝਗੜੇ ਦੀ ਸੂਰਤ ਵਿਚ ਇਹੋ ਰੂਪ ਸਹੀ ਮੰਨਿਆ ਜਾਏਗਾ।*

*Call us to know about special discounts for nurses, teachers, engineers, pharmacists, doctors and more professionals to get low prices.**

*“Discounts apply to selected property and casualty coverages, perils, and policy types only and may vary by state and eligibility. To the extent permitted by law, applicants are individually underwritten; not all applicants may qualify.”

Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

ਜੇ ਤੁਸੀਂ ਆਪਣਾ ਘਰ ਸ਼ਾਰਟਸੇਲ ’ਤੇ ਵੇਚਣਾ ਚਾਹੁੰਦੇ ਹੋ

**If you want to sell your house in shortsale, first call 209-815-1869**
***We are certified Home Afordable Foreclosure Alternative (HAFA) specilist in shortsale of homes.***



Gurbans Singh Gill
Realtor
13 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent ’ਤੇ ਘਰ ਲੈਣਾ ਹੋਵੇ ਜਾਂ Rent ’ਤੇ ਘਰ ਦੇਣਾ ਹੋਵੇ

REALTY WORLD® Millennium

Gurbans Gill 209-815-1869

# ਕੈਪਟਨ ਵਲੋਂ ਹਰਿਆਣਾ ਨੂੰ ਆਪਣੀ ਰਾਜਧਾਨੀ ਬਣਾਉਣ ਦੀ ਨਸੀਹਤ

## ■ ਬਾਦਲ ਦੇ ਹੱਥ ਪੰਜਾਬੀਆਂ ਦੇ ਖੂਨ ਨਾਲ ਰੰਗੇ



**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹਰਿਆਣਾ ਨੂੰ ਆਪਣੀ ਰਾਜਧਾਨੀ ਬਣਾਉਣ ਦੀ ਨਸੀਹਤ ਦਿੱਤੀ ਹੈ। ਚੰਡੀਗੜ੍ਹ ਪੰਜਾਬ ਨੂੰ ਦੇਣ ਤੇ ਹਰਿਆਣਾ ਦੇ ਪੰਜਾਬੀ ਬੋਲਦੇ ਇਲਾਕਿਆਂ ਬਾਰੇ ਵਕਾਲਤ ਕਰਦਿਆਂ ਸਪਸ਼ਟ ਸ਼ਬਦਾਂ ਵਿਚ ਕਿਹਾ ਹੈ ਕਿ ਚੰਡੀਗੜ੍ਹ ਪੰਜਾਬ ਦਾ ਇਕ ਅਟੁੱਟ ਅੰਗ ਹੈ ਤੇ ਚੰਡੀਗੜ੍ਹ ਪੰਜਾਬ ਦਾ ਹੀ ਰਹੇਗਾ। ਇਸ ਲਈ ਗੁਆਂਢੀ ਸੂਬਾ ਹਰਿਆਣਾ ਨੂੰ ਆਪਣੀ ਵੱਖਰੀ ਰਾਜਧਾਨੀ ਬਣਾ ਲੈਣੀ ਚਾਹੀਦੀ ਹੈ ਤਾਂ ਜੋ ਰੋਜ਼-ਰੋਜ਼ ਦੇ ਹੱਦਬੰਦੀ ਤੇ ਦੁਸ਼ਣਬਾਜ਼ੀ ਦੇ ਝਗੜਿਆਂ ਤੋਂ ਪੱਕੇ ਤੌਰ 'ਤੇ ਮੁਕਤੀ ਮਿਲ ਸਕੇ।

ਕੈਪਟਨ ਨੇ ਕਿਹਾ ਕਿ ਕਾਂਗਰਸ ਸ਼ੁਰੂ ਤੋਂ ਹੀ ਚੰਡੀਗੜ੍ਹ ਪੰਜਾਬ ਨੂੰ ਦੇਣ ਤੇ ਪੰਜਾਬੀ ਬੋਲਦੇ ਇਲਾਕਿਆਂ ਨੂੰ ਪੰਜਾਬ 'ਚ ਸ਼ਾਮਲ ਕਰਵਾਉਣ ਲਈ ਪੈਰਵਾਈ ਕਰਦੀ ਆਈ ਹੈ ਪਰ ਸ਼੍ਰੋਮਣੀ ਅਕਾਲੀ ਦਲ ਤੇ ਗੱਠਜੋੜ ਸਰਕਾਰ ਨੇ ਕਦੇ ਵੀ ਕੋਈ ਉਪਰਾਲਾ ਨਹੀਂ ਕੀਤਾ ਹੈ ਜਿਸ ਕਾਰਨ ਹੁਣ ਤੱਕ ਨਾ ਤਾਂ ਚੰਡੀਗੜ੍ਹ ਹੀ ਪੰਜਾਬ ਨੂੰ ਮਿਲ ਸਕਿਆ ਹੈ ਤੇ ਨਾ ਹੀ ਪੰਜਾਬੀ ਬੋਲਦੇ ਪਿੰਡਾਂ ਨੂੰ ਪੰਜਾਬ 'ਚ ਮਿਲਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਵਿਧਾਨ ਸਭਾ ਚੋਣਾਂ ਆਪਣੇ ਬਲਬੂਤੇ 'ਤੇ ਲੜੇਗੀ ਤੇ ਸ਼ਾਨਦਾਰ ਜਿੱਤ ਹਾਸਲ ਕਰੇਗੀ। ਕੈਪਟਨ ਨੇ ਬਲਿਊ ਸਟਾਰ ਅਪਰੇਸ਼ਨ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸਿੱਧੇ ਤੌਰ 'ਤੇ ਜ਼ਿੰਮੇਵਾਰ ਠਹਿਰਾਉਂਦਿਆਂ ਦੋਸ਼ ਲਾਇਆ ਕਿ ਸ. ਬਾਦਲ ਨੇ ਉਸ ਸਮੇਂ ਪੰਜਾਬ ਦੇ ਹਾਲਾਤ ਹੀ ਅਜਿਹੇ ਬਣਾ ਦਿੱਤੇ ਸਨ ਕਿ ਬਲਿਊ ਸਟਾਰ ਕਰਨਾ ਪਿਆ। ਉਨ੍ਹਾਂ ਕਿਹਾ ਕਿ ਸ. ਬਾਦਲ ਦੇ ਹੱਥ ਬੇਗੁਨਾਹ ਪੰਜਾਬੀਆਂ ਦੇ ਖੂਨ ਨਾਲ ਰੰਗੇ ਹੋਏ ਹਨ ਤੇ ਇਹੀ ਨਹੀਂ ਬਾਦਲ ਨੇ ਹਮੇਸ਼ਾਂ ਹੀ ਕੌਮੀ ਹਿੱਤਾਂ ਦੀ ਕੀਮਤ 'ਤੇ ਵਿਅਕਤੀਗਤ ਫਾਇਦੇ ਨੂੰ ਤਰਜੀਹ ਦੇ ਕੇ ਪੰਜਾਬ ਦੀ ਕੁਰਬਾਨੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਸ. ਬਾਦਲ ਨੇ ਕਦੇ ਵੀ ਸਿਆਣਪ ਤੇ ਦ੍ਰਿੜ੍ਹਤਾ ਨਾਲ ਠੋਸ ਫੈਸਲੇ ਨਹੀਂ ਲਏ।

ਕਾਂਗਰਸ ਪ੍ਰਧਾਨ ਨੇ ਪੰਜਾਬ ਦੇ ਮੌਜੂਦਾ ਹਾਲਾਤ 'ਤੇ ਪ੍ਰਤੀਕਰਮ ਕਰਦਿਆਂ ਕਿਹਾ ਕਿ ਪੰਜਾਬ ਵਿਚ ਅਮਨ ਕਾਨੂੰਨ ਦੀ ਹਾਲਤ ਦਾ ਬਹੁਤ ਮਾੜਾ ਹਾਲ ਹੈ ਤੇ ਲੋਕਾਂ ਨੂੰ ਇਨਸਾਫ਼ ਪ੍ਰਾਪਤੀ ਲਈ ਪੁਲਿਸ ਥਾਣਿਆਂ ਵਿਚ ਖੱਜਲ-ਖੁਆਰ ਹੋਣਾ ਪੈ ਰਿਹਾ ਹੈ ਪਰ ਕੋਈ ਵੀ ਅਧਿਕਾਰੀ ਲੋਕਾਂ ਦੀ ਗੱਲ ਤੱਕ ਸੁਣਨ ਲਈ ਤਿਆਰ ਨਹੀਂ ਹੈ। ਉਨ੍ਹਾਂ ਦਾਅਵਾ ਕੀਤਾ ਕਿ ਕਾਂਗਰਸ ਸਰਕਾਰ ਬਣਨ 'ਤੇ ਪੰਜਾਬ ਦੇ ਲੋਕਾਂ ਨੂੰ ਪਹਿਲ ਦੇ ਆਧਾਰ 'ਤੇ ਬੁਨਿਆਦੀ ਸਹੂਲਤਾਂ ਮੁਹੱਈਆ ਕੀਤੀਆਂ ਜਾਣਗੀਆਂ ਤੇ ਵਿਕਾਸ ਕੰਮਾਂ 'ਚ ਆਈ ਭਾਰੀ ਖੜੋਤ ਨੂੰ ਦੂਰ ਕੀਤਾ ਜਾਵੇਗਾ।

## ਸੁਖਬੀਰ ਲੋਕਾਂ ਨੂੰ ਗੁੰਮਰਾਹ ਕਰ ਰਿਹੈ

ਕੈਪਟਨ ਨੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਉਪਰ ਤਿੱਖਾ ਵਾਰ ਕਰਦਿਆਂ ਕਿਹਾ ਕਿ ਉਹ ਸ਼ਹਿਰੀ ਖੇਤਰਾਂ ਦੇ ਵਿਕਾਸ ਦੀਆਂ ਛੇ ਯੋਜਨਾਵਾਂ ਸ਼ੁਰੂ ਕਰਨ ਦੇ ਦਾਅਵੇ ਕਰਕੇ ਜਨਤਾ ਨੂੰ ਗੁੰਮਰਾਹ ਕਰ ਰਹੇ ਹਨ ਕਿਉਂਕਿ ਇਹ ਸਕੀਮਾਂ ਪੁਰਾਣੀਆਂ ਹਨ ਤੇ ਲੰਮੇ ਸਮੇਂ ਤੋਂ ਚਲ ਰਹੀਆਂ ਹਨ। ਉਨ੍ਹਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਤਾਮਿਲਨਾਡੂ ਦੇ ਰਾਜਪਾਲ ਸੁਰਜੀਤ ਸਿੰਘ ਬਰਨਾਲਾ 'ਤੇ ਲਾਏ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਸ. ਬਾਦਲ ਵੱਲੋਂ ਹੀ ਸੰਤ ਲੌਂਗੋਵਾਲ-ਰਾਜੀਵ ਗਾਂਧੀ ਸਮਝੌਤੇ ਨੂੰ ਤਾਰਪੀਡੋ ਕਰਨ ਕਾਰਨ ਪੰਜਾਬ ਦੇ ਹਾਲਾਤ ਖਰਾਬ ਹੋਏ ਸਨ। ਕੈਪਟਨ ਨੇ ਕਿਹਾ ਕਿ ਭਾਵੇਂ ਸਿੱਧੇ ਤੌਰ 'ਤੇ ਕਾਂਗਰਸ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਦਖਲਅੰਦਾਜ਼ੀ ਕਰਨ ਦਾ ਕੋਈ ਇਰਾਦਾ ਨਹੀਂ ਹੈ ਪਰ ਗੁਰਦੁਆਰਿਆਂ ਦੇ ਚੜ੍ਹਾਵੇ ਸਿਆਸੀ ਹਿੱਤਾਂ ਲਈ ਵਰਤਣ ਵਾਲਿਆਂ ਵਿਰੁੱਧ ਡਟਣ ਵਾਲੇ ਲੋਕਾਂ ਨੂੰ ਉਹ ਜ਼ਰੂਰ ਹਮਾਇਤ ਦੇਣਗੇ।

ਉਨ੍ਹਾਂ ਕਿਹਾ ਕਿ ਜੇ ਹਾਂਸੀ-ਬੁਟਾਣਾ ਨਹਿਰ ਕਾਰਨ ਹੜ੍ਹ ਆਏ ਤਾਂ ਇਸ ਲਈ ਸ. ਬਾਦਲ ਜ਼ਿੰਮੇਵਾਰ ਹੋਣਗੇ। ਕੈਪਟਨ ਨੇ ਗੰਭੀਰ ਦੋਸ਼ ਲਾਇਆ ਕਿ ਵਿਜੀਲੈਂਸ ਬਿਊਰੋ ਪੰਜਾਬ ਦਾ ਮੁਖੀ ਸੁਮੇਧ ਸਿੰਘ ਸੈਣੀ ਉਨ੍ਹਾਂ ਦੇ ਫੋਨ ਟੇਪ ਕਰਵਾ ਰਿਹਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਸਾਰੇ ਫੋਨ ਟੇਪ ਕੀਤੇ ਜਾ ਰਹੇ ਹਨ ਤੇ ਉਹ ਇਸ ਬਾਰੇ ਲੰਮੇ ਸਮੇਂ ਤੋਂ ਜਾਣਦੇ ਹਨ। ਉਨ੍ਹਾਂ ਕਿਹਾ ਕਿ ਫੋਨ ਟੇਪ ਕਰਨ ਨਾਲ ਉਸ ਨੂੰ ਕੋਈ ਫਰਕ ਨਹੀਂ ਪੈਂਦਾ ਤੇ ਉਹ ਵੀ ਸਮਝ ਗਿਆ ਹੋਵੇਗਾ ਕਿ ਅਜਿਹਾ ਕਰਕੇ ਉਸ ਨੇ ਆਪਣਾ ਹੀ ਸਮਾਂ ਖਰਾਬ ਕੀਤਾ ਹੈ।

## ਗਿੱਲ ਤੇ ਗੁਰੂ ਨੇ ਸੰਵਿਧਾਨ ਦਾ ਮਜ਼ਾਕ ਬਣਾਇਆ

ਕੈਪਟਨ ਅਮਰਿੰਦਰ ਸਿੰਘ ਨੇ ਅਕਾਲੀ-ਭਾਜਪਾ ਸਰਕਾਰ 'ਤੇ ਦੋਸ਼ ਲਾਇਆ ਹੈ ਰਾਜ ਪੁਲਿਸ ਮੁਖੀ ਪੀ.ਐਸ. ਗਿੱਲ ਜਿੱਥੇ ਖਾਕੀ ਵਰਦੀ ਵਿਚ ਅਕਾਲੀ ਵਰਕਰ ਵਜੋਂ ਵਿਚਰ ਰਿਹਾ ਹੈ, ਉਥੇ ਮੁੱਖ ਮੰਤਰੀ ਦਾ ਪ੍ਰਮੁੱਖ ਸਕੱਤਰ ਦਰਬਾਰਾ ਸਿੰਘ ਗੁਰੂ ਤੇ ਕੁਝ ਹੋਰ ਆਈ.ਏ.ਐਸ. ਤੇ ਪੀ.ਸੀ.ਐਸ. ਅਧਿਕਾਰੀ ਆਪਣੇ ਅਹੁਦੇ ਸਿਆਸੀ ਹਿੱਤਾਂ ਲਈ ਵਰਤ ਕੇ ਸੰਵਿਧਾਨ ਦੀਆਂ ਧੱਜੀਆਂ ਉਡਾ ਰਹੇ ਹਨ।

ਉਨ੍ਹਾਂ ਖੁਲਾਸਾ ਕੀਤਾ ਕਿ ਡੀ.ਜੀ.ਪੀ. ਗਿੱਲ ਤੇ ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਗੁਰੂ ਦੇ ਸਿਆਸੀ ਨੇਤਾਵਾਂ ਵਾਂਗ ਵਿਚਰਨ ਦਾ ਮਾਮਲਾ ਉਨ੍ਹਾਂ ਜਿੱਥੇ ਮੁੱਖ ਚੋਣ ਕਮਿਸ਼ਨ ਦੇ ਧਿਆਨ ਵਿਚ ਲਿਆ ਦਿੱਤਾ ਹੈ, ਉਥੇ ਇਹ ਮਾਮਲਾ ਪ੍ਰਧਾਨ ਮੰਤਰੀ ਕੋਲ ਵੀ ਉਠਾਇਆ ਗਿਆ ਹੈ। ਪਿਛਲੇ ਸਮੇਂ ਤੋਂ ਚਰਚਾ ਹੈ ਕਿ ਗੁਰੂ ਤੇ ਗਿੱਲ ਕ੍ਰਮਵਾਰ ਭਦੌੜ ਤੇ ਮੋਗਾ ਹਲਕਿਆਂ ਤੋਂ ਵਿਧਾਨ ਸਭਾ ਚੋਣਾਂ ਲੜਨ ਦੀ ਤਿਆਰੀ ਕਰ ਰਹੇ ਹਨ। ਇਸ ਮਾਮਲੇ ਵਿਚ ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਇਨ੍ਹਾਂ ਦੋਵਾਂ ਅਧਿਕਾਰੀਆਂ ਦੀ ਸ਼ਿਕਾਇਤ ਚੋਣ ਕਮਿਸ਼ਨ ਕੋਲ ਕਰ ਚੁੱਕੇ ਹਨ।

ਉਨ੍ਹਾਂ ਦੋਸ਼ ਲਾਇਆ ਕਿ ਪਿਛਲੇ ਦਿਨੀਂ ਪੰਜਾਬ ਸਰਕਾਰ ਨੇ ਪੰਜਾਬ ਪੁਲੀਸ ਸਰਵਿਸਜ਼ (ਪੀ.ਪੀ.ਐਸ.) ਕੇਡਰ ਦੇ ਅਧਿਕਾਰੀਆਂ ਨੂੰ ਜ਼ਿਲ੍ਹਿਆਂ ਦੇ ਮੁਖੀ ਨਿਯੁਕਤ ਕਰਕੇ ਨਿਯਮਾਂ ਦੀਆਂ ਧੱਜੀਆਂ ਉਡਾਈਆਂ ਹਨ। ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਉਹ ਮੰਨਦੇ ਹਨ ਕਿ ਪੁਲਿਸ ਵਿਚ ਕਈ ਪੀ.ਪੀ.ਐਸ. ਅਧਿਕਾਰੀ ਵੀ ਕਾਬਲ ਹਨ ਪਰ ਕੋਈ ਕਾਇਦਾ-ਕਾਨੂੰਨ ਵੀ ਹੁੰਦਾ ਹੈ। ਨਿਯਮਾਂ ਅਨੁਸਾਰ ਜ਼ਿਲ੍ਹਿਆਂ ਦੇ ਪੁਲੀਸ ਮੁਖੀ ਆਈ.ਪੀ.ਐਸ. ਅਧਿਕਾਰੀ ਹੀ ਪਹਿਲ ਦੇ ਅਧਾਰ 'ਤੇ ਲਾਉਣੇ ਬਣਦੇ ਹਨ।

ਉਨ੍ਹਾਂ ਦੱਸਿਆ ਕਿ ਰਾਜ ਵਿਚ 9 ਆਈ.ਪੀ.ਐਸ. ਅਧਿਕਾਰੀ ਮੌਜੂਦ ਹੋਣ ਦੇ ਬਾਵਜੂਦ ਪੀ.ਪੀ.ਐਸ. ਅਧਿਕਾਰੀਆਂ ਨੂੰ ਜ਼ਿਲ੍ਹਾ ਮੁਖੀ ਲਾਉਣਾ ਸਿੱਧੇ ਤੌਰ 'ਤੇ ਭਾਈ ਭਤੀਜਾਵਾਦ ਹੈ। ਪੀ.ਪੀ.ਐਸ. ਅਧਿਕਾਰੀ ਉਸੇ ਹਾਲਤ ਵਿਚ ਜ਼ਿਲ੍ਹਿਆਂ ਦੇ ਮੁਖੀ ਲਾਏ ਜਾ ਸਕਦੇ ਹਨ ਜਦੋਂ ਰਾਜ ਵਿਚ ਕੋਈ ਆਈ.ਪੀ.ਐਸ. ਅਧਿਕਾਰੀ ਮੌਜੂਦ ਨਾ ਹੋਵੇ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਦੀਆਂ ਅਜਿਹੀਆਂ ਕਾਰਵਾਈਆਂ ਪੁਲਿਸ ਅਧਿਕਾਰੀਆਂ ਦੇ ਮਨੋਬਲ ਨੂੰ ਡੇਗਣ ਦਾ ਕੰਮ ਕਰ ਸਕਦੀਆਂ ਹਨ।

# ਭਾਜਪਾ ਵੱਲੋਂ ਰਾਜਾਂ ਨੂੰ ਵੱਧ ਅਧਿਕਾਰ ਦੇਣ ਦੀ ਵਕਾਲਤ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਗਡਕਰੀ, ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਪ੍ਰੇਮ ਕੁਮਾਰ ਧੂਮਲ ਨੇ ਭਾਜਪਾ ਦੇ ਹੋਰ ਕਈ ਕੌਮੀ ਨੇਤਾਵਾਂ ਸਮੇਤ ਰਾਜਾਂ ਨੂੰ ਵੱਧ ਅਧਿਕਾਰ ਦਿਵਾਉਣ ਦੇ ਮੁੱਦੇ ਨੂੰ ਲੈ ਕੇ ਦੇਸ਼ ਵਿਆਪੀ ਬਹਿਸ ਛੇੜਨ ਦਾ ਐਲਾਨ ਕੀਤਾ ਹੈ। ਭਾਰਤੀ ਜਨਤਾ ਪਾਰਟੀ ਦੇ ਕਾਨੂੰਨੀ ਤੇ ਸੰਸਦੀ ਮਾਮਲੇ ਵਿੰਗ ਵੱਲੋਂ ਪੀ.ਜੀ.ਆਈ. ਵਿਖੇ ਭਾਰਗਵ ਆਡੀਟੋਰੀਅਮ ਵਿਚ 'ਕੇਂਦਰ ਸਰਕਾਰ ਦੀਆਂ ਨੀਤੀਆਂ ਨਾਲ ਦੇਸ਼ ਦੇ ਸੰਘੀ ਢਾਂਚੇ ਨੂੰ ਖਤਰਾ' ਵਿਸ਼ੇ 'ਤੇ ਕਰਵਾਏ ਸੰਮੇਲਨ ਦੌਰਾਨ ਸਮੂਹ ਆਗੂਆਂ ਨੇ ਕੇਂਦਰ ਦੀ ਯੂ.ਪੀ.ਏ. ਸਰਕਾਰ 'ਤੇ ਗੈਰ-ਕਾਂਗਰਸੀ ਰਾਜਾਂ ਵਾਲੀਆਂ ਸਰਕਾਰਾਂ ਨਾਲ ਵਿਤਕਰੇਬਾਜ਼ੀ ਦਾ ਦੋਸ਼ ਲਾਉਂਦਿਆਂ ਕਿਹਾ ਕਿ ਕਾਂਗਰਸ ਦੀ ਅਜਿਹੀ ਨੀਤੀ ਨੇ ਦੇਸ਼ ਦੇ ਸੰਘੀ ਢਾਂਚੇ ਨੂੰ ਤਹਿਸ-ਨਹਿਸ ਕਰ ਦਿੱਤਾ ਹੈ ਤੇ ਦੇਸ਼ ਵਿਚ ਐਮਰਜੈਂਸੀ ਵਰਗੇ ਹਾਲਾਤ ਪੈਦਾ ਕੀਤੇ ਜਾ ਰਹੇ ਹਨ।

ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਗਡਕਰੀ ਨੇ ਦੋਸ਼ ਲਾਇਆ ਕਿ ਕੇਂਦਰ ਦੀ ਯੂ.ਪੀ.ਏ. ਸਰਕਾਰ ਗੈਰ-ਕਾਂਗਰਸੀ ਸਰਕਾਰਾਂ ਵਾਲੇ ਰਾਜਾਂ ਨਾਲ ਸ਼ਰ੍ਹੇਆਮ ਵਿਤਕਰਾ ਕਰ ਰਹੀ ਹੈ। ਜਿੱਥੇ ਮਹਾਰਾਸ਼ਟਰ ਵਿਚ ਅਤਿਵਾਦ ਨੂੰ ਨੱਥ ਪਾਉਣ ਲਈ 'ਮੋਕਾ' ਕਾਨੂੰਨ ਨੂੰ ਪ੍ਰਵਾਨਗੀ ਦੇ ਚੁੱਕੀ ਹੈ ਉਥੇ ਗੁਜਰਾਤ ਵਿਖੇ ਇਸੇ ਤਰ੍ਹਾਂ ਦਾ ਕਾਨੂੰਨ ਬਣਾਉਣ ਦੇ ਬਿੱਲ ਨੂੰ ਉਥੋਂ ਦਾ ਰਾਜਪਾਲ ਦੱਬੀ ਬੈਠਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਰਾਈਟ ਟੂ ਐਜੂਕੇਸ਼ਨ ਐਕਟ ਤਾਂ ਸਮੂਹ ਰਾਜਾਂ 'ਤੇ ਥੋਪ ਦਿੱਤਾ ਹੈ ਪਰ ਇਸ ਨੂੰ ਲਾਗੂ ਕਰਨ ਲਈ ਇਕ ਧੇਲਾ ਨਹੀਂ ਦਿੱਤਾ। ਸ੍ਰੀ ਗਡਕਰੀ ਨੇ ਕੇਂਦਰ ਸਰਕਾਰ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਪਹਿਲਾਂ ਬਾਬਾ ਰਾਮਦੇਵ ਦੇ ਸੰਘਰਸ਼ ਨੂੰ ਕੁਚਲਣ ਦੇ ਢੰਗ-ਤਰੀਕਿਆਂ ਤੇ ਹੁਣ ਅੰਨਾ ਹਜ਼ਾਰੇ ਵੱਲੋਂ ਸ਼ੁਰੂ ਕੀਤੀ ਜਾ ਰਹੀ ਭੁੱਖ-ਹੜਤਾਲ ਨੂੰ ਧਾਰਾ




144 ਲਾ ਕੇ ਰੋਕਣ ਦੀਆਂ ਕਾਰਵਾਈਆਂ ਗੰਭੀਰ ਸੰਕੇਤ ਦੇ ਰਹੀਆਂ ਹਨ ਕਿ ਕਾਂਗਰਸ ਸਰਕਾਰ ਇਕ ਵਾਰ ਫਿਰ ਆਮ ਜਨਤਾ 'ਤੇ ਐਮਰਜੈਂਸੀ ਥੋਪਣ ਦੇ ਰਾਹ ਪੈ ਰਹੀ ਹੈ। ਉਨ੍ਹਾਂ ਐਲਾਨ ਕੀਤਾ ਕਿ ਕੇਂਦਰ ਸਰਕਾਰ ਵੱਲੋਂ ਗੈਰ-ਕਾਂਗਰਸੀ ਰਾਜਾਂ ਵਿਚ ਸਿੱਧੀ ਦਖਲਅੰਦਾਜ਼ੀ ਕਰਕੇ ਤੇ ਰਾਜਪਾਲਾਂ ਰਾਹੀਂ ਅਜਿਹੇ ਰਾਜਾਂ ਦੇ ਵਿਕਾਸ ਕੰਮਾਂ ਵਿਚ ਰੋੜੇ ਅਟਕਾਉਣ ਦੀਆਂ ਕਾਰਵਾਈਆਂ ਵਿਰੁੱਧ ਅਜਿਹੇ ਸੰਮੇਲਨ ਦੇਸ਼ ਭਰ ਵਿਚ ਕਰਕੇ ਇਹ ਮੁੱਦਾ ਲੋਕ ਕਚਹਿਰੀ ਵਿਚ ਲਿਜਾਇਆ ਜਾਵੇਗਾ।

ਇਸ ਮੌਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਭਾਰਤ ਵੱਖ-ਵੱਖ ਸੱਭਿਆਚਾਰਾਂ, ਧਰਮਾਂ ਤੇ ਬੋਲੀਆਂ ਦਾ ਸਮੂਹ ਹੈ। ਇਥੇ ਸੰਘੀ ਢਾਂਚੇ ਨੂੰ ਮਜ਼ਬੂਤੀ ਨਾਲ ਕਾਇਮ ਕਰਕੇ ਹੀ ਦੇਸ਼ ਦੀ ਤਰੱਕੀ ਸੰਭਵ ਹੈ ਪਰ ਦੇਸ਼ ਦੇ ਅਨਾਜ ਭੰਡਾਰ ਵਿਚ 60 ਫੀਸਦੀ ਹਿੱਸਾ ਪਾਉਣ ਵਾਲੇ ਕਿਸਾਨਾਂ ਦੀਆਂ ਜਿਣਸਾਂ ਦਾ ਭਾਅ ਦਿੱਲੀ ਦਰਬਾਰ ਵੱਲੋਂ ਤੈਅ ਕੀਤਾ ਜਾਂਦਾ ਹੈ। ਜਦਕਿ ਦੂਸਰੇ ਪਾਸੇ ਬਤੌਰ ਮੁੱਖ ਮੰਤਰੀ ਉਨ੍ਹਾਂ ਨੂੰ ਰਾਜ ਵਿਚ ਇਕ ਸਕੂਲ ਅਪਗਰੇਡ ਕਰਨ ਦਾ ਵੀ ਅਧਿਕਾਰ ਨਹੀਂ ਹੈ ਤੇ ਵਿਕਾਸ ਦੇ ਛੋਟੇ-ਛੋਟੇ ਕੰਮਾਂ ਲਈ ਵੀ ਕੇਂਦਰ ਸਰਕਾਰ ਕੋਲ ਜਾ ਕੇ ਭੀਖ ਮੰਗਣੀ ਪੈਂਦੀ ਹੈ। ਉਲਟਾ ਫੌਜ ਵਿਚ ਆਬਾਦੀ ਦੇ ਆਧਾਰ 'ਤੇ ਭਰਤੀ ਕਰਨ ਦਾ ਫਾਰਮੂਲਾ ਠੋਕ ਕੇ ਪੰਜਾਬੀ ਗੱਭਰੂਆਂ ਨੂੰ ਫੌਜ ਵਿਚ ਭਰਤੀ ਹੋਣ ਤੋਂ ਰੋਕ ਦਿੱਤਾ ਹੈ। ਉਨ੍ਹਾਂ ਇਸ ਮੌਕੇ ਸ੍ਰੀ ਗਡਕਰੀ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਸ਼ੁਕਰ ਹੈ ਕਿ ਹੁਣ ਭਾਜਪਾ ਵੀ ਸੰਘੀ ਢਾਂਚੇ ਦੀ ਮਜ਼ਬੂਤੀ ਲਈ ਅੱਗੇ ਵਧੀ ਹੈ। ਕਿਉਂਕਿ ਜਦੋਂ ਉਹ ਰਾਜਾਂ ਨੂੰ ਵੱਧ ਅਧਿਕਾਰ ਦੇਣ ਦੀ ਗੱਲ ਕਰਦੇ ਹਨ ਤਾਂ ਕਾਂਗਰਸ ਸਿੱਖਾਂ ਨੂੰ ਅਤਿਵਾਦੀ ਤੇ ਵੱਖਵਾਦੀ ਕਹਿ ਕੇ ਭੰਡਦੀ ਹੈ। ਇਸ ਮੌਕੇ ਸ. ਬਾਦਲ ਨੇ ਭਾਜਪਾ ਆਗੂਆਂ ਕੋਲੋਂ ਖਿਮਾ ਮੰਗਦਿਆਂ ਪੰਜਾਬ ਕੋਲੋਂ ਰਾਜਧਾਨੀ (ਚੰਡੀਗੜ੍ਹ) ਖੋਹਣ ਦੇ ਮੁੱਦੇ ਨੂੰ ਉਠਾਉਂਦਿਆਂ ਕਿਹਾ ਕਿ ਦੇਸ਼ ਦਾ ਇਕਲੌਤਾ ਪੰਜਾਬ ਹੀ ਇਕ ਬਦਨਸੀਬ ਰਾਜ ਹੈ ਜਿਸ ਦੀ ਵੰਡ ਵੇਲੇ ਉਸ ਦੀ ਰਾਜਧਾਨੀ ਖੋਹੀ ਗਈ ਹੈ। ਜ਼ਿਕਰਯੋਗ ਹੈ ਕਿ ਭਾਜਪਾ ਚੰਡੀਗੜ੍ਹ ਨੂੰ ਕੇਂਦਰ ਸ਼ਾਸਤ ਪ੍ਰਦੇਸ਼ ਰੱਖਣ ਦੀ ਹਾਮੀ ਹੈ।

## ਪੰਜ ਸੌ ਰੁਪਏ ਲਈ ਭਾਰ ਵੱਲੋਂ ਭਰਾ ਦਾ ਕਤਲ

**ਲੰਬੀ:** ਪਿੰਡ ਮਿਠੜੀ ਬੁੱਧਗਿਰ ਵਿਚ ਵਾਪਰੀ ਘਟਨਾ ਤੋਂ ਸਪੱਸ਼ਟ ਹੋ ਗਿਆ ਹੈ ਕਿ ਰੁਪਏ ਦੀ ਕੀਮਤ ਅੱਜ ਇਨਸਾਨੀ ਜ਼ਿੰਦਗੀ ਤੇ ਖੂਨੀ ਰਿਸ਼ਤਿਆਂ ਤੋਂ ਕਾਫ਼ੀ ਉੱਪਰ ਹੈ। ਇੱਥੇ 500 ਰੁਪਏ ਖ਼ਾਤਰ ਇਕ ਵਿਅਕਤੀ ਨੂੰ ਉਸ ਦੇ ਸਕੇ ਭਰਾ ਤੇ ਭਤੀਜੇ ਨੇ ਲੋਹੇ ਦੀਆਂ ਰਾਡਾਂ ਤੇ ਡਾਂਗਾਂ ਨਾਲ ਕੁੱਟ-ਕੁੱਟ ਕੇ ਮਾਰ ਦਿੱਤਾ। ਮਿਲੀ ਜਾਣਕਾਰੀ ਅਨੁਸਾਰ ਪੇਸ਼ੇ ਤੋਂ ਮਾਲੀ ਦਾ ਕੰਮ ਕਰਦੇ ਰੂਪ ਲਾਲ ਪੁੱਤਰ ਰਣ ਸਿੰਘ ਪਿੰਡ ਮਿਠੜੀ ਬੁੱਧਗਿਰ ਤੋਂ ਕੁਝ ਸਮਾਂ ਪਹਿਲਾਂ ਉਸ ਦੇ ਭਰਾ ਧਿਆਨ ਚੰਦ ਤੇ ਉਸ ਦੇ ਪੁੱਤਰ ਲਖਵਿੰਦਰ ਸਿੰਘ ਨੇ 500 ਰੁਪਏ ਉਧਾਰ ਲਏ ਹੋਏ ਸਨ ਜਿਨ੍ਹਾਂ ਬਾਰੇ ਰੂਪ ਲਾਲ ਵੱਲੋਂ ਹੋਰ ਲੋਕਾਂ ਦੇ ਸਾਹਮਣੇ ਧਿਆਨ ਚੰਦ ਹੁਰਾਂ ਤੋਂ ਤਕਾਜ਼ਾ ਕਰਨ 'ਤੇ ਦੋਵੇਂ ਪਿਉ-ਪੁੱਤ ਨੇ ਇਸ ਨੂੰ ਆਪਣੀ ਬੇਇੱਜ਼ਤੀ ਮੰਨਦਿਆਂ ਰੂਪ ਲਾਲ ਨਾਲ ਰੰਜਿਸ਼ ਰੱਖਣ ਲੱਗ ਪਏ।

ਪੁਲਿਸ ਨੇ ਦੱਸਿਆ ਕਿ ਧਿਆਨ ਚੰਦ ਤੇ ਉਸ ਦੇ ਪੁੱਤਰ ਲਖਵਿੰਦਰ ਨੇ ਰੂਪ ਲਾਲ ਨੂੰ ਘਰੋਂ ਬੁਲਾ ਕੇ ਉਸ 'ਤੇ ਲੋਹੇ ਦੀ ਰਾਡ ਤੇ ਡਾਂਗ ਨਾਲ ਹਮਲਾ ਕਰ ਕੇ ਉਸ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ ਜਿਸ ਕਾਰਨ ਉਸ ਨੂੰ ਲੰਬੀ ਦੇ ਸਰਕਾਰੀ ਹਸਪਤਾਲ ਵਿਚ ਲਿਜਾਇਆ ਗਿਆ ਜਿਥੇ ਉਹ ਜ਼ਖ਼ਮਾਂ ਦੀ ਤਾਬ ਨਾ ਝੱਲਦਿਆਂ ਦਮ ਤੋੜ ਗਿਆ। ਲੰਬੀ ਪੁਲਿਸ ਨੇ ਮ੍ਰਿਤਕ ਦੇ ਪੁੱਤਰ ਮੋਹਨ ਲਾਲ ਦੇ ਬਿਆਨਾਂ 'ਤੇ ਧਿਆਨ ਚੰਦ ਤੇ ਲਖਵਿੰਦਰ ਖਿਲਾਫ਼ ਭਾਰਤੀ ਦੰਡਾਵਲੀ ਦੀ ਧਾਰਾ ਤਹਿਤ ਕਤਲ ਦਾ ਮਾਮਲਾ ਦਰਜ ਕੀਤਾ ਹੈ।

## ਨਿਊ ਜਰਸੀ 'ਚ ਦੋ ਪੰਜਾਬੀਆਂ ਦੀ ਹੱਤਿਆ

**ਨਿਊ ਜਰਸੀ:** ਨਿਊ ਜਰਸੀ ਵਿਚ ਪਟਿਆਲਾ ਜ਼ਿਲ੍ਹੇ ਦੇ ਪਿੰਡ ਅਲੀਮਾਜਰਾ ਵਾਸੀ ਨੂੰ ਅਣਪਛਾਤੇ ਹਮਲਾਵਰਾਂ ਵੱਲੋਂ ਕਤਲ ਕਰ ਦਿੱਤਾ ਗਿਆ। ਸਤਨਾਮ ਸਿੰਘ (34) ਹਾਲ ਆਬਾਦ ਫੋਕਲ ਪੁਆਇੰਟ ਰਾਜਪੁਰਾ ਦਾ ਪਿਛਲੇ ਸਨਿਚਰਵਾਰ ਨੂੰ ਉਸ ਦੇ ਇਕ ਹੋਰ ਸਾਥੀ ਨਾਲ ਨਿਊ ਜਰਸੀ ਵਿਚ ਕਤਲ ਕਰ ਦਿੱਤਾ ਗਿਆ। ਸਤਨਾਮ ਸਿੰਘ ਦੇ ਵੱਡੇ ਭਰਾ ਜਗੀਰ ਸਿੰਘ ਨੇ ਦੱਸਿਆ ਕਿ ਉਸ ਦਾ ਭਰਾ ਤਿੰਨ ਸਾਲ ਤੋਂ ਨਿਊ ਜਰਸੀ ਸ਼ਹਿਰ 'ਚ ਰਹਿ ਰਿਹਾ ਸੀ ਜਿੱਥੇ ਉਹ ਕਿਸੇ ਪੰਜਾਬੀ ਦੇ ਪੈਟਰੋਲ ਪੰਪ 'ਤੇ ਨੌਕਰੀ ਕਰ ਰਿਹਾ ਸੀ।

ਉਸ ਦਾ ਇਕ ਹੋਰ ਮਿੱਤਰ ਐਸ.ਪੀ. ਸਿੰਘ (ਪਿੰਡ ਸਲੇਮਪੁਰ, ਜ਼ਿਲ੍ਹਾ ਜਲੰਧਰ) ਕਿਸੇ ਹੋਰ ਪੈਟਰੋਲ ਪੰਪ 'ਤੇ ਨੌਕਰੀ ਕਰਦਾ ਸੀ। ਇਹ ਦੋਵੇਂ ਜਣੇ ਇਕੋ ਹੀ ਕਮਰੇ ਵਿਚ ਰਹਿੰਦੇ ਸਨ। ਉਸ ਨੇ ਦੱਸਿਆ ਕਿ 23 ਜੁਲਾਈ ਦੀ ਰਾਤ ਨੂੰ ਉਹ ਆਮ ਦਿਨਾਂ ਵਾਂਗ ਕੰਮ ਤੋਂ ਵਿਹਲੇ ਹੋ ਕੇ ਆਪਣੇ ਕਮਰੇ ਵਿਚ ਜਾ ਕੇ ਸੌਂ ਗਏ। 24 ਜੁਲਾਈ ਨੂੰ ਜਦੋਂ ਕੰਮ 'ਤੇ ਨਾ ਗਏ ਤਾਂ ਐਸ.ਪੀ. ਸਿੰਘ ਵਾਲੇ ਪੰਪ ਦਾ ਮਾਲਕ ਉਨ੍ਹਾਂ ਦੇ ਕਮਰੇ 'ਚ ਵੇਖਣ ਆਇਆ ਜਿਸ ਨੇ ਦੋਵਾਂ ਨੂੰ ਕਮਰੇ ਵਿਚ ਗੰਭੀਰ ਜ਼ਖ਼ਮੀ ਹਾਲਤ ਵਿਚ ਪਏ ਵੇਖ ਕੇ ਪੁਲਿਸ ਨੂੰ ਸੂਚਿਤ ਕੀਤਾ ਤੇ ਇਲਾਜ ਲਈ ਨੇੜਲੇ ਹਸਪਤਾਲ ਲੈ ਗਿਆ ਜਿਥੇ ਦੋਵੇਂ ਹੀ ਦਮ ਤੋੜ ਗਏ।

ਜਗੀਰ ਸਿੰਘ ਨੇ ਦੱਸਿਆ ਕਿ ਹਮਲਾਵਰਾਂ ਦੀ ਅਜੇ ਤਕ ਪਛਾਣ ਨਹੀਂ ਹੋਈ। ਇਸ ਬਾਰੇ ਪੰਪ ਮਾਲਕ ਨੇ ਐਤਵਾਰ ਨੂੰ ਫੋਨ 'ਤੇ ਸੰਪਰਕ ਕਰਕੇ ਉਨ੍ਹਾਂ ਨੂੰ ਦੱਸਿਆ ਸੀ। ਜਗੀਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਆਪਣੇ ਪਿੱਛੇ ਪਤਨੀ ਮਨਜੀਤ ਕੌਰ ਤੇ 7 ਸਾਲਾ ਬੇਟਾ ਮਨਪ੍ਰੀਤ ਛੱਡ ਗਿਆ ਹੈ।

# SUPER TRAVEL

847-676-9090, 773-465-5566

E-mail: supertravel2003@yahoo.com

*Lowest Fares With Excellent Service*

AMERICAN AIR, CONTINENTAL AIR



JET AIRWAYS DELTA, AIR INDIA, KLM, LUFTHANSA.

For Emergency Call anytime at 847-673-3825

EARLY BIRD SALE!!!!

India $545
London $250


# ਬਾਬਾ ਰਾਮਦੇਵ ਨਾਲ ਵਿਆਹ ਕਰਾਵਾਂਗੀ: ਰਾਖੀ ਸਾਵੰਤ

**ਨਵੀਂ ਦਿੱਲੀ (ਬਿਊਰੋ):** ਅਜੀਬੋ ਗਰੀਬ ਗੱਲਾਂ ਤੇ ਹਰਕਤਾਂ ਨਾਲ ਹਮੇਸ਼ਾਂ ਚਰਚਾ ਵਿਚ ਰਹਿਣ ਵਾਲੀ ਨਰਤਕੀ ਤੇ ਅਭਿਨੇਤਰੀ ਰਾਖੀ ਸਾਵੰਤ ਨੇ ਇਕ ਨਵਾਂ ਸ਼ਗੂਫਾ ਛੱਡਦਿਆਂ ਕਿਹਾ ਕਿ ਉਹ ਯੋਗ ਗੁਰੂ ਬਾਬਾ ਰਾਮਦੇਵ ਨਾਲ ਵਿਆਹ ਕਰੇਗੀ ਤੇ ਇਸ ਲਈ ਯੋਗ ਗੁਰੂ ਨੇ ਹਾਮੀ ਭਰ ਦਿੱਤੀ ਹੈ।

ਇਮੈਜਿਨ ਚੈਨਲ ਦੇ ਆਪਣੇ ਇਕ ਸ਼ੋਅ ਦੇ ਪ੍ਰਮੋਸ਼ਨ ਦੇ ਸਿਲਸਿਲੇ ਵਿਚ ਦਿੱਲੀ ਪਹੁੰਚੀ ਰਾਖੀ ਜੋ ਪਹਿਲਾਂ ਵੀ ਇਕ ਸ਼ੋਅ 'ਰਾਖੀ ਕਾ ਸਵੰਬਰ' ਦੌਰਾਨ ਆਪਣੇ ਸੁਫਨਿਆਂ ਦਾ ਰਾਜ ਕੁਮਾਰ ਚੁਣ ਚੁੱਕੀ ਹੈ, ਨੇ ਹੁਣ ਕਿਹਾ ਕਿ ਉਹ ਸਿਰਫ ਬਾਬਾ ਰਾਮਦੇਵ ਨਾਲ ਹੀ ਵਿਆਹ ਕਰਾਵੇਗੀ। ਕੁਝ ਸਮਾਂ ਪਹਿਲਾਂ ਰਾਖੀ ਨੇ ਰਾਹੁਲ ਗਾਂਧੀ ਨਾਲ ਵੀ ਵਿਆਹ ਕਰਵਾਉਣ ਦੀ ਮਣਸ਼ਾ ਜ਼ਾਹਿਰ ਕੀਤੀ ਸੀ ਤੇ ਬਾਅਦ ਵਿਚ ਕਹਿ ਦਿੱਤਾ ਸੀ ਕਿ ਸੋਨੀਆ ਗਾਂਧੀ ਦੇ ਸਾਹਮਣੇ ਉਸ ਦੀ ਦਾਲ ਨਹੀਂ ਗਲਣ ਵਾਲੀ।





# ਰੇਡੀਓ ਚੜ੍ਹਦੀ ਕਲਾ ਸੁਣੋ

RADIO CHARDI KALA

ਹੁਣ ਦੁਨੀਆਂ ਭਰ ਵਿਚ www.radiock.com 'ਤੇ

ਬੇਏਰੀਆ ਅਤੇ ਯੂਬਾ ਸਿਟੀ ਹਫਤੇ ਦੇ ਸੱਤੇ ਦਿਨ, 24 ਘੰਟੇ

ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖ਼ਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ

ਹੁਣ $40 ਵਾਲਾ ਵੱਡਾ ਰੇਡੀਓ ਸਿਰਫ $30 ਵਿਚ ਖਰੀਦੋ

ਬਹੁਤ ਹੀ ਵਧੀਆ ਕੁਆਲਿਟੀ

> Royal Bazar, San Jose
> Preet Fabric, Fremont
> Sidhartha International, Fremont
> Roshni, Union City
> Kash Fabrics, Hayward
> Maya Fashion, Newark
> LA Merchandise, Yuba City

DESI WORLD RADIO Pure Desi Entertainment

ਰੇਡੀਓ ਚੜ੍ਹਦੀ ਕਲਾ ਚੈਨਲ 1 'ਤੇ ਸੁਣੋ

ਹੋਰ ਜਾਣਕਾਰੀ ਲਈ ਕਾਲ ਕਰੋ

ਗੁਰਚਰਨ ਸਿੰਘ ਮਾਨ ਫੋਨ 510-557-0061

ਲਖਬੀਰ ਸਿੰਘ ਫੋਨ 510-760-9882

ਹੋਰ ਜਾਣਕਾਰੀ ਲਈ ਸਾਡੀ ਵੈਬਸਾਈਟ 'ਤੇ ਜਾਓ www.radiock.com

**Radio CK, PO Box 296, Fremont, CA 94537**



# MRP TRAVEL


*Lowest International and Domestic Fares*

ARC FLY ANY AIRLINE OF YOUR CHOICE IATA

*Providing the lowest Airfare, Cruise and Travel Packages to Asia, Africa, Europe, the Middle East and North America*

408-929-8005

E-mail:mrptravel@gmail.com
2123 Port Way, San Jose, CA 95133
*CST: 2097308-40*



*Passport & Visa services also available*

Asiana Airlines, Emirates, Singapore Airlines, Cathay Pacific, Korean Air, Lufthansa, China Airlines

Special promotion SFO-DEL $1135 (INC TX.)


# Matrimonials

ਜੀਵਨ ਸਾਥੀ ਦੀ ਲੋੜ

Seeking jat sikh alliance for Dec 82 born,5'-6",beautiful, B.E, M.S girl,working with Bank of America, Contact:704-930-1734, sandhu8332@gmail.com.

---

Suitable US citizen match for professionally qualified Jatt Sikh handsome boy, 28, 5'8", Contact Cell No. 704 733 8382 or email-kds0083@gmail.com

---

Looking for a widow/ divorcee independent professional lady in 60s to share walk & talk, views & cruises with retired US citizen physician, 78, wife died five years ago. No responsibilities. Call:315-383-2008

---

Indian Attorney in 60s, Height 5'-6", slim body, is looking for a sincere, educated, God fearing, companion, caste no bar,serious inquiries only. email: Ph - 323-573-9315, Email: singhb1@yahoo.com

---

US citizen girl sought for Canadian citizen Kamboj Sikh cleanshave boy 27, 5' 7", Chem. engg., working with SNC Lavalin. No bars. Pl. contact: e-mail at: ravhanda@hotmail.com

*www.punjabtimesusa.com*


# Desi Cuts and Color Plus

For Men, Women & Children



Grand Opening

Ph:510-429-0786



Mandeep 510-200-4415

Tony (510) 825-0820

Monday to Friday 9:00-7:30 (Tuesday Closed)
Saturday 9:00-7:00, Sunday 10:00-6:00

ਜ਼ਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।

Hair cut
Beard Perm
Hair styler
Color
Facial, Threading and Waxing (Special Lady)

34685 Alvarado Niles Rd., Union City, CA 94587 (Behind Tacobell)






# Business Opportunity

International Company looking for serious people to work from home-part time or full time. Great earning potential, full training and support provided. To attend training in your area.

For more info. call:

Sukhpreet Kaur Indiana
Ph:317-884-3557
Sharanjeet Kaur
Ph:317-332-1387

spkaurus@yahoo.co.in - www.shopherbalife.com/skaur



FARMERS INSURANCE GROUP Symbol of Superior Service

# FARMERS

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

*Auto *Home *Life *Umbrella
*Business Work Comp.

Duabba Insurance Agency

2450 Peralta Blvd Suite 120, Fremont CA 94536

Phone: 510-797-7989 Fax: 510-794-7398

visit us@ farmers.com



Gurcharan Singh Mann
Insurance Agent
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਫਾਜ਼ਿਲਕਾ ਅਤੇ ਪਠਾਨਕੋਟ ਨਵੇਂ ਜ਼ਿਲ੍ਹੇ ਬਣੇ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸਰਹੱਦੀ ਜ਼ਿਲ੍ਹਿਆਂ ਵਿਚ ਵਾਧਾ ਕਰਦਿਆਂ ਫਿਰੋਜ਼ਪੁਰ ਜ਼ਿਲ੍ਹੇ ਵਿਚੋਂ ਫਾਜ਼ਿਲਕਾ ਤੇ ਗੁਰਦਾਸਪੁਰ 'ਚੋਂ ਪਠਾਨਕੋਟ ਸ਼ਹਿਰਾਂ ਨੂੰ ਜ਼ਿਲ੍ਹੇ ਦਾ ਦਰਜਾ ਦੇਣ ਦਾ ਫੈਸਲਾ ਕੀਤਾ ਹੈ। ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਦੋ ਨਵੀਆਂ ਤਹਿਸੀਲਾਂ ਧਰਮਕੋਟ ਤੇ ਗੁਰੂ ਹਰਸਹਾਏ ਬਣਾਉਣ ਦਾ ਫੈਸਲਾ ਵੀ ਕੀਤਾ ਹੈ। ਦੋ ਨਵੇਂ ਜ਼ਿਲ੍ਹੇ ਹੋਂਦ ਵਿਚ ਆਉਣ ਨਾਲ ਸੂਬੇ ਵਿਚ ਜ਼ਿਲ੍ਹਿਆਂ ਦੀ ਕੁੱਲ ਗਿਣਤੀ 22 ਹੋ ਗਈ ਹੈ।

ਉਧਰ ਭਾਜਪਾ ਦੇ ਬਟਾਲਾ ਹਲਕੇ ਤੋਂ ਵਿਧਾਇਕ ਜਗਦੀਸ਼ ਸਾਹਨੀ ਨੇ ਬਟਾਲਾ ਨੂੰ ਜ਼ਿਲ੍ਹਾ ਨਾ ਬਣਾਏ ਜਾਣ ਖ਼ਿਲਾਫ਼ ਝੰਡਾ ਚੁੱਕ ਲਿਆ ਹੈ। ਉਨ੍ਹਾਂ ਕਿਹਾ ਕਿ ਉਹ ਇਹ ਮਾਮਲਾ ਪਾਰਟੀ ਹਾਈ ਕਮਾਨ ਕੋਲ ਉਠਾਉਣਗੇ ਤੇ ਜੇ ਲੋੜ ਪਈ ਤਾਂ ਅਸਤੀਫਾ ਵੀ ਦੇ ਦੇਣਗੇ। ਸਰਕਾਰ ਨੇ ਮੋਗਾ, ਪਠਾਨਕੋਟ ਤੇ ਫਗਵਾੜਾ ਤਿੰਨ ਨਵੇਂ ਨਗਰ ਨਿਗਮਾਂ ਵਜੋਂ ਰਸਮੀ ਕਾਰਵਾਈ ਕਰ ਦਿੱਤੀ ਹੈ। ਪੰਜਾਬ ਸਰਕਾਰ ਵੱਲੋਂ ਲਏ ਗਏ ਇਨ੍ਹਾਂ ਫੈਸਲਿਆਂ ਨੂੰ ਸਿਆਸੀ ਨਜ਼ਰੀਏ ਤੋਂ ਦੇਖਿਆ ਜਾ ਰਿਹਾ ਹੈ। ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਆਗਾਮੀ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿੱਚ ਰੱਖ ਕੇ ਲਏ ਜਾ ਰਹੇ ਇਨ੍ਹਾਂ ਫੈਸਲਿਆਂ ਵਿਚ ਗੁਰਦਾਸਪੁਰ ਜ਼ਿਲ੍ਹੇ ਦੀ ਬਟਾਲਾ ਤੇ ਕਪੂਰਥਲਾ ਜ਼ਿਲ੍ਹੇ ਦੀ ਫਗਵਾੜਾ ਤਹਿਸੀਲ ਵਿਚ ਐਡੀਸ਼ਨਲ ਡਿਪਟੀ ਕਮਿਸ਼ਨਰਾਂ ਦੀਆਂ ਅਸਾਮੀਆਂ ਕਾਇਮ ਕਰਨ ਦਾ ਵੀ ਫੈਸਲਾ ਲਿਆ ਗਿਆ ਹੈ।


ਫਾਜ਼ਿਲਕਾ 'ਚ 1971 ਦੀ ਭਾਰਤ-ਪਾਕਿ ਜੰਗ ਦੇ ਸ਼ਹੀਦਾਂ ਦੀ ਯਾਦਗਾਰ।

*ਫਾਜ਼ਿਲਕਾ ਜ਼ਿਲ੍ਹੇ 'ਚ ਫਾਜ਼ਿਲਕਾ, ਜਲਾਲਾਬਾਦ ਤੇ ਅਬੋਹਰ ਦੇ ਰੂਪ 'ਚ ਤਿੰਨ ਉਪ ਮੰਡਲ ਤੇ ਅਰਨੀਵਾਲਾ ਸ਼ੇਖ ਸੁਭਾਨ, ਸੀਤੋ ਗੁੰਨੋ ਤੇ ਖੂਈਆਂ ਸਰਵਰ ਦੇ ਰੂਪ 'ਚ ਤਿੰਨ ਸਬ ਤਹਿਸੀਲਾਂ ਨੂੰ ਸ਼ਾਮਲ ਕੀਤਾ ਗਿਆ ਹੈ।*

-----

*ਪਠਾਨਕੋਟ ਜ਼ਿਲ੍ਹੇ 'ਚ ਪਠਾਨਕੋਟ ਤੇ ਧਾਰਕਲਾਂ ਦੇ ਰੂਪ 'ਚ ਦੋ ਉਪ ਮੰਡਲ ਤੇ ਨਰੋਟ ਜੈਮਲ ਸਿੰਘ ਤੇ ਬਮਿਆਲ ਦੇ ਰੂਪ 'ਚ ਦੋ ਸਬ ਤਹਿਸੀਲਾਂ ਨੂੰ ਸ਼ਾਮਲ ਕੀਤਾ ਗਿਆ ਹੈ ਤੇ ਜ਼ਿਲ੍ਹੇ ਦਾ ਮੁੱਖ ਦਫਤਰ ਪਠਾਨਕੋਟ ਸ਼ਹਿਰ ਹੋਵੇਗਾ।*

ਪੰਜਾਬ ਸਰਕਾਰ ਵੱਲੋਂ ਨਵੇਂ ਜ਼ਿਲ੍ਹੇ ਤੇ ਤਹਿਸੀਲਾਂ ਬਣਾਉਣ ਨਾਲ ਸਰਕਾਰੀ ਖ਼ਜ਼ਾਨੇ 'ਤੇ ਸਾਲਾਨਾ 34 ਕਰੋੜ ਰੁਪਏ ਦਾ ਵਾਧੂ ਬੋਝ ਪਵੇਗਾ। ਸਰਕਾਰ ਵੱਲੋਂ ਜਿਨ੍ਹਾਂ ਦੋ ਸ਼ਹਿਰਾਂ ਨੂੰ ਜ਼ਿਲ੍ਹਿਆਂ ਦਾ ਦਰਜਾ ਦਿੱਤਾ ਗਿਆ ਹੈ, ਇਨ੍ਹਾਂ ਸ਼ਹਿਰਾਂ ਨਾਲ ਸਬੰਧਤ ਵਿਧਾਨ ਸਭਾ ਹਲਕਿਆਂ ਤੋਂ ਭਾਜਪਾ ਦੇ ਵਿਧਾਇਕ ਨੁਮਾਇੰਦਗੀ ਕਰ ਰਹੇ ਹਨ। ਰਾਜ ਸਰਕਾਰ ਵੱਲੋਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਭਾਜਪਾ ਵਿਧਾਇਕ ਦਲ ਦੇ ਨੇਤਾ ਤੀਕਸ਼ਨ ਸੂਦ ਦੀ ਅਗਵਾਈ ਵਿਚ ਜ਼ਿਲ੍ਹਿਆਂ ਦੇ ਗਠਨ ਬਾਰੇ ਕਮੇਟੀ ਦਾ ਗਠਨ ਵੀ ਕੀਤਾ ਗਿਆ ਸੀ। ਪੰਜਾਬ ਵਿਚ ਕਈ ਸ਼ਹਿਰਾਂ ਨੂੰ ਜ਼ਿਲ੍ਹੇ ਦਾ ਦਰਜਾ ਦੇਣ ਦੀ ਮੰਗ ਉਠ ਰਹੀ ਸੀ। ਕਮੇਟੀ ਦੀਆਂ ਸਿਫਾਰਿਸ਼ਾਂ 'ਤੇ ਹੀ ਮੰਤਰੀ ਮੰਡਲ ਨੇ ਫੈਸਲਾ ਲਿਆ ਹੈ।

ਪੰਜਾਬ ਦੇ ਨਵੇਂ ਜ਼ਿਲ੍ਹੇ ਫਾਜ਼ਿਲਕਾ 'ਚ ਫਾਜ਼ਿਲਕਾ, ਜਲਾਲਾਬਾਦ ਤੇ ਅਬੋਹਰ ਦੇ ਰੂਪ 'ਚ ਤਿੰਨ ਉਪ ਮੰਡਲ ਤੇ ਅਰਨੀਵਾਲਾ ਸ਼ੇਖ ਸੁਭਾਨ, ਸੀਤੋ ਗੁੰਨੋ ਤੇ ਖੂਈਆਂ ਸਰਵਰ ਦੇ ਰੂਪ 'ਚ ਤਿੰਨ ਸਬ ਤਹਿਸੀਲਾਂ ਨੂੰ ਸ਼ਾਮਲ ਕੀਤਾ ਗਿਆ ਹੈ। ਫਾਜ਼ਿਲਕਾ ਜ਼ਿਲ੍ਹੇ ਦਾ ਮੁੱਖ ਦਫਤਰ ਫਾਜ਼ਿਲਕਾ ਸ਼ਹਿਰ ਹੋਵੇਗਾ ਤੇ ਇਸ 'ਚ 314 ਮਾਲ ਪਿੰਡ ਸ਼ਾਮਲ ਹੋਣਗੇ। ਇਸੇ ਤਰ੍ਹਾਂ ਪਠਾਨਕੋਟ ਜ਼ਿਲ੍ਹੇ 'ਚ ਪਠਾਨਕੋਟ ਤੇ ਧਾਰਕਲਾਂ ਦੇ ਰੂਪ 'ਚ ਦੋ ਉਪ ਮੰਡਲ ਤੇ ਨਰੋਟ ਜੈਮਲ ਸਿੰਘ ਤੇ ਬਮਿਆਲ ਦੇ ਰੂਪ 'ਚ ਦੋ ਸਬ ਤਹਿਸੀਲਾਂ ਨੂੰ ਸ਼ਾਮਲ ਕੀਤਾ ਗਿਆ ਹੈ ਤੇ ਜ਼ਿਲ੍ਹੇ ਦਾ ਮੁੱਖ ਦਫਤਰ ਪਠਾਨਕੋਟ ਸ਼ਹਿਰ ਹੋਵੇਗਾ। ਇਸ 'ਚ 421 ਪਿੰਡ ਸ਼ਾਮਲ ਕੀਤੇ ਗਏ ਹਨ। ਜ਼ਿਲ੍ਹਿਆਂ ਲਈ ਲੋੜੀਂਦੇ ਸਟਾਫ ਦੀ ਪ੍ਰਵਾਨਗੀ ਵੀ ਦੇ ਦਿੱਤੀ ਗਈ ਹੈ। ਮੰਤਰੀ ਮੰਡਲ ਨੇ ਮੋਗਾ ਜ਼ਿਲ੍ਹੇ ਦੇ ਧਰਮਕੋਟ ਤੇ ਫਿਰੋਜ਼ਪੁਰ ਜ਼ਿਲ੍ਹੇ ਦੇ ਗੁਰੂ ਹਰਸਹਾਏ ਕਸਬੇ ਨੂੰ ਉਪ ਮੰਡਲ/ਤਹਿਸੀਲ ਵਜੋਂ ਅਪਗ੍ਰੇਡ ਕਰਨ ਦਾ ਵੀ ਫੈਸਲਾ ਲਿਆ ਹੈ। ਧਰਮਕੋਟ 'ਚ 150 ਤੇ ਗੁਰੂ ਹਰਸਹਾਏ 'ਚ 166 ਪਿੰਡ ਸ਼ਾਮਲ ਹੋਣਗੇ। ਮੰਤਰੀ ਪ੍ਰੀਸ਼ਦ ਨੇ ਨਵੇਂ ਉਪ ਮੰਡਲਾਂ ਲਈ ਲੋੜੀਂਦੇ ਸਟਾਫ ਦੀ ਪ੍ਰਵਾਨਗੀ ਦੇ ਦਿੱਤੀ ਹੈ।

# ਨਵੇਂ ਜ਼ਿਲ੍ਹਿਆਂ ਦੀ ਸਿਆਸਤ 'ਆਮ ਬੰਦੇ' ਦੀ ਜੇਬ 'ਤੇ ਡਾਕਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਵੱਧ ਤੋਂ ਵੱਧ ਵੋਟਾਂ ਹਥਿਆਉਣ ਲਈ ਨਵੇਂ ਜ਼ਿਲ੍ਹਿਆਂ ਦੀ ਸਿਆਸਤ 'ਆਮ ਬੰਦੇ' ਦੀ ਜੇਬ 'ਤੇ ਡਾਕਾ ਸਾਬਤ ਹੁੰਦੀ ਹੈ। ਪੰਜਾਬ ਸਰਕਾਰ ਵੱਲੋਂ ਅਗਲੀਆਂ ਵਿਧਾਨ ਸਭਾ ਚੋਣਾਂ ਨੂੰ ਮੁੱਖ ਰੱਖ ਕੇ ਬਣਾਏ ਜਾ ਰਹੇ ਜ਼ਿਲ੍ਹੇ ਆਰਥਿਕ ਮੰਦਹਾਲੀ ਝੱਲ ਰਹੇ ਰਾਜ ਦੇ ਖ਼ਜ਼ਾਨੇ ਲਈ ਵੱਡੀ ਮਾਲੀ ਆਫ਼ਤ ਲੈ ਕੇ ਆਉਂਦੇ ਹਨ। ਸੂਤਰਾਂ ਅਨੁਸਾਰ ਸਰਕਾਰ ਵੱਲੋਂ ਬਣਾਏ ਗਏ ਇਕ ਜ਼ਿਲ੍ਹੇ ਦਾ ਤਕਰੀਬਨ 40 ਕਰੋੜ ਰੁਪਏ ਦਾ ਭਾਰ ਸਰਕਾਰੀ ਖਜ਼ਾਨੇ 'ਤੇ ਪੈਂਦਾ ਹੈ।

ਮਾਲ ਵਿਭਾਗ ਵੱਲੋਂ ਮੰਤਰੀ ਮੰਡਲ ਨੂੰ ਪੇਸ਼ ਕੀਤੇ ਮੈਮੋਰੰਡਮ ਮੁਤਾਬਕ ਡਿਪਟੀ ਕਮਿਸ਼ਨਰ ਦਫ਼ਤਰ ਤੇ ਮਾਲ ਵਿਭਾਗ ਅਧੀਨ ਆਉਂਦੇ ਅਧਿਕਾਰੀਆਂ ਦੀਆਂ ਤਨਖਾਹਾਂ ਤੇ ਦਫ਼ਤਰੀ ਖਰਚਾ ਚਲਾਉਣ ਲਈ ਸਾਲਾਨਾ 16 ਕਰੋੜ ਰੁਪਏ ਦਾ ਖਰਚ ਆਉਂਦਾ ਹੈ। ਮਾਲ ਵਿਭਾਗ ਵੱਲੋਂ ਜ਼ਿਲ੍ਹਾ ਪੁਲੀਸ ਮੁਖੀ ਸਮੇਤ ਪੁਲਿਸ ਦੇ ਵੱਡੇ ਲਾਮ ਲਸ਼ਕਰ ਤੇ ਹੋਰ ਵਿਭਾਗਾਂ ਦੇ ਖਰਚੇ ਦਾ ਕੋਈ ਵੇਰਵਾ ਨਹੀਂ ਦਿੱਤਾ ਗਿਆ। ਸੂਤਰਾਂ ਦਾ ਦੱਸਣਾ ਹੈ ਕਿ ਸਾਰੇ ਅਧਿਕਾਰੀਆਂ, ਮੁਲਾਜ਼ਮਾਂ ਤੇ ਦਫ਼ਤਰਾਂ ਦਾ ਖਰਚ 40 ਕਰੋੜ ਸਾਲਾਨਾ ਦੇ ਕਰੀਬ ਹੋ ਜਾਂਦਾ ਹੈ। ਲੋਕਾਂ 'ਤੇ ਅਧਿਕਾਰੀਆਂ ਦੀਆਂ ਵਗਾਰਾਂ ਤੇ ਭ੍ਰਿਸ਼ਟਾਚਾਰ ਦਾ ਬੋਝ ਵੱਖਰਾ ਹੈ। ਮਹੱਤਵਪੂਰਨ ਤੱਥ ਇਹ ਹੈ ਕਿ ਦੱਖਣੀ ਰਾਜਾਂ ਵਿਚ ਜ਼ਿਲ੍ਹਿਆਂ ਦੀ ਗਿਣਤੀ ਘੱਟ ਹੈ। ਆਂਧਰਾ ਪ੍ਰਦੇਸ਼ ਦੀ ਆਬਾਦੀ ਅੱਠ ਕਰੋੜ ਹੈ ਤੇ ਪੰਜਾਬ ਨਾਲੋਂ ਭੂਗੋਲਿਕ ਤੌਰ 'ਤੇ ਵੀ ਕਈ ਗੁਣਾ ਵੱਡਾ ਹੈ ਪਰ ਉੱਥੇ ਜ਼ਿਲ੍ਹਿਆਂ ਦੀ ਗਿਣਤੀ 22 ਹੈ।

ਪੰਜਾਬ ਵਿਚ ਸਭ ਤੋਂ ਪਹਿਲਾਂ ਖਾੜਕੂਵਾਦ ਦੇ ਸਮੇਂ ਪੁਲਿਸ ਜ਼ਿਲ੍ਹਿਆਂ ਦਾ ਗਠਨ ਕੀਤਾ ਗਿਆ। ਪੁਲਿਸ ਨੇ ਇਹ ਜ਼ਿਲ੍ਹੇ ਤਾਂ ਖਤਮ ਨਹੀਂ ਕਰਨ ਦਿੱਤੇ ਪਰ ਮਾਲ ਜ਼ਿਲ੍ਹਿਆਂ ਦਾ ਬੋਝ ਵਧਾ ਦਿੱਤਾ ਗਿਆ। ਅਜੇ ਵੀ ਸੂਬੇ ਵਿਚ ਪੰਜ ਪੁਲਿਸ ਜ਼ਿਲ੍ਹੇ ਹਨ। ਸਰਕਾਰ ਵੱਲੋਂ ਪਿਛਲੇ ਦੋ ਦਹਾਕਿਆਂ ਦੇ ਸਮੇਂ ਦੌਰਾਨ 10 ਨਵੇਂ ਜ਼ਿਲ੍ਹਿਆਂ ਦਾ ਗਠਨ ਕੀਤਾ ਗਿਆ ਹੈ। ਇਨ੍ਹਾਂ ਵਿਚ ਮਾਨਸਾ, ਫਤਿਹਗੜ੍ਹ ਸਾਹਿਬ, ਮੁਕਤਸਰ, ਮੋਗਾ, ਨਵਾਂਸ਼ਹਿਰ, ਮੁਹਾਲੀ, ਤਰਨ ਤਾਰਨ, ਬਰਨਾਲਾ ਤੇ ਹੁਣ ਬਣਾਏ ਜ਼ਿਲ੍ਹੇ ਫਾਜ਼ਿਲਕਾ ਤੇ ਪਠਾਨਕੋਟ ਸ਼ਾਮਲ ਹਨ। ਜਿਨ੍ਹਾਂ ਸ਼ਹਿਰਾਂ ਨੂੰ ਜ਼ਿਲ੍ਹੇ ਦਾ ਰੁਤਬਾ ਦਿੱਤਾ ਗਿਆ ਹੈ ਉਨ੍ਹਾਂ ਵਿਚ ਜ਼ਿਆਦਾਤਰ ਰਾਜਸੀ ਕਾਰਨ ਹਨ। ਲੋਕਾਂ ਦੀ ਸਹੂਲਤ ਨੂੰ ਘੱਟ ਦੇਖਿਆ ਗਿਆ ਹੈ। ਸੱਤਾਧਾਰੀ ਪਾਰਟੀਆਂ ਵੱਲੋਂ ਚੁਣਾਵੀ ਲਾਹਾ ਲੈਣ ਲਈ ਇਹ ਫੈਸਲੇ ਲਏ ਜਾ ਰਹੇ ਹਨ।

ਬਰਨਾਲਾ ਜ਼ਿਲ੍ਹਾ ਬਣਨ ਵੇਲੇ ਇਕ ਤਹਿਸੀਲ ਹੀ ਸੀ। ਇਕ ਛੋਟੇ ਜਿਹੇ ਇਲਾਕੇ ਵਿਚ ਅਫਸਰਸ਼ਾਹੀ ਦੀ ਵੱਡੀ ਫੌਜ ਖੜ੍ਹੀ ਕਰ ਦਿੱਤੀ ਹੈ। ਇਹੀ ਹਾਲ ਤਰਨ ਤਾਰਨ, ਮੋਗਾ ਤੇ ਫਤਿਹਗੜ੍ਹ ਸਾਹਿਬ ਦਾ ਹੈ। ਬਰਨਾਲਾ, ਤਰਨ ਤਾਰਨ, ਮੁਹਾਲੀ ਜ਼ਿਲ੍ਹਿਆਂ ਵਿਚ ਡਿਪਟੀ ਕਮਿਸ਼ਨਰਾਂ, ਜ਼ਿਲ੍ਹਾ ਪੁਲਿਸ ਮੁਖੀਆਂ ਤੇ ਹੋਰ ਅਧਿਕਾਰੀਆਂ ਦੇ ਦਫ਼ਤਰ ਅਜੇ ਤੱਕ ਆਰਜ਼ੀ ਥਾਵਾਂ 'ਤੇ ਚੱਲ ਰਹੇ ਹਨ। ਪੰਜਾਬ ਵਿਚ ਪ੍ਰਸ਼ਾਸਕੀ ਪੱਧਰ 'ਤੇ ਹਾਲਤ ਇਹ ਹੈ ਕਿ ਪੀ.ਸੀ.ਐਸ. ਅਫਸਰਾਂ ਦੀ ਭਰਤੀ ਦਾ ਕੰਮ ਪਿਛਲੇ ਕਈ ਸਾਲਾਂ ਤੋਂ ਠੱਪ ਪਿਆ ਹੈ। ਸੂਬੇ ਵਿਚ ਪੀ.ਸੀ.ਐਸ. ਅਫਸਰਾਂ ਦੀਆਂ ਅੱਧੀਆਂ ਅਸਾਮੀਆਂ ਖਾਲੀ ਪਈਆਂ ਹਨ। ਨਵੀਂ ਭਰਤੀ ਕਰਨ ਦੀ ਥਾਂ ਸਰਕਾਰ ਵੱਲੋਂ ਅਸਾਮੀਆਂ ਵਧਾਈਆਂ ਜਾ ਰਹੀਆਂ ਹਨ। ਅਧਿਕਾਰੀਆਂ ਨੂੰ ਵਾਧੂ ਚਾਰਜ ਦੇ ਕੇ ਜਾਂ ਸੇਵਾ ਮੁਕਤ ਹੋਇਆਂ ਨੂੰ ਠੇਕੇ 'ਤੇ ਭਰਤੀ ਕਰਕੇ ਸਰਕਾਰ ਵੱਲੋਂ ਡੰਗ ਟਪਾਈ ਕੀਤੀ ਜਾ ਰਹੀ ਹੈ। ਪੀ.ਪੀ.ਐਸ. ਤੋਂ ਆਈ.ਪੀ.ਐਸ. ਦੀਆਂ ਤਰੱਕੀਆਂ ਦਾ ਅਮਲ ਵੀ ਨੌਂ ਸਾਲਾਂ ਤੋਂ ਰੁਕਿਆ ਪਿਆ ਹੈ। ਸੂਬੇ ਵਿਚ ਐਸ.ਪੀ. ਰੈਂਕ ਵਾਲੇ ਆਈ.ਪੀ.ਐਸ. ਅਫਸਰਾਂ ਦੀ ਭਾਰੀ ਕਮੀ ਹੈ ਜਦੋਂ ਕਿ ਜ਼ਿਲ੍ਹਾ ਪੁਲੀਸ ਮੁਖੀਆਂ ਦੀਆਂ ਵੀ ਦੋ ਅਸਾਮੀਆਂ ਵਧਾ ਦਿੱਤੀਆਂ ਗਈਆਂ ਹਨ। ਸਰਕਾਰ ਦਾ ਪੀ.ਸੀ.ਐਸ. ਦੀਆਂ ਅਸਾਮੀਆਂ ਭਰਨ ਜਾਂ ਪੀ.ਪੀ.ਐਸ. ਅਧਿਕਾਰੀਆਂ ਦਾ ਰੱਫੜ ਮੁਕਾਉਣ ਵਿਚ ਕੋਈ ਧਿਆਨ ਨਹੀਂ ਹੈ। ਪੰਜਾਬ ਲੋਕ ਸੇਵਾ ਕਮਿਸ਼ਨ (ਪੀ.ਪੀ.ਐਸ.ਸੀ.) ਜਿਸ ਨੇ ਅਧਿਕਾਰੀਆਂ ਦੀ ਭਰਤੀ ਕਰਨੀ ਹੈ, ਪਿਛਲੇ ਦਹਾਕੇ ਤੋਂ ਵਿਵਾਦਾਂ ਦਾ ਸ਼ਿਕਾਰ ਹੋਇਆ ਪਿਆ ਹੈ।


ਸਰਕਾਰ ਵੱਲੋਂ ਜਿਨ੍ਹਾਂ ਨਵੇਂ ਦੋ ਜ਼ਿਲ੍ਹਿਆਂ ਦੇ ਗਠਨ ਦਾ ਫੈਸਲਾ ਕੀਤਾ ਗਿਆ ਹੈ, ਉਨ੍ਹਾਂ ਵਿਚੋਂ ਫਾਜ਼ਿਲਕਾ ਨੂੰ ਤਾਂ ਪ੍ਰਸ਼ਾਸਕੀ ਅਧਾਰ 'ਤੇ ਠੀਕ ਮੰਨਿਆ ਜਾ ਰਿਹਾ ਹੈ ਕਿਉਂਕਿ ਫਾਜ਼ਿਲਕਾ ਦੀ ਜ਼ਿਲ੍ਹਾ ਹੈੱਡਕੁਆਰਟਰ ਫਿਰੋਜ਼ਪੁਰ ਤੋਂ ਦੂਰੀ 90 ਕਿਲੋਮੀਟਰ ਦੇ ਕਰੀਬ ਸੀ ਪਰ ਪਠਾਨਕੋਟ ਦੀ ਦੂਰੀ ਗੁਰਦਾਸਪੁਰ ਤੋਂ 38 ਕਿਲੋਮੀਟਰ ਹੈ। ਪਠਾਨਕੋਟ ਦੀਆਂ ਹੱਦਾਂ ਹੁਸ਼ਿਆਰਪੁਰ ਤੇ ਗੁਰਦਾਸਪੁਰ ਜ਼ਿਲ੍ਹਿਆਂ ਤੇ ਫਾਜ਼ਿਲਕਾ ਜ਼ਿਲ੍ਹੇ ਦੀਆਂ ਹੱਦਾਂ ਮੁਕਤਸਰ ਤੇ ਫਿਰੋਜ਼ਪੁਰ ਜ਼ਿਲ੍ਹਿਆਂ ਨਾਲ ਲਗਦੀਆਂ ਹਨ।

# ਜਦੋਂ ਬਰਾੜ ਨੂੰ ਮਨਪ੍ਰੀਤ ਬਾਦਲ ਖ਼ਿਲਾਫ਼ ਬੋਲਣਾ ਮਹਿੰਗਾ ਪਿਆ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਅਗਵਾਈ ਵਾਲੀ ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਮੋਹਰੀ ਆਗੂ ਤੇ ਸਕੱਤਰ ਚਰਨਜੀਤ ਸਿੰਘ ਬਰਾੜ ਨੇ ਪਾਰਟੀ ਨੂੰ ਅਲਵਿਦਾ ਕਹਿ ਦਿੱਤਾ ਹੈ ਪਰ ਉਸ ਨੂੰ ਮਨਪ੍ਰੀਤ ਖ਼ਿਲਾਫ਼ ਬੋਲਣਾ ਮਹਿੰਗਾ ਪਿਆ। ਸ. ਬਰਾੜ ਨੇ ਪਾਰਟੀ ਨਾਲੋਂ ਨਾਤਾ ਤੋੜਣ ਤੋਂ ਬਾਅਦ ਪਿੰਡ ਗਿੱਲ ਕਲਾਂ ਦੇ ਗੁਰਦੁਆਰਾ ਪਾਤਸ਼ਾਹੀ ਛੇਵੀਂ ਵਿਖੇ ਪਾਰਟੀ ਮੀਟਿੰਗ 'ਚ ਮਨਪ੍ਰੀਤ ਸਿੰਘ ਬਾਦਲ ਤੇ ਕੋਰ ਕਮੇਟੀ 'ਤੇ ਤਿੱਖੀਆਂ ਟਿੱਪਣੀਆਂ ਕੀਤੀਆਂ ਤਾਂ ਲੋਕ ਭੜਕ ਉੱਠੇ। ਇਸ ਦੌਰਾਨ ਮਾਹੌਲ ਕਾਫੀ ਤਣਾਅਪੂਰਨ ਬਣ ਗਿਆ।

ਲੋਕਾਂ ਦਾ ਰੋਹ ਵੇਖ ਕੇ ਚਰਨਜੀਤ ਸਿੰਘ ਨੇ ਉਥੋਂ ਖਿਸਕਣਾ ਹੀ ਬਿਹਤਰ ਸਮਝਿਆ। ਜ਼ਿਕਰਯੋਗ ਹੈ ਕਿ ਸ. ਬਰਾੜ ਨੇ ਮੋਬਾਈਲ ਸੰਦੇਸ਼ ਰਾਹੀਂ ਪੀਪਲਜ਼ ਪਾਰਟੀ ਦੇ ਸਰਗਰਮ ਵਰਕਰਾਂ ਦੀ ਹੰਗਾਮੀ ਮੀਟਿੰਗ ਉਕਤ ਧਾਰਮਿਕ ਸਥਾਨ 'ਤੇ ਬੁਲਾਈ ਸੀ।ਜਿਸ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਮਨਪ੍ਰੀਤ ਸਿੰਘ ਬਾਦਲ ਵੱਲੋਂ ਗਠਤ ਕੀਤੀ ਪੀਪਲਜ਼ ਪਾਰਟੀ ਦੀ ਕੋਰ ਕਮੇਟੀ 'ਤੇ ਟਿੱਪਣੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਸ. ਬਰਾੜ ਦੇ ਮੂੰਹੋਂ ਮਨਪ੍ਰੀਤ ਸਿੰਘ ਬਾਦਲ ਖ਼ਿਲਾਫ ਟਿੱਪਣੀਆਂ ਪੀਪਲਜ਼ ਪਾਰਟੀ ਦੇ ਵਰਕਰਾਂ ਦੇ ਹਜ਼ਮ ਨਹੀਂ ਹੋਈਆਂ ਤੇ ਉਹ ਸ. ਬਰਾੜ ਖ਼ਿਲਾਫ਼ ਭੜਕ ਉੱਠੇ। ਪਿੰਡ ਕਰਾੜਵਾਲਾ ਦੇ ਪੀਪਲਜ਼ ਪਾਰਟੀ ਦੇ ਯੂਥ ਆਗੂ ਜਸਕਰਨ ਸਿੰਘ ਕਰਾੜਵਾਲਾ ਤੇ ਮਲਕੀਤ ਸਿੰਘ ਮਾਸਟਰ ਨੇ ਦੱਸਿਆ ਕਿ ਮੀਟਿੰਗ 'ਚ ਇਲਾਕੇ ਤੇ ਲਾਗਲੇ ਜ਼ਿਲ੍ਹਾ ਬਰਨਾਲਾ ਦੇ ਪਿੰਡਾਂ 'ਚੋਂ ਪੁੱਜੇ 150 ਦੇ ਕਰੀਬ ਪਾਰਟੀ ਵਰਕਰਾਂ ਨੇ ਸ. ਬਰਾੜ ਨੂੰ ਸੁਆਲ ਕੀਤੇ ਕਿ ਕੁਝ ਸਮਾਂ ਪਹਿਲਾਂ ਉਹ ਪੀਪਲਜ਼ ਪਾਰਟੀ ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹਦੇ ਸਨ ਹੁਣ ਏਨੀ ਛੇਤੀ ਪਾਰਟੀ ਕਿਵੇਂ ਮਾੜੀ ਹੋ ਗਈ। ਵਰਕਰਾਂ ਦੇ ਵਧਦੇ ਰੋਹ ਨੂੰ ਵੇਖਦਿਆਂ ਸ. ਬਰਾੜ ਨੇ ਉਥੋਂ ਖਿਸਕਣਾ ਹੀ ਬੇਹਤਰ ਸਮਝਿਆ।

**ਚਰਨਜੀਤ ਬਰਾੜ ਵੱਲੋਂ ਪਾਰਟੀ ਨੂੰ ਅਲਵਿਦਾ**



ਸ. ਬਰਾੜ ਨੇ ਮਨਪ੍ਰੀਤ 'ਤੇ ਪਾਰਟੀ ਅੰਦਰ ਪਰਿਵਾਰਵਾਦ ਨੂੰ ਪ੍ਰਫੁੱਲਤ ਕਰਨ ਤੇ ਚਾਪਲੂਸਾਂ ਦੀ ਜੁੰਡਲੀ ਵਿਚ ਘਿਰਨ ਦੇ ਦੋਸ਼ ਲਾਏ।

ਦਿਲਚਸਪ ਤੱਥ ਇਹ ਹੈ ਕਿ ਮਨਪ੍ਰੀਤ ਸਿੰਘ ਬਾਦਲ ਨੇ ਪਾਰਟੀ ਛੱਡਣ ਲੱਗਿਆਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਪੱਤਰ ਲਿਖ ਕੇ ਜਿਸ ਤਰ੍ਹਾਂ ਦੀ ਭਾਸ਼ਾ ਵਰਤੀ ਸੀ ਉਸੇ ਤਰੀਕੇ ਨਾਲ ਚਰਨਜੀਤ ਸਿੰਘ ਬਰਾੜ ਨੇ ਸਾਬਕਾ ਵਿੱਤ ਮੰਤਰੀ ਨੂੰ ਪੱਤਰ ਲਿਖਿਆ ਹੈ। ਰਾਜਸੀ ਹਲਕਿਆਂ ਵਿਚ ਮਨਪ੍ਰੀਤ ਬਾਦਲ ਦੇ ਇਸ ਸਾਥੀ ਬਾਰੇ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋਣ ਦੀਆਂ ਅਫਵਾਹਾਂ ਹਨ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਤੋਂ ਅਲਹਿਦਾ ਹੋਣ ਤੋਂ ਬਾਅਦ ਮਨਪ੍ਰੀਤ ਸਿੰਘ ਬਾਦਲ ਨੇ ਲੋਕਾਂ ਦੇ ਸਾਹਮਣੇ ਜੋ ਏਜੰਡਾ ਰੱਖਿਆ ਤੇ ਦਰਬਾਰ ਸਾਹਿਬ ਅੰਮ੍ਰਿਤਸਰ ਪਹੁੰਚ ਕੇ ਜੋ ਐਲਾਨ ਕੀਤੇ, ਉਨ੍ਹਾਂ ਤੋਂ ਹੁਣ ਪੂਰੀ ਤਰ੍ਹਾਂ ਮੂੰਹ ਫੇਰ ਲਿਆ ਹੈ ਤੇ ਹਰ ਸੋਮਵਾਰ ਨੂੰ ਹੋਣ ਵਾਲੀ ਕੋਰ ਕਮੇਟੀ ਦੀ ਮੀਟਿੰਗ ਵਿਚ ਸਿਰਫ ਤਿੰਨ ਜਣਿਆਂ ਨੂੰ ਛੱਡ ਕੇ ਬਾਕੀ ਸਾਰੇ ਰਿਸ਼ਤੇਦਾਰ ਹੀ ਹਨ।

ਸ. ਬਰਾੜ ਨੇ ਕਿਹਾ ਕਿ ਕੀ ਹੋਰ ਕੋਈ ਵੀ ਕਾਬਲ ਲੀਡਰ ਕੋਰ ਕਮੇਟੀ ਦੇ ਯੋਗ ਨਹੀਂ ਸੀ। ਕੋਰ ਕਮੇਟੀ ਵਿਚ ਰਿਸ਼ਤੇਦਾਰਾਂ ਦੀ ਜੁੰਡਲੀ ਕਾਰਨ ਕੱਦਾਵਾਰ ਨੇਤਾ ਸੰਤ ਅਜੀਤ ਸਿੰਘ, ਚਰਨਜੀਤ ਸਿੰਘ ਚੰਨੀ, ਮਨਜਿੰਦਰ ਸਿੰਘ ਕੰਗ ਤਿੰਨੋਂ ਵਿਧਾਇਕ ਤੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਸਾਥ ਛੱਡ ਕੇ ਚਲੇ ਗਏ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਆਗੂਆਂ ਨੂੰ ਵਾਪਸ ਲਿਆਉਣ ਜਾਂ ਗੱਲਬਾਤ ਕਰਨ ਦਾ ਕੋਈ ਉਪਰਾਲਾ ਨਹੀਂ ਕੀਤਾ ਗਿਆ।

# ਬ੍ਰਹਮਪੁਰਾ ਦੇ ਰਿਸ਼ਤੇਦਾਰ ਨੂੰ ਹਾਈ ਕੋਰਟ ਵੱਲੋਂ ਨੋਟਿਸ

**ਤਰਨਤਾਰਨ:** ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਰਣਜੀਤ ਸਿੰਘ ਬ੍ਰਹਮਪੁਰਾ ਦੇ ਨਜ਼ਦੀਕੀ ਰਿਸ਼ਤੇਦਾਰ ਵਿਰੁੱਧ ਦਰਜ ਬਲਾਤਕਾਰ ਦੇ ਕੇਸ ਵਿਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਗ੍ਰਹਿ ਸਕੱਤਰ, ਪੰਜਾਬ ਸਰਕਾਰ, ਐਸ.ਐਸ.ਪੀ., ਥਾਣਾ ਸਿਟੀ ਦੇ ਐਸ.ਐਚ.ਓ. ਤੇ ਮੁਲਜ਼ਮ ਨੂੰ 17 ਅਗਸਤ ਨੂੰ ਅਦਾਲਤ ਵਿਚ ਪੇਸ਼ ਹੋਣ ਦੇ ਹੁਕਮ ਕਰ ਦਿੱਤੇ। ਹਾਈ ਕੋਰਟ ਵੱਲੋਂ ਇਸ ਦਿਨ ਇਹ ਕੇਸ ਪੰਜਾਬ ਤੋਂ ਬਾਹਰ ਕਿਸੇ ਅਦਾਲਤ ਵਿਚ ਤਬਦੀਲ ਕਰਨ ਬਾਰੇ ਸੁਣਵਾਈ ਕੀਤੀ ਜਾਵੇਗੀ।

ਇਸ ਮਾਮਲੇ ਵਿਚ ਮੰਤਰੀ ਦੇ ਰਿਸ਼ਤੇਦਾਰ ਸਤਨਾਮ ਸਿੰਘ ਕਾਹਲਵਾਂ (ਸਾਬਕਾ ਸਰਪੰਚ ਕਾਹਲਵਾਂ) ਤੇ ਪ੍ਰਧਾਨ ਗੁਰਦੁਆਰਾ ਪੰਜਵੀਂ ਪਾਤਸ਼ਾਹੀ, ਚੋਹਲਾ ਸਾਹਿਬ ਤੇ ਪੀੜਤ ਦੀ ਨਾਨੀ ਗੁਰਜੀਤ ਕੌਰ ਖ਼ਿਲਾਫ਼ ਥਾਣਾ ਸਿਟੀ ਵਿਖੇ ਆਈ.ਪੀ.ਸੀ. ਦੀ 376, 506 ਤੇ 120ਬੀ ਅਧੀਨ ਕੇਸ ਦਰਜ ਕੀਤਾ ਗਿਆ ਹੈ। ਪੀੜਤ ਦੀ ਮਾਂ ਸੁਖਪ੍ਰੀਤ ਕੌਰ ਨੇ ਇਸ ਬਾਰੇ 5 ਜੁਲਾਈ ਨੂੰ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਇਹ ਕੇਸ ਪੰਜਾਬ ਤੋਂ ਬਾਹਰ ਤਬਦੀਲ ਕਰਨ ਦੀ ਬੇਨਤੀ ਕੀਤੀ ਸੀ।

ਇਸ ਬੇਨਤੀ ਦੇ ਆਧਾਰ 'ਤੇ ਹਾਈ ਕੋਰਟ ਵੱਲੋਂ ਭੇਜੇ ਸੰਮਨ ਐਸ.ਐਚ.ਓ. ਸਿਟੀ ਤੇ ਐਸ.ਐਸ.ਪੀ. ਨੂੰ ਨੋਟ ਕਰਵਾਏ ਗਏ। ਦੋਵਾਂ ਅਧਿਕਾਰੀਆਂ ਵੱਲੋਂ ਸੰਮਨ ਮਿਲਣ ਦੀ ਪੁਸ਼ਟੀ ਵੀ ਕੀਤੀ ਗਈ ਹੈ। ਸੁਖਪ੍ਰੀਤ ਕੌਰ ਨੇ ਅਦਾਲਤ



ਨੂੰ ਬੇਨਤੀ ਕੀਤੀ ਹੈ ਕਿ ਮੁਲਜ਼ਮ ਦੀ ਸਰਕਾਰ ਤੱਕ ਪਹੁੰਚ ਹੋਣ ਕਾਰਨ ਉਸ ਨੂੰ ਨਿਆਂ ਮਿਲਣ ਦੀ ਉਮੀਦ ਨਹੀਂ ਹੈ ਇਸ ਕਰਕੇ ਇਹ ਕੇਸ ਪੰਜਾਬ ਤੋਂ ਬਾਹਰ ਤਬਦੀਲ ਕੀਤਾ ਜਾਣਾ ਚਾਹੀਦਾ ਹੈ। ਇਸ ਕੇਸ ਦੀ ਸੁਣਵਾਈ ਦੀ ਅਗਲੀ ਤਰੀਕ 17 ਅਗਸਤ ਪਾਈ ਗਈ। ਇਸ ਮਾਮਲੇ ਬਾਰੇ ਪੁਲੀਸ ਨੇ ਅਜੇ ਤੱਕ ਕਿਸੇ ਮੁਲਜ਼ਮ ਨੂੰ ਗ੍ਰਿਫਤਾਰ ਨਹੀਂ ਕੀਤਾ। ਮਾਮਲੇ ਦਾ ਦਿਲਚਸਪ ਪਹਿਲੂ ਇਹ ਹੈ ਕਿ ਸ਼ਿਕਾਇਤਕਰਤਾ ਸੁਖਪ੍ਰੀਤ ਕੌਰ ਨੇ ਇਸ ਕੇਸ ਨੂੰ ਧੜੇਬੰਦੀ ਦਾ ਨਤੀਜਾ ਦੱਸਦਿਆਂ ਪੜਤਾਲੀਆ ਅਫਸਰ ਐਸ.ਪੀ. (ਅਪਰੇਸ਼ਨ) ਤੇਜਿੰਦਰ ਸਿੰਘ ਨੂੰ ਇਸ ਮਾਮਲੇ ਨੂੰ ਅੱਗੇ ਨਾ ਤੋਰਨ ਦੀ ਲਿਖਤੀ ਬੇਨਤੀ ਵੀ ਕੀਤੀ ਹੈ।

# ਸ਼੍ਰੋਮਣੀ ਕਮੇਟੀ ਚੋਣਾਂ 'ਚ ਤਿਕੋਣੀ ਟੱਕਰ ਹੋਣ ਦਾ ਆਸਾਰ

**ਅੰਮ੍ਰਿਤਸਰ:** ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ 18 ਸਤੰਬਰ ਨੂੰ ਹੋਣ ਵਾਲੀਆਂ ਚੋਣਾਂ ਵਿਚ ਇਸ ਵਾਰ ਵਧੇਰੇ ਹਲਕਿਆਂ ਵਿਚ ਤਿਕੋਣੇ ਮੁਕਾਬਲੇ ਹੋਣ ਦੇ ਆਸਾਰ ਬਣ ਗਏ ਹਨ। ਚਾਰ ਅਗਸਤ ਨੂੰ ਆਰੰਭ ਹੋ ਰਹੀਆਂ ਨਾਮਜ਼ਦਗੀਆਂ ਦੀ ਪ੍ਰਕਿਰਿਆ ਦਾ ਦਿਨ ਜਿਵੇਂ-ਜਿਵੇਂ ਨੇੜੇ ਆ ਰਿਹਾ ਹੈ, ਚੋਣ ਸਰਗਰਮੀਆਂ ਵੀ ਤੇਜ਼ ਹੋਣ ਲੱਗ ਪਈਆਂ ਹਨ। ਸ਼ੋਮਣੀ ਅਕਾਲੀ ਦਲ ਵੱਲੋਂ ਜਿਥੇ ਜੇਤੂ ਉਮੀਦਵਾਰਾਂ ਦੀ ਭਾਲ ਲਈ ਪ੍ਰਕਿਰਿਆ ਸ਼ੁਰੂ ਕੀਤੀ ਜਾ ਰਹੀ ਹੈ, ਉੱਥੇ ਵਿਰੋਧੀ ਧਿਰਾਂ ਵੱਲੋਂ ਆਪਸੀ ਗੱਠਜੋੜ ਨੂੰ ਨੇਪਰੇ ਚਾੜ੍ਹਨ ਲਈ ਜ਼ੋਰ ਲਾਇਆ ਜਾ ਰਿਹਾ ਹੈ ਤਾਂ ਜੋ ਜਲਦੀ ਉਮੀਦਵਾਰਾਂ ਦਾ ਐਲਾਨ ਕੀਤਾ ਜਾ ਸਕੇ। ਵੱਖ-ਵੱਖ ਅਕਾਲੀ ਦਲਾਂ ਵੱਲੋਂ ਬੀਤੇ ਦਿਨ ਚੰਡੀਗੜ੍ਹ ਵਿਖੇ ਨਵਾਂ ਪੰਥਕ ਮੋਰਚਾ ਬਣਾਉਣ ਦਾ ਐਲਾਨ ਕੀਤਾ ਗਿਆ ਹੈ ਪਰ ਇਸ ਪੰਥਕ ਮੋਰਚੇ ਵਿੱਚੋਂ ਇਸ ਵੇਲੇ ਸ਼ੋਮਣੀ ਅਕਾਲੀ ਦਲ ਅੰਮ੍ਰਿਤਸਰ, ਆਲ ਇੰਡੀਆ ਸ਼ੋਮਣੀ ਅਕਾਲੀ ਦਲ ਤੇ ਫੈਡਰੇਸ਼ਨ ਪੀਰ ਮੁਹੰਮਦ ਮਨਫੀ ਹੈ।

ਸ਼ੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਆਪਣੇ ਬਲਬੂਤੇ 'ਤੇ ਚੋਣਾਂ ਲੜਨ ਦੀ ਤਿਆਰੀ ਕੀਤੀ ਜਾ ਰਹੀ ਹੈ। ਉਸ ਵੱਲੋਂ ਆਪਣੇ 112 ਉਮੀਦਵਾਰਾਂ ਦੀ ਚੋਣ ਵੀ ਕਰ ਲਈ ਗਈ ਹੈ ਜਿਸਦੇ ਸਿੱਟੇ ਵਜੋਂ ਮੌਜੂਦਾ ਹਾਲਾਤ ਅਨੁਸਾਰ ਇਸ ਵੇਲੇ ਵਧੇਰੇ ਹਲਕਿਆਂ ਵਿਚ ਤਿਕੋਣੇ ਮੁਕਾਬਲੇ ਹੋਣ ਦੇ ਆਸਾਰ ਬਣ ਗਏ ਹਨ। ਇਹ ਤਿਕੋਣਾ ਮੁਕਾਬਲਾ ਸ਼ੋਮਣੀ ਅਕਾਲੀ ਦਲ, ਨਵਾਂ ਪੰਥਕ ਮੋਰਚਾ ਤੇ ਸ਼ੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਉਮੀਦਵਾਰਾਂ ਵਿਚਾਲੇ ਹੋਵੇਗਾ।

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਆਖਿਆ ਕਿ ਉਨ੍ਹਾਂ ਦੀ ਜਥੇਬੰਦੀ ਖਾਲਿਸਤਾਨ ਤੇ ਸ਼ੋਮਣੀ ਕਮੇਟੀ ਵਿਚ ਸਾਫ ਸੁਥਰਾ ਨਿਜ਼ਾਮ ਦੇਣ ਦੇ ਮੁੱਦੇ 'ਤੇ ਚੋਣ ਲੜੇਗੀ। ਉਨ੍ਹਾਂ ਦੱਸਿਆ ਕਿ ਜਥੇਬੰਦੀ ਵੱਲੋਂ ਆਪਣੇ 112 ਉਮੀਦਵਾਰਾਂ ਦੀ ਚੋਣ ਕਰ ਲਈ ਗਈ ਹੈ ਤੇ ਬਾਕੀ ਉਮੀਦਵਾਰਾਂ ਬਾਰੇ ਵੀ ਜਲਦੀ ਹੀ ਐਲਾਨ ਕਰ ਦਿੱਤਾ ਜਾਵੇਗਾ। ਹੋਰ ਅਕਾਲੀ ਦਲਾਂ ਨਾਲ ਗੱਠਜੋੜ ਬਾਰੇ ਗੱਲ ਕਰਦਿਆਂ ਸ. ਮਾਨ ਨੇ ਸਪੱਸ਼ਟ ਕੀਤਾ ਕਿ ਕਾਂਗਰਸ ਤੇ ਭਾਜਪਾ ਸਮਰਥਕ ਜਥੇਬੰਦੀਆਂ ਨੂੰ ਛੱਡ ਕੇ ਅਤੇ ਖਾਲਿਸਤਾਨ ਦੇ ਮੁੱਦੇ 'ਤੇ ਚੋਣ ਲੜਨ ਦੀਆਂ ਇਛੁੱਕ ਜਥੇਬੰਦੀਆਂ ਨਾਲ ਹੀ ਗੱਠਜੋੜ ਸੰਭਵ ਹੈ। ਜੇਕਰ ਕੋਈ ਇਸ ਵਿਚਾਰਧਾਰਾ ਨਾਲ ਸਹਿਮਤ ਜਥੇਬੰਦੀ ਹੈ ਤਾਂ ਉਸ ਦਾ ਉਹ ਸਵਾਗਤ ਕਰਨਗੇ।

ਇਸ ਦੌਰਾਨ ਇਹ ਵੀ ਜਾਣਕਾਰੀ ਮਿਲੀ ਹੈ ਕਿ ਚੰਡੀਗੜ੍ਹ ਵਿਖੇ ਨਵਾਂ ਪੰਥਕ ਮੋਰਚਾ ਬਣਾਉਣ ਸਮੇਂ ਹੋਈ ਇਕੱਤਰਤਾ ਵਿਚੋਂ ਫੈਡਰੇਸ਼ਨ ਪੀਰ ਮੁਹੰਮਦ ਨਾਲ ਸਬੰਧਤ ਪ੍ਰਤੀਨਿਧ ਇਕੱਤਰਤਾ ਵਿਚਾਲੇ ਹੀ ਛੱਡ ਕੇ ਚਲਾ ਗਿਆ ਸੀ। ਪੀਰ ਮੁਹੰਮਦ ਗਰੁੱਪ ਵੱਲੋਂ ਸ. ਸਰਨਾ ਦੇ ਖਿਲਾਫ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਮੰਗ ਪੱਤਰ ਵੀ ਦਿੱਤਾ ਗਿਆ ਹੈ ਜਿਸ ਰਾਹੀਂ ਉਨ੍ਹਾਂ ਸ. ਸਰਨਾ ਵੱਲੋਂ ਰਾਹੁਲ ਗਾਂਧੀ ਨੂੰ ਸਿਰੋਪਾਓ ਦੇਣ ਦੇ ਦੋਸ਼ ਹੇਠ ਕਾਰਵਾਈ ਦੀ ਮੰਗ ਕੀਤੀ। ਇਹ ਸੰਭਾਵਨਾ ਪ੍ਰਗਟਾਈ ਜਾ ਰਹੀ ਹੈ ਕਿ ਫੈਡਰੇਸ਼ਨ ਪੀਰ ਮੁਹੰਮਦ ਵੱਲੋਂ ਜਲਦੀ ਹੀ ਮਾਨ ਧੜੇ ਨਾਲ ਹੱਥ ਮਿਲਾਇਆ ਜਾਵੇਗਾ।

ਪੰਥਕ ਮੋਰਚੇ ਦੀ ਇਕੱਤਰਤਾ ਵਿਚ ਸ਼ਾਮਲ ਹੋਈਆਂ ਧਿਰਾਂ ਦੇ ਮੁੱਖ ਆਗੂ ਗ਼ੈਰ ਹਾਜ਼ਰ ਸਨ ਤੇ ਇਹ ਸਮਝੌਤਾ ਦੂਜੀ ਕਤਾਰ ਦੇ ਆਗੂਆਂ ਵਿਚਾਲੇ ਹੋਇਆ ਹੈ। ਇਕੱਤਰਤਾ ਵਿਚ ਜਥੇਬੰਦੀ ਦਲ ਖਾਲਸਾ ਵੀ ਗ਼ੈਰ ਹਾਜ਼ਰ ਸੀ। ਪੰਥਕ ਹਲਕਿਆਂ 'ਚ ਇਸ ਨਵੇਂ ਮੋਰਚੇ ਨੂੰ ਬਿਨਾਂ ਮੁਖੀ ਵਾਲਾ ਮੋਰਚਾ ਤੇ ਕਾਹਲ ਕਦਮੀ ਵਿਚ ਕੀਤੀ ਇਕੱਤਰਤਾ ਦੱਸਿਆ ਜਾ ਰਿਹਾ ਹੈ। ਜਦੋਂਕਿ ਪਰਮਜੀਤ ਸਿੰਘ ਸਰਨਾ ਨੇ ਗੱਲ ਕਰਦਿਆਂ ਕਿਹਾ ਕਿ ਇਹ ਕਾਹਲੀ 'ਚ ਕੀਤੀ ਇਕੱਤਰਤਾ ਨਹੀਂ ਹੈ ਭਾਵੇਂ ਉਹ ਇਕੱਤਰਤਾ ਵਿਚ ਸ਼ਾਮਲ ਨਹੀਂ ਹੋਏ ਪਰ ਉਨ੍ਹਾਂ ਦੇ ਪ੍ਰਤੀਨਿਧਾ ਵੱਲੋਂ ਕੀਤਾ ਗਿਆ ਫੈਸਲਾ ਆਪਸੀ ਇਕਜੁੱਟਤਾ ਲਈ ਇਕ ਸ਼ੁਭ ਸੰਕੇਤ ਹੈ। ਉਨ੍ਹਾਂ ਦੱਸਿਆ ਕਿ ਜਲਦੀ ਹੀ ਪੰਥਕ ਮੋਰਚੇ ਦਾ ਕਨਵੀਨਰ ਦਾ ਐਲਾਨ ਵੀ ਕਰ ਦਿੱਤਾ ਜਾਵੇਗਾ। ਉਨ੍ਹਾਂ ਸਿਮਰਨਜੀਤ ਸਿੰਘ ਮਾਨ ਨੂੰ ਸੁਝਾਅ ਦਿੱਤਾ ਹੈ ਕਿ ਜਿਥੇ ਉਨ੍ਹਾਂ ਕੋਲ ਮਜ਼ਬੂਤ ਉਮੀਦਵਾਰ ਨਹੀਂ ਹੈ, ਉਥੇ ਉਹ ਪੰਥਕ ਮੋਰਚੇ ਦੇ ਉਮੀਦਵਾਰਾਂ ਦਾ ਸਮਰਥਨ ਕਰਨ ਤਾਂ ਜੋ ਹਾਕਮ ਧਿਰ ਨੂੰ ਸਖ਼ਤ ਮੁਕਾਬਲਾ ਦਿੱਤਾ ਜਾ ਸਕੇ। ਇਸ ਦੌਰਾਨ ਦਲ ਖਾਲਸਾ ਦੇ ਕੰਵਰਪਾਲ ਸਿੰਘ ਨੇ ਸੁਝਾਅ ਦਿੱਤਾ ਕਿ ਗਰਮ ਖਿਆਲੀ ਤੇ ਨਰਮ ਖਿਆਲੀ ਜਥੇਬੰਦੀਆਂ ਵਿਚ ਸੀਟ ਵੰਡ ਨੀਤੀ ਨੂੰ ਅਪਣਾ ਕੇ ਇਹ ਚੋਣਾਂ ਵਿੱਚ ਹਾਕਮ ਧਿਰ ਦੇ ਉਮੀਦਵਾਰ ਦੇ ਸਾਹਮਣੇ ਇਕ ਉਮੀਦਵਾਰ ਖੜਾ ਕਰਕੇ ਸਖ਼ਤ ਮੁਕਾਬਲਾ ਦਿੱਤਾ ਜਾ ਸਕੇ।





## ਗੁਰਦੁਆਰਾ ਸੈਨ ਹੋਜ਼ੇ 'ਚ ਗੁਰਮਤਿ ਕੈਂਪ

**ਸੈਨ ਹੋਜ਼ੇ (ਬਿਊਰੋ):** ਇਥੇ ਗੁਰਦੁਆਰਾ ਸੈਨ ਹੋਜ਼ੇ ਵਿਚ ਨੌਜਵਾਨ ਸਿੱਖ ਪੀੜ੍ਹੀ ਦਾ ਇਕ ਗੁਰਮਤਿ ਕੈਂਪ "ਖੋਜ" 24 ਜੁਲਾਈ ਨੂੰ ਲਾਇਆ ਗਿਆ ਜਿਸ ਵਿਚ ਸੌ ਤੋਂ ਵੱਧ ਨੌਜਵਾਨ ਬੱਚਿਆਂ ਨੇ ਹਿੱਸਾ ਲੈ ਕੇ ਗੁਰਮਤਿ ਗਿਆਨ ਹਾਸਲ ਕੀਤਾ। ਇਹ ਤੀਜਾ ਖੋਜ ਕੈਂਪ ਸੀ।

ਗੁਰਮਤਿ ਕੈਂਪ ਦਾ ਅਰੰਭ ਸਵੇਰੇ 6 ਵਜੇ ਨਿੱਤਨੇਮ ਅਤੇ ਕੀਰਤਨ ਨਾਲ ਹੋਇਆ ਜਿਸ ਉਪਰੰਤ ਸਰੀ, ਕੈਨੇਡਾ ਤੋਂ ਆਏ ਭਾਈ ਜਗਦੀਸ਼ ਸਿੰਘ ਅਤੇ ਐਲ ਸਬਰਾਂਟੇ ਤੋਂ ਆਏ ਬੀਬੀ ਜਸਦੀਪ ਕੌਰ ਨੇ ਗੁਰਮਤਿ ਬਾਰੇ ਲੈਕਚਰ ਦਿੱਤਾ। ਗੁਰਦੁਆਰਾ ਕਮੇਟੀ ਦੀ ਤਰਫੋਂ ਭਾਈ ਸੁਖਦੇਵ ਸਿੰਘ ਬੈਣੀਵਾਲ ਨੇ ਕੈਂਪ ਦੇ ਆਯੋਜਕਾਂ ਅਤੇ ਬੁਲਾਰਿਆਂ ਦਾ ਧੰਨਵਾਦ ਕੀਤਾ। ਗੁਰਦੁਆਰਾ ਕਮੇਟੀ ਵਲੋਂ ਭਾਈ ਜਗਦੀਸ਼ ਸਿੰਘ, ਬੀਬੀ ਜਸਦੀਪ ਕੌਰ ਅਤੇ ਭਾਈ ਹਰਵਿੰਦਰ ਸਿੰਘ ਨੂੰ ਗੁਰੂ ਘਰ ਦੀ ਤਰਫੋਂ ਸਿਰੋਪਾਓ ਦੀ ਬਖਸ਼ਿਸ਼ ਕੀਤੀ ਗਈ।






Ph:510-415-7700, 800-498-3626, 408-480-4500
S&S Satellite System - e-mail: sns_satellite@yahoo.com

Requires additional International package for $10/mo. or any America's top package. Digital Home Advantage plan requires 24-month agreement and credit qualification. Cancellation fee of $17.50/month remaining applies if service is terminated before end of agreement. American programming credits apply during first 12 months. All equipment is leased and must be returned to DISH Network upon cancellation or unreturned equipment fees apply. Limit 6 leased tuners per account; upfront and monthly fees may apply based on type and number of receivers. HD programming requires HD television. Prices, packages and programming subject to change without notice. Offer available for new and qualified former customers, and subject to terms of applicable Promotional and Residential Customer agreements. Additional restrictions may apply. Offer ends 1/31/12.

**Punjab Insurance Agency**
7212 Florin Mall Dr., Sacramento, CA, (CA Lic. 0C53799)
Ph: 916-391-7447, 916-391-7553, Fax: 916-391-7337

**ਹੁਣ ਅਸੀਂ ਟਰੱਕਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ**

**ਇਮੀਗਰੇਸ਼ਨ ਸੇਵਾਵਾਂ:**

ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, ਐਫੀਡੈਵਿਟ ਆਫ ਸੁਪੋਰਟ, ਰਿਸ਼ਤੇਦਾਰਾਂ ਦੀ ਪਟੀਸ਼ਨ, ਰੀ-ਐਂਟਰੀ ਪਰਮਿਟ।
ਵੀਜ਼ਾ, ਪਾਸਪੋਰਟ: ਦੋਹਰੀ ਨਾਗਰਿਕਤਾ, ਪਾਵਰ ਆਫ ਅਟਾਰਨੀ, ਪਾਸਪੋਰਟ ਸੁਰੈਂਡਰ ਅਤੇ ਰੀਨਾਊਂਸੀਏਸ਼ਨ।

*Family Petitions, Re-Entry, Affidavit of Support, Citizenship, Green Card, Work Permit, OCI , Visa & Passport Services.*

**ਇੰਸ਼ੋਰੈਂਸ ਸੇਵਾਵਾਂ**

- Trucker Insurance and IFTA Filing.
- Liquor Store, Mini-Mart, Grocery Store
- Restaurant, Motel/Hotel
- Gas Station and Garage Coverage
- Ice Cream Vehicle & General Liability
- E&O and Professional Liability
- Apartment Complexes and Office Buildings
- Home, Auto and Flood Insurance, One day events.
- We work with several major insurance companies to find you best coverage and rates.

ਟਰੱਕ ਇੰਸ਼ੋਰੈਂਸ, ਸਟੋਰ, ਲਿੱਕਰ ਸਟੋਰ, ਗੈਸ ਸਟੇਸ਼ਨ, ਕਾਰਾਂ ਤੇ ਘਰਾਂ, ਆਈਸ ਕਰੀਮ ਟਰੱਕ ਵਗੈਰਾ

**Notary Public, Live Certificate, Translation**

ਅਸੀਂ ਅੰਗਰੇਜ਼ੀ, ਹਿੰਦੀ, ਪੰਜਾਬੀ ਅਤੇ ਉਰਦੂ ਬੋਲਦੇ ਹਾਂ।
ਇੰਸ਼ੋਰੈਂਸ ਦੀ ਕੋਟੇਸ਼ਨ ਲੈਣ ਜਾਂ ਮੌਜੂਦਾ ਇੰਸ਼ੋਰੈਂਟ ਪਾਲਿਸੀ ਦੇ ਮੁਲੰਕਣ ਲਈ ਸਾਡੇ ਪਾਸ ਆਓ ਜਾਂ ਕਾਲ ਕਰੋ।

*ਸਾਨੂੰ ਇੰਸ਼ੋਰੈਂਸ ਲਾਈਨ ਵਿਚ 10 ਸਾਲ ਤੋਂ ਵੱਧ ਦਾ ਤਜ਼ਰਬਾ ਹੈ*
*ਸਾਡਾ ਦਫਤਰ ਪੁਰਾਣੇ DMV ਪਲਾਜ਼ੇ ਵਿਚ ਹੈ*

ਮਨਜੀਤ ਸਿੰਘ 916-391-7447
ਸਜਵੀਰ ਸਿੰਘ 916-391-7553

ਪੰਜਾਬ ਟਾਈਮਜ਼

ਸਨਿਚਰਵਾਰ, 6 ਅਗਸਤ 2011

## ਧਾਰਮਿਕ ਸੰਸਥਾ ਦਾ ਸਿਆਸੀ ਦੰਗਲ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦੇ ਐਲਾਨ ਨਾਲ ਪੰਜਾਬ ਦੇ ਸਿਆਸੀ ਪਿੜ ਵਿਚ ਇਕਦਮ ਤਬਦੀਲੀ ਦਾ ਢੋਲ ਵੱਜ ਉੱਠਿਆ ਹੈ। ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਤਾਂ ਹੁਣ ਅਗਲੇ ਸਾਲ ਆ ਰਹੀਆਂ ਵਿਧਾਨ ਸਭ ਚੋਣਾਂ ਦੀਆਂ ਤਿਆਰੀਆਂ ਲਈ ਅੱਡੀ-ਚੋਟੀ ਦਾ ਜ਼ੋਰ ਲਾ ਰਿਹਾ ਸੀ ਅਤੇ ਮੁੱਖ ਵਿਰੋਧੀ ਧਿਰ ਕਾਂਗਰਸ ਨੇ ਵੀ ਸਿਆਸੀ ਸਰਗਰਮੀਆਂ ਵਿਚ ਤੇਜ਼ੀ ਲੈ ਆਂਦੀ ਸੀ ਪਰ ਸ਼੍ਰੋਮਣੀ ਕਮੇਟੀ ਚੋਣਾਂ ਦੇ ਅਚਾਨਕ ਐਲਾਨ ਨਾਲ ਸਿਆਸੀ ਪਿੜ ਹੋਰ ਭਖ ਗਿਆ ਹੈ ਅਤੇ ਨਵੀਂ ਸਫਬੰਦੀ ਸ਼ੁਰੂ ਹੋ ਗਈ ਹੈ। ਪਹਿਲਾਂ ਕਾਂਗਰਸੀਆਂ ਦੀ ਗਿਣਤੀ-ਮਿਣਤੀ ਸ਼੍ਰੋਮਣੀ ਕਮੇਟੀ ਚੋਣਾਂ ਵਿਧਾਨ ਸਭਾ ਚੋਣਾਂ ਤੱਕ ਟਾਲਣ ਦੀ ਸੀ। ਕਾਰਨ ਸਿਰਫ ਇਕ ਹੀ ਸੀ ਕਿ ਇਨ੍ਹਾਂ ਚੋਣਾਂ ਵਿਚ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਨੇ ਜਿਵੇਂ-ਕਿਵੇਂ ਫਿਰ ਜਿੱਤ ਜਾਣਾ ਹੈ ਅਤੇ ਇਨ੍ਹਾਂ ਚੋਣ ਨਤੀਜਿਆਂ ਦਾ ਅਸਰ ਵਿਧਾਨ ਸਭਾ ਚੋਣਾਂ 'ਤੇ ਪੈਣਾ ਲਾਜ਼ਮੀ ਹੈ। ਇਸੇ ਕਰਕੇ ਹੀ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਭ ਯਤਨਾਂ ਦੇ ਬਾਵਜੂਦ ਕੇਂਦਰ ਸਰਕਾਰ ਨੇ ਸ਼੍ਰੋਮਣੀ ਕਮੇਟੀ ਚੋਣਾਂ ਕਰਵਾਉਣ ਲਈ ਕੋਈ ਲੜ-ਪੱਲਾ ਨਹੀਂ ਸੀ ਫੜਾਇਆ। ਹੁਣ ਜਦੋਂ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਦੇ ਮੱਦੇਨਜ਼ਰ ਸੱਤਾਧਾਰੀ ਅਕਾਲੀ ਦਲ ਨੇ ਗਰਾਂਟਾਂ ਵੰਡਣ ਦੀ ਨ੍ਹੇਰੀ ਜਿਹੀ ਲਿਆਂਦੀ ਅਤੇ ਵੱਡੇ ਪੱਧਰ ਉਤੇ ਸਰਕਾਰੀ ਇਸ਼ਤਿਹਾਰਾਂ ਦੀ ਛਪਾਈ ਦਾ ਕੰਮ ਵੀ ਤੇਜ਼ੀ ਨਾਲ ਹੋਣ ਲੱਗਾ ਤਾਂ ਕੇਂਦਰੀ ਸ਼ਾਸਕਾਂ ਨੇ ਰਾਤੋ-ਰਾਤ ਸ਼੍ਰੋਮਣੀ ਕਮੇਟੀ ਚੋਣਾਂ ਦਾ ਐਲਾਨ ਕਰਕੇ ਅਕਾਲੀ ਦਲ ਦੀ ਇਸ ਲੋਕ-ਲੁਭਾਊ ਮੁਹਿੰਮ ਨੂੰ ਡੱਕ ਦਿੱਤਾ ਹੈ। ਚੋਣਾਂ ਦਾ ਐਲਾਨ ਹੋਣ ਨਾਲ ਚੋਣ ਜ਼ਾਬਤਾ ਤੁਰੰਤ ਲਾਗੂ ਹੋਣ ਨਾਲ ਸਰਕਾਰ ਨੂੰ ਇਹ ਮੁਹਿੰਮ ਰੋਕਣੀ ਪੈ ਗਈ ਹੈ। ਇਸ ਸਾਰੇ ਅਮਲ ਦਾ ਪੰਜਾਬ ਨੂੰ ਇਹ ਫਾਇਦਾ ਹੋਇਆ ਹੈ ਕਿ ਗਰਾਂਟਾਂ ਵੰਡਣ ਅਤੇ ਇਸ਼ਤਿਹਾਰਾਂ 'ਤੇ ਰੋੜ੍ਹੇ ਜਾਣ ਵਾਲੇ ਸਰਕਾਰੀ ਖਜ਼ਾਨੇ ਦੀ ਇਕ ਵਾਰ ਤਾਂ ਬੱਚਤ ਹੋ ਗਈ ਹੈ।

ਐਤਕੀਂ ਇਹ ਚੋਣਾਂ ਪਹਿਲਾਂ ਵਾਲੀਆਂ ਚੋਣਾਂ ਨਾਲੋਂ ਦਿਲਚਸਪ ਹੋਣਗੀਆਂ ਕਿਉਂਕਿ ਸੱਤਾਧਾਰੀ ਅਕਾਲੀ ਦਲ ਨੂੰ ਪਿਛਲੇ ਕੁਝ ਸਮੇਂ ਤੋਂ ਲਗਾਤਾਰ ਵੰਗਾਰ ਰਹੀਆਂ ਪੰਥਕ ਧਿਰਾਂ ਆਪਸੀ ਏਕਾ ਕਰਨ ਵਿਚ ਕਾਮਯਾਬ ਰਹੀਆਂ ਹਨ। ਇਨ੍ਹਾਂ ਧਿਰਾਂ ਨੇ ਚੋਣਾਂ ਲਈ 'ਪੰਥਕ ਮੋਰਚਾ' ਕਾਇਮ ਕਰ ਲਿਆ ਹੈ। ਇਸ ਪੰਥਕ ਮੋਰਚੇ 'ਚ ਅਕਾਲੀ ਦਲ (ਦਿੱਲੀ), ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ), ਅਕਾਲੀ ਦਲ (1920), ਅਕਾਲੀ ਦਲ (ਲੌਂਗੋਵਾਲ), ਖਾਲਸਾ ਐਕਸ਼ਨ ਕਮੇਟੀ, ਸੁਤੰਤਰ ਯੂਥ ਅਕਾਲੀ ਦਲ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਤਿੰਨਾਂ ਧੜਿਆਂ ਤੋਂ ਇਲਾਵਾ ਹਰਿਆਣਾ ਦੇ ਸਿੱਖ ਆਗੂ ਦੀਦਾਰ ਸਿੰਘ ਨਲਵੀ ਅਤੇ ਜਗਦੀਸ਼ ਸਿੰਘ ਝੀਂਡਾ ਆਣ ਰਲੇ ਹਨ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੂੰ ਵੀ ਨਾਲ ਰਲਾਉਣ ਲਈ ਯਤਨ ਕੀਤੇ ਗਏ। ਹੁਣ ਇਸ ਗੱਲ ਨੇ ਚੋਣ ਨਤੀਜੇ ਤੈਅ ਕਰਨੇ ਹਨ ਕਿ ਇਸ ਮੋਰਚੇ ਵਿਚ ਸ਼ਾਮਿਲ ਧਿਰਾਂ, ਸੱਤਾਧਾਰੀ ਧਿਰ ਨੂੰ ਕਿਸ ਪੱਧਰ ਦੀ ਟੱਕਰ ਦਿੰਦੀਆਂ ਹਨ। ਇਸ ਮੋਰਚੇ ਵਿਚ ਸ਼ਾਮਲ ਧਿਰਾਂ ਦਾ ਅਕਾਲੀ ਅਤੇ ਪੰਜਾਬ ਦੀ ਸਿਆਸਤ ਵਿਚ ਆਪੋ-ਆਪਣਾ ਏਜੰਡਾ ਹੈ ਪਰ ਇਨ੍ਹਾਂ ਦਾ ਸਾਂਝਾ ਅਤੇ ਫੌਰੀ ਨਿਸ਼ਾਨਾ ਸੱਤਾਧਾਰੀ ਅਕਾਲੀ ਦਲ ਨੂੰ ਖਦੇੜਨਾ ਹੀ ਹੈ। ਪਿਛਲੇ ਸਮੇਂ ਦੌਰਾਨ ਇਹ ਸਾਰੀਆਂ ਧਿਰਾਂ ਬਾਦਲਾਂ ਦੇ ਬੁਣੇ ਮੱਕੜ-ਜਾਲ ਨੂੰ ਕੱਟਣ-ਵੱਢਣ ਵਿਚ ਨਾਕਾਮ ਹੀ ਰਹੀਆਂ ਹਨ। ਦਰਅਸਲ ਸੱਤਾਧਾਰੀ ਅਕਾਲੀ ਦਲ ਨੇ ਸ੍ਰੀ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਨੂੰ ਆਪਣੇ ਸਿਆਸੀ ਹਿਤਾਂ ਲਈ ਇਸ ਢੰਗ ਨਾਲ ਵਰਤਿਆ ਹੈ ਅਤੇ ਇਸ ਪਿੜ ਵਿਚ ਇੰਨੀ ਪੈਂਠ ਪਾ ਲਈ ਹੈ ਕਿ ਕੋਈ ਵੀ ਧਿਰ ਇਸ ਦੇ ਨੇੜੇ-ਤੇੜੇ ਪੁੱਜਣ ਵਿਚ ਵੀ ਨਾਕਾਮ ਰਹੀ ਹੈ। ਉਂਝ, ਸ੍ਰੀ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਵੱਲ ਪਹੁੰਚ ਬਾਰੇ ਪੰਥਕ ਮੋਰਚੇ ਵਿਚ ਸ਼ਾਮਿਲ ਧਿਰਾਂ ਦਾ ਵਿਚਾਰ ਅਤੇ ਵਿਹਾਰ ਵੀ ਕੋਈ ਬਹੁਤਾ ਵੱਖਰਾ ਨਹੀਂ ਹੈ। ਰਤਾ ਕੁ ਗਹਿਰਾਈ ਵਿਚ ਜਾ ਕੇ ਘੋਖਿਆ ਜਾਵੇ ਤਾਂ ਸੂਹ ਮਿਲਦੀ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ, ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਆਪਸੀ ਰਾਬਤਾ ਹੁਣ ਸੌੜੀ ਸਿਆਸਤ ਦੀ ਭੇਟ ਚੜ੍ਹ ਚੁੱਕਾ ਹੈ। ਇਹ ਰਾਬਤਾ ਹੁਣ ਨਫੇ ਦੀ ਥਾਂ ਨੁਕਸਾਨ ਵੱਧ ਕਰ ਰਿਹਾ ਹੈ। ਸ੍ਰੀ ਅਕਾਲ ਤਖਤ ਸਾਹਿਬ, ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਆਪੋ-ਆਪਣਾ ਕਿਰਦਾਰ, ਕਾਰਜ ਵਿਧੀ ਅਤੇ ਕਾਰਜ ਖੇਤਰ ਹੈ। ਆਪੋ-ਆਪਣੇ ਖੇਤਰ ਵਿਚ ਇਹ ਸੰਸਥਾਵਾਂ ਡਟ ਕੇ ਰੋਲ ਨਿਭਾਉਣ ਤਾਂ ਸੌੜੀ ਸਿਆਸਤ ਕਾਰਨ ਹੋ ਰਹੇ ਨੁਕਸਾਨ ਨੂੰ ਕਿਸੇ ਹੱਦ ਤੱਕ ਠੱਲ੍ਹਿਆ ਜਾ ਸਕਦਾ ਹੈ। ਬਿਨਾ ਸ਼ੱਕ, ਸ੍ਰੀ ਅਕਾਲ ਤਖਤ ਸਾਹਿਬ ਸਰਬਉੱਚ ਹੈ। ਹੁਣ ਸਵਾਲ ਇਸ ਸਰਬਉੱਚਤਾ ਦੀ ਬਹਾਲੀ ਦਾ ਹੈ।

ਤਕਰੀਬਨ ਡੇਢ ਦਹਾਕਾ ਪਹਿਲਾਂ ਇਕ ਗੈਰ-ਸਰਕਾਰੀ ਸੰਸਥਾ ਦੀ ਚਿੱਠੀ ਦੇ ਆਧਾਰ 'ਤੇ ਸ੍ਰੀ ਅਕਾਲ ਤਖਤ ਸਾਹਿਬ ਨੇ ਭਰੂਣ ਹੱਤਿਆ ਖਿਲਾਫ ਹੁਕਮਨਾਮਾ ਜਾਰੀ ਕੀਤਾ ਸੀ ਪਰ ਅਜੇ ਤੱਕ ਇਸ ਸਮਾਜਕ ਬੁਰਾਈ ਨੂੰ ਜੜ੍ਹੋਂ ਨਹੀਂ ਪੁੱਟਿਆ ਜਾ ਸਕਿਆ। ਇਸੇ ਤਰ੍ਹਾਂ ਹੁਣ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੇ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਸਾਰੀਆਂ ਧਿਰਾਂ ਨੂੰ ਨਸ਼ੇ ਵਰਤਣ ਤੋਂ ਵਰਜਿਆ ਹੈ। ਜਥੇਦਾਰ ਨੇ ਕਿਹਾ ਹੈ ਕਿ ਜੇ ਉਨ੍ਹਾਂ ਕੋਲ ਇਸ ਬਾਰੇ ਕੋਈ ਸ਼ਿਕਾਇਤ ਆਈ ਤਾਂ ਉਹ ਬਾਕਾਇਦਾ ਕਾਰਵਾਈ ਕਰਨਗੇ। ਜਿਸ ਤਰ੍ਹਾਂ ਦਾ ਹੁਣ ਸਿਆਸੀ ਦਾਬਾ ਹੈ, ਉਸ ਤੋਂ ਜਾਪਦਾ ਹੈ ਕਿ ਜਥੇਦਾਰ ਦਾ ਬਿਆਨ ਕਿਤੇ ਬਿਆਨ ਹੀ ਨਾ ਰਹਿ ਜਾਵੇ। ਇਸ ਲਈ ਚਾਹੀਦਾ ਇਹ ਹੈ ਕਿ ਇਨ੍ਹਾਂ ਚੋਣਾਂ ਵਿਚ ਨਸ਼ਿਆਂ ਦੀ ਵਰਤੋਂ ਡੱਕਣ ਲਈ ਜਥੇਦਾਰ ਵੱਲੋਂ ਬਾਕਾਇਦਾ ਟਾਸਕ ਫੋਰਸ ਬਣਾਈ ਜਾਵੇ ਜੋ ਚੋਣਾਂ ਦੌਰਾਨ ਨਸ਼ੇ ਵਰਤਾਉਣ ਵਾਲਿਆਂ 'ਤੇ ਨਜ਼ਰ ਰੱਖੇ। ਇਸ ਕਦਮ ਨਾਲ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬਉੱਚਤਾ ਨੂੰ ਅਮਲ ਵਿਚ ਲਿਆਉਣ ਦਾ ਰਾਹ ਵੀ ਮੋਕਲਾ ਹੋਵੇਗਾ। ਇਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੀ ਕਾਰਗੁਜ਼ਾਰੀ ਦੀ ਪੜਚੋਲ ਕਰਨ ਲਈ ਰਾਸਤਾ ਵੀ ਖੁੱਲ੍ਹੂਗਾ। ਹਰਿਆਣਾ ਲਈ ਵੱਖਰੀ ਕਮੇਟੀ ਅਤੇ ਅਜਿਹੇ ਹੋਰ ਮੁੱਦੇ ਉੱਠਣ ਦਾ ਕਾਰਨ ਇਹੀ ਹੈ ਕਿ ਗੁਰਦੁਆਰਿਆਂ ਦੇ ਸਹੀ ਪ੍ਰਬੰਧਾਂ ਲਈ ਹੋਂਦ ਵਿਚ ਆਈ ਇਹ ਸਿਰਮੌਰ ਸੰਸਥਾ, ਲੀਡਰਾਂ ਦੇ ਸੌੜੇ ਹਿਤਾਂ ਕਾਰਨ ਆਪਣੇ ਫਰਜ਼ਾਂ ਤੋਂ ਕੋਤਾਹੀ ਕਰ ਗਈ ਹੈ। ਹੁਣ ਰਲ ਕੇ ਇਸ ਨੂੰ ਲੀਹ 'ਤੇ ਪਾਉਣ ਲਈ ਹੰਭਲਾ ਵੱਜਣਾ ਚਾਹੀਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼


### ਸ਼੍ਰੋਮਣੀ ਕਮੇਟੀ ਚੋਣਾਂ ਦਾ ਬਿਗਲ!

ਇਕੋ ਟੱਬਰ ਹੱਥ ਕੁੰਜੀਆਂ ਸੌਂਪਣੇ ਲਈ, ਯਾਰ ਜੁੰਡੀ ਦੇ ਤਿਆਰ-ਬਰ-ਤਿਆਰ ਹੋਏ।
ਦੋਹੀਂ ਹੱਥੀਂ ਹੀ ਲੁੱਟ ਮਚਾਈ ਜਿਨ੍ਹਾਂ, ਮੁੜ ਕੇ ਉਨ੍ਹਾਂ ਨੂੰ ਸਾਰੇ ਅਖਤਿਆਰ ਹੋਏ।
ਰਹਿ ਗਏ ਏਕਤਾ ਬਿਨਾ ਹੀ ਕੌਮ ਦਰਦੀ, ਆਪੋ ਵਿਚੀਂ ਹੀ ਕਰਦੇ ਤਕਰਾਰ ਹੋਏ।
ਕਿੱਦਾਂ ਖੋਹੀਏ ਮਸੰਦਾਂ ਤੋਂ ਗੁਰਦੁਆਰੇ, ਸਿੱਖ ਪੰਥ ਦੇ ਚਿਹਰੇ ਲਾਚਾਰ ਹੋਏ।
ਭਾਈ ਲਾਲੋ ਇਹ ਦੇਖ ਹੈਰਾਨ ਹੋਇਆ, ਹਰ ਥਾਂ ਭਾਗੋਆਂ ਦੀ ਜੈ ਜੈ ਕਾਰ ਹੋਏ!
ਕਬਜ਼ਾ ਗੋਲਕਾਂ ਵਾਲਾ ਹਥਿਆਉਣ ਲਈ, ਸਿਆਸਤਦਾਨ ਫਿਰ ਪੱਬਾਂ ਭਾਰ ਹੋਏ!!

# ਦੇਸ਼ ਦੀ ਆਰਥਿਕਤਾ ਨੂੰ ਪਾਲ ਰਹੇ ਨੇ ਪਰਵਾਸੀ ਭਾਰਤੀ

*ਪੰਜਾਬ ਅਤੇ ਕੇਰਲ ਵਰਗੇ ਸੂਬਿਆਂ ਦਾ ਅਰਥਚਾਰਾ ਹੌਲੀ-ਹੌਲੀ ਆਪਣੇ ਉਨ੍ਹਾਂ ਲੋਕਾਂ ਵੱਲੋਂ ਭੇਜੀ ਜਾਂਦੀ ਪੂੰਜੀ 'ਤੇ ਨਿਰਭਰ ਕਰਨ ਲੱਗਾ ਹੈ ਜੋ ਵਿਦੇਸ਼ਾਂ ਵਿਚ ਕੰਮ ਕਰਦੇ ਹਨ। ਇਨ੍ਹਾਂ ਦੋਵਾਂ ਸੂਬਿਆਂ ਦਾ ਸ਼ਾਇਦ ਹੀ ਕੋਈ ਅਜਿਹਾ ਪਰਿਵਾਰ ਹੋਵੇ ਜਿਸ ਨਾਲ ਸਬੰਧਿਤ ਕੋਈ ਬੰਦਾ ਯੂਰਪ, ਅਮਰੀਕਾ, ਕੈਨੇਡਾ ਜਾਂ ਖਾੜੀ ਦੇ ਦੇਸ਼ਾਂ ਵਿਚ ਨਾ ਗਿਆ ਹੋਵੇ।... ਪੰਜਾਬ ਵਿਚ ਰੁਜ਼ਗਾਰ ਦੇ ਚੰਗੇ ਵਸੀਲੇ ਕਿਉਂਕਿ ਪੈਦਾ ਨਹੀਂ ਕੀਤੇ ਜਾ ਰਹੇ, ਇਸ ਲਈ ਵਿਦੇਸ਼ ਜਾਣ ਦੀ ਵੱਡੀ ਦੌੜ ਲੱਗੀ ਹੋਈ ਹੈ। ਏਜੰਟਾਂ ਵੱਲੋਂ ਬਹੁਤ ਸਾਰਿਆਂ ਨਾਲ ਧੋਖਾਧੜੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਇਸ ਵਰਤਾਰੇ ਨੂੰ ਕਬੂਤਰਬਾਜ਼ੀ ਕਿਹਾ ਜਾਣ ਲੱਗਾ ਹੈ। ਵਾਰ-ਵਾਰ ਵਾਅਦੇ ਕਰਨ ਦੇ ਬਾਵਜੂਦ ਪੰਜਾਬ ਸਰਕਾਰ ਕੋਈ ਅਜਿਹਾ ਚੰਗਾ ਢਾਂਚਾ ਮੁਹੱਈਆ ਕਰਾਉਣ ਵਿਚ ਅਸਫਲ ਰਹੀ ਹੈ ਜੋ ਉਨ੍ਹਾਂ ਲੋਕਾਂ ਦੇ ਹਿਤਾਂ ਦਾ ਖਿਆਲ ਕਰ ਸਕੇ ਜੋ ਵਿਦੇਸ਼ ਵਿੱਦਿਆ ਲਈ, ਕੰਮ ਲਈ ਅਤੇ ਆਪਣੇ ਰਿਸ਼ਤੇਦਾਰਾਂ ਨਾਲ ਵਸਣ ਲਈ ਬਾਹਰ ਜਾਣਾ ਚਾਹੁੰਦੇ ਹਨ। ਹਰ ਰੋਜ਼ ਅਖ਼ਬਾਰਾਂ ਵਿਚ ਏਜੰਟਾਂ ਅਤੇ ਹੋਰ ਅਨਸਰਾਂ ਵੱਲੋਂ ਕੀਤੀਆਂ ਜਾਂਦੀਆਂ ਧੋਖਾਧੜੀਆਂ ਦੀਆਂ ਖ਼ਬਰਾਂ ਛਪਦੀਆਂ ਹਨ।*

ਸਾਨੂੰ ਉਨ੍ਹਾਂ 2.7 ਕਰੋੜ ਪਰਵਾਸੀ ਭਾਰਤੀਆਂ ਦੇ ਮਸ਼ਕੂਰ ਹੋਣਾ ਚਾਹੀਦਾ ਹੈ ਜਿਨ੍ਹਾਂ ਨੇ ਸਾਡੇ ਦੇਸ਼ ਦੇ ਅਰਥਚਾਰੇ ਵਿਚ ਪਿਛਲੇ ਵਰ੍ਹੇ 55 ਬਿਲੀਅਨ ਡਾਲਰ ਦਾ ਯੋਗਦਾਨ ਪਾਇਆ। ਇਸ ਵਰ੍ਹੇ ਅਸੀਂ ਇਸ ਤੋਂ ਵੀ ਵੱਧ ਯੋਗਦਾਨ ਦੀ ਉਨ੍ਹਾਂ ਤੋਂ ਆਸ ਕਰ ਸਕਦੇ ਹਾਂ। ਜਿਥੋਂ ਤੱਕ ਵਿਦੇਸ਼ਾਂ ਤੋਂ ਆਉਂਦੀ ਪੂੰਜੀ ਦਾ



■ ਗੋਬਿੰਦ ਠੁਕਰਾਲ

ਸਬੰਧ ਹੈ, ਇਨ੍ਹਾਂ ਪਰਵਾਸੀ ਲੋਕਾਂ ਜੋ 190 ਦੇਸ਼ਾਂ ਵਿਚ ਫੈਲੇ ਹੋਏ ਹਨ, ਨੇ ਭਾਰਤ ਨੂੰ ਪਹਿਲੀ ਥਾਂ ਦਿਵਾਈ ਹੈ। ਚੀਨ ਜੋ ਪਹਿਲਾਂ ਇਸ ਪੱਖੋਂ ਪਹਿਲੀ ਥਾਂ 'ਤੇ ਸੀ, ਹੁਣ ਦੂਜੀ ਥਾਂ 'ਤੇ ਆ ਗਿਆ ਹੈ। ਸੰਸਾਰ ਬੈਂਕ ਦੇ ਅੰਕੜੇ ਇਸ ਮਾਮਲੇ ਵਿਚ ਹੋਏ ਨਾਟਕੀ ਵਾਧੇ ਦੇ ਗਵਾਹ ਹਨ। ਉਸ ਮੁਤਾਬਿਕ ਪਿਛਲੇ ਅੱਠ ਸਾਲਾਂ ਵਿਚ ਬਾਹਰਲੇ ਦੇਸ਼ਾਂ ਵਿਚ ਵਸੇ ਭਾਰਤੀਆਂ ਵੱਲੋਂ ਵਾਪਸ ਭੇਜੀ ਗਈ ਰਕਮ ਵਿਚ 162 ਫ਼ੀਸਦੀ ਦਾ ਵਾਧਾ ਹੋਇਆ ਹੈ। 2003 ਵਿਚ ਪਰਵਾਸੀ ਭਾਰਤੀਆਂ ਨੇ ਤਕਰੀਬਨ 21 ਬਿਲੀਅਨ ਡਾਲਰ ਭਾਰਤ ਭੇਜੇ ਹਨ। 2010 ਵਿਚ ਇਹ ਰਕਮ ਹੈਰਾਨੀਜਨਕ ਢੰਗ ਨਾਲ 55 ਬਿਲੀਅਨ ਡਾਲਰ ਰਹੀ ਹੈ। ਸੰਸਾਰ ਬੈਂਕ ਦੇ ਅੰਕੜੇ ਵੀ ਦਰਸਾਉਂਦੇ ਹਨ ਕਿ ਚੀਨ, ਮੈਕਸੀਕੋ, ਫਿਲਪਾਈਨਜ਼ ਅਤੇ ਫਰਾਂਸ ਇਸ ਮਾਮਲੇ ਵਿਚ ਭਾਰਤ ਤੋਂ ਪਿੱਛੇ ਰਹਿ ਗਏ ਹਨ।

**ਪੰਜਾਬੀਆਂ ਦਾ ਯੋਗਦਾਨ:** ਇਸ ਯੋਗਦਾਨ ਵਿਚ ਵੱਡੀ ਗਿਣਤੀ ਵਿਚ ਪੰਜਾਬੀਆਂ ਦਾ ਹਿੱਸਾ ਹੈ। ਇਥੋਂ ਦੇ ਬਹੁਤ ਸਾਰੇ ਪਰਿਵਾਰ ਇਸੇ ਪੂੰਜੀ ਦੇ ਸਹਾਰੇ ਜਿਉਂਦੇ ਹਨ। ਹੋਰ ਪੰਜਾਬੀ ਇਸੇ ਪੈਸੇ ਦੇ ਸਿਰ 'ਤੇ ਵੱਡੇ-ਵੱਡੇ ਵਿਆਹ ਸਮਾਗਮ ਰਚਾਉਣ, ਕੌਲ ਕਾਰਾਂ ਰੱਖਣ ਅਤੇ ਮਹਿੰਗੇ ਆਲੀਸ਼ਾਨ ਮਕਾਨ ਬਣਾਉਣ ਦੇ ਸਮਰੱਥ ਹੋ ਸਕੇ ਹਨ। ਗੱਲਾਂ ਦੀ ਗੱਲ ਇਹ ਹੈ ਕਿ ਵਿਦੇਸ਼ੋਂ ਭੇਜੀ ਜਾਂਦੀ ਇਸ ਪੂੰਜੀ ਨੇ ਰਾਜ ਦੇ ਅਰਥਚਾਰੇ ਨੂੰ ਭਰਵਾਂ ਹੁਲਾਰਾ ਦਿੱਤਾ ਹੈ। ਇਨ੍ਹਾਂ ਡਾਲਰਾਂ ਤੇ ਪੌਂਡਾਂ ਤੋਂ ਬਿਨਾਂ ਪੰਜਾਬ, ਪੰਜਾਬ ਨਹੀਂ ਹੋਵੇਗਾ ਪਰ ਕਈ ਵਾਰ ਵਿਦੇਸ਼ੋਂ ਆਈ ਇਸ ਪੂੰਜੀ ਦਾ ਸੱਭਿਆਚਾਰ 'ਤੇ ਪੈ ਰਿਹਾ ਅਸਰ, ਫਿਕਰ ਦਾ ਵਿਸ਼ਾ ਨਜ਼ਰ ਆਉਂਦਾ ਹੈ। ਚੋਣਾਂ ਹੋਣ ਤਾਂ ਇਹ ਪੈਸਾ ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਤੋਂ ਹਜ਼ਾਰਾਂ ਡਾਲਰਾਂ ਵਿਚ ਆਉਂਦਾ ਹੈ। ਕੁਝ ਸਿਆਸੀ ਆਗੂ ਫੰਡ ਇਕੱਠੇ ਕਰਨ ਅਤੇ ਸਿਆਸੀ ਲਾਹਾ ਲੈਣ ਲਈ ਕੈਨੇਡਾ ਅਤੇ ਅਮਰੀਕਾ ਦੇ ਦੌਰਿਆਂ 'ਤੇ ਜਾਂਦੇ ਹਨ।

ਸਾਡੀ ਕੇਂਦਰ ਅਤੇ ਸੂਬਾ ਸਰਕਾਰ ਖੁਸ਼ ਹੈ। ਪਰਵਾਸੀ ਮਾਮਲਿਆਂ ਬਾਰੇ ਮਹਿਕਮਾ ਇਸ ਯੋਗਦਾਨ 'ਤੇ ਫ਼ਖ਼ਰ ਮਹਿਸੂਸ ਕਰ ਰਿਹਾ ਹੈ। 2009 ਵਿਚ ਭਾਵੇਂ ਵਿਦੇਸ਼ੋਂ ਆਈ ਰਕਮ 2008 ਦੀ ਰਕਮ ਨਾਲੋਂ ਘੱਟ ਸੀ ਪਰ 2010 ਵਿਚ ਇਹ ਫਿਰ ਵਧ ਗਈ ਅਤੇ ਪਿਛਲੇ ਸਾਰੇ ਅੰਕੜੇ ਛੋਟੇ ਪਾ ਦਿੱਤੇ। ਇਸ ਰਕਮ ਵਿਚ ਹੋਇਆ ਵਾਧਾ ਇਹ ਸੰਕੇਤ ਕਰਦਾ ਹੈ ਕਿ ਪਰਵਾਸੀ ਭਾਰਤੀਆਂ ਦਾ ਅਮਰੀਕਾ ਦੇ ਮਾੜੀ ਹਾਲਤ ਵਾਲੇ ਬੈਂਕਾਂ ਨਾਲੋਂ ਭਾਰਤੀ ਬੈਂਕਾਂ ਵਿਚ ਭਰੋਸਾ ਜ਼ਿਆਦਾ ਹੈ। ਇਸ ਤੋਂ ਇਲਾਵਾ ਭਾਰਤ ਵਿਚ ਵਿਆਜ ਦਰ ਦੂਜੇ ਦੇਸ਼ਾਂ ਦੀ ਵਿਆਜ ਦਰ ਨਾਲੋਂ ਕਿਤੇ ਜ਼ਿਆਦਾ, ਭਾਵ ਚਾਰ ਤੋਂ ਪੰਜ ਗੁਣਾ ਜ਼ਿਆਦਾ ਹੈ। ਵਿਦੇਸ਼ਾਂ ਤੋਂ ਭਾਰਤੀਆਂ ਵੱਲੋਂ ਘਰੇਲੂ ਜਾਂ ਸਮਾਜਿਕ ਖਪਤ, ਜਾਇਦਾਦ, ਸਿਹਤ ਅਤੇ ਸਿੱਖਿਆ ਦੇ ਕੰਮਾਂ ਲਈ ਪੂੰਜੀ ਭੇਜੀ ਜਾਂਦੀ ਹੈ। ਇਸ ਦਾ ਬਹੁਤਾ ਹਿੱਸਾ ਸ਼ੁੱਧ ਪੂੰਜੀ ਹੈ ਜੋ ਸਥਾਨਕ ਅਰਥਚਾਰੇ ਦਾ ਕਾਫੀ ਵੱਡਾ ਹਿੱਸਾ ਬਣਦੀ ਹੈ ਅਤੇ ਪੂੰਜੀ ਦਾ ਇਕ ਹਿੱਸਾ ਹੀ ਬੈਂਕਾਂ ਵਿਚ ਜਮ੍ਹਾਂ ਹੁੰਦਾ ਹੈ।

ਪੰਜਾਬ ਅਤੇ ਕੇਰਲ ਵਰਗੇ ਸੂਬਿਆਂ ਦਾ ਅਰਥਚਾਰਾ ਹੌਲੀ-ਹੌਲੀ ਆਪਣੇ ਉਨ੍ਹਾਂ ਲੋਕਾਂ ਵੱਲੋਂ ਭੇਜੀ ਜਾਂਦੀ ਪੂੰਜੀ 'ਤੇ ਨਿਰਭਰ ਕਰਨ ਲੱਗਾ ਹੈ ਜੋ ਵਿਦੇਸ਼ਾਂ ਵਿਚ ਕੰਮ ਕਰਦੇ ਹਨ। ਇਨ੍ਹਾਂ ਦੋਵਾਂ ਸੂਬਿਆਂ ਦਾ ਸ਼ਾਇਦ ਹੀ ਕੋਈ ਅਜਿਹਾ ਪਰਿਵਾਰ ਹੋਵੇ ਜਿਸ ਨਾਲ ਸਬੰਧਿਤ ਕੋਈ ਬੰਦਾ ਯੂਰਪ, ਅਮਰੀਕਾ, ਕੈਨੇਡਾ ਜਾਂ ਖਾੜੀ ਦੇ ਦੇਸ਼ਾਂ ਵਿਚ ਨਾ ਗਿਆ ਹੋਵੇ। ਪੰਜਾਬੀਆਂ ਬਾਰੇ ਮਸ਼ਹੂਰ ਚੁਟਕਲਾ ਹੈ ਕਿ ਆਲੂਆਂ ਵਾਂਗ ਪੰਜਾਬੀ ਵੀ ਦੁਨੀਆ ਵਿਚ ਹਰ ਕਿਤੇ ਮਿਲ ਜਾਂਦੇ ਹਨ। ਆਲੂਆਂ ਤੋਂ ਬਿਨਾਂ ਕਿਤੇ ਵੀ ਸਬਜ਼ੀ ਅਧੂਰੀ ਮੰਨੀ ਜਾਂਦੀ ਹੈ। ਇਸ ਦਾ ਅਰਥ ਇਹ ਨਿਕਲਦਾ ਹੈ ਕਿ ਹਰ ਪਰਿਵਾਰ ਕੁਝ ਨਾ ਕੁਝ ਵਿਦੇਸ਼ ਦੀ ਪੂੰਜੀ ਹਾਸਲ ਕਰਦਾ ਹੈ ਜੋ ਕਈ ਢੰਗਾਂ ਨਾਲ ਖਰਚੀ ਜਾਂਦੀ ਹੈ। ਇਸ ਨਾਲ ਅਰਥਚਾਰੇ ਨੂੰ ਮਜ਼ਬੂਤੀ ਮਿਲਦੀ ਹੈ। ਬਹੁਤੀਆਂ ਵਿਦਿਅਕ ਸੰਸਥਾਵਾਂ ਵਿਚ ਪਰਵਾਸੀ ਵਿਦਿਆਰਥੀਆਂ ਲਈ ਸੀਟਾਂ ਵੀ ਰਾਖਵੀਆਂ ਹਨ। ਇਸ ਨਾਲ ਉਨ੍ਹਾਂ ਸੰਸਥਾਵਾਂ ਨੂੰ ਵੱਧ ਤੋਂ ਵੱਧ ਪੈਸਾ ਮਿਲਦਾ ਹੈ ਕਿਉਂਕਿ ਅਜਿਹੀ ਸੀਟ ਲਈ ਭਾਰੀ ਫੀਸ ਵਸੂਲੀ ਜਾਂਦੀ ਹੈ। ਇਸੇ ਤਰ੍ਹਾਂ ਮੈਡੀਕਲ ਸੰਸਥਾਵਾਂ ਪੈਸੇ ਬਟੋਰਦੀਆਂ ਹਨ।

**ਏਜੰਟਾਂ ਵੱਲੋਂ ਲੁੱਟ:** ਪੰਜਾਬ ਵਿਚ ਰੁਜ਼ਗਾਰ ਦੇ ਚੰਗੇ ਵਸੀਲੇ ਕਿਉਂਕਿ ਪੈਦਾ ਨਹੀਂ ਕੀਤੇ ਜਾ ਰਹੇ, ਇਸ ਲਈ ਇਥੇ ਵਿਦੇਸ਼ ਜਾਣ ਦੀ ਵੱਡੀ ਦੌੜ ਲੱਗੀ ਹੋਈ ਹੈ। ਏਜੰਟਾਂ ਵੱਲੋਂ ਬਹੁਤ ਸਾਰਿਆ ਨਾਲ ਧੋਖਾਧੜੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਇਸ ਵਰਤਾਰੇ ਨੂੰ ਕਬੂਤਰਬਾਜ਼ੀ ਕਿਹਾ ਜਾਣ ਲੱਗਾ ਹੈ। ਵਾਰ-ਵਾਰ ਵਾਅਦੇ ਕਰਨ ਦੇ ਬਾਵਜੂਦ ਪੰਜਾਬ ਸਰਕਾਰ ਕੋਈ ਅਜਿਹਾ ਚੰਗਾ ਢਾਂਚਾ ਮੁਹੱਈਆ ਕਰਾਉਣ ਵਿਚ ਅਸਫਲ ਰਹੀ ਹੈ ਜੋ ਉਨ੍ਹਾਂ ਲੋਕਾਂ ਦੇ ਹਿਤਾਂ ਦਾ ਖਿਆਲ ਕਰ ਸਕੇ ਜੋ ਵਿਦੇਸ਼ ਵਿੱਦਿਆ ਲਈ, ਕੰਮ ਲਈ ਅਤੇ ਆਪਣੇ ਰਿਸ਼ਤੇਦਾਰਾਂ ਨਾਲ ਵਸਣ ਲਈ ਬਾਹਰ ਜਾਣਾ ਚਾਹੁੰਦੇ ਹਨ। ਹਰ ਰੋਜ਼ ਅਖ਼ਬਾਰਾਂ ਵਿਚ ਏਜੰਟਾਂ ਅਤੇ ਹੋਰ ਅਨਸਰਾਂ ਵੱਲੋਂ ਕੀਤੀਆਂ ਜਾਂਦੀਆਂ ਧੋਖਾਧੜੀਆਂ ਦੀਆਂ ਖ਼ਬਰਾਂ ਛਪਦੀਆਂ ਹਨ। ਕਈ ਅਜਿਹੀਆਂ ਪੰਜਾਬਣਾਂ ਹਨ ਜਿਨ੍ਹਾਂ ਨੇ ਵਿਦੇਸ਼ ਵਿਚ ਵਸੇ ਲਾੜੇ ਨਾਲ ਵਿਆਹ ਕਰਵਾਇਆ ਪਰ ਉਹ ਆਪਣੇ-ਆਪ ਨੂੰ ਠੱਗਿਆ ਮਹਿਸੂਸ ਕਰ ਰਹੀਆਂ ਹਨ। ਪੰਜਾਬੀ ਸਮਾਜ ਨੂੰ ਇਸ ਬਦਲੇ ਵੱਡੀ ਕੀਮਤ ਤਾਰਨੀ ਪੈ ਰਹੀ ਹੈ। ਇਸ ਪਾਸੇ ਧਿਆਨ ਕੌਣ ਦੇਵੇਗਾ ਤੇ ਪੀੜਤਾਂ ਦੀ ਸਹਾਇਤਾ ਕੌਣ ਕਰੇਗਾ? ਇਸ ਵਰਤਾਰੇ ਵਿਚ ਹਾਂ-ਪੱਖੀ ਬਦਲਾਅ ਵੀ ਆਏ ਹਨ। ਅਜਿਹੇ ਪੜ੍ਹੇ-ਲਿਖੇ ਭਾਰਤੀ ਜੋ ਆਰਜ਼ੀ ਤੌਰ 'ਤੇ ਦੇਸ਼ ਤੋਂ ਬਾਹਰ ਕੰਮ ਕਰਨ ਲਈ ਗਏ ਹਨ, ਵੱਲੋਂ ਵਧੇਰੇ ਪੈਸੇ ਭੇਜੇ ਜਾ ਰਹੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਜਿਹੜੇ ਬਹੁਤ ਪਹਿਲਾਂ ਦੇਸ਼ ਛੱਡ ਕੇ ਅਮਰੀਕਾ ਤੇ ਕੈਨੇਡਾ ਗਏ ਅਤੇ ਜੋ ਉਥੇ ਵਧੀਆ ਢੰਗ ਨਾਲ ਵਸ ਗਏ, ਉਨ੍ਹਾਂ ਨੇ ਖਾਸ ਲੋੜ ਵਾਲੀ ਹਾਲਤ ਨੂੰ ਛੱਡ ਕੇ ਆਮ ਹਾਲਤ ਵਿਚ ਆਪਣੇ ਘਰ ਬਹੁਤਾ ਪੈਸਾ ਨਹੀਂ ਭੇਜਿਆ। ਪਹਿਲਾਂ ਜਿਹੜਾ ਪੈਸਾ ਭਾਰਤ ਭੇਜਿਆ ਜਾਂਦਾ ਸੀ, ਉਹ ਉਨ੍ਹਾਂ ਬਹੁਤਾ ਗਰੀਬ ਲੋਕਾਂ ਦਾ ਹੁੰਦਾ ਸੀ ਜੋ ਖਾੜੀ ਦੇ ਦੇਸ਼ਾਂ ਵਿਚ ਗਏ ਹੋਏ ਸਨ ਅਤੇ ਆਪਣੀ ਆਮਦਨ ਦਾ ਵੱਡਾ ਹਿੱਸਾ ਆਪਣੇ ਘਰ ਭੇਜਦੇ ਸਨ ਪਰ ਹੁਣ ਕੰਮ ਕਰਦੇ ਲੋਕ ਸੋਚ-ਸਮਝ ਕੇ ਪੈਸਾ ਭਾਰਤ ਭੇਜਦੇ ਹਨ। ਸਾਰਿਆਂ ਦਾ ਕਹਿਣਾ ਹੈ ਕਿ ਖਾੜੀ ਦੇ ਦੇਸ਼ਾਂ ਦਾ ਪੈਸਾ ਵੀ ਆਸਟਰੇਲੀਆ, ਫਿਲਪਾਈਨਜ਼, ਸਿੰਗਾਪੁਰ ਜਾਂ ਮਲੇਸ਼ੀਆ ਵਰਗੇ ਦੇਸ਼ਾਂ ਤੋਂ ਆਏ ਪੈਸੇ ਜਿੰਨਾ ਹੀ ਅਹਿਮ ਹੈ। ਵਿਦੇਸ਼ ਗਏ ਵੱਡੇ ਗਿਣਤੀ ਵਿਚ ਭਾਰਤੀ ਕਾਰੀਗਰ ਅਤੇ ਅਰਧ-ਕਾਰੀਗਰ ਹਨ।

**ਠੋਸ ਕਦਮਾਂ ਦੀ ਲੋੜ:** ਇਹੀ ਸਮਾਂ ਹੈ ਕਿ ਸਰਕਾਰ ਵੱਡੇ-ਵੱਡੇ ਪਰਵਾਸੀ ਸੰਮੇਲਨ ਕਰਾ ਕੇ ਜ਼ੁਬਾਨੀ ਜਮ੍ਹਾਂ ਖਰਚ ਕਰਨਾ ਬੰਦ ਕਰੇ ਤੇ ਇਨ੍ਹਾਂ ਪਰਵਾਸੀਆਂ ਦੀ ਸਹੀ ਅਰਥਾਂ ਵਿਚ ਮਦਦ ਕਰੇ। ਘੱਟੋ-ਘੱਟ ਸਾਡੇ ਵਿਦੇਸ਼ਾਂ ਵਿਚਲੇ ਸਫ਼ਾਰਤਖਾਨੇ ਇਨ੍ਹਾਂ ਲੋਕਾਂ ਨੂੰ ਤੰਗ-ਪ੍ਰੇਸ਼ਾਨ ਕਰਨਾ ਬੰਦ ਕਰਨ ਅਤੇ ਉਦੋਂ ਉਨ੍ਹਾਂ ਦੀ ਮਦਦ ਲਈ ਹੱਥ ਖੁੱਲ੍ਹੇ ਰੱਖਣ, ਜਦੋਂ ਉਹ ਆਪਣੀ ਸਰਜ਼ਮੀਨ ਦੀ ਯਾਤਰਾ ਕਰਨੀ ਚਾਹੁਣ। ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਵਿਚ ਭਾਰਤੀ ਸਫ਼ਾਰਤਖਾਨਿਆਂ ਦੇ ਬਾਹਰ ਲੱਗੀਆਂ ਲੰਮੀਆਂ ਕਤਾਰਾਂ ਉਨ੍ਹਾਂ ਲਈ ਬੇਇੱਜ਼ਤੀ ਭਰਿਆ ਤਜਰਬਾ ਹੁੰਦਾ ਹੈ। ਇਨ੍ਹਾਂ ਪਰਵਾਸੀਆਂ ਦੇ ਹਿਤਾਂ ਦੀ ਰਾਖੀ ਕਰਨ ਦੀ ਬੇਹੱਦ ਜ਼ਰੂਰਤ ਹੈ। ਪੰਜਾਬ ਨੇ ਇਸ ਲਈ ਵੱਖਰਾ ਮਹਿਕਮਾ ਬਣਾਇਆ ਹੈ ਪਰ ਇਸ ਦੀ ਕਾਰਗੁਜ਼ਾਰੀ ਆਸ ਨਾਲੋਂ ਕਿਤੇ ਘੱਟ ਰਹੀ ਹੈ। ਜਦੋਂ ਉਹ ਵਤਨ ਪਰਤਦੇ ਹਨ ਤਾਂ ਸਾਨੂੰ ਉਨ੍ਹਾਂ ਦੀ ਸਹਾਇਤਾ ਕਰਨ ਲਈ ਯੋਜਨਾਵਾਂ ਬਣਾਉਣੀਆਂ ਚਾਹੀਦੀਆਂ ਹਨ। ਉਨ੍ਹਾਂ ਨੂੰ ਇੰਜ ਮਹਿਸੂਸ ਨਹੀਂ ਹੋਣਾ ਚਾਹੀਦਾ ਕਿ ਉਹ ਠੱਗੇ ਗਏ ਹਨ। ਇਹ ਸਿਰਫ ਪੈਸਾ ਹੀ ਨਹੀਂ ਹੈ ਜੋ ਭਾਰਤ ਪਹੁੰਚ ਰਿਹਾ ਹੈ, ਭਾਰਤੀ ਵੀ ਵੱਡੀ ਗਿਣਤੀ ਵਿਚ ਵਾਪਸ ਆਉਂਦੇ ਹਨ। ਤਕਰੀਬਨ 8 ਲੱਖ ਭਾਰਤੀ ਹਰ ਸਾਲ ਵਲਾਇਤ ਜਾਂਦੇ ਹਨ, ਜਦੋਂ ਕਿ ਤਕਰੀਬਨ ਇਕ ਲੱਖ ਲੋਕ ਵਲਾਇਤ ਛੱਡ ਕੇ ਆਪਣੇ ਦੇਸ਼ ਪਰਤਦੇ ਹਨ। ਇਨ੍ਹਾਂ ਪਰਤਣ ਵਾਲੇ ਭਾਰਤੀਆਂ ਦੀ ਇਹ ਤਾਦਾਦ ਘੱਟ ਨਹੀਂ ਹੈ। ਆਓ, ਉਨ੍ਹਾਂ 'ਤੇ ਮਾਣ ਕਰੀਏ ਤੇ ਉਨ੍ਹਾਂ ਦੀ ਮਦਦ ਲਈ ਅੱਗੇ ਆਈਏ।



*20ਵੀ ਸਦੀ ਦੇ ਅਰੰਭ 'ਚ ਅਮਰੀਕਾ ਪੁੱਜੇ ਪੰਜਾਬੀ ਪਰਿਵਾਰ ਦੀ ਤਸਵੀਰ*

ਜਿਹੜੇ ਭਾਰਤੀ ਵਾਪਸ ਆਉਣਾ ਚਾਹੁੰਦੇ ਹਨ ਅਤੇ ਆਪਣੇ ਦੇਸ਼ ਵਿਚ ਸਨਅਤ ਲਾਉਣਾ ਚਾਹੁੰਦੇ ਹਨ ਜਾਂ ਕਾਰੋਬਾਰ ਖੋਲ੍ਹਣਾ ਚਾਹੁੰਦੇ ਹਨ ਜਾਂ ਫਿਰ ਨੌਕਰੀ ਕਰਨਾ ਚਾਹੁੰਦੇ ਹਨ, ਉਨ੍ਹਾਂ ਨੂੰ ਛੋਟੀਆਂ-ਛੋਟੀਆਂ ਗੱਲਾਂ 'ਤੇ ਗੁੱਸੇ ਵਿਚ ਨਹੀਂ ਆਉਣਾ ਚਾਹੀਦਾ। ਭ੍ਰਿਸ਼ਟਾਚਾਰ ਦੀ ਤਰ੍ਹਾਂ ਇਥੇ ਵੱਡੀ ਮਾਤਰਾ ਵਿਚ ਪ੍ਰਦੂਸ਼ਣ ਫੈਲਿਆ ਹੋਇਆ ਹੈ। ਉਨ੍ਹਾਂ ਨੂੰ ਇਨ੍ਹਾਂ ਵੰਗਾਰਾਂ ਨਾਲ ਨਜਿੱਠਣ ਦੇ ਸਮਰੱਥ ਹੋਣਾ ਚਾਹੀਦਾ ਹੈ। ਇਨ੍ਹਾਂ ਰੁਕਾਵਟਾਂ ਦੇ ਬਾਵਜੂਦ ਉਨ੍ਹਾਂ ਦੇ ਇਸ ਦੇਸ਼ ਵਿਚ ਠਹਿਰਨ ਦਾ ਇਕ ਕਾਰਨ ਇਹ ਹੈ ਕਿ ਉਹ ਭਾਰਤੀ ਅਰਥਚਾਰੇ ਦੀ ਉਸਾਰੀ ਕਰਨਾ ਚਾਹੁੰਦੇ ਹਨ ਤੇ ਉਨ੍ਹਾਂ ਵਿਚ ਆਪਣੇ ਜੱਦੀ ਵਤਨ ਵਿਚ ਰਹਿਣ ਦੀ ਤਾਂਘ ਹੈ।

# ਓਸਲੋ ਦਾ ਪਿਛੋਕੜ, ਸਾਮਰਾਜਵਾਦ ਅਤੇ ਜੰਗੀ ਮੁਹਿੰਮਾਂ

ਸਵਾਲ ਸੰਵਾਦ
ਦਲਜੀਤ ਅਮੀ
ਫੋਨ:+91-97811-21873



***ਓਸਲੋ ਦੀ ਘਟਨਾ ਤੋਂ ਬਾਅਦ ਪਹਿਲੀ ਵਾਰ ਇਸਾਈ ਅਤਿਵਾਦ ਦੀ ਚਰਚਾ ਚੱਲੀ ਹੈ। ਇਸ ਦਾ ਸਭ ਤੋਂ ਪਹਿਲਾ ਅਸਰ ਇਹ ਹੋਇਆ ਹੈ ਕਿ ਹੁਣ ਤੱਕ ਇਸਲਾਮ ਨੂੰ ਅਤਿਵਾਦ ਨਾਲ ਜੋੜਨ ਵਾਲੇ ਸ਼ਬਦਾਂ ਦੀ ਸੰਕੋਚਵੀਂ ਵਰਤੋਂ ਕਰਨ ਵਾਲਾ ਮੀਡੀਆ ਨਿਸ਼ੰਗ ਹੋ ਗਿਆ ਹੈ। ਹਾਸ਼ੀਏ ਵਿਚ ਇਸਾਈ ਅਤੇ ਯਹੂਦੀ ਬੁਨਿਆਦਪ੍ਰਸਤੀ ਦੀ ਗੱਲ ਕਰਕੇ ਇਸਲਾਮ ਉੱਤੇ ਚਾਂਦਮਾਰੀ ਕਰਨਾ ਸੁਖਾਲਾ ਹੋ ਗਿਆ ਹੈ। ਇਹ ਸਵਾਲ ਵਾਰ-ਵਾਰ ਪੁੱਛਿਆ ਜਾ ਰਿਹਾ ਹੈ ਕਿ ਓਸਲੋ ਦੀ ਵਾਰਦਾਤ ਨਾਲ ਕਟਿਹਰੇ ਵਿਚ ਕੌਣ ਖੜ੍ਹਿਆ ਹੈ? ਇਸਲਾਮ, ਜਾਂ ਯੂਰਪੀ ਮੁਲਕਾਂ ਦਾ ਨਸਲੀ ਵੰਨ-ਸਵੰਨਤਾ, ਜਮਹੂਰੀਅਤ ਅਤੇ ਅਮਨਪਸੰਦੀ ਦਾ ਦਾਅਵਾ? ਨਵ-ਨਾਜੀਵਾਦ ਇਸ ਵੇਲੇ ਉੱਤਰੀ ਅਮਰੀਕਾ ਅਤੇ ਯੂਰਪੀ ਵੱਲੋਂ ਵਿੱਢੀਆਂ ਜੰਗੀ ਮੁਹਿੰਮਾਂ ਦੇ ਪੱਖ ਵਿਚ ਭੁਗਤਦਾ ਹੈ। ਦੂਜੀ ਆਲਮੀ ਜੰਗ ਤੋਂ ਬਾਅਦ ਸਿਰ ਲੁਕੋ ਕੇ ਜਿਉਂ ਰਹੇ ਬੁਨਿਆਦਪ੍ਰਸਤਾਂ ਨੂੰ ਦੇਸ਼ਭਗਤੀ ਦਾ ਦਾਅਵਾ ਕਰਨ ਦਾ ਮੌਕਾ ਮਿਲ ਗਿਆ ਹੈ।***

ਓਸਲੋ ਵਿਚ ਹੋਈ ਅਤਿਵਾਦੀ ਵਾਰਦਾਤ ਨੇ ਮਸਲੇ ਦੀ ਪੇਚੀਦਗੀ ਅਤੇ ਭਿਆਨਕਤਾ ਨੂੰ ਉਘਾੜ ਕੇ ਪੇਸ਼ ਕਰ ਦਿੱਤਾ ਹੈ। ਮਕਤੂਲਾਂ ਦੀ ਗਿਣਤੀ ਅਤੇ ਕਾਤਲ ਦੀ ਦਰਿੰਦਗੀ ਨੇ ਹਰ ਦਰਦਮੰਦ ਨੂੰ ਦਹਿਲਾ ਦਿੱਤਾ ਹੈ। ਮੁਲਜ਼ਮ ਦੇ ਇਕਬਾਲੀਆ ਬਿਆਨ ਦੀਆਂ ਮੁਕਾਮੀ, ਕੌਮੀ ਅਤੇ ਕੌਮਾਂਤਰੀ ਤੰਦਾਂ ਖ਼ੌਫ਼ਜ਼ਦਾ ਕਰਨ ਵਾਲੀਆਂ ਹਨ। ਇਸ ਵਾਰਦਾਤ ਤੋਂ ਬਾਅਦ ਪਹਿਲਾ ਹੁੰਗਾਰਾ ਤਾਂ ਇਹੋ ਸੀ ਕਿ ਅਤਿਵਾਦ ਹੁਣ ਤੱਕ ਅਮਨਪਸੰਦ ਮੰਨੇ ਜਾਂਦੇ ਇਲਾਕਿਆਂ ਵਿਚ ਪੈਰ ਪਸਾਰਨ ਲੱਗਿਆ ਹੈ। ਨਾਰਵੇ ਵਿਚੋਂ ਬਿਆਨ ਆਏ ਕਿ ਦੂਜੀ ਆਲਮੀ ਜੰਗ ਤੋਂ ਬਾਅਦ ਇਸ ਮੁਲਕ ਵਿਚ ਅਜਿਹਾ ਕਤਲੇਆਮ ਪਹਿਲੀ ਵਾਰ ਵਾਪਰਿਆ ਹੈ। ਅਮਰੀਕਾ ਵੱਲੋਂ ਬਿਆਨ ਆਇਆ ਕਿ ਇਹ ਕਾਰਾ ਨਿੰਦਣਯੋਗ ਹੈ ਅਤੇ 'ਅਤਿਵਾਦ ਖ਼ਿਲਾਫ਼ ਜੰਗ' ਵਿਚ ਇਕਜੁੱਟਤਾ ਲਾਜ਼ਮੀ ਹੈ। ਹਮਲਾਵਰ ਅੰਦਰੇਸ ਬਹਿਰਿੰਗ ਬਰੈਕਵਿਕ ਨੇ ਆਪਣੀ ਕਾਰਵਾਈ ਦੇ ਸਬੱਬ ਦਾ ਐਲਾਨ ਕਰਦਿਆਂ ਲਿਖਿਆ ਹੈ ਕਿ ਉਹ ਯੂਰਪ ਨੂੰ ਦੋ ਅਹਿਮ ਖ਼ਦਸ਼ਿਆਂ ਤੋਂ ਆਗਾਹ ਕਰਵਾਉਣਾ ਚਾਹੁੰਦਾ ਹੈ। ਇਨ੍ਹਾਂ ਦੀ ਸ਼ਨਾਖ਼ਤ ਉਸ ਨੇ ਇਸਲਾਮ ਅਤੇ ਵੰਨ-ਸੁਵੰਨਤਾ ਪੱਖੀ ਮਾਰਕਸਵਾਦ ਦੇ ਰੂਪ ਵਿਚ ਕੀਤੀ ਹੈ। ਉਸ ਦਾ ਮੰਨਣਾ ਹੈ ਕਿ ਇਸਲਾਮ ਯੂਰਪ ਲਈ ਬਹੁਤ ਵੱਡਾ ਖ਼ਤਰਾ ਹੈ। ਮੁਸਲਮਾਨ ਪਰਵਾਸੀ ਹੌਲੀ-ਹੌਲੀ ਯੂਰਪ ਉੱਤੇ ਕਬਜ਼ਾ ਕਰ ਰਹੇ ਹਨ। ਉਸ ਨੇ ਯੂਰਪ ਵਿਚ ਆਉਣ ਵਾਲੇ ਪਰਵਾਸੀਆਂ ਉੱਤੇ ਸਵਾਲ ਕੀਤਾ ਹੈ। ਇਸਲਾਮ ਅਤੇ ਪਰਵਾਸੀਆਂ ਦੇ ਹਵਾਲੇ ਨਾਲ 'ਨਿਰੋਲ ਨਸਲ ਦੀ ਯੂਰਪੀ ਧਾਰਨਾ' ਦੇ ਪੈਂਤੜੇ ਤੋਂ ਅਜਿਹੇ ਸਵਾਲ ਲਗਾਤਾਰ ਪੁੱਛੇ ਜਾ ਰਹੇ ਹਨ।

ਓਸਲੋ ਦੀ ਵਾਰਦਾਤ ਤੋਂ ਬਾਅਦ ਦੋ ਤਰ੍ਹਾਂ ਦੀਆਂ ਟਿੱਪਣੀਆਂ ਸਾਹਮਣੇ ਆਈਆਂ। ਬੁਨਿਆਦੀ ਸ਼ੱਕ ਮੁਸਲਮਾਨਾਂ ਉੱਤੇ ਸੀ। ਜਦੋਂ ਗ਼ੈਰ-ਮੁਸਲਮਾਨ ਹਮਲਾਵਰ ਦੀ ਸ਼ਨਾਖ਼ਤ ਸਾਹਮਣੇ ਆਈ ਤਾਂ ਕੁਝ ਲੋਕਾਂ ਨੇ ਸੁੱਖ ਦਾ ਸਾਹ ਲਿਆ ਕਿ ਚੰਗਾ ਹੋਇਆ ਹਮਲਾਵਰ ਮੁਸਲਮਾਨ ਨਹੀਂ ਹੈ ਜਿਸ ਕਾਰਨ ਨਸਲੀ ਟਕਰਾਅ ਹੋਣ ਤੋਂ ਬਚਾਅ ਹੋ ਗਿਆ। ਆਪਣੀ ਸ਼ਨਾਖ਼ਤ ਨੂੰ ਨਸਲੀ ਵੰਨ-ਸਵੰਨਤਾ ਅਤੇ ਅਮਨਪਸੰਦੀ ਨਾਲ ਜੋੜ ਕੇ ਪੇਸ਼ ਕਰਨ ਵਾਲੇ ਨਾਰਵੇ ਵਿਚ ਇਹ ਸਵਾਲ ਕਿੱਥੋਂ ਆਏ? ਮੁਸਲਮਾਨਾਂ ਦੇ ਸ਼ੱਕ ਦੇ ਘੇਰੇ ਵਿਚ ਹੋਣ ਦੀ ਸੰਭਾਵਨਾ ਦਾ ਅੰਦਾਜ਼ਾ ਦੋਵਾਂ ਧਿਰਾਂ ਦੀਆਂ ਦਲੀਲਾਂ ਤੋਂ ਹੋ ਜਾਂਦਾ ਹੈ। ਬੁਨਿਆਦਪ੍ਰਸਤ ਇਸ ਨੂੰ ਹਊਆ ਬਣਾ ਕੇ ਪੇਸ਼ ਕਰ ਰਹੇ ਹਨ। ਦੂਜੀ ਧਿਰ ਇਸੇ ਮਸਲੇ ਨੂੰ ਸੁਹਿਰਦਤਾ ਨਾਲ ਨਜਿੱਠਣ ਦੀ ਦਲੀਲ ਦੇ ਕੇ ਇਸ ਦੀ ਅਹਿਮੀਅਤ ਉਘਾੜ ਰਹੀ ਹੈ। ਸਵਾਲ ਇਹ ਹੈ ਕਿ ਅਤਿਵਾਦ ਖ਼ਿਲਾਫ਼ ਜੰਗ ਦੇ ਦੌਰ 'ਇਸਲਾਮੀ ਖ਼ੌਫ਼' ਦਾ ਪ੍ਰਚਾਰ ਸਿਰਫ਼ ਜੰਗੀ ਮੁਹਿੰਮਾਂ ਵਿਚ ਸਰਗਰਮ ਹਿੱਸਾ ਲੈ ਰਹੇ ਮੁਲਕਾਂ ਤੱਕ ਹੀ ਮਹਿਦੂਦ ਨਹੀਂ ਹੈ। ਇਸਲਾਮ ਨੂੰ 'ਖ਼ੌਫ਼ਨਾਕ' ਵਿਚਾਰ ਅਤੇ ਜੀਵਨਸ਼ੈਲੀ ਵਜੋਂ ਪ੍ਰਚਾਰਨ ਲਈ ਸਮੁੱਚਾ ਮੁੱਖਧਾਰਾ ਮੀਡੀਆ ਸਰਗਰਮ ਹੈ। ਉੱਤਰੀ ਅਮਰੀਕੀ ਅਤੇ ਯੂਰਪੀ ਮੀਡੀਆ ਨੇ ਆਪਣੀ ਵਿਚਾਰਧਾਰਾ ਦੇ ਗੌਣ ਪ੍ਰਚਾਰ ਲਈ ਮੁਹਾਰਤ ਹਾਸਿਲ ਕੀਤੀ ਹੋਈ ਹੈ। ਨਤੀਜੇ ਵਜੋਂ ਨਫ਼ਰਤ ਦਾ ਜ਼ਾਹਿਰਾ ਧੁਰਾ ਭਾਵੇਂ ਅਤਿਵਾਦ ਦੁਆਲੇ ਘੁੰਮਦਾ ਹੈ ਪਰ ਬਾਤਨ ਪੱਖੋਂ ਇਸਲਾਮ ਦੀ ਸ਼ਨਾਖ਼ਤ ਖ਼ਤਰੇ ਵਜੋਂ ਕੀਤੀ ਜਾਂਦੀ ਹੈ। ਇਸ ਸਮੁੱਚੀ ਬਹਿਸ ਵਿਚੋਂ ਇਹ ਤੱਥ ਨਜ਼ਰਅੰਦਾਜ਼ ਹੀ ਕਰ ਦਿੱਤਾ ਗਿਆ ਹੈ ਕਿ ਨਾਟੋ ਦਾ ਹਿੱਸਾ ਹੋਣ ਕਾਰਨ ਨਾਰਵੇ 'ਅਤਿਵਾਦ ਖ਼ਿਲਾਫ਼ ਜੰਗ' ਦੀਆਂ ਜੰਗੀ ਮੁਹਿੰਮਾਂ ਦਾ ਸਰਗਰਮ ਹਿੱਸੇਦਾਰ ਹੈ। ਅਫ਼ਗ਼ਾਨਿਸਤਾਨ ਉੱਤੇ ਹਮਲੇ ਸਮੇਂ ਨਾਰਵੇ ਅਮਰੀਕਾ ਤੋਂ ਵੱਧ ਕਾਹਲਾ ਜਾਪਦਾ ਸੀ।

ਓਸਲੋ ਦੀ ਘਟਨਾ ਤੋਂ ਬਾਅਦ ਪਹਿਲੀ ਵਾਰ ਇਸਾਈ ਅਤਿਵਾਦ ਦੀ ਚਰਚਾ ਚੱਲੀ ਹੈ। ਇਸ ਦਾ ਸਭ ਤੋਂ ਪਹਿਲਾ ਅਸਰ ਇਹ ਹੋਇਆ ਹੈ ਕਿ ਹੁਣ ਤੱਕ ਇਸਲਾਮ ਨੂੰ ਅਤਿਵਾਦ ਨਾਲ ਜੋੜਨ ਵਾਲੇ ਸ਼ਬਦਾਂ ਦੀ ਸੰਕੋਚਵੀਂ ਵਰਤੋਂ ਕਰਨ ਵਾਲਾ ਮੀਡੀਆ ਨਿਸ਼ੰਗ ਹੋ ਗਿਆ ਹੈ। ਹਾਸ਼ੀਏ ਵਿਚ ਇਸਾਈ ਅਤੇ ਯਹੂਦੀ ਬੁਨਿਆਦਪ੍ਰਸਤੀ ਦੀ ਗੱਲ ਕਰਕੇ ਇਸਲਾਮ ਉੱਤੇ ਚਾਂਦਮਾਰੀ ਕਰਨਾ ਸੁਖਾਲਾ ਹੋ ਗਿਆ ਹੈ। ਇਹ ਸਵਾਲ ਵਾਰ-ਵਾਰ ਪੁੱਛਿਆ ਜਾ ਰਿਹਾ ਹੈ ਕਿ ਓਸਲੋ ਦੀ ਵਾਰਦਾਤ ਨਾਲ ਕਟਿਹਰੇ ਵਿਚ ਕੌਣ ਖੜ੍ਹਿਆ ਹੈ? ਇਸਲਾਮ, ਜਾਂ ਯੂਰਪੀ ਮੁਲਕਾਂ ਦਾ ਨਸਲੀ ਵੰਨ-ਸਵੰਨਤਾ, ਜਮਹੂਰੀਅਤ ਅਤੇ ਅਮਨਪਸੰਦੀ ਦਾ ਦਾਅਵਾ?

ਨਵ-ਨਾਜੀਵਾਦ ਇਸ ਵੇਲੇ ਉੱਤਰੀ ਅਮਰੀਕਾ ਅਤੇ ਯੂਰਪੀ ਵੱਲੋਂ ਵਿੱਢੀਆਂ ਜੰਗੀ ਮੁਹਿੰਮਾਂ ਦੇ ਪੱਖ ਵਿਚ ਭੁਗਤਦਾ ਹੈ। ਦੂਜੀ ਆਲਮੀ ਜੰਗ ਤੋਂ ਬਾਅਦ ਸਿਰ ਲੁਕੋ ਕੇ ਜਿਉਂ ਰਹੇ ਬੁਨਿਆਦਪ੍ਰਸਤਾਂ ਨੂੰ ਦੇਸ਼ਭਗਤੀ ਦਾ ਦਾਅਵਾ ਕਰਨ ਦਾ ਮੌਕਾ ਮਿਲ ਗਿਆ ਹੈ। ਜੰਗੀ ਮੁਹਿੰਮਾਂ ਦੀ ਘਟ ਰਹੀ ਹਮਾਇਤ ਕਾਰਨ ਸਰਕਾਰਾਂ ਨਾਜੀ ਰੁਚੀਆਂ ਨੂੰ ਸ਼ਹਿ ਦੇ ਰਹੀਆਂ ਹਨ। ਇਮੀਗਰੇਸ਼ਨ ਨੇਮਾਂ ਨੂੰ ਸੁਰੱਖਿਆ ਦੇ ਨਾਮ ਉੱਤੇ ਸਖ਼ਤ ਤੋਂ ਸਖ਼ਤ ਕਰਨ ਲਈ ਬਜ਼ਿੱਦ ਸਰਕਾਰਾਂ ਦੀ ਠੋਸ ਹਮਾਇਤ ਨਵੇਂ ਨਾਜੀ ਹੀ ਹੋ ਸਕਦੇ ਹਨ। ਇਸ ਤੋਂ ਜ਼ਿਆਦਾ ਸਾਜ਼ਗਾਰ ਮਾਹੌਲ ਬੁਨਿਆਦਪ੍ਰਸਤੀ ਨੂੰ ਹੋਰ ਕੀ ਮਿਲੇਗਾ? ਨਤੀਜੇ ਵਜੋਂ ਜ਼ਿਆਦਾਤਰ ਮੁਲਕਾਂ ਵਿਚ ਬੁਨਿਆਦਪ੍ਰਸਤ ਤਨਜੀਮਾਂ ਦਾ ਘੇਰਾ ਲਗਾਤਾਰ ਫੈਲ ਰਿਹਾ ਹੈ। ਸਿਆਸੀ ਪਾਰਟੀਆਂ ਵਿਚ ਇਨ੍ਹਾਂ ਦੀ ਅਸਰਅੰਦਾਜ਼ੀ ਵਧ ਰਹੀ ਹੈ। ਨਾਰਵੇ ਦੀ ਬੁਨਿਆਦਪ੍ਰਸਤ ਸਿਆਸੀ ਪਾਰਟੀ ਨੂੰ ਪਿਛਲੀਆਂ ਚੋਣਾਂ ਵਿਚ 23 ਫ਼ੀਸਦੀ ਵੋਟਾਂ ਪਈਆਂ ਸਨ। 'ਗਾਰਡੀਅਨ' ਦੇ ਪੱਤਰਕਾਰ ਬਰਾਇਨ ਓਲੀਵਰ ਨੇ ਲਿਖਿਆ ਹੈ ਕਿ ਨਾਰਵੇ ਦੇ ਨਾਲ-ਨਾਲ ਬਾਕੀ ਸਕੈਂਡੀਨੇਵੀਅਨ ਅਤੇ ਹੋਰ ਯੂਰਪੀ ਮੁਲਕਾਂ ਦੇ ਗਲਪ ਸਾਹਿਤ ਵਿਚ ਪਰਵਾਸੀਆਂ ਨਾਲ ਜੁੜੇ ਖ਼ਦਸ਼ੇ ਅਹਿਮ ਵਿਸ਼ੇ ਵਜੋਂ ਉਭਰੇ ਹਨ। ਇਨ੍ਹਾਂ ਹਾਲਾਤ ਵਿਚ ਨਾਰਵੇ ਵਿਚ ਹੋਈ ਵਾਰਦਾਤ ਦੇ ਗੁੱਝੇ ਮਾਅਨੇ ਸਮਝਣੇ ਜ਼ਰੂਰੀ ਹਨ।

ਨਿੱਜੀਕਰਨ ਦੇ ਦੌਰ ਵਿਚ ਸਰਹੱਦਾਂ ਨੂੰ ਬੇਮਾਅਨੇ ਕਰਾਰ ਦੇਣ ਵਾਲਾ ਵਿੱਤੀ-ਸਾਮਰਾਜਵਾਦ ਸਰਮਾਏ ਦੇ ਆਲਮੀਕਰਨ ਦੀ ਵਕਾਲਤ ਕਰਦਾ ਹੈ ਪਰ ਮਜ਼ਦੂਰ ਦੀ ਸਰਗਰਮੀ ਕਾਬੂ ਵਿਚ ਰੱਖਣਾ ਚਾਹੁੰਦਾ ਹੈ। ਸਸਤੀ ਮਜ਼ਦੂਰੀ ਅਤੇ ਮਜ਼ਦੂਰ ਵਿਰੋਧੀ ਕਾਨੂੰਨਾਂ ਵਾਲੇ ਮੁਲਕਾਂ ਵਿਚ ਮੁਕਾਮੀ ਮਜ਼ਦੂਰਾਂ ਵਾਲੀ ਸਨਅਤ ਵਿਚ ਨਿਵੇਸ਼ ਕਰਨ ਨੂੰ ਤਿਆਰ ਹੈ ਪਰ ਆਪਣੇ ਮੁਲਕਾਂ ਵਿਚ ਮਨੁੱਖੀ ਹਕੂਕ ਦਾ ਪਰਚਮ ਝੁਲਾਉਣਾ ਚਾਹੁੰਦਾ ਹੈ। ਇਨ੍ਹਾਂ ਮੁਲਕਾਂ ਨੇ ਨਿਵੇਸ਼, ਹੁਨਰ ਅਤੇ ਮੁਹਾਰਤ ਲਈ ਦਰਵਾਜ਼ੇ ਖੁੱਲ੍ਹੇ ਰੱਖੇ ਹਨ ਪਰ ਬਾਕੀਆਂ ਲਈ ਬੰਦ ਕਰਨ ਦੀਆਂ ਪੇਸ਼ਬੰਦੀਆਂ ਕੀਤੀਆਂ ਜਾ ਰਹੀਆਂ ਹਨ। ਨਸਲੀ ਵੰਨ-ਸੁਵੰਨਤਾ ਅਤੇ ਜਮਹੂਰੀਅਤ ਦਾ ਦਾਅਵਾ ਕਰਨ ਵਾਲੇ ਇਨ੍ਹਾਂ ਮੁਲਕਾਂ ਨੂੰ ਸ਼ਹਿਰੀਆਂ ਦਾ ਸੰਸਾਰੀਕਰਨ ਮਨਜ਼ੂਰ ਨਹੀਂ ਹੈ। ਪਰਵਾਸੀਆਂ ਦੀ ਆਮਦ ਨੂੰ ਘੱਟ ਕਰਨ ਲਈ ਆਸਟਰੇਲੀਆਈ, ਉੱਤਰੀ ਅਮਰੀਕੀ ਅਤੇ ਯੂਰਪੀ ਮੁਲਕਾਂ ਨੇ ਆਪਣੀਆਂ ਇਮੀਗਰੇਸ਼ਨ ਨੀਤੀਆਂ ਵਿਚ ਤਬਦੀਲੀਆਂ ਕੀਤੀਆਂ ਹਨ। ਪਿਛਲੇ ਕੁਝ ਸਾਲਾਂ ਵਿਚ ਤਾਂ ਵਿਦਿਆਰਥੀ ਵੀਜ਼ਾ ਜਾਰੀ ਕਰਨ ਦੀਆਂ ਸ਼ਰਤਾਂ ਵੀ ਸਖ਼ਤ ਕੀਤੀਆਂ ਗਈਆਂ ਹਨ। ਤੀਜੀ ਦੁਨੀਆਂ ਦਾ ਹੁਨਰਮੰਦ ਅਤੇ ਵਸੀਲੇ ਵਾਲਾ ਮਨੁੱਖੀ ਸਰੋਤ ਲਿਜਾ ਕੇ ਆਪਣੇ ਮੁਲਕਾਂ ਵਿਚ ਵਸਾਉਣ ਲਈ ਕੋਈ ਇਤਰਾਜ਼ ਨਹੀਂ ਹੈ ਪਰ ਲੋੜਵੰਦ ਬੰਦਿਆਂ ਖ਼ਿਲਾਫ਼ ਪੇਸ਼ਬੰਦੀਆਂ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਸਰਕਾਰਾਂ ਅਤੇ ਬੁਨਿਆਦਪ੍ਰਸਤਾਂ ਵਿਚ ਮੋਟਾ ਜਿਹਾ ਫ਼ਰਕ ਇੰਨਾ ਹੀ ਹੈ ਕਿ ਬੁਨਿਆਦਪ੍ਰਸਤ ਨਿਰੋਲ ਨਸਲ ਦੀ ਧਾਰਨਾ ਤਹਿਤ ਪਰਵਾਸੀਆਂ ਦੀ ਆਮਦ ਬਿਲਕੁਲ ਬੰਦ ਕਰਨਾ ਚਾਹੁੰਦੇ ਹਨ ਅਤੇ ਵਸ ਚੁੱਕੇ ਪਰਵਾਸੀਆਂ ਨੂੰ ਬਾਹਰ ਕੱਢ ਦੇਣਾ ਚਾਹੁੰਦੇ ਹਨ। ਪਰਵਾਸੀਆਂ ਨਾਲ ਰੋਟੀ-ਬੇਟੀ ਦੀ ਸਾਂਝ ਨਹੀਂ ਰੱਖਣਾ ਚਾਹੁੰਦੇ ਕਿਉਂਕਿ ਉਹ ਆਪਣੀ ਨਸਲ ਨੂੰ ਸਰਬੋਤਮ ਮੰਨਦੇ ਹਨ। ਇਸੇ ਲਈ ਉਹ ਨਸਲੀ ਵੰਨ-ਸੁਵੰਨਤਾ ਅਤੇ ਪਰਵਾਸੀਆਂ ਦੀ ਆਮਦ ਨੂੰ ਖ਼ਤਰਨਾਕ ਮੰਨਦੇ ਹਨ। ਇਨ੍ਹਾਂ ਧਾਰਨਾਵਾਂ ਦੀ ਵਕਾਲਤ ਕਰਨ ਵਾਲੀਆਂ ਨਰਮਦਲੀ ਅਤੇ ਖੱਬੇਪੱਖੀ ਧਿਰਾਂ ਨੂੰ ਬੁਨਿਆਦਪ੍ਰਸਤ ਆਪਣੀ ਨਸਲੀ ਵਿਰਾਸਤ ਲਈ ਅਹਿਮ ਖ਼ਤਰਾ ਕਰਾਰ ਦਿੰਦੇ ਹਨ। ਸਬੱਬ ਨਾਲ ਇਹੋ ਧਿਰਾਂ ਅਤਿਵਾਦ ਦੇ ਆਲਮੀ ਰੁਝਾਨ ਦੀਆਂ ਜੜ੍ਹਾਂ ਨੂੰ ਸਮਝਣ ਲਈ ਪੜਚੋਲ ਦੀ ਮੰਗ ਕਰਦੀਆਂ ਹਨ ਅਤੇ ਜੰਗੀ ਮੁਹਿੰਮਾਂ ਦਾ ਵਿਰੋਧ ਕਰਦੀਆਂ ਹਨ। ਇਹ ਨੁਕਤਾ ਬੁਨਿਆਦਪ੍ਰਸਤਾਂ ਅਤੇ ਸਰਕਾਰਾਂ ਵਿਚ ਸਾਂਝ ਦਾ ਠੋਸ ਕਾਰਨ ਬਣਦਾ ਹੈ।

ਮੁਸਲਮਾਨਾਂ ਖ਼ਿਲਾਫ਼ ਅਹਿਮ ਦਲੀਲਾਂ ਪੂਰੀ ਦੁਨੀਆਂ ਵਿਚ ਇਕੋ-ਜਿਹੀਆਂ ਹਨ। ਮੁਸਲਮਾਨਾਂ ਖ਼ਿਲਾਫ਼ ਭਾਰਤ ਦੇ ਬੁਨਿਆਦਪ੍ਰਸਤ ਦਲੀਲ ਦਿੰਦੇ ਹਨ ਕਿ ਇਹ ਬਹੁਤ ਬੱਚੇ ਪੈਦਾ ਕਰਦੇ ਹਨ ਅਤੇ ਚਾਰ-ਚਾਰ ਵਿਆਹ ਕਰਕੇ ਔਰਤ ਨੂੰ ਨੀਵੇਂ ਦਰਜੇ ਦਾ ਸ਼ਹਿਰੀ ਮੰਨਦੇ ਹਨ। ਹੌਲੀ-ਹੌਲੀ ਆਬਾਦੀ ਪੱਖੋਂ ਇਹ ਭਾਰਤ ਵਿਚ ਬਹੁ-ਗਿਣਤੀ ਬਣਾਉਣ ਦੀ ਵਿਉਂਤ ਤਹਿਤ ਬੱਚੇ ਪੈਦਾ ਕਰਦੇ ਹਨ। ਇਸ ਦਲੀਲ ਦੀ ਹਮਾਇਤ ਲਈ ਕਈ ਮਿਸਾਲਾਂ ਵੀ ਦਿੱਤੀਆਂ ਜਾ ਸਕਦੀਆਂ ਹਨ। ਦੋ ਤੱਥ ਭਾਰਤ ਦੇ ਮਰਦਮਸ਼ੁਮਾਰੀ ਅੰਕੜਿਆਂ ਵਿਚ ਸਾਬਤ ਹੁੰਦੇ ਹਨ। ਪਿਛਲੇ ਛੇ ਦਹਾਕਿਆਂ ਦੌਰਾਨ ਭਾਰਤ ਵਿਚ ਮੁਸਲਮਾਨ ਆਬਾਦੀ ਦਾ ਹਿੱਸਾ ਵਧਿਆ ਨਹੀਂ ਸਗੋਂ ਘਟਿਆ ਹੈ। ਪੂਰੀ ਦੁਨੀਆਂ ਵਿਚ ਇਸਲਾਮ ਸਮੇਤ ਕਿਸੇ ਵੀ ਧਰਮ ਵਿਚ ਔਰਤਾਂ ਦੀ ਗਿਣਤੀ ਮਰਦਾਂ ਨਾਲੋਂ ਚਾਰ ਗੁਣਾ ਨਹੀਂ ਹੈ। ਇਸ ਲਈ ਹਰ ਮਰਦ ਦੇ ਚਾਰ ਵਿਆਹ ਕਰਵਾਉਣ ਦੀ ਸੰਭਾਵਨਾ ਨਹੀਂ ਹੈ। ਭਾਰਤ ਵਿਚ ਬਾਕੀ ਸਮਾਜ ਵਾਂਗ ਮੁਸਲਮਾਨਾਂ ਵਿਚ ਵੀ ਔਰਤਾਂ ਦੀ ਗਿਣਤੀ ਮਰਦਾਂ ਦੇ ਮੁਕਾਬਲੇ ਘੱਟ ਹੈ। ਇਨ੍ਹਾਂ ਹਾਲਾਤ ਵਿਚ ਜੇ ਇਕ ਤੋਂ ਵਧੇਰੇ ਵਿਆਹ ਦੀਆਂ ਮਿਸਾਲਾਂ ਮੁਸਲਮਾਨਾਂ ਵਿਚੋਂ ਦਿੱਤੀਆਂ ਜਾ ਸਕਦੀਆਂ ਹਨ ਤਾਂ ਦੂਜੇ ਧਰਮਾਂ ਵਿਚ ਵੀ ਇਨ੍ਹਾਂ ਦੀ ਘਾਟ ਨਹੀਂ ਹੈ ਪਰ ਹਰ ਮੁਸਲਮਾਨ ਮਰਦ ਵੱਲੋਂ ਚਾਰ ਵਿਆਹ ਕਰਵਾਉਣ ਦੀ ਸੰਭਾਵਨਾ ਨਹੀਂ ਹੈ। ਇਨ੍ਹਾਂ ਤੱਥਾਂ ਨਾਲ ਔਰਤ ਦੇ ਬਿਹਤਰ ਸਮਾਜਿਕ ਰੁਤਬਾ ਤਾਂ ਯਕੀਨੀ ਨਹੀਂ ਹੋ ਜਾਂਦਾ ਪਰ ਮੁਸਲਮਾਨ ਔਰਤਾਂ ਨਾਲੋਂ ਬਾਕੀ ਧਰਮਾਂ ਦੀ ਬੀਬੀਆਂ ਦੀ ਹਾਲਤ ਵੀ ਜ਼ਿਆਦਾ ਚੰਗੀ ਨਹੀਂ। ਭਰੂਣ ਹੱਤਿਆ ਦਾ ਰੁਝਾਨ ਦੂਜੇ ਧਰਮਾਂ ਵਿਚ ਜ਼ਿਆਦਾ ਹੈ। ਹਿੰਦੁਸਤਾਨੀ ਹਿੰਦੂ ਬੁਨਿਆਦਪ੍ਰਸਤ ਹੀ ਅੰਦਰੇਸ ਬਹਿਰਿੰਗ ਬਰੈਕਵਿਕ ਦਾ ਰਾਹ ਦਰਸਾਵਾ ਬਣੇ ਹਨ। ਉਸ ਦੀ ਦਲੀਲ ਹੈ ਕਿ ਮੁਸਲਮਾਨ ਯੂਰਪ ਵਿਚ ਗਲੀ-ਗਲੀ, ਮੁਹੱਲਾ-ਮੁਹੱਲਾ, ਪਿੰਡ-ਪਿੰਡ ਅਤੇ ਸ਼ਹਿਰ-ਸ਼ਹਿਰ ਕਰ ਕੇ ਕਬਜ਼ਾ ਕਰ ਰਹੇ ਹਨ। ਤੱਥ ਇਹ ਹੈ ਕਿ ਯੂਰਪ ਵਿਚ ਮੁਸਲਮਾਨਾਂ ਦੀ ਆਬਾਦੀ ਮਹਿਜ਼ ਚਾਰ ਫ਼ੀਸਦੀ ਹੈ ਜਦੋਂ ਕਿ ਇਸ ਵੇਲੇ ਆਲਮੀ ਆਬਾਦੀ ਦਾ ਤਿੰਨ ਫ਼ੀਸਦੀ ਤੋਂ ਵਧੇਰੇ ਹਿੱਸਾ ਆਪਣੇ ਜੱਦੀ ਮੁਲਕਾਂ ਤੋਂ ਬਾਹਰ ਰਹਿ ਰਿਹਾ ਹੈ।

ਦੂਜੇ ਪਾਸੇ, ਇਨ੍ਹਾਂ ਮੁਲਕਾਂ ਵੱਲੋਂ ਵਿੱਢੀਆਂ ਜੰਗੀ ਮੁਹਿੰਮਾਂ ਨੇ ਇਸਲਾਮ ਦੀ ਰੱਜ ਕੇ ਵਰਤੋਂ ਕੀਤੀ ਹੈ। ਅਫ਼ਗ਼ਾਨਿਸਤਾਨ ਵਿਚ ਹਮਲੇ ਦੇ ਸ਼ੁਰੂਆਤੀ ਦੌਰ ਵਿਚ ਨਾਟੋ ਫ਼ੌਜਾਂ ਨੇ ਅਸਮਾਨ ਵਿਚੋਂ ਬੰਬਾਂ ਦੇ ਨਾਲ-ਨਾਲ ਕੁਰਾਨ ਦੀਆਂ ਆਇਤਾਂ ਦੀ ਵਿਆਖਿਆ ਵਾਲੇ ਪਰਚੇ ਸੁੱਟਣ ਦਾ ਪੈਂਤੜਾ ਵਰਤਿਆ ਸੀ। ਇਸ ਤੋਂ ਬਾਅਦ ਅਫ਼ਗ਼ਾਨਿਸਤਾਨ ਵਿਚ ਕਬਾਇਲੀ ਟਕਰਾਅ ਤਿੱਖਾ ਕਰਨ ਦਾ ਹਰ ਹਰਵਾ ਵਰਤਿਆ ਗਿਆ। ਇਰਾਕ ਵਿਚ ਸ਼ੀਆ-ਸੁੰਨੀ ਫਸਾਦ ਕਰਵਾਉਣ ਲਈ ਨਾਟੋ ਮੁਲਕਾਂ ਨੇ ਕੋਈ ਕਸਰ ਬਾਕੀ ਨਹੀਂ ਛੱਡੀ। ਇਸ ਤੋਂ ਪਹਿਲਾਂ ਸੋਵੀਅਤ ਯੂਨੀਅਨ ਖ਼ਿਲਾਫ਼ ਇਸਲਾਮ ਦੀ ਵਰਤੋਂ ਲਈ ਜਹਾਦੀਆਂ ਨੂੰ ਹਥਿਆਰਬੰਦ ਕਰਨ ਦਾ ਕੰਮ ਵੀ ਇਨ੍ਹਾਂ ਨੇ ਹੀ ਕੀਤਾ ਸੀ। ਇਸ ਥਾਂ ਵੈਟੀਕਨ ਦੇ ਮੌਜੂਦਾ ਪੋਪ ਦੀ ਪਲੇਠੀ ਤਕਰੀਰ ਦਾ ਹਵਾਲਾ ਦੇਣਾ ਕੁਥਾਂ ਨਹੀਂ ਹੋਵੇਗਾ। ਅਪਰੈਲ 2005 ਦੌਰਾਨ ਅਹੁਦਾ ਸੰਭਾਲਣ ਵੇਲੇ ਉਨ੍ਹਾਂ ਨੇ ਆਪਣੇ ਟੀਚੇ ਸਪਸ਼ਟ ਕੀਤੇ ਸਨ ਕਿ ਪਿਛਲੇ ਪੋਪ ਦਾ ਮੁੱਖ ਕਾਰਜ ਕਮਿਉਨਿਜ਼ਮ ਦੇ ਖ਼ਤਰੇ ਨਾਲ ਨਜਿੱਠਣਾ ਸੀ ਜੋ ਪੂਰਾ ਕਰ ਲਿਆ ਗਿਆ ਹੈ। ਹੁਣ ਇਸਾਈ ਧਰਮ ਨੂੰ ਸਭ ਤੋਂ ਵੱਡਾ ਖ਼ਤਰਾ ਵਧ ਰਹੀ ਵਿਗਿਆਨਕ ਤੇ ਦਲੀਲ ਮੁਖੀ ਸੋਚ ਦੇ ਪਸਾਰੇ ਤੋਂ ਹੈ ਜਿਸ ਨੂੰ ਰੋਕਣਾ ਜ਼ਰੂਰੀ ਹੈ। ਇਹੋ ਸੋਚ ਸਿੱਧੇ ਤੌਰ ਉੱਤੇ ਨਹੀਂ ਪਰ ਗੌਣ ਰੂਪ ਵਿਚ 'ਅਤਿਵਾਦ ਖ਼ਿਲਾਫ਼ ਜੰਗ' ਦੌਰਾਨ ਨਿਹੱਕੀਆਂ ਖ਼ੂਨੀ ਜੰਗੀ ਮੁਹਿੰਮਾਂ ਦਾ ਰਾਹ ਦਰਸਾਵਾ ਜ਼ਰੂਰ ਬਣੀ ਹੈ। ਨਵੇਂ ਨਾਜੀ ਇਸੇ ਦਲੀਲ ਦੀ ਵਿਆਖਿਆ ਨਿਰੋਲ ਨਸਲ ਦੀ ਧਾਰਨਾ ਨਾਲ ਜੋੜ ਕੇ ਕਰ ਰਹੇ ਹਨ। ਉਨ੍ਹਾਂ ਨੇ ਮੌਜੂਦਾ ਆਲਮ ਦੀ ਪਰਵਾਸ ਸਰਗਰਮੀ ਨੂੰ ਨਜ਼ਰਅੰਦਾਜ਼ ਕਰਕੇ ਨਸਲੀ ਵੰਨ-ਸਵੰਨਤਾ ਅਤੇ ਨਸਲੀ ਸਹਿਹੋਂਦ ਦੀਆਂ ਧਾਰਨਾਵਾਂ ਦੀ ਚਾਂਦਮਾਰੀ ਕੀਤੀ ਹੈ। ਬੁਨਿਆਦਪ੍ਰਸਤੀ ਅਜਿਹੀ ਹਮਲਾਵਰ ਦਲੀਲ ਨਾਲ ਹੀ ਅੱਗੇ ਵਧਦੀ ਹੈ। ਭਾਰਤ ਵਿਚ ਭਾਜਪਾ ਦੇ ਉਭਾਰ ਵੇਲੇ ਇਸ ਦੇ ਨਵੇਂ ਸਾਥੀ ਅਤੇ ਪੁਰਾਣੇ ਸਮਾਜਵਾਦੀ ਆਗੂ ਜਾਰਜ ਫਰਨਾਂਡੇਜ ਕਿਹਾ ਕਰਦੇ ਸਨ, "ਕੁਝ ਲੋਕ ਧਰਮ ਨਿਰਪੱਖ ਹਨ ਪਰ ਕੁਝ ਲੋਕ ਆਮ ਮਨੁੱਖ ਹਨ।"

ਇਸ ਦਲੀਲ ਦਾ ਘਾਤਕ ਪੱਖ ਇਹ ਹੈ ਕਿ ਇਸ ਨਾਲ ਬਹੁ-ਗਿਣਤੀ ਦੀ ਸਰਪ੍ਰਸਤੀ ਨਾਲ ਬੁਨਿਆਦਪ੍ਰਸਤੀ ਮਜ਼ਬੂਤ ਹੁੰਦੀ ਹੈ ਜਿਸ ਦੀ ਹਮਾਇਤ ਸਰਮਾਏਦਾਰ ਘਰਾਣੇ ਕਰਦੇ ਹਨ। ਇਹ ਲੜੀ ਦੀਆਂ ਕੜੀਆਂ ਦੀ ਨਿਸ਼ਾਨਦੇਹੀ ਹਿਟਲਰ ਦੇ ਨਾਜੀਵਾਦ ਤੋਂ ਲੈਕੇ ਭਾਰਤ ਦੀ ਸੰਘ-ਭਾਜਪਾਈ ਸਿਆਸਤ ਵਿਚੋਂ ਕੀਤੀ ਜਾ ਸਕਦੀ ਹੈ। ਇਸੇ ਰੁਝਾਨ ਦੇ ਨਤੀਜੇ ਵਜੋਂ ਘੱਟ-ਗਿਣਤੀਆਂ ਦਾ ਮੁਹਾਣ ਬੁਨਿਆਦਪ੍ਰਸਤੀ ਵੱਲ ਹੋ ਜਾਂਦਾ ਹੈ। ਇਸ ਮਾਮਲੇ ਵਿਚ ਯਹੂਦੀਆਂ ਦੀ ਮਿਸਾਲ ਬਹੁਤ ਉਘੜਵੀਂ ਹੈ। ਹਿਟਲਰ ਦੇ ਨਾਜੀਵਾਦੀ ਦੌਰ ਦੇ ਨਤੀਜੇ ਵਜੋਂ ਇਸਰਾਈਲ ਬਣਿਆ ਜਿਸ ਦਾ ਹਮਲਾਵਰ ਰੁਖ਼ ਲਗਾਤਾਰ ਕਲੇਸ਼ ਦਾ ਸਬੱਬ ਬਣਿਆ ਰਿਹਾ ਹੈ। ਇਸ ਦੀਆਂ ਖ਼ੁਫ਼ੀਆਂ ਖ਼ੂਨੀ ਮੁਹਿੰਮਾਂ ਹਰ ਮੁਲਕ ਦੇ ਫ਼ੌਜੀ ਸਿਖਲਾਈ ਕੇਂਦਰਾਂ ਵਿਚ ਪੜ੍ਹਾਈਆਂ ਜਾਂਦੀਆਂ ਹਨ। ਮੌਜੂਦਾ ਦੌਰ ਵਿਚ ਦੂਜੇ ਮੁਲਕਾਂ ਦੀਆਂ ਸਰਕਾਰਾਂ ਹਰ ਤਰ੍ਹਾਂ ਦੇ ਵਿਦਰੋਹ ਨੂੰ ਦਬਾਉਣ ਲਈ ਇਸਰਾਈਲ ਦੀਆਂ ਸੇਵਾਵਾਂ ਲੈਂਦੀਆਂ ਹਨ। ਭਾਰਤ ਵਿਚ ਮਾਓਵਾਦੀ ਆਗੂਆਂ ਨੂੰ ਮਾਰਨ ਲਈ ਇਸਰਾਈਲ ਦੀਆਂ ਸੇਵਾਵਾਂ ਲੈਣ ਦੀ ਗੱਲ ਲਗਾਤਾਰ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣਦੀ ਰਹੀ ਹੈ। ਪੰਜਾਬ ਪੁਲੀਸ ਦੇ ਵਿਸ਼ੇਸ਼ ਦਸਤਿਆਂ ਦੀ ਬਹਾਦਰਗੜ੍ਹ ਸਿਖਲਾਈ ਕੇਂਦਰ ਵਿਚ ਤਿਆਰੀ ਇਸਰਾਈਲੀ ਮਾਹਿਰਾਂ ਦੀ ਦੇਖ-ਰੇਖ ਵਿਚ ਹੋ ਰਹੀ ਹੈ। ਇਸਰਾਈਲ ਵਿਚ ਮਾਨਸਿਕ ਰੋਗੀਆਂ ਦੀ ਗਿਣਤੀ ਵਧ ਰਹੀ ਹੈ ਜਿਨ੍ਹਾਂ ਦੇ ਪਿਛੋਕੜ ਵਿਚ ਖ਼ੂਨੀ ਜੰਗ ਦੀਆਂ ਯਾਦਾਂ ਹਨ। ਨਤੀਜੇ ਵਜੋਂ ਇਸਰਾਈਲ ਦੇ ਸ਼ਹਿਰੀ ਆਪਣੀਆਂ ਯਾਦਾਂ ਤੋਂ ਖਹਿੜਾ ਛੁਡਵਾਉਣ ਲਈ ਨਸ਼ਿਆਂ ਦਾ ਸਹਾਰਾ ਲੈਂਦੇ ਹਨ ਜਿਸ ਦਾ ਵੱਡਾ ਕੇਂਦਰ ਮਕਲੋਡਗੰਜ ਹੈ।

ਇਸਰਾਈਲ ਅਤੇ ਯਹੂਦੀਆਂ ਦੇ ਤਜਰਬੇ ਨੂੰ ਕਈ ਘੱਟ-ਗਿਣਤੀਆਂ ਰਾਹ-ਦਰਸਾਵੇ ਵਜੋਂ ਲੈਂਦੀਆਂ ਹਨ। ਆਪਣੇ ਆਪ ਨੂੰ ਨਿਵੇਕਲੀ ਅਤੇ ਨਿਆਰੀ ਨਸਲ ਜਾਂ ਧਰਮ ਵਜੋਂ ਪੇਸ਼ ਕਰ ਰਹੇ ਤਬਕੇ ਜਦੋਂ ਹਮਲਾਵਰ ਇਸਰਾਈਲ ਦੀ ਤਰਜ਼ ਉੱਤੇ ਦਲੀਲ ਉਸਾਰਦੇ ਹਨ ਤਾਂ ਇਸ ਦੇ ਦੋ ਪੱਖ ਮਨੁੱਖਘਾਤੀ ਹੋ ਨਿਬੜਦੇ ਹਨ। ਇਕ ਤਾਂ ਉਹ ਇਹ ਮੰਨਣ ਤੋਂ ਇਨਕਾਰੀ ਹੋ ਜਾਂਦੇ ਹਨ ਕਿ ਮਨੁੱਖ ਦੀ ਕੋਈ ਸਾਂਝੀ ਆਲਮੀ ਵਿਰਾਸਤ ਵੀ ਹੈ। ਦੂਜਾ ਪੱਖ ਇਹ ਹੈ ਕਿ ਉਨ੍ਹਾਂ ਦਾ ਮੁਹਾਣ ਹਿਟਲਰਸ਼ਾਹੀ ਜਾਂ ਨਾਜੀਵਾਦ ਤੋਂ ਵੱਖਰਾ ਨਹੀਂ ਹੈ ਸਗੋਂ ਉਹ ਆਪਣੀ ਗਿਣਤੀ ਅਤੇ ਸਮਰੱਥਾ ਮੁਤਾਬਕ ਉਹੋ ਕੁਝ ਦੁਹਰਾਉਣਾ ਚਾਹੁੰਦੇ ਹਨ। ਇਹ ਚਾਹਤ ਅਚੇਤ ਜਾਂ ਗੌਣ ਹੋ ਸਕਦੀ ਹੈ। ਇਸ ਦਲੀਲ ਦੀ ਉਸਾਰੀ ਨਫ਼ਰਤ ਉੱਤੇ ਕੀਤੀ ਜਾਂਦੀ ਹੈ। ਇਹ ਮੰਨ ਕੇ ਦਲੀਲ ਉਸਾਰੀ ਜਾਂਦੀ ਹੈ ਕਿ ਦੂਜੀ ਨਸਲ ਜਾਂ ਧਰਮ ਦੀ ਬੁਨਿਆਦ ਪਹਿਲੀ ਨੂੰ ਕੀਤੀ ਜਾਂਦੀ ਨਫ਼ਰਤ ਉੱਤੇ ਟਿਕੀ ਹੋਈ ਹੈ। ਇਹ ਦਲੀਲ ਹਰ ਤਬਕੇ ਨੂੰ ਅੰਦਰਮੁਖੀ ਅਤੇ ਹਮਲਾਵਰ ਬਣਾਉਂਦੀ ਹੈ। ਵੰਡੀਆਂ ਪੱਕੀਆਂ ਹੁੰਦੀਆਂ ਜਾਂਦੀਆਂ ਹਨ ਅਤੇ ਸਾਂਝ ਪੇਤਲੀ ਪੈਂਦੀ ਜਾਂਦੀ ਹੈ। ਸਰਮਾਏਦਾਰੀ, ਸਿਆਸਤ ਅਤੇ ਵੰਡੀਆਂ ਦੇ ਮੌਕੇ ਮੁਤਾਬਕ ਬਣੇ ਗੱਠਜੋੜ ਫੌਰੀ ਪਾਲਾਬੰਦੀ ਤੈਅ ਕਰਦੇ ਹਨ। ਭਾਰੂ ਧਿਰ ਆਪਣੀ ਦਲੀਲ ਨੂੰ ਮਨੁੱਖੀ ਹਕੂਕ, ਜਮਹੂਰੀਅਤ ਅਤੇ ਸੁਰੱਖਿਆ ਨਾਲ ਜੋੜ ਕੇ ਪੇਸ਼ ਕਰਦੀ ਹੈ ਪਰ ਗੌਣ ਨਸਲੀ ਰੁਝਾਨ ਨੂੰ ਸ਼ਹਿ ਦਿੰਦੀ ਰਹਿੰਦੀ ਹੈ।

ਇਨ੍ਹਾਂ ਹਵਾਲਿਆਂ ਨਾਲ ਓਸਲੋ ਦੀ ਵਾਰਦਾਤ ਅਤੇ ਅਰਬੀ ਤਾਨਾਸ਼ਾਹੀਆਂ ਦੀ ਸਾਂਝੀ


*(ਬਾਕੀ ਸਫਾ 16 'ਤੇ)*



*ਚਿੱਤਰਕਾਰ ਪਾਬਲੋ ਪਿਕਾਸੋ ਦਾ ਸੰਸਾਰ ਪ੍ਰਸਿੱਧ ਜੰਗ-ਵਿਰੋਧੀ ਚਿੱਤਰ 'ਗੁਰਨਿਕਾ' (1937)*

# ਜਾਨੀ ਦੁਸ਼ਮਣਾਂ ਦੀ ਦੋਸਤੀ ਦਾ ਗੁੱਝਾ ਰਾਜ਼!

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ:408-903-9952

ਅੱਖੀਂ ਦੇਖਣ ਵਾਲਿਆਂ ਲਈ ਤਾਂ ਇਹ ਅਚੰਭਾ ਹੈ ਈ ਸੀ, ਸਗੋਂ ਜਿਹੜੇ ਵੀ ਪਿੰਡ ਵਾਸੀ ਦੇ ਕੰਨੀਂ ਇਹ ਗੱਲ ਪਈ, ਉਹ ਇਕ ਵਾਰ ਤਾਂ ਮੂੰਹ 'ਚ ਉਂਗਲਾਂ ਪਾ ਕੇ ਰਹਿ ਗਿਆ। ਹਰ ਕੋਈ ਸੋਚ ਰਿਹਾ ਸੀ ਕਿ ਆਖਰ ਕਿਹੜੀ ਕਰਾਮਾਤ ਵਾਪਰੀ ਹੋਵੇਗੀ? ਕੱਲ੍ਹ ਤੱਕ ਦੇ ਜਾਨੀ ਦੁਸ਼ਮਣ, ਆਪਸ ਵਿਚ ਸਿਰ ਵੱਢਵੇਂ ਵੈਰ, ਇਕ-ਦੂਜੇ 'ਤੇ ਛੱਬੀ ਦੇ ਪਰਚੇ ਕਰਵਾਉਣ ਵਾਲੇ ਦੋਵੇਂ ਜ਼ੋਰਾਵਰ ਟੱਬਰ, ਅੱਜ ਅਚਾਨਕ ਘਿਓ-ਖਿਚੜੀ ਕਿਵੇਂ ਹੋ ਗਏ? ਇਕ ਧਿਰ ਵਾਲਿਆਂ ਦੀ ਲੜਕੀ ਦੇ ਵਿਆਹ ਵਿਚ ਵਿਰੋਧੀਆਂ ਦਾ ਸਾਰਾ ਲਾਣਾ ਹੀ ਸ਼ਾਮਲ ਹੋਇਆ ਫਿਰਦਾ ਸੀ। ਪਿੰਡ ਵਾਲਿਆਂ ਨੂੰ ਤਾਂ ਸਿਰਫ਼ ਕੁਝ ਮਹੀਨੇ ਪਹਿਲਾਂ ਵਾਪਰੀ ਉਸ ਲੜਾਈ ਦੇ ਖ਼ੂਨੀ ਦ੍ਰਿਸ਼, ਹਾਲੇ ਕੱਲ੍ਹ ਵਾਂਗ ਚੇਤੇ ਸਨ। ਕਿਵੇਂ ਦੋਹਾਂ ਟੱਬਰਾਂ ਦੇ ਮਰਦ ਜੀਅ ਹੱਥਾਂ 'ਚ ਕਿਰਪਾਨਾਂ, ਬਰਛੇ ਤੇ ਛਵੀਆਂ ਲੈ ਕੇ ਆਪਸ 'ਚ ਭਿੜੇ ਸਨ। ਗਹਿਗੱਚ ਹੋਈ ਲੜਾਈ ਵਿਚ ਸੁੱਕਾ ਤਾਂ ਉਦੋਂ ਕੋਈ ਭਾਗਾਂ ਵਾਲਾ ਹੀ ਬਚਿਆ ਸੀ। ਕਿਸੇ ਦੇ ਕਿਰਪਾਨ ਦਾ ਫੱਟ, ਕਿਸੇ ਦੇ ਛਵੀ ਦਾ। ਕਿਸੇ ਦਾ ਸਿਰ ਫਟਿਆ, ਕਿਸੇ ਦਾ ਪੱਟ ਪੱਛਿਆ ਗਿਆ। ਇੱਥੋਂ ਤੱਕ ਕਿ ਦੋਹਾਂ ਟੱਬਰਾਂ ਦੀਆਂ ਕੁੜੀਆਂ-ਜਨਾਨੀਆਂ ਵੀ ਆਪਸ ਵਿਚੀਂ ਗੁੱਥਮ-ਗੁੱਥਾ ਹੋਈਆਂ ਹਨ।

ਅੱਜ ਕੁੜੀ ਦੇ ਵਿਆਹ ਵਿਚ ਵਿਰੋਧੀ ਟੱਬਰ ਦਾ ਮੁਖੀ ਜੰਗੀਰ ਸਿੰਘ ਫਾਹੁੜੀ ਦੇ ਸਹਾਰੇ ਹੌਲੀ-ਹੌਲੀ ਤੁਰ-ਫਿਰ ਰਿਹਾ ਸੀ; ਕਿਉਂਕਿ ਉਸ ਦੇ ਪੱਟ ਵਿਚ ਕਿਰਪਾਨ ਵੱਜਣ ਕਾਰਨ ਹੋਏ ਜ਼ਖ਼ਮ ਨੂੰ ਅੱਠ ਟਾਂਕੇ ਲੱਗੇ ਸਨ। ਹਸਪਤਾਲੋਂ ਛੁੱਟੀ ਹੋਣ ਤੋਂ ਬਾਅਦ ਉਹ ਹਾਲੇ ਤੱਕ ਲੰਗੜਾਅ ਕੇ ਤੁਰਦਾ ਸੀ। ਲੋਕਾਂ ਵਿਚ ਮੂੰਹੋਂ-ਮੂੰਹੀਂ ਇਹ ਵੀ ਚੁਰ-ਚੁਰ ਚੱਲ ਰਹੀ ਸੀ ਕਿ ਦੂਜੀ ਧਿਰ ਵਾਲੇ, ਜੰਗੀਰ ਸਿੰਘ ਹੋਰਾਂ ਨੂੰ ਮਿੰਨਤਾਂ-ਤਰਲਿਆਂ ਨਾਲ ਮਨਾ ਕੇ ਆਪਣੇ ਵਿਆਹ 'ਚ ਲਿਆਏ ਹਨ। ਉੜਦੀ-ਉੜਦੀ ਇਸ ਗੱਲ 'ਤੇ ਕੋਈ ਯਕੀਨ ਕਰ ਰਿਹਾ ਸੀ, ਕੋਈ ਨਹੀਂ। ਯਕੀਨ ਨਾ ਕਰਨ ਵਾਲੇ ਤਾਂ ਵਿਚੋਂ ਕਿਸੇ ਹੋਰ ਗੱਲ ਦੀਆਂ ਤੰਦਾਂ ਫੜਨ ਦੇ ਯਤਨ ਵਜੋਂ, ਇੱਧਰੋਂ-ਉਧਰੋਂ ਮਿਲਦੀਆਂ ਕਨਸੋਆਂ ਦੀਆਂ ਲੜੀਆਂ ਮੇਲਣ ਲੱਗੇ ਹੋਏ ਸਨ। ਕੁੜੀ ਦੇ ਵਿਆਹ ਵਿਚ ਜੰਗੀਰ ਸਿੰਘ ਕਿਆਂ ਦੀ ਹਾਜ਼ਰੀ ਪਿੰਡ ਵਾਸੀਆਂ ਦੇ ਅੱਖਾਂ 'ਚ ਸ਼ੱਕ ਦਾ ਰੇਤਾ ਬਣ ਕੇ ਰੜਕ ਰਹੀ ਸੀ।

ਗੱਲ ਹੈ ਵੀ ਸੱਚੀ ਸੀ। ਇਕ ਪਾਸੇ ਜੰਗੀਰ ਸਿੰਘ ਦਾ ਸਰਦਾ-ਪੁੱਜਦਾ ਅਤੇ ਖਾਂਦਾ-ਪੀਂਦਾ 'ਲੰਬੜਾਂ ਦੇ' ਅੱਲ ਵਾਲਾ ਭਰਿਆ ਭਕੁੰਨਾ ਟੱਬਰ, ਜਿਸ ਨੂੰ ਬਦਮਾਸ਼ ਤਾਂ ਭਾਵੇਂ ਨਹੀਂ, ਪਰ ਭਲੇ-ਮਾਣਸਾਂ ਦੀ ਸ਼੍ਰੇਣੀ ਵਿਚ ਵੀ ਨਹੀਂ ਸੀ ਸਮਝਿਆ ਜਾਂਦਾ। ਦੂਸਰੇ ਪਾਸੇ ਜ਼ਮੀਨ-ਜਾਇਦਾਦ ਅਤੇ ਜੀਆ ਜੰਤ ਪੱਖੋਂ ਓਡਾ ਕੁ ਹੀ ਕਿੱਕਰ ਸਿੰਘ ਦਾ ਟੱਬਰ, ਜਿਨ੍ਹਾਂ ਦਾ ਸਿਰੇ ਦਾ ਕੁਪੱਤਾ ਅਤੇ ਮਾਰ-ਖੋਰਾ ਸੁਭਾਅ ਹੋਣ ਕਾਰਨ ਸਾਰੇ ਪਿੰਡ ਵਿਚ 'ਖੜੱਪਿਆਂ ਦੇ' ਅੱਲ ਪਈ ਹੋਈ ਸੀ। ਬੜੇ ਤੋਂ ਲੈ ਕੇ ਛੋਟੇ ਤੱਕ ਸਾਰੇ ਪਰਿਵਾਰ ਦੇ ਜੀਅ!..., ਬੱਸ ਚੱਲਦੀ-ਫਿਰਦੀ ਸੰਤ ਇਕਵੰਜਾ ਸਮਝੋ!! 'ਰਾਹ ਜਾਂਦੀਏ ਲੜਾਈਏ ਸਾਡੇ ਵਿਹੜੇ ਵਿਚੀਂ ਹੋ ਕੇ ਜਾਈਂ' ਵਾਲੀ ਲਾਲ ਮਿਰਚਾਂ ਵਰਗੀ ਕੌੜੀ ਕਹਾਵਤ ਖੜੱਪਿਆਂ ਦੇ ਖਾਨਦਾਨ ਦਾ 'ਸੁਨਹਿਰੀ ਮਾਟੋ' ਸੀ ਜਿਸ ਨੂੰ ਕਈ ਵਰ੍ਹਿਆਂ ਤੋਂ ਉਨ੍ਹਾਂ ਨੇ ਹਿੱਕ ਨਾਲ ਲਾਇਆ ਹੋਇਆ ਸੀ। ਇਸ ਮਾਟੋ 'ਤੇ ਪੂਰੇ ਉਤਰਨ ਲਈ ਉਹ ਗਾਹੇ-ਬਗਾਹੇ ਕੋਈ ਨਾ ਕੋਈ ਪੰਗਾ ਲਈ ਹੀ ਰੱਖਦੇ ਸਨ।

ਪਿੰਡ ਵਾਸੀਆਂ ਲਈ ਵੱਡੇ ਸਿਤਮ ਵਾਲੀ ਇਹੀ ਗੱਲ ਸੀ ਕਿ ਐਡੇ ਜ਼ਹਿਰੀਲੇ ਖੜੱਪੇ, ਜੰਗੀਰੇ ਕਿਆਂ ਅੱਗੇ ਲਿਫ ਕਿਵੇਂ ਗਏ ਹੋਣਗੇ? ਆਖਰ ਕੀ ਭਾਣਾ ਵਰਤਿਆ ਹੋਵੇਗਾ, ਜਿਹਦੇ ਕਰਕੇ ਖੜੱਪਿਆਂ ਨੂੰ 'ਮੋਮ' ਹੋਣਾ ਪੈ ਗਿਆ? ਵਿਆਹ ਦੇ ਖ਼ੁਸ਼ੀਆਂ-ਖੇੜਿਆਂ ਵਾਲੇ ਮਾਹੌਲ ਵਿਚ ਭਾਵੇਂ ਸਾਰੇ 'ਰੌਣਕ ਵਧਾ' ਰਹੇ ਸਨ ਪਰ ਉਤਲੇ ਸਵਾਲ ਵਿਚੋ-ਵਿਚ ਸਭ ਨੂੰ ਪ੍ਰੇਸ਼ਾਨ ਕਰ ਰਹੇ ਸਨ। ਉਨ੍ਹਾਂ ਦੇ ਟੱਬਰ ਦੇ ਕਿਸੇ ਜੀਅ ਪਾਸੋਂ ਇਸ ਨੁਕਤੇ ਬਾਬਤ ਪੁੱਛ-ਪੁਛੱਈਆ ਕਰਨ ਦਾ ਹੀਆ ਨਹੀਂ ਸੀ ਪੈਂਦਾ ਕਿਸੇ ਦਾ। ਵਿਆਹ 'ਚ ਬੀਅ ਦਾ ਲੇਖਾ ਪਾਉਣ ਤੋਂ ਸਾਰੇ ਕਤਰਾਂਦੇ ਸਨ।

ਜੰਗੀਰੇ ਕਿਆਂ ਅਤੇ ਖੜੱਪਿਆਂ ਦੀ ਜ਼ਮੀਨ ਨੇੜੇ-ਨੇੜੇ ਹੋਣ ਕਰਕੇ, ਵੱਟ-ਬੰਨੇ ਪਿੱਛੇ ਅਕਸਰ ਦੋਹਾਂ ਧਿਰਾਂ ਦਾ ਇੱਟ-ਖੜੱਕਾ ਤਾਂ ਚਲਦਾ ਹੀ ਰਹਿੰਦਾ ਸੀ ਪਰ ਕੁਝ ਮਹੀਨੇ ਪਹਿਲਾਂ ਹੋਈ ਲੜਾਈ ਨੇ ਦੋਹਾਂ ਨੂੰ ਇਕ-ਦੂਜੇ ਦੇ ਖ਼ੂਨ ਦੇ ਪਿਆਸੇ ਬਣਾ ਛੱਡਿਆ ਸੀ। ਦੋਏ ਧਿਰਾਂ ਮੁਕੱਦਮੇਬਾਜ਼ੀ 'ਚ ਬਰਾਬਰ ਉਲਝੀਆਂ ਹੋਈਆਂ ਸਨ ਪਰ ਅੱਜ ਕਿੱਕਰ ਸਿੰਘ ਦੀ ਧੀ ਦੇ ਵਿਆਹ ਮੌਕੇ ਦੋਹਾਂ ਟੱਬਰਾਂ ਦਾ ਹੋਇਆ 'ਅਨੋਖਾ ਮਿਲਨ' ਸਾਰਿਆਂ ਲਈ ਹੈਰਤ ਭਰਿਆ ਸੀ।



ਇਹ ਗੁੱਝਾ ਭੇਤ ਤਾਂ ਹਾਲੇ ਤੱਕ ਬੁਝਾਰਤ ਹੀ ਬਣਿਆ ਹੋਇਆ ਸੀ ਕਿ ਪਿੰਡ ਵਾਸੀਆਂ ਨੇ ਦੰਗ ਕਰ ਦੇਣ ਵਾਲੀ ਇਕ ਹੋਰ ਸੂਚਨਾ ਸੁਣ ਲਈ। ਵਿਆਹ ਤੋਂ ਹਫ਼ਤੇ ਕੁ ਬਾਅਦ ਸ਼ਹਿਰੋਂ ਆਏ ਪਿੰਡ ਦੇ ਚੌਕੀਦਾਰ ਨੇ ਸਾਰਿਆਂ ਨੂੰ ਪ੍ਰਸੰਨਤਾ ਨਾਲ ਇਹ ਖ਼ਬਰ ਸੁਣਾਈ ਕਿ ਲੰਬੜਾਂ ਅਤੇ ਖੜੱਪਿਆਂ ਨੇ ਆਪਸੀ ਰਜ਼ਾਮੰਦੀ ਨਾਲ ਇਕ-ਦੂਜੇ ਵਿਰੁਧ ਠੋਕੇ ਹੋਏ ਮੁਕੱਦਮੇ ਵਾਪਸ ਲੈ ਲਏ ਹਨ। ਹੱਟੀ-ਭੱਠੀ ਉਪਰ ਹੁਣ ਇਸ ਨਵੀਂ 'ਹੌਟ ਨਿਊਜ਼' ਬਾਰੇ ਭਖਵੀਂ ਚਰਚਾ ਹੋਣੀ ਸ਼ੁਰੂ ਹੋ ਗਈ। ਲੜਾਈ-ਭਿੜਾਈ ਵਾਲੇ ਮਾਹੌਲ ਤੋਂ ਡਰਨ ਵਾਲੇ ਲੋਕ ਇਸ ਸਮਝੌਤੇ ਦਾ ਸਵਾਗਤ ਵੀ ਕਰ ਰਹੇ ਸਨ, ਲੇਕਿਨ ਅੱਗ ਲਾ ਕੇ ਨਿਆਈਆਂ ਨੂੰ ਭੱਜਣ ਵਾਲੇ 'ਡੱਬੂ' ਇਸ 'ਕ੍ਰਿਸ਼ਮਾ-ਸਮਝੌਤੇ' ਪਿਛਲੇ ਅਸਲੀ ਕਾਰਨ ਲੱਭਣ ਲਈ ਹੱਥ-ਪੈਰ ਮਾਰਨ ਲੱਗ ਪਏ, ਪਰ ਸਿਵਾਏ ਅਟਕਲ-ਪੱਚੂ ਸੁਣਨ ਦੇ ਕਿਸੇ ਦੇ ਪੱਲੇ ਕੁਝ ਨਾ ਪਿਆ। ਉਂਜ, ਦੋਹਾਂ ਧਿਰਾਂ ਵੱਲੋਂ ਪਿੰਡ 'ਚ ਨਿੱਤ ਦਿਨ ਪਾਈ ਜਾਂਦੀ ਛਿੰਝ ਤੋਂ ਅੱਕੇ ਹੋਏ ਪੇਂਡੂਆਂ ਨੇ ਲੱਖ-ਲੱਖ ਸ਼ੁਕਰ ਮਨਾਇਆ।

ਇਸ ਕਰਾਮਾਤੀ ਮਿਲਾਪ ਦਾ ਮੁੱਢ ਬੰਨ੍ਹਣ ਵਾਲੀ ਅਸਲ ਕਹਾਣੀ ਬਾਹਰ ਆਉਣ ਦਾ ਸਬੱਬ ਵੀ ਛੇਤੀ ਹੀ ਬਣ ਗਿਆ। ਕਿੱਕਰ ਸਿੰਹੁ ਦੀ ਕੁੜੀ ਦੇ ਸੁੱਖ-ਸਬੀਲੀ ਨਾਲ ਹੋਏ ਵਿਆਹ ਤੋਂ ਕੁਝ ਹਫ਼ਤਿਆਂ ਮਗਰੋਂ ਹੀ ਲੰਬੜਾਂ ਦੇ ਛੋਟੇ ਮੁੰਡੇ ਦਾ ਵਿਆਹ ਆ ਗਿਆ। ਖੜੱਪਿਆਂ ਦਾ ਸਾਰਾ ਬਾਲ-ਪਰਿਵਾਰ ਵੀ ਉਥੇ ਢੁੱਕਿਆ। ਵਿਆਹ ਤੋਂ ਇਕ ਦਿਨ ਪਹਿਲਾਂ ਸ਼ਾਮ ਨੂੰ ਪਿੰਡ ਦੇ ਪਤਵੰਤੇ, ਲੰਬੜਾਂ ਦੇ ਵਿਹੜੇ ਜੁੜੇ ਬੈਠੇ ਸਨ। ਪੰਜ ਰਤਨੀ ਵਰਤਾਈ ਜਾ ਰਹੀ ਸੀ। ਇਕ ਬਜ਼ੁਰਗ ਨੇ ਕਿੱਕਰ ਸਿੰਹੁ ਦੀ ਪਿੱਠ ਥਾਪੜਦਿਆਂ ਆਖਿਆ, "ਬਈ ਸਰਦਾਰਾ, ਤੈਂ ਤਾਂ 'ਕਤਾ ਕਰ'ਤੀ! ਸਾਰਾ ਕਲ੍ਹਾ-ਕਲੇਸ ਭੁਲਾ ਕੇ ਪੁੰਨ ਖੱਟ ਲਿਆ ਪੁੰਨ।"

"ਨਹੀਂ ਜੀ, ਇਹ ਤਾਂ ਲੰਬੜਦਾਰ ਦੀ ਸਿਆਣਪ ਦਾ ਹੀ ਸਿੱਟਾ ਐ।"

"ਉਹ ਤਾਂ ਠੀਕ ਐ, ਪਰ ਭਲੇ ਕੰਮ ਦੀ ਪਹਿਲ ਤੂੰ ਹੀ ਕੀਤੀ ਐ ਸਰਦਾਰਾ।" ਖ਼ੂਨੀ ਲੜਾਈ ਤੋਂ ਬਾਅਦ ਪਹਿਲੀ ਵਾਰ ਲੰਬੜਦਾਰ ਨੂੰ ਆਪਣੇ ਘਰੇ ਬੁਲਾਉਣ ਵੱਲ ਇਸ਼ਾਰਾ ਕਰਦਿਆਂ ਇਕ ਹੋਰ ਜਣਾ ਕਹਿਣ ਲੱਗਾ।

"ਉਏ ਨਹੀਂ ਭਰਾਵੋ...", ਲੋਰ 'ਚ ਆਇਆ ਕਿੱਕਰ ਸਿੰਹੁ ਦੱਸ ਰਿਹਾ ਸੀ, "ਤੁਹਾਨੂੰ ਨ੍ਹੀਂ ਪਤਾ, ਭਲਿਆਈ ਦੀ ਪਹਿਲ ਤਾਂ ਲੰਬੜਦਾਰ ਜੰਗੀਰ ਸਿੰਹੁ ਨੇ ਕੀਤੀ ਸੀ। ਇਹਦੇ ਪਰ-ਉਪਕਾਰ ਸਦਕਾ ਸਾਡੀ ਕੁੜੀ ਦਰੋਂ ਉਠੀ ਐ।"

ਇਸ ਮੌਕੇ ਜਿਹੜੀ 'ਅੰਦਰਲੀ' ਕਹਾਣੀ ਕਿੱਕਰ ਸਿੰਹੁ ਨੇ ਪਰ੍ਹਿਆ ਵਿਚ ਦੱਸੀ, ਉਸ ਨੂੰ ਸੁਣ ਕੇ ਸਾਰੇ ਜਣੇ 'ਅਸ਼ ਅਸ਼' ਕਰ ਉਠੇ।

ਵਿਚੋਂ ਅਸਲ ਗੱਲ ਇਹ ਸੀ ਕਿ ਕੁਝ ਹਫ਼ਤੇ ਪਹਿਲਾਂ ਵਿਆਹੀ ਗਈ ਕਿੱਕਰ ਸਿੰਹੁ ਦੀ ਲੜਕੀ ਇਕ ਤਾਂ ਅਨਪੜ੍ਹ ਸੀ, ਤੇ ਦੂਜੇ ਰੂਪ-ਰੰਗ ਪੱਖੋਂ ਵੀ ਕੋਈ ਬਹੁਤੀ ਸੋਹਣੀ ਨਹੀਂ ਸੀ। ਉਨ੍ਹਾਂ ਦਿਨਾਂ ਵਿਚ ਰਿਸ਼ਤਾ-ਨਾਤਾ ਕਰਨ ਸਮੇਂ ਭਾਵੇਂ ਮੁੰਡੇ-ਕੁੜੀ ਨੂੰ ਆਹਮੋ-ਸਾਹਮਣੇ ਨਹੀਂ ਸੀ ਬਹਾਇਆ ਜਾਂਦਾ ਪਰ ਆਮ ਤੌਰ 'ਤੇ ਅਜਿਹੇ ਮੌਕਿਆਂ 'ਤੇ ਇੱਧਰੋਂ-ਉਧਰੋਂ ਸੂਹਾਂ ਕੱਢ ਲਈਆਂ ਜਾਂਦੀਆਂ ਸਨ। ਪੱਕੇ ਰੰਗ ਵਾਲੇ ਅਜਿਹੇ ਮੁੰਡੇ-ਕੁੜੀਆਂ ਦੇ ਰਿਸ਼ਤੇ ਕਰਨ ਸਮੇਂ ਅਕਸਰ ਅੜਿੱਕੇ ਪੈ ਜਾਇਆ ਕਰਦੇ ਸਨ। ਸੋ, ਇਸ ਕੁੜੀ ਨਾਲ ਵੀ ਇਹੋ ਕੁਝ ਹੋ ਰਿਹਾ ਸੀ। ਕਈ ਥਾਂਈਂ ਗੱਲ ਚੱਲਦੀ ਪਰ ਕੁਝ ਦਿਨਾਂ ਬਾਅਦ ਹੀ ਵਿਚੋਲਾ ਮੁੰਡੇ ਵਾਲਿਆਂ ਦਾ ਜਵਾਬ ਲੈ ਕੇ ਆ ਜਾਂਦਾ। ਧੀ ਦੇ ਢਿੱਲੇ ਲਗਨਾਂ ਤੋਂ ਕਿੱਕਰ ਸਿੰਘ ਦਾ ਸਾਰਾ ਟੱਬਰ ਫਿਕਰਮੰਦ ਸੀ।

ਇਸੇ ਤਰ੍ਹਾਂ ਕਰਦਿਆਂ-ਕਰਾਉਂਦਿਆਂ ਇਨ੍ਹਾਂ ਨੂੰ ਕਿਸੇ ਨੇ ਉਸ ਪਿੰਡ ਦੇ ਮੁੰਡੇ ਦੀ ਦੱਸ ਪਾਈ ਜਿੱਥੇ ਲੰਬੜਦਾਰ ਜੰਗੀਰ ਸਿੰਘ ਦਾ ਵੱਡਾ ਲੜਕਾ ਵਿਆਹਿਆ ਹੋਇਆ ਸੀ। ਕਿਸੇ ਵਿਚੋਲੇ ਨੇ ਇਸ ਪਿੰਡ ਦੇ ਮੁੰਡੇ ਦੇ ਪਰਿਵਾਰ ਵਾਲਿਆਂ ਨਾਲ ਰਿਸ਼ਤੇ ਬਾਰੇ ਗੱਲਬਾਤ ਚਲਾਈ। ਇਨ੍ਹਾਂ ਹੀ ਦਿਨਾਂ ਵਿਚ ਕਿਤੇ ਜੰਗੀਰ ਸਿੰਘ ਆਪਣੇ ਕੁੜਮਾਂ ਦੇ ਘਰੇ ਕਿਸੇ ਕਾਰਜ 'ਤੇ ਪਹੁੰਚਿਆ ਹੋਇਆ ਸੀ। ਆਂਢ-ਗੁਆਂਢ ਵਿਚ ਪਤਾ ਲੱਗਣ 'ਤੇ ਉਸ ਮੁੰਡੇ ਦਾ ਬਾਪ ਜੰਗੀਰ ਸਿੰਘ ਨੂੰ ਮਿਲ ਕੇ ਪੁੱਛਣ ਲੱਗਾ ਕਿ ਸਰਦਾਰ ਜੀ, ਸਾਡੇ ਕਾਕੇ ਨੂੰ ਤੁਹਾਡੇ ਪਿੰਡੋਂ ਰਿਸ਼ਤਾ ਆਉਂਦਾ ਹੈ, ਅਸੀਂ ਉਸ ਖਾਨਦਾਨ ਬਾਰੇ ਕੁਝ ਅਤਾ-ਪਤਾ ਕਰਨਾ ਚਾਹੁੰਦੇ ਹਾਂ। ਪੁੱਛਣ 'ਤੇ ਜਦੋਂ ਲੰਬੜਦਾਰ ਨੂੰ ਪਤਾ ਲੱਗਿਆ ਕਿ ਕਿੱਕਰ ਸਿੰਹੁ ਹੁਣਾਂ ਦੀ ਹੀ ਕੁੜੀ ਦੇ ਰਿਸ਼ਤੇ ਬਾਰੇ ਗੱਲਬਾਤ ਹੋ ਰਹੀ ਤਾਂ ਉਹਦੇ ਦਿਲ 'ਚ ਇਕ ਦਮ ਕ੍ਰੋਧ ਦਾ ਉਬਾਲ ਉਠਿਆ। ਉਸ ਨੇ ਤੇੜ ਪਹਿਨੀ ਹੋਈ ਧੋਤੀ ਦੇ ਲੜ ਨਾਲ ਪੱਟ ਦਾ ਸੁੱਕ ਰਿਹਾ ਜ਼ਖ਼ਮ ਸੁਆਰ ਕੇ ਢੱਕਿਆ ਅਤੇ ਕੋਲ ਪਈ ਆਪਣੀ ਫਾਹੁੜੀ ਵੱਲ ਨਿਗਾਹ ਮਾਰੀ। ਉਸ ਦਾ ਚਿਹਰਾ ਲਾਲ ਹੋ ਗਿਆ।

"ਉਨ੍ਹਾਂ ਦਾ ਖਾ...ਨ...ਦਾਨ...!" ਲਮਕਵੀਂ ਜਿਹੀ ਸੁਰ ਵਿਚ ਇਹ ਅਧੂਰਾ ਵਾਕ ਕਹਿ ਕੇ ਉਹ ਖਾਮੋਸ਼ ਜਿਹਾ ਹੋ ਗਿਆ। ਪੁੱਛਣ ਵਾਲਾ ਸ਼ੱਕੀ ਅੰਦਾਜ਼ 'ਚ ਕਹਿੰਦਾ, "ਸੁਣਿਐਂ ਕਿ ਉਹ ਲੜਾਕੇ ਵੀ ਬਹੁਤ ਨੇ, ਤੇ ਤੁਹਾਡੇ ਪਿੰਡ ਦੇ ਲੋਕੀਂ ਉਨ੍ਹਾਂ ਨੂੰ ਖੜੱਪੇ...।"

"ਓ ਨਹੀਂ ਸਰਦਾਰ ਜੀ।" ਹੁਣ ਜੰਗੀਰ ਸਿੰਘ ਦੇ ਚਿਹਰੇ 'ਤੇ ਸ਼ਾਂਤੀ ਪਸਰੀ ਹੋਈ ਸੀ ਅਤੇ ਉਹ ਇਤਮੀਨਾਨ ਨਾਲ ਆਖਣ ਲੱਗਾ, "ਐਡੀ ਕੋਈ ਗੱਲ ਨ੍ਹੀਂ ਜੀ... ਸੁਭਾਅ ਦੇ ਜ਼ਰੂਰ ਕੁਪੱਤੇ ਐ, ਪਰ ਐਵੇਂ ਕਿਸੇ ਦੇ ਗਲ ਨਹੀਂ ਪੈਂਦੇ। ਅੱਜ-ਕੱਲ੍ਹ ਭਲ-ਮਾਣਸੀ ਦਾ ਸਮਾਂ ਵੀ ਕਿੱਥੇ ਰਹਿ ਗਿਆ ਸਰਦਾਰਾ। ਥੋੜ੍ਹੇ-ਬਹੁਤੇ ਕੌੜੇ-ਕੱਬੇ ਬਣਨਾ ਈ ਪੈਂਦਾ ਐ।... ਬੰਦੇ ਸਰਦੇ-ਪੁੱਜਦੇ ਐ, ਤੁਸੀਂ ਨਿਸ਼ੰਗ ਰਿਸ਼ਤਾ ਕਰੋ ਜੀ।"

"ਕੁੜੀ ਦਾ ਰੰਗ ਵੀ ਦੱਸਦੇ ਐ ਕੁਝ ਕਣਕ...?"

ਐਤਕੀਂ ਫਿਰ ਵਿਚੋਂ ਹੀ ਗੱਲ ਬੋਚਦਿਆਂ ਲੰਬੜਦਾਰ ਬੋਲਿਆ, "ਸਰਦਾਰਾ ਰੰਗ ਤਾਂ ਦੋਏ ਈ ਐ। ਚਿੱਟੀ ਚਮੜੀ ਨੂੰ ਕੀ ਕਰਨਾ ਐਂ, ਜੇ ਧੀ-ਪੁੱਤ ਨੂੰ ਕੋਈ ਅਕਲ-ਸ਼ਊਰ ਨਾ ਹੋਇਆ?...ਕੁੜੀ ਸਾਫ਼-ਸੁਥਰੀ ਐ, ਬੀਬੀ ਐ, ਕਬੀਲਦਾਰ ਘਰਾਣੇ ਦੀ ਐ, ਤੁਸੀਂ ਸਿਰੇ ਚਾੜ੍ਹੋ ਗੱਲ!"

ਜੰਗੀਰ ਸਿੰਘ ਵੱਲੋਂ ਦਿੱਤੀਆਂ ਗਈਆਂ ਇਨ੍ਹਾਂ ਅਤਿ-ਭਰੋਸੇਯੋਗ ਤਸੱਲੀਆਂ ਸਦਕਾ ਕਿੱਕਰ ਸਿੰਹੁ ਹੋਣਾਂ ਦੀ ਰਹੀ-ਖੁਹੀ ਕੁੜੀ ਦਾ ਰਿਸ਼ਤਾ ਪੱਕਾ ਹੋ ਗਿਆ। ਵਿਆਹ ਤੋਂ ਦੋ-ਚਾਰ ਦਿਨ ਪਹਿਲਾਂ ਇੱਧਰ-ਉਧਰ ਘੁੰਮਦੇ ਵਿਚੋਲੇ ਨੇ ਵਿਆਂਦੜ ਮੁੰਡੇ ਦੇ ਬਾਪ ਪਾਸੋਂ ਸੁਣੀ ਹੋਈ ਇਹ ਜਾਣਕਾਰੀ ਕਿੱਕਰ ਸਿੰਹੁ ਹੁਣਾਂ ਨੂੰ ਆਣ ਸੁਣਾਈ। ਲੰਬੜਦਾਰ ਵੱਲੋਂ ਕੀਤੀ ਗਈ ਨੇਕੀ ਸੁਣ ਕੇ ਸਾਰਾ ਟੱਬਰ ਬਾਗੋ-ਬਾਗ ਹੋ ਗਿਆ। 'ਜਾਨੀ ਦੁਸ਼ਮਣ ਹੁੰਦਿਆਂ ਹੋਇਆਂ ਵੀ ਉਸ ਨੇ ਦੁਸ਼ਮਣ ਦੀ ਧੀ ਨੂੰ ਵੀ ਆਪਣੀ ਧੀ ਵਾਂਗ ਸਮਝਿਆ। ਜੇ ਉਹ ਚਾਹੁੰਦਾ ਤਾਂ...!' ਇਹ ਸੋਚ ਕੇ ਖੜੱਪਿਆਂ ਨੇ ਪਿੰਡ ਦੇ ਦੋ-ਚਾਰ ਮੋਹਤਬਰ ਸੱਜਣ ਹੋਰ ਨਾਲ ਲਏ ਅਤੇ ਜੰਗੀਰੇ ਕਿਆਂ ਦੇ ਜਾ ਪੈਰੀਂ ਪਏ। ਉਨ੍ਹਾਂ ਨੂੰ ਆਪਣੀ ਬੇਟੀ ਦੇ ਵਿਆਹ ਵਿਚ ਸ਼ਾਮਲ ਹੋਣ ਲਈ ਮਨਾਉਣ ਤੋਂ ਬਾਅਦ ਹੀ ਕਿੱਕਰ ਸਿੰਹੁ ਦਾ ਟੱਬਰ ਉਥੋਂ ਉਠਿਆ।

# ਮੀਹੁ ਪਇਆ ਪਰਮੇਸਰਿ ਪਾਇਆ

ੴ ਸਤਿਗੁਰੂ ਪ੍ਰਸਾਦਿ॥
ਮਾਝ ਮਹਲਾ 5
ਮੀਹੁ ਪਇਆ ਪਰਮੇਸਰਿ ਪਾਇਆ॥
ਜੀਅ ਜੰਤ ਸਭਿ ਸੁਖ ਵਸਾਇਆ॥
ਗਇਆ ਕਲੇਸੁ ਭਇਆ ਸੁਖੁ ਸਾਚਾ
ਹਰਿ ਹਰਿ ਨਾਮੁ ਸਮਾਲੀ ਜੀਉ॥
ਜਿਸ ਕੇ ਸੇ ਤਿਨ ਹੀ ਪ੍ਰਤਿਪਾਰੇ॥
ਪਾਰਬ੍ਰਹਮ ਪ੍ਰਭ ਭਏ ਰਖਵਾਰੇ॥
ਸੁਣੀ ਬੇਨੰਤੀ ਠਾਕੁਰਿ ਮੇਰੈ
ਪੂਰਨ ਹੋਈ ਘਾਲੀ ਜੀਉ॥
ਸਰਬ ਜੀਆ ਕਉ ਦੇਵਣਹਾਰਾ॥
ਗੁਰ ਪਰਸਾਦੀ ਨਦਰਿ ਨਿਹਾਰਾ॥
ਜਲ ਥਲ ਮਹੀਅਲ ਸਭਿ ਤ੍ਰਿਪਤਾਣੇ
ਸਾਧੂ ਚਰਨ ਪਖਾਲੀ ਜੀਉ॥
ਮਨ ਕੀ ਇਛ ਪੁਜਾਵਣਹਾਰਾ॥
ਸਦਾ ਸਦਾ ਜਾਈ ਬਲਿਹਾਰਾ॥
ਨਾਨਕ ਦਾਨੁ ਕੀਆ ਦੁਖ ਭੰਜਨਿ
ਰਤੇ ਰੰਗਿ ਰਸਾਲੀ ਜੀਉ॥

ਇਸ ਸ਼ਬਦ ਰਾਹੀਂ ਗੁਰਦੇਵ ਉਪਦੇਸ਼ ਕਰਦੇ ਹਨ ਕਿ ਹੇ ਭਾਈ! ਜਦੋਂ ਪ੍ਰਭੂ ਦੀ ਕ੍ਰਿਪਾ ਸਦਕਾ ਬਾਰਿਸ਼ ਪੈਂਦੀ ਹੈ ਤਾਂ ਸਾਰੇ ਜੀਵ ਜੰਤੂ ਆਨੰਦ ਵਿਚ ਆ ਜਾਂਦੇ ਹਨ। ਇਸੇ ਤਰ੍ਹਾਂ ਹੀ ਜਿਵੇਂ ਜਿਵੇਂ ਮੈਂ ਉਸ ਪ੍ਰਭੂ ਦਾ ਨਾਮ ਜਪਦਾ ਹਾਂ ਤਾਂ ਮੇਰੇ ਅੰਦਰੋਂ ਦੁੱਖ ਅਤੇ ਕਲੇਸ਼ ਸਭ ਮੁੱਕਦੇ ਜਾਂਦੇ ਹਨ ਅਤੇ ਸਦਾ ਹੀ ਥਿਰ ਰਹਿਣ ਵਾਲੀ ਸਹਿਜ ਅਵਸਥਾ ਅਤੇ ਆਨੰਦ ਮੇਰੇ ਅੰਦਰ ਵੱਸਦੇ ਜਾ ਰਹੇ ਹਨ।

ਜਿਸ ਕੇ ਸੇ ਤਿਨ ਹੀ ਪ੍ਰਤਿਪਾਰੇ॥
ਪਾਰਬ੍ਰਹਮ ਪ੍ਰਭ ਭਏ ਰਖਵਾਰੇ॥
ਸੁਣੀ ਬੇਨੰਤੀ ਠਾਕੁਰਿ ਮੇਰੈ
ਪੂਰਨ ਹੋਈ ਘਾਲੀ ਜੀਉ॥

ਹੇ ਭਾਈ! ਜਿਵੇਂ ਪ੍ਰਮੇਸ਼ਵਰ ਪਿਤਾ ਮੀਂਹ ਪਾ ਕੇ ਉਨ੍ਹਾਂ ਸਾਰੇ ਜੀਵਾਂ ਦੀ ਪ੍ਰਤਿਪਾਲਣਾ ਕਰਦਾ ਹੈ, ਜੋ ਉਸ ਦੇ ਹੀ ਪੈਦਾ ਕੀਤੇ ਹੋਏ ਹਨ ਅਤੇ ਫਿਰ ਉਨ੍ਹਾਂ ਦਾ ਰਖਵਾਲਾ ਭੀ ਬਣਦਾ ਹੈ, ਬਿਲਕੁਲ ਉਸੇ ਤਰ੍ਹਾਂ ਹੀ ਜਦ ਮੈਂ ਨਾਮ ਰੂਪੀ ਮੀਂਹ ਲਈ ਬੇਨਤੀ ਕੀਤੀ ਤਾਂ ਮਿਹਰਾਂ ਦੇ ਮਾਲਿਕ ਪ੍ਰਭੂ ਨੇ ਮੇਰੀ ਬੇਨਤੀ ਸੁਣ ਲਈ ਤਾਂ ਮੇਰੀ ਘਾਲ, ਭਾਵ ਮਿਹਨਤ ਪੂਰੀ ਹੋ ਗਈ।

ਸਰਬ ਜੀਆ ਕਉ ਦੇਵਣਹਾਰਾ॥
ਗੁਰ ਪਰਸਾਦੀ ਨਦਰਿ ਨਿਹਾਰਾ॥
ਜਲ ਥਲ ਮਹੀਅਲ ਸਭਿ ਤ੍ਰਿਪਤਾਣੇ
ਸਾਧੂ ਚਰਨ ਪਖਾਲੀ ਜੀਉ॥

ਹੇ ਭਾਈ! ਜਿਹੜਾ ਪਰਮ ਪਿਤਾ ਸਾਰੇ ਜੀਵਾਂ ਨੂੰ ਦਾਤਾਂ ਵੰਡਦਾ ਹੈ ਅਤੇ ਜਿਸ ਦੀ ਮਿਹਰ ਸਦਕਾ

## ਗੁਰਬਾਣੀ ਗਿਆਨ

ਪਾਣੀ ਵਿਚ, ਧਰਤੀ ਵਿਚ ਅਤੇ ਧਰਤੀ ਦੇ ਉਪਰ ਰਹਿਣ ਵਾਲੇ ਸਭ ਜੀਵ ਉਸ ਦੀਆਂ ਦਾਤਾਂ ਨਾਲ ਰੱਜ ਰਹੇ ਹਨ, ਉਸੇ ਹੀ ਪ੍ਰਭੂ ਨੇ ਗੁਰੂ ਦੀ ਕ੍ਰਿਪਾ ਸਦਕਾ ਮੇਰੇ ਵਲ ਮਿਹਰ ਭਰੀ ਨਜ਼ਰ ਨਾਲ ਵੇਖਿਆ ਅਤੇ ਮੇਰੇ ਹਿਰਦੇ ਵਿਚ ਨਾਮ ਰੂਪੀ ਵਰਖਾ ਕਰਕੇ ਮੈਨੂੰ ਨਿਹਾਲ ਕਰ ਦਿੱਤਾ, ਤਾਂ ਹੀ ਤਾਂ ਮੈਂ ਸਾਧੂ ਭਾਵ ਆਪਣੇ ਗੁਰੂ ਦੇ ਚਰਨਾਂ ਨੂੰ ਧੋਂਦਾ ਹਾਂ।

ਮਨ ਕੀ ਇਛ ਪੁਜਾਵਣਹਾਰਾ॥
ਸਦਾ ਸਦਾ ਜਾਈ ਬਲਿਹਾਰਾ॥
ਨਾਨਕ ਦਾਨੁ ਕੀਆ ਦੁਖ ਭੰਜਨਿ
ਰਤੇ ਰੰਗਿ ਰਸਾਲੀ ਜੀਉ॥

ਹੇ ਭਾਈ! ਉਹ ਪ੍ਰਭੂ ਤਾਂ ਸਾਰੇ ਹੀ ਜੀਵਾਂ ਦੇ ਮਨ ਦੀਆਂ ਇੱਛਾਵਾਂ ਪੂਰੀਆਂ ਕਰਨ ਵਾਲਾ ਹੈ। ਇਸ ਲਈ ਮੈਂ ਭੀ ਉਸੇ ਪ੍ਰਭੂ ਤੋਂ ਸਦਾ ਸਦਾ ਹੀ ਬਲਿਹਾਰ ਜਾਂਦਾ ਹਾਂ। ਹੇ ਨਾਨਕ! ਇਸ ਸੰਸਾਰ ਦੀ ਪ੍ਰਤਿਪਾਲਣਾ ਕਰਨ ਵਾਲੇ ਪ੍ਰਭੂ ਪ੍ਰੀਤਮ ਨੇ ਆਪਣੀ ਮਿਹਰ ਸਦਕਾ ਜਿਨ੍ਹਾਂ ਜੀਵਾਂ ਨੂੰ ਨਾਮ ਦੀ ਦਾਤ ਬਖ਼ਸ਼ ਦਿੱਤੀ, ਉਹ ਜੀਵ ਉਸ ਸਾਰੇ ਰਸਾਂ ਦੇ ਮਾਲਿਕ ਪ੍ਰਭੂ ਜੀ ਦੇ ਨਾਮ ਰੂਪੀ ਪ੍ਰੇਮ ਰੰਗ ਵਿਚ ਰੰਗੇ ਗਏ; ਤਾਂ ਤੇ ਹੇ ਭਾਈ! ਇਸ ਸੋਹਣੀ ਬਰਖਾ ਰੁੱਤ ਵਿਚ ਆਉ ਪ੍ਰਭੂ ਚਰਨਾਂ ਨਾਲ ਜੁੜ ਜਾਈਏ।

**-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**
**ਫੋਨ:916-687-3536**

# ਓਸਲੋ ਦਾ ਪਿਛੋਕੜ, ਸਾਮਰਾਜਵਾਦ ਅਤੇ ਜੰਗੀ ਮੁਹਿੰਮਾਂ

*(ਸਫਾ 15 ਦੀ ਬਾਕੀ)*

ਤੰਦ ਦੀ ਨਿਸ਼ਾਨਦੇਹੀ ਉੱਤਰੀ ਅਮਰੀਕੀ ਅਤੇ ਯੂਰਪੀ ਵਿਦੇਸ਼ ਨੀਤੀਆਂ ਵਿਚੋਂ ਕੀਤੀ ਜਾ ਸਕਦੀ ਹੈ। ਜ਼ਿਆਦਾਤਰ ਅਰਬੀ ਤਾਨਾਸ਼ਾਹੀਆਂ ਇਸੇ ਧੜੇ ਦੀ ਹਮਾਇਤ ਨਾਲ ਚੱਲਦੀਆਂ ਹਨ। ਜਿਨ੍ਹਾਂ ਨੇ ਇਸ ਧੜੇ ਦੀ ਈਨ ਮੰਨਣ ਤੋਂ ਇਨਕਾਰ ਕੀਤਾ ਹੈ, ਉਨ੍ਹਾਂ ਨੂੰ ਜੰਗੀ ਮੁਹਿੰਮਾਂ ਵਿਚ ਉਲਝਾ ਲਿਆ ਗਿਆ ਹੈ। ਇਰਾਨ ਵਰਗੇ ਮੁਲਕਾਂ ਖ਼ਿਲਾਫ਼ ਖ਼ੁਫ਼ੀਆਂ ਜੰਗੀ ਅਤੇ ਜ਼ਬਰਦਸਤ ਪ੍ਰਚਾਰ ਮੁਹਿੰਮਾਂ ਚੱਲ ਰਹੀਆਂ ਹਨ। ਅਤਿਵਾਦ ਨੂੰ ਖ਼ਤਮ ਕਰਨ ਲਈ ਆਲਮੀ ਜੰਗ ਦੇ ਝੰਡਾਬਰਦਾਰ ਮੁਲਕ ਇਰਾਨ ਖ਼ਿਲਾਫ਼ ਜੰਡੋਲਾ ਵਰਗੀਆਂ ਹਥਿਆਰਬੰਦ ਤਨਜੀਮਾਂ ਨੂੰ ਹਰ ਇਮਦਾਦ ਮੁਹੱਈਆ ਕਰ ਰਹੇ ਹਨ। ਇਰਾਕ ਵਿਚ ਸੁੰਨੀ ਤਬਕੇ ਖ਼ਿਲਾਫ਼ ਸ਼ੀਆ ਨੂੰ ਹਥਿਆਰਬੰਦ ਕਰਦੇ ਹਨ ਅਤੇ ਇਰਾਨ ਵਿਚ ਸੁੰਨੀਆਂ ਨਾਲ ਹੇਜ ਪਾਲਦੇ ਹਨ ਪਰ ਆਪਣੇ ਮੁਲਕਾਂ ਵਿਚ ਇਸਲਾਮ ਨੂੰ ਖ਼ੌਫ਼ਨਾਕ ਬਣਾ ਕੇ ਪੇਸ਼ ਕਰ ਰਹੀਆਂ ਲਹਿਰਾਂ ਦੀ ਮਦਦ ਕਰਦੇ ਹਨ। ਜੇ ਮਦਦ ਜ਼ਾਹਿਰਾ ਤੌਰ ਉੱਤੇ ਨਹੀਂ ਹੋ ਰਹੀ ਤਾਂ ਚੁੱਪ ਵੱਟ ਲੈਣਾ ਜਾਂ ਨਜ਼ਰਅੰਦਾਜ਼ ਕਰ ਦੇਣਾ ਵੀ ਬੁਨਿਆਦਪ੍ਰਸਤਾਂ ਨੂੰ ਹੱਲਾਸ਼ੇਰੀ ਦੇਣ ਲਈ ਬਹੁਤ ਹੈ। ਜੇ ਸਰਕਾਰਾਂ ਲੋਕਾਂ ਨੂੰ ਅਤਿਵਾਦ ਦਾ ਹਊਆ ਬਣਾ ਕੇ ਨਵੀਂਆਂ ਇਮੀਗਰੇਸ਼ਨ ਨੀਤੀਆਂ ਅਤੇ ਸਖ਼ਤ ਸੁਰੱਖਿਆ ਜ਼ਾਬਤੇ ਲਾਗੂ ਕਰ ਰਹੀਆਂ ਹਨ ਤਾਂ ਬੁਨਿਆਦਪ੍ਰਸਤ ਇਸੇ ਮਾਹੌਲ ਵਿਚੋਂ ਆਪਣਾ ਘੇਰਾ ਮੋਕਲਾ ਕਰ ਰਹੇ ਹਨ। ਇਸ ਦੌਰ ਵਿਚ ਮਨੁੱਖ ਨੂੰ ਮਹਿਜ ਖਪਤਕਾਰ ਤੱਕ ਮਹਿਦੂਦ ਕਰ ਰਿਹਾ ਮੁਨਾਫ਼ਾ ਲਗਾਤਾਰ ਵਧ ਰਿਹਾ ਹੈ। ਬੇਦਲੀਲਾ ਅਤੇ ਬੇਵਿਸਾਹੀ ਵਿਚ ਫਸਿਆ ਮਨੁੱਖ ਬਿਹਤਰ ਖਪਤਕਾਰ ਸਾਬਤ ਹੁੰਦਾ ਹੈ। ਆਲਮੀ ਹਥਿਆਰ ਸਨਅਤ ਲਈ ਮਾਹੌਲ ਸਾਜ਼ਗਾਰ ਹੈ। ਜਿੰਨੀਆਂ ਸੁਰੱਖਿਆ ਪੇਸ਼ਬੰਦੀਆਂ ਮਜ਼ਬੂਤ ਹੋਣਗੀਆਂ, ਓਨੀਆਂ ਹੀ ਦੂਜੇ ਮੁਲਕਾਂ ਉੱਤੇ ਹਮਲਿਆਂ ਲਈ ਹਮਾਇਤ ਦੀਆਂ ਸੰਭਾਵਨਾਵਾਂ ਵੱਧ ਹੋਣਗੀਆਂ। ਓਸਲੋ ਤੋਂ ਇਹ ਸਪਸ਼ਟ ਹੋ ਗਿਆ ਹੈ ਕਿ ਇਰਾਕ ਅਤੇ ਅਫ਼ਗ਼ਾਨਿਸਤਾਨ ਵਿਚ ਫਸੇ ਅਮਰੀਕਾ ਨੇ ਜੰਗ ਦਾ ਮੰਚ ਅਰਬ ਵਿਚ ਬਦਲ ਲਿਆ ਹੈ। ਇਨ੍ਹਾਂ ਜੰਗੀ ਮੁਹਿੰਮਾਂ ਵਿਚੋਂ ਪੈਰ ਖਿੱਚ ਰਹੇ ਅਰਬ ਵਿਚ ਅਗਵਾਨ ਬਣ ਗਏ ਹਨ। ਨਾਟੋ ਦਾ ਹਿੱਸਾ ਹੋਣ ਦੇ ਬਾਵਜੂਦ ਜੰਗੀ ਮੁਹਿੰਮਾਂ ਤੋਂ ਕੰਨੀ ਕਤਰਾਉਣ ਵਾਲੇ ਮੁਲਕਾਂ ਨੂੰ ਜਚਾਇਆ ਜਾ ਰਿਹਾ ਹੈ ਕਿ ਉਹ ਅਤਿਵਾਦ ਦੀ ਮਾਰ ਤੋਂ ਮਹਿਜ਼ ਇਕ ਵਾਰਦਾਤ ਦੀ ਦੂਰੀ ਉੱਤੇ ਹਨ। ਸਰਮਾਏਦਾਰੀ, ਸਾਮਰਾਜਵਾਦ, ਨਸਲਵਾਦ ਅਤੇ ਜੰਗਬਾਜ਼ੀ ਦਾ ਇਹ ਗੱਠਜੋੜ ਮਨੁੱਖਤਾ ਅਤੇ ਜਮਹੂਰੀਅਤ ਲਈ ਜਵਾਬਦੇਹ ਨਹੀਂ ਹੈ। ਹੁਣ ਹਰ ਦਰਦਮੰਦ ਮਨੁੱਖ ਨੂੰ 'ਚੁੱਪ ਦੀ ਸਾਜ਼ਿਸ਼' ਵਾਲੀ ਚਾਦਰ ਚਾਕ ਕਰ ਦੇਣੀ ਚਾਹੀਦੀ ਹੈ।

# ਇਤਿਹਾਸ ਦੁਹਰਾ ਰਹੇ ਨੇ ਪੰਜਾਬ ਦੇ ਆਗੂ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ

**ਉਦੋਂ ਸਿੱਖ ਰਾਜਨੀਤੀ ਦੇ ਦੋ ਵੱਡੇ ਆਗੂ ਮਾਸਟਰ ਤਾਰਾ ਸਿੰਘ ਤੇ ਸੰਤ ਫਤਹਿ ਸਿੰਘ ਹੁੰਦੇ ਸਨ ਅਤੇ ਦੋਵੇਂ ਹੀ ਮਰਨ-ਵਰਤ ਰੱਖਣ ਅਤੇ ਤੋੜਨ ਦੀ ਕਲਾ ਦੇ ਮਾਹਰ ਸਨ। ਇਕ ਮੌਕੇ ਜਦੋਂ ਦੋਵਾਂ ਦਰਮਿਆਨ ਟਕਰਾਓ ਹੱਦਾਂ ਟੱਪ ਗਿਆ ਤਾਂ ਉਸ ਵਕਤ ਬਿਆਨਬਾਜ਼ੀ ਵੀ ਹੁਣ ਵਾਂਗ ਨੀਵਾਣਾਂ ਛੋਹਣ ਲੱਗ ਪਈ ਸੀ। ਸੰਤ ਧੜੇ ਵਾਲਿਆਂ ਨੇ ਮਾਸਟਰ ਤਾਰਾ ਸਿੰਘ ਦਾ ਇਕ ਹਿੰਦੂ ਬਖਸ਼ੀ ਗੋਪੀ ਚੰਦ ਦੇ ਘਰ ਜਨਮ ਹੋਣ ਨੂੰ ਲੈ ਕੇ ਉਸ ਦੇ ਨਾਂ ਨਾਲ 'ਬੋਦੀ ਵਾਲਾ ਤਾਰਾ' ਤੱਕ ਜੋੜਿਆ ਅਤੇ ਕਿਸੇ ਸਟੇਜੀ ਕਵੀ ਤੋਂ ਉਸ ਬਾਰੇ ਕਵਿਤਾ ਵੀ ਬਣਵਾ ਲਈ ਜਿਹੜੀ ਇਨ੍ਹਾਂ ਦੀਆਂ ਸਟੇਜਾਂ ਤੋਂ ਆਮ ਕਰ ਕੇ ਗਾਈ ਜਾਂਦੀ ਸੀ। ਮਾਸਟਰ ਧੜੇ ਵਾਲਿਆਂ ਨੇ ਸੰਤ ਫਤਹਿ ਸਿੰਘ ਦੀ ਮਾਂ ਦੇ ਗੈਰ-ਸਿੱਖ ਹੋਣ ਦਾ ਸਵਾਲ ਉਠਾ ਕੇ ਉਸ ਦੀਆਂ ਹਮਦਰਦੀਆਂ ਭਾਰਤ ਨਾਲ ਵੈਰ-ਭਾਵ ਰੱਖਦੇ ਗਵਾਂਢੀ ਮੁਲਕ ਨਾਲ ਜੋੜ ਕੇ ਪ੍ਰਚਾਰ ਕੀਤਾ ਸੀ।**

ਭੱਦੀ ਕਿਸਮ ਦੀ ਜਿਹਤੀ ਮਿਹਣੋਬਾਜ਼ੀ ਅੱਜ ਤੋਂ ਪੰਜਤਾਲੀ ਕੁ ਸਾਲ ਪਹਿਲਾਂ ਦੋ ਸਿੱਖ ਲੀਡਰਾਂ- ਮਾਸਟਰ ਤਾਰਾ ਸਿੰਘ ਤੇ ਸੰਤ ਫਤਹਿ ਸਿੰਘ ਦਰਮਿਆਨ ਸੁਣੀ ਗਈ ਸੀ, ਪਿਛਲਾ ਹਫਤਾ ਪੰਜਾਬ ਦੇ ਲੋਕਾਂ ਨੇ ਸਾਡੇ ਸਮੇਂ ਦੇ ਲੀਡਰਾਂ ਦਰਮਿਆਨ ਫਿਰ ਸੁਣ ਲਈ ਹੈ। ਹਰ ਕਿਸੇ ਨੇ ਦੂਜੇ ਉੱਤੇ ਦੂਸ਼ਣਬਾਜ਼ੀ ਦੀ ਹੱਦ ਕਰ ਦਿੱਤੀ ਹੈ, ਪਰ ਪੀੜ੍ਹੀ ਹੇਠਾਂ ਸੋਟਾ ਮਾਰਨ ਦੀ ਕਿਸੇ ਇਕ ਨੇ ਵੀ ਕੋਸ਼ਿਸ਼ ਨਹੀਂ ਕੀਤੀ। ਇਸ ਅਮਲ ਵਿਚ ਉਨ੍ਹਾਂ ਸਾਰਿਆਂ ਨੇ ਸਮਾਜ ਨੂੰ ਪੀੜ ਦੇਣ ਵਾਲੇ ਦੱਬੇ ਮੁਰਦਿਆਂ ਵਰਗੇ ਉਹ ਮੁੱਦੇ ਪੁੱਟਣ ਦੀ ਪੂਰੀ ਵਾਹ ਲਾਈ ਹੈ ਜਿਨ੍ਹਾਂ ਦੇ ਮਾਮਲੇ ਵਿਚ ਆਪਣਾ ਪੱਲਾ ਇਨ੍ਹਾਂ ਵਿਚੋਂ ਕਿਸੇ ਦਾ ਵੀ ਸਾਫ ਨਹੀਂ। ਚੋਣਾਂ ਨੇੜੇ ਆਉਂਦੀਆਂ ਦੇਖ ਕੇ ਇਹ ਸਾਰੀ ਕੁੱਕੜ-ਖੇਹ ਉਡਾਈ ਜਾ ਰਹੀ ਹੈ।

ਪੰਜਾਬੀ ਦਾ ਮੁਹਾਵਰਾ ਹੈ ਕਿ 'ਡਿੱਗੀ ਖੋਤੇ ਤੋਂ, ਗੁੱਸਾ ਘੁਮਿਆਰ ਉੱਤੇ'। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਵੀ ਗੁੱਸਾ ਤਾਂ ਸੰਗਰੂਰ ਜ਼ਿਲ੍ਹੇ ਵਿਚਲੇ ਆਪਣੇ ਸਹਿਯੋਗੀਆਂ ਉੱਤੇ ਸੀ ਜਿਨ੍ਹਾਂ ਵਿਚੋਂ ਇਕ ਦੀ ਵਿਧਾਨ ਸਭਾ ਵਾਲੀ ਸੀਟ ਛੁਡਾ ਕੇ ਉਹ ਆਪਣੇ ਇਕ ਫਰਮਾਬਰਦਾਰ ਅਫਸਰ ਨੂੰ ਦੇਣਾ ਚਾਹੁੰਦੇ ਹਨ। ਅਫਸਰ ਰਿਟਾਇਰ ਹੋਣ ਤੋਂ ਪਹਿਲਾਂ ਹੀ ਉਥੋਂ ਦੇ ਲੋਕਾਂ ਦੀ ਲੀਡਰੀ ਕਰਨ ਤੁਰ ਪਿਆ ਅਤੇ ਉਸ ਸੀਟ ਦਾ ਮੌਜੂਦਾ ਵਿਧਾਇਕ ਇਸ ਗੱਲ ਤੋਂ ਕੌੜ ਖਾ ਕੇ ਪਾਰਟੀ ਤੋਂ ਫਾਸਲਾ ਪਾਉਣ ਲੱਗ ਪਿਆ। ਜਦੋਂ ਉਹ ਫਾਸਲਾ ਪਾਵੇਗਾ ਤਾਂ ਉਸ ਜ਼ਿਲ੍ਹੇ ਵਿਚ ਪੁਰਾਣੇ ਮੱਤਭੇਦਾਂ ਕਾਰਨ ਵੱਖ ਤੁਰੇ ਹੋਏ ਬਰਨਾਲਾ ਧੜੇ ਨਾਲ ਜੋਟੇ ਪੈਣ ਦੀਆਂ ਕਨਸੋਆਂ ਵੀ ਆਉਣਗੀਆਂ। ਇਹ ਗੱਲਾਂ ਸੁਣ ਕੇ ਮੁੱਖ ਮੰਤਰੀ ਨੂੰ ਆਪਣੇ ਧੜੇ ਦੀ ਫੁੱਟ ਕਾਰਨ ਸੰਗਤ ਦਰਸ਼ਨ ਰੱਦ ਕਰਨਾ ਪਿਆ, ਤੇ ਇਸ ਦਾ ਭਾਂਡਾ ਭੰਨਣ ਲਈ ਰਾਜਸੀ ਸ਼ਰੀਕ ਨੂੰ ਜ਼ਿੰਮੇਵਾਰ ਦੱਸ ਕੇ ਪੱਤਰਕਾਰਾਂ ਕੋਲ ਕਹਿ ਦਿੱਤਾ ਕਿ ਸੁਰਜੀਤ ਸਿੰਘ ਬਰਨਾਲਾ ਨੇ ਮੁੱਖ ਮੰਤਰੀ ਦੀ ਕੁਰਸੀ ਲਈ ਸੰਤ ਹਰਚੰਦ ਸਿੰਘ ਨੂੰ ਅੱਗੇ ਲਾ ਕੇ ਰਾਜੀਵ ਗਾਂਧੀ ਨਾਲ ਸਮਝੌਤਾ ਕਰਵਾਇਆ ਜੋ ਉਸ ਦੀ ਮੌਤ ਦਾ ਕਾਰਨ ਬਣ ਗਿਆ। ਸਮਝੌਤਾ ਲਾਗੂ ਨਾ ਹੋਣ ਦੀ ਜ਼ਿੰਮੇਵਾਰੀ ਵੀ ਬਾਦਲ ਨੇ ਬਰਨਾਲਾ ਉੱਤੇ ਪਾ ਦਿੱਤੀ। ਬਰਨਾਲਾ ਧੜੇ ਨੇ ਤਾਂ ਮੋੜਵਾਂ ਗੋਲਾ ਦਾਗਣਾ ਹੀ ਸੀ, ਕਾਂਗਰਸ ਪਾਰਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਵੀ ਇਸ ਮਾਮਲੇ ਵਿਚ ਦਖਲ ਦਿੰਦਿਆਂ ਬਾਦਲ ਉੱਤੇ ਇਹ ਦੋਸ਼ ਲਾ ਦਿੱਤਾ ਕਿ ਉਸ ਵੱਲੋਂ ਸਮਝੌਤੇ ਦਾ ਵਿਰੋਧ ਕਰਨਾ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਮੌਤ ਦਾ ਕਾਰਨ ਬਣਿਆ ਸੀ। ਅਗਲੇ ਦਿਨ ਬਾਦਲ ਨੇ ਪਹਿਲਾਂ ਸੁਰਜੀਤ ਸਿੰਘ ਬਰਨਾਲਾ ਨੂੰ ਪੰਜਾਬ ਦਾ 'ਮਹਾਂ ਗੱਦਾਰ' ਕਹਿ ਦਿੱਤਾ ਅਤੇ ਇਕ ਦਿਨ ਪਿੱਛੋਂ ਕੈਪਟਨ ਅਮਰਿੰਦਰ ਸਿੰਘ ਨੂੰ ਅਪਰੇਸ਼ਨ ਬਲਿਊ ਸਟਾਰ ਕਰਵਾਉਣ ਵਾਲਾ ਆਖ ਕੇ ਇਹ ਵੀ ਕਹਿ ਦਿੱਤਾ ਕਿ ਉਹ ਉਸ ਵਕਤ ਪਾਰਲੀਮੈਂਟ ਦੀ ਸੀਟ ਤੋਂ ਅਸਤੀਫਾ ਦੇ ਕੇ ਇਸ ਲਈ ਆਇਆ ਸੀ ਕਿ ਕਾਂਗਰਸ ਪਾਰਟੀ ਨੇ ਉਸ ਨੂੰ ਅਕਾਲੀਆਂ ਵਿਚ ਆਪਣਾ ਜਾਸੂਸ ਬਣਾ ਕੇ ਭੇਜਿਆ ਸੀ।

ਇਸ ਘਟਨਾਕ੍ਰਮ ਬਾਰੇ ਹਕੀਕਤਾਂ ਹਾਲੇ ਸਦੀਆਂ ਦੀ ਧੂੜ ਵਿਚ ਨਹੀਂ ਗਵਾਚੀਆਂ। ਜੇ ਫੋਲਣ ਲੱਗ ਪਈਏ ਤਾਂ ਕਿਰਦਾਰ ਦੇ ਕਿੱਸੇ ਕਈਆਂ ਦੇ ਸ਼ੱਕੀ ਨਿਕਲ ਆਉਣਗੇ, ਕੁਰਬਾਨੀ ਦੇ ਪੁਤਲਿਆਂ ਦੇ ਵੀ। ਇਸ ਲਈ ਬਹੁਤਾ ਖਿਲਾਰਾ ਨਾ ਪਾ ਕੇ ਅਸੀਂ ਸਿਰਫ ਇਨ੍ਹਾਂ ਤਿੰਨਾਂ ਬਾਰੇ ਗੱਲ ਕਰਨਾ ਹੀ ਠੀਕ ਸਮਝਦੇ ਹਾਂ। ਇਹ ਤਿੰਨੇ ਇਸ ਸਾਰੇ ਦੌਰ ਵਿਚ ਕਦੇ ਇਕੱਠੇ ਦੇਖੇ ਗਏ, ਕਦੇ ਇਕ-ਦੂਜੇ ਦੇ ਉਲਟ ਮੋਰਚਾਬੰਦੀ ਕਰਦੇ ਅਤੇ ਅੱਜ ਫਿਰ ਲੜ ਰਹੇ ਹਨ।

ਪਹਿਲਾ ਲੀਡਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਹੈ ਜਿਸ ਨੂੰ ਕਦੇ ਸਮੁੱਚੇ ਪੰਜਾਬੀਆਂ ਦਾ ਲੀਡਰ ਕਿਹਾ ਜਾਂਦਾ ਹੈ, ਕਦੇ ਕਿਸਾਨਾਂ ਦਾ ਅਤੇ ਕਦੇ ਸਿੱਖਾਂ ਦਾ। ਇਨ੍ਹਾਂ ਤਿੰਨਾਂ ਗੱਲਾਂ ਵਿਚ ਸੱਚ ਕਿੰਨਾ ਹੈ ਅਤੇ ਕੱਚ ਕਿੰਨਾ, ਜੇ ਇਸ ਦੀ ਚਰਚਾ ਛੇੜ ਲਈਏ ਤਾਂ ਉਹੋ ਨਹੀਂ ਮੁੱਕ ਸਕਦੀ, ਪਰ ਇਸ ਵਕਤ ਮਾਮਲਾ ਕਿਸੇ ਚਰਚਾ ਕਰਨ ਵਾਲੇ ਦੀ ਮਰਜ਼ੀ ਦਾ ਨਾ ਹੋ ਕੇ ਉਸ ਮੁੱਦੇ ਦਾ ਹੈ ਜਿਸ ਦੀ ਸ਼ੁਰੂਆਤ ਬਾਦਲ ਸਾਹਿਬ ਨੇ ਆਪ ਕੀਤੀ ਹੈ। ਉਹ ਕਹਿੰਦੇ ਹਨ ਕਿ ਸੁਰਜੀਤ ਸਿੰਘ ਬਰਨਾਲਾ ਅਹੁਦੇ ਦਾ ਭੁੱਖਾ ਹੈ, ਗਵਰਨਰ ਅਸੀਂ ਬਣਾਇਆ ਤੇ ਕਾਂਗਰਸ ਤੋਂ ਆਪਣੇ ਅਹੁਦੇ ਦੀ ਮਿਆਦ ਆਪਣੇ-ਆਪ ਵਧਵਾਉਂਦਾ ਰਿਹਾ। ਉਹ ਇਹ ਵੀ ਆਖਦੇ ਹਨ ਕਿ ਸੰਤ ਲੌਂਗੋਵਾਲ ਨੂੰ ਅੱਗੇ ਲਾ ਕੇ ਇਸੇ ਨੇ ਸਮਝੌਤਾ ਕਰਾਇਆ ਅਤੇ ਫਿਰ ਉਸ ਦੀ ਮੌਤ ਦੇ ਹਾਲਾਤ ਵੀ ਇਸੇ ਨੇ ਪੈਦਾ ਕੀਤੇ ਸਨ। ਇਸ ਵਿਚ ਕਈ ਗੱਲਾਂ ਕਈ ਲੋਕਾਂ ਨੂੰ ਠੀਕ ਲੱਗ ਸਕਦੀਆਂ ਹਨ, ਪਰ ਸਵਾਲ ਇਹ ਹੈ ਕਿ ਜੇ ਸੁਰਜੀਤ ਸਿੰਘ ਬਰਨਾਲਾ ਇੰਨਾ ਮਾੜਾ ਸੀ ਤਾਂ ਬਾਦਲ ਸਾਹਿਬ ਉਸ ਨਾਲ ਮੁੜ-ਮੁੜ ਜੋਟੇ ਕਿਉਂ ਪਾਉਂਦੇ ਰਹੇ?



ਪ੍ਰਕਾਸ਼ ਸਿੰਘ ਬਾਦਲ



ਕੈਪਟਨ ਅਮਰਿੰਦਰ ਸਿੰਘ




ਸੁਰਜੀਤ ਸਿੰਘ ਬਰਨਾਲਾ


ਗੱਲ ਸਿੱਧੀ ਗਵਰਨਰੀ ਅਹੁਦੇ ਤੱਕ ਨਹੀਂ ਜਾ ਸਕਦੀ, ਉਸ ਸਮਝੌਤੇ ਤੋਂ ਤੁਰਨੀ ਹੈ ਜਿਸ ਦਾ ਵਿਰੋਧ ਬਾਦਲ ਸਾਹਿਬ ਨੇ ਉਸੇ ਦਿਨ ਕਰ ਦਿੱਤਾ ਸੀ, ਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਗੱਦਾਰ ਵੀ ਉਨ੍ਹਾਂ ਨੇ ਹੀ ਕਿਹਾ ਸੀ। ਗੁੱਸਾ ਸਮਝੌਤਾ ਕਰਨ ਨਾਲੋਂ ਵੱਧ ਇਸ ਗੱਲ ਦਾ ਸੀ ਕਿ ਡੇਰੇ ਵਿਚ ਬੈਠਾ ਸੰਤ ਲਿਆ ਕੇ ਅਕਾਲੀ ਦਲ ਦਾ ਪ੍ਰਧਾਨ ਮੈਂ ਬਣਾਇਆ ਤੇ ਸਮਝੌਤਾ ਕਰਨ ਵੇਲੇ ਮੇਰੀ ਥਾਂ ਸੁਰਜੀਤ ਸਿੰਘ ਬਰਨਾਲੇ ਨੂੰ ਲੈ ਕੇ ਤੁਰ ਪਿਆ, ਮੈਨੂੰ ਪੁੱਛਿਆ ਵੀ ਨਹੀਂ। ਜਦੋਂ ਸੰਤ ਲੌਂਗੋਵਾਲ ਨੂੰ ਉਦੋਂ ਗੱਦਾਰ ਹੀ ਆਖ ਦਿੱਤਾ ਸੀ, ਫਿਰ ਸਾਲੋ-ਸਾਲ ਉਸੇ ਸੰਤ ਦੀ ਸਮਾਧੀ ਉੱਤੇ ਰਾਜਨੀਤੀ ਦੇ ਪ੍ਰਸ਼ਾਦੇ ਵੰਡਣ ਕਿਉਂ ਚਲੇ ਜਾਂਦੇ ਹਨ? ਉਹ ਕਹਿ ਸਕਦੇ ਹਨ ਕਿ ਸੰਤ ਪ੍ਰਤੀ ਸਤਿਕਾਰ ਦੀ ਭਾਵਨਾ ਕਾਰਨ ਜਾਂਦੇ ਹਨ, ਪਰ ਜਦੋਂ ਕਈ ਸਾਲ ਸੁਰਜੀਤ ਸਿੰਘ ਬਰਨਾਲਾ ਨਾਲ ਮੱਤਭੇਦ ਹੋਣ ਕਰ ਕੇ ਉਥੇ ਜਾਂਦੇ ਨਹੀਂ ਸਨ, ਉਦੋਂ ਸਤਿਕਾਰ ਕਿੱਥੇ ਗਿਆ ਸੀ? ਉਹ ਕਹਿੰਦੇ ਹਨ ਕਿ ਜਦੋਂ ਛੱਬੀ ਜਨਵਰੀ 1986 ਨੂੰ ਚੰਡੀਗੜ੍ਹ, ਪੰਜਾਬ ਨੂੰ ਦੇਣ ਦਾ ਸਮਝੌਤਾ ਲਾਗੂ ਕਰਨ ਤੋਂ ਰਾਜੀਵ ਗਾਂਧੀ ਨੇ ਸਿਰ ਫੇਰਿਆ ਸੀ, ਸੁਰਜੀਤ ਸਿੰਘ ਬਰਨਾਲਾ ਨੇ ਉਦੋਂ ਗੱਦੀ ਕਿਉਂ ਨਾ ਛੱਡ ਦਿੱਤੀ? ਇਹੋ ਸਵਾਲ ਉਨ੍ਹਾਂ ਨੂੰ ਖੁਦ ਨੂੰ ਪੁੱਛਿਆ ਜਾ ਸਕਦਾ ਹੈ ਕਿ ਉਨ੍ਹਾਂ ਨੇ ਆਪ ਉਸੇ ਦਿਨ ਬਰਨਾਲੇ ਦੀ ਅਗਵਾਈ ਵਾਲੀ ਅਕਾਲੀ ਪਾਰਟੀ ਕਿਉਂ ਨਾ ਛੱਡ ਦਿੱਤੀ ਅਤੇ ਉਨੱਤੀ ਅਪਰੈਲ ਨੂੰ ਸ੍ਰੀ ਅਕਾਲ ਤਖਤ ਤੋਂ ਪੰਥਕ ਕਮੇਟੀ ਵੱਲੋਂ ਕੀਤੇ ਖਾਲਿਸਤਾਨ ਦੇ ਐਲਾਨ ਤੋਂ ਅਗਲੇ ਦਿਨ ਹੀ ਕਿਉਂ ਛੱਡੀ ਸੀ?

ਬਹੁਤ ਵੱਡਾ ਸਵਾਲ ਪ੍ਰਕਾਸ਼ ਸਿੰਘ ਬਾਦਲ ਇਹ ਬਣਾਉਂਦੇ ਹਨ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਲਾਹ ਨਾਲ ਅਪਰੇਸ਼ਨ ਬਲੂ ਸਟਾਰ ਕੀਤਾ ਗਿਆ ਸੀ। ਜੇ ਇਹ ਗੱਲ ਸੱਚ ਸੀ ਤਾਂ ਇੰਨੇ ਸਾਲ ਬਾਦਲ ਸਾਹਿਬ ਨੇ ਚੁੱਪ ਕਿਉਂ ਵੱਟੀ ਰੱਖੀ? ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਵੇਲੇ ਜਦੋਂ ਮੱਤਭੇਦ ਵਧ ਗਏ ਅਤੇ ਉਹ ਵੱਖਰੇ ਰਸਤੇ ਤੁਰ ਪਏ ਸਨ, ਤੇਈ ਵਿਧਾਇਕ ਉਨ੍ਹਾਂ ਦੇ ਨਾਲ ਸਨ, ਤਿੰਨ ਮੰਤਰੀ ਗਏ ਸਨ, ਜਿਨ੍ਹਾਂ ਵਿਚ ਖੇਤੀ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਸੀ। ਉਦੋਂ ਤਾਂ ਉਨ੍ਹਾਂ ਨੂੰ ਕੈਪਟਨ ਅਮਰਿੰਦਰ ਸਿੰਘ ਨੂੰ ਹਰ ਥਾਂ 'ਮਹਾਰਾਜਾ ਸਾਹਿਬ' ਆਖ ਕੇ ਸੰਬੋਧਨ ਕਰਨ ਵਿਚ ਵੀ ਕੋਈ ਗਲਤ ਗੱਲ ਨਹੀਂ ਸੀ ਜਾਪਦੀ। ਜੇ ਉਨ੍ਹਾਂ ਦੀ ਅਪਰੇਸ਼ਨ ਬਲੂ ਸਟਾਰ ਵਾਲੀ ਗੱਲ ਠੀਕ ਹੈ ਤਾਂ 'ਆਪਣੇ' ਲੋਕਾਂ ਤੋਂ ਇੰਨੇ ਸਾਲ ਇਹ ਗੱਲ ਲੁਕਾ ਕੇ ਰੱਖਣ ਦੀ ਗਲਤੀ ਵੀ ਮੰਨਣੀ ਚਾਹੀਦੀ ਹੈ। ਨਾਲ ਦੀ ਨਾਲ ਇਕ ਗੱਲ ਹੋਰ ਉਨ੍ਹਾਂ ਨੂੰ ਸਪੱਸ਼ਟ ਕਰ ਦੇਣੀ ਚਾਹੀਦੀ ਹੈ ਕਿ ਜਦੋਂ ਅਪਰੇਸ਼ਨ ਬਲੂ ਸਟਾਰ ਹੋ ਰਿਹਾ ਸੀ, ਉਸ ਦੇ ਪਹਿਲੇ ਤੋਪਾਂ ਚੱਲਣ ਵਾਲੇ ਪੰਜ ਦਿਨ ਉਹ ਆਪ ਕਿੱਥੇ ਸਨ ਤੇ ਪੰਜਵੇਂ ਦਿਨ ਚੰਡੀਗੜ੍ਹ ਵਿਚ ਪ੍ਰੈੱਸ ਕਾਨਫਰੰਸ ਕਰਨ ਲਈ ਉਹ ਕਿੱਦਾਂ ਪਹੁੰਚ ਗਏ ਸਨ? ਉਨ੍ਹੀਂ ਦਿਨੀਂ ਜਦੋਂ ਹਰ ਖਬਰ ਸੈਂਸਰ ਕੀਤੀ ਜਾਂਦੀ ਸੀ, ਬਾਦਲ ਸਾਹਿਬ ਨੇ ਚੰਡੀਗੜ੍ਹ ਦੀ ਪ੍ਰੈੱਸ ਕਾਨਫਰੰਸ ਵਿਚ ਫੌਜਾਂ ਵਿਚਲੇ ਸਿੱਖਾਂ ਨੂੰ ਬਗਾਵਤ ਦਾ ਸੱਦਾ ਦੇ ਦਿੱਤਾ ਅਤੇ ਆਲ ਇੰਡੀਆ ਰੇਡੀਓ ਨੇ ਨਾਲੋ-ਨਾਲ ਉਹ ਸੱਦਾ ਅੱਗੇ ਵੀ ਸੁਣਾ ਦਿੱਤਾ ਸੀ। ਇਸ ਪਿੱਛੇ ਕੀ ਖੇਡ ਸੀ ਕਿ ਬਾਦਲ ਸਾਹਿਬ ਦਾ ਇਹੋ ਜਿਹੇ ਮੌਕੇ ਇੱਦਾਂ ਦਾ ਸੰਦੇਸ਼ ਆਲ ਇੰਡੀਆ ਰੇਡੀਓ ਨੇ ਨਾਲੋ-ਨਾਲ ਪ੍ਰਸਾਰਤ ਕਰ ਦਿੱਤਾ? ਇਹ ਵੀ ਦੱਸ ਦੇਣ ਕਿ ਉਨ੍ਹਾਂ ਦੇ ਕਹੇ ਉੱਤੇ ਜਿਹੜੇ ਫੌਜੀ ਬਾਗੀ ਹੋ ਗਏ, ਪਿੱਛੋਂ ਜਦੋਂ ਦੋ ਵਾਰੀ ਬਾਦਲ ਸਾਹਿਬ ਮੁੱਖ ਮੰਤਰੀ ਬਣ ਗਏ, ਉਨ੍ਹਾਂ ਫੌਜੀਆਂ ਲਈ ਉਨ੍ਹਾਂ ਨੇ ਕੀ ਕੀਤਾ?


ਹੁਣ ਆਈਏ ਕੈਪਟਨ ਅਮਰਿੰਦਰ ਸਿੰਘ ਵੱਲ। ਉਹ ਕਦੇ ਸੰਜੇ ਗਾਂਧੀ ਦੇ ਨੇੜਲਿਆਂ ਵਿਚ ਹੁੰਦੇ ਸਨ। ਸਮਾਂ ਪਾ ਕੇ ਉਹ ਗਿਆਨੀ ਜ਼ੈਲ ਸਿੰਘ ਦੇ ਨੇੜੂ ਵੀ ਸੁਣੇ ਗਏ। ਅਪਰੇਸ਼ਨ ਬਲੂ ਸਟਾਰ ਵੇਲੇ ਉਹ ਕਾਂਗਰਸ ਪਾਰਟੀ ਵੀ ਛੱਡ ਆਏ ਅਤੇ ਪਾਰਲੀਮੈਂਟ ਦੀ ਸੀਟ ਵੀ। ਅੱਜ ਉਹ ਪ੍ਰਕਾਸ਼ ਸਿੰਘ ਬਾਦਲ ਨੂੰ ਸਾਰੀਆਂ ਗਲਤ ਗੱਲਾਂ ਲਈ ਜ਼ਿੰਮੇਵਾਰ ਦੱਸ ਰਹੇ ਹਨ, ਪਰ ਜਦੋਂ ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਦਾ ਸਾਥ ਛੱਡਿਆ ਸੀ, ਉਦੋਂ ਬਾਦਲ ਦੀ ਬਾਂਹ ਵਿਚ ਬਾਂਹ ਪਾ ਕੇ ਪਿੰਡਾਂ ਦੇ ਕੱਚੇ ਰਾਹਾਂ ਦਾ ਘੱਟਾ ਫੱਕਦੇ ਉਨ੍ਹਾਂ ਦੇ ਘਰੀਂ ਕਿਉਂ ਜਾਂਦੇ ਸਨ, ਜਿਹੜੇ ਪੁਲਿਸ ਮੁਕਾਬਲੇ ਵਿਚ ਮਾਰੇ ਜਾਂਦੇ ਸਨ ਅਤੇ ਉਨ੍ਹਾਂ ਦੇ ਘਰੀਂ ਕਿਉਂ ਨਹੀਂ ਸਨ ਗਏ, ਜਿਹੜੇ ਬੱਸਾਂ ਵਿਚੋਂ ਲਾਹ ਕੇ ਮਾਰੇ ਗਏ ਸਨ? ਸਾਫ ਹੈ ਕਿ ਉਹ ਅਤੇ ਬਾਦਲ ਦੋਵੇਂ ਜਣੇ ਉਦੋਂ ਇਕ ਖੇਡ ਰਲ ਕੇ ਖੇਡ ਰਹੇ ਸਨ ਕਿ ਸਿੱਖਾਂ ਦੀ ਮਾਨਸਿਕਤਾ ਵਰਤ ਕੇ ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਡਾਵਾਂਡੋਲ ਕਰਨੀ ਹੈ ਅਤੇ ਆਪਣੇ ਲਈ ਯਤਨ ਕਰਨਾ ਹੈ। ਅੱਜ ਕੈਪਟਨ ਅਮਰਿੰਦਰ ਸਿੰਘ ਲਈ ਹਰ ਮੌਕਾ ਅਕਾਲੀਆਂ ਨੂੰ ਭੰਡਣ ਲਈ ਢੁਕਵਾਂ ਹੈ, ਪਰ ਜਿਹੜੀਆਂ ਚੋਣਾਂ ਮਗਰੋਂ ਬੇਅੰਤ ਸਿੰਘ ਦੀ ਕਾਂਗਰਸੀ ਸਰਕਾਰ ਬਣੀ ਸੀ, ਉਨ੍ਹਾਂ ਚੋਣਾਂ ਵਿਚ ਜਿਹੜੇ ਇਕੋ ਇਕ ਅਕਾਲੀ ਦਲ ਨੇ ਹਿੱਸਾ ਲਿਆ, ਉਸ ਦੇ ਪ੍ਰਧਾਨ ਦੇ ਤੌਰ ਉੱਤੇ ਪੰਜਾਬ ਦੇ ਇਕ ਸੌ ਸਤਾਰਾਂ ਹਲਕਿਆਂ ਦੀਆਂ ਟਿਕਟਾਂ ਲਈ ਤੱਕੜੀ ਦਾ ਚੋਣ ਨਿਸ਼ਾਨ ਕੈਪਟਨ ਅਮਰਿੰਦਰ ਸਿੰਘ ਦੇ ਦਸਤਖਤਾਂ ਹੇਠ ਅਲਾਟ ਕੀਤਾ ਗਿਆ ਸੀ। ਉਹ ਸਾਰਾ ਕੁਝ ਇਤਿਹਾਸ ਦੀ ਸਲੇਟ ਤੋਂ ਮਿਟਾਇਆ ਨਹੀਂ ਜਾ ਸਕਦਾ। ਰਾਜਨੀਤੀ ਦੀ ਜਿਸ ਖੇਡ ਦਾ ਉਹ ਪ੍ਰਕਾਸ਼ ਸਿੰਘ ਬਾਦਲ ਨੂੰ ਮਿਹਣਾ ਮਾਰਦੇ ਹਨ, ਉਸ ਦੇ ਕਈ ਪੜਾਅ ਉਨ੍ਹਾਂ ਨੇ ਬਾਦਲ ਨਾਲ ਅਤੇ ਕਈ ਹੋਰ ਬਰਨਾਲਾ ਨਾਲ ਮਿਲ ਕੇ ਪਾਰ ਕੀਤੇ ਹੋਏ ਹਨ ਤੇ ਵਿਰੋਧ ਵੀ ਵੇਲੇ-ਕੁਵੇਲੇ ਦੋਵਾਂ ਦਾ ਕੀਤਾ ਹੋਇਆ ਹੈ।



ਸੰਤ ਹਰਚੰਦ ਸਿੰਘ ਲੌਂਗੋਵਾਲ



ਮਾਸਟਰ ਤਾਰਾ ਸਿੰਘ



ਸੰਤ ਫਤਹਿ ਸਿੰਘ

ਤੀਜੇ ਨੰਬਰ ਉੱਤੇ ਆਉਂਦੇ ਹਨ ਸਰਦਾਰ ਸੁਰਜੀਤ ਸਿੰਘ ਬਰਨਾਲਾ ਜਿਨ੍ਹਾਂ ਨੂੰ ਬੜੇ ਸਾਊ ਜਿਹੇ ਸਿਆਸਤਦਾਨ ਕਹਿਣ ਵਿਚ ਬਹੁਤੇ ਲੋਕਾਂ ਨੂੰ ਹਰਜ ਨਹੀਂ ਜਾਪਦਾ। ਇਸ ਆਗੂ ਨੇ ਵੀ ਰਾਜਨੀਤੀ ਵਿਚ ਛੱਤੀ ਪਾਪੜ ਵੇਲੇ ਹੋਏ ਹਨ। ਕਦੇ ਉਹ ਟੌਹੜਾ-ਤਲਵੰਡੀ ਜੋੜੀ ਦੇ ਵਿਰੋਧ ਵਿਚ ਬਾਦਲ ਦੇ ਨਾਲ ਹੁੰਦੇ ਸਨ, ਕਦੇ ਬਾਦਲ ਨੂੰ ਪਰੇ ਧੱਕ ਕੇ ਲੌਂਗੋਵਾਲ ਵਾਲੇ ਸੰਤ ਹਰਚੰਦ ਸਿੰਘ ਨੂੰ ਨਾਲ ਲੈ ਕੇ ਰਾਜੀਵ ਗਾਂਧੀ ਨਾਲ ਪੰਜਾਬ ਸਮਝੌਤਾ ਕਰਨ ਤੁਰ ਪਏ ਸਨ। ਜਦੋਂ ਉਨ੍ਹਾਂ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾ ਦਿੱਤਾ ਗਿਆ, ਉਹ ਸਮਝੌਤਾ ਤਾਂ ਲਾਗੂ ਨਾ ਹੋਇਆ ਜਿਸ ਦੀਆਂ ਇਕੋ ਇਕ ਤਰਫਦਾਰ ਖੱਬੀਆਂ ਪਾਰਟੀਆਂ ਰਹਿ ਗਈਆਂ ਸਨ, ਪਰ ਕੁਰਸੀ ਕਾਇਮ ਰੱਖਣ ਲਈ ਕਿਸੇ ਵੀ ਹੱਦ ਤੱਕ ਜਾਣ ਨੂੰ ਉਹ ਤਿਆਰ ਰਹੇ ਸਨ। ਉਨੱਤੀ ਅਪਰੈਲ 1986 ਨੂੰ ਪੰਥਕ ਕਮੇਟੀ ਨੇ ਸ੍ਰੀ ਅਕਾਲ ਤਖਤ ਤੋਂ ਖਾਲਿਸਤਾਨ ਦਾ ਐਲਾਨ ਕਰ ਦਿੱਤਾ ਸੀ। ਉਸ ਰਾਤ ਹਰਮੰਦਰ ਸਾਹਿਬ ਦੇ ਅੰਦਰ ਪੁਲਿਸ ਭੇਜੀ ਗਈ ਤੇ ਇਹ ਬਲੂ ਸਟਾਰ ਤੋਂ ਬਾਅਦ ਉਥੇ ਪੁਲਿਸ ਜਾਣ ਦਾ ਪਹਿਲਾ ਮੌਕਾ ਸੀ। ਅਗਲੇ ਸਾਲ ਬਰਨਾਲਾ ਸਰਕਾਰ ਤੋੜ ਦਿੱਤੀ ਗਈ। ਫਿਰ ਗਵਰਨਰੀ ਪ੍ਰਬੰਧ ਹੇਠ ਹਰਮੰਦਰ ਸਾਹਿਬ ਨੂੰ ਹਥਿਆਰਬੰਦ ਬੰਦਿਆਂ ਤੋਂ ਖਾਲੀ ਕਰਾਉਣ ਲਈ ਅਪਰੇਸ਼ਨ ਬਲੈਕ ਥੰਡਰ ਕਰਨਾ ਪਿਆ ਜਿਸ ਵਿਚ ਫੌਜ ਸ਼ਾਮਲ ਨਹੀਂ ਸੀ, ਪੁਲਿਸ ਅਤੇ ਅਰਧ ਫੌਜੀ ਦਸਤੇ ਸਨ ਤੇ ਉਹ ਵੀ ਅੰਦਰ ਨਹੀਂ ਸਨ ਗਏ, ਸਿਰਫ ਬਾਹਰੋਂ ਘੇਰਾ ਪਾ ਕੇ ਬੈਠੇ ਹੋਏ ਸਨ। ਹੋਰ ਤਾਂ ਕਈ ਲੋਕਾਂ ਨੇ ਇਸ ਦਾ ਵਿਰੋਧ ਕਰਨਾ ਹੀ ਸੀ, ਜਿਹੜੇ ਸੁਰਜੀਤ ਸਿੰਘ ਬਰਨਾਲਾ ਨੇ ਆਪ ਮੁੱਖ ਮੰਤਰੀ ਹੁੰਦਿਆਂ ਹਰਮੰਦਰ ਸਾਹਿਬ ਦੇ ਅੰਦਰ ਪੁਲਿਸ ਭੇਜੀ ਸੀ, ਉਹ ਵੀ ਘੇਰਾ ਤੁੜਵਾਉਣ ਨੂੰ ਜਥਾ ਲੈ ਕੇ ਤੁਰ ਪਿਆ। ਕਈ ਸਾਲ ਬਾਅਦ ਦਿੱਲੀ ਦੇ ਇਕ ਸੈਮੀਨਾਰ ਵਿਚ ਉਨ੍ਹਾਂ ਨੇ ਉਚੇਚ ਨਾਲ ਕਿਹਾ ਕਿ ਮੈਂ ਦੇਸ਼ ਦੇ ਨਾਲ ਸੰਕਟ ਦੀ ਘੜੀ ਵਿਚ ਖੜੋਤਾ ਸੀ, ਪਰ ਕੇਂਦਰ ਨੇ ਮੇਰੀ ਕਦਰ ਨਹੀਂ ਸੀ ਪਾਈ। ਉਸੇ ਥਾਂ ਬਰਨਾਲਾ ਸਾਹਿਬ ਨੂੰ ਉਨ੍ਹਾਂ ਵੱਲੋਂ ਹਰਮੰਦਰ ਸਾਹਿਬ ਅੰਦਰ ਪੁਲਿਸ ਭੇਜਣ ਅਤੇ ਅਪਰੇਸ਼ਨ ਬਲੈਕ ਥੰਡਰ ਵੇਲੇ ਪੁਲਿਸ ਦਾ ਘੇਰਾ ਤੁੜਵਾਉਣ ਦੀਆਂ ਦੋਵੇਂ ਘਟਨਾਵਾਂ ਚੇਤੇ ਕਰਵਾ ਕੇ ਅਸਾਂ ਪੁੱਛਿਆ ਸੀ ਕਿ ਇਨ੍ਹਾਂ ਦੋਵਾਂ ਦਾ ਆਪੋ ਵਿਚ ਕੀ ਸੰਬੰਧ ਸੀ ਅਤੇ ਜੇ ਕੋਈ ਸੰਬੰਧ ਨਹੀਂ ਸੀ ਤਾਂ ਉਹ ਕਿਸ ਪੈਂਤੜੇ ਨੂੰ ਠੀਕ ਅਤੇ ਕਿਸ ਨੂੰ ਗਲਤ ਸਮਝਦੇ ਸਨ? ਮੀਟਿੰਗ ਦਿੱਲੀ ਵਿਚ ਲੱਗੀ ਹੋਣ ਕਰ ਕੇ ਬਰਨਾਲਾ ਸਾਹਿਬ ਨੂੰ ਕਹਿਣਾ ਪਿਆ ਕਿ ਅਪਰੇਸ਼ਨ ਬਲੈਕ ਥੰਡਰ ਵੇਲੇ ਘੇਰਾ ਤੁੜਵਾਉਣ ਜਾਣਾ ਮੇਰੀ ਗਲਤੀ ਸੀ। ਹੁਣ ਜਦੋਂ ਉਹ ਬਾਦਲ ਨੂੰ ਰਾਜਸੀ ਕਾਰਨਾਂ ਕਰ ਕੇ ਸਲਵਾਤਾਂ ਸੁਣਾ ਰਹੇ ਹਨ ਤਾਂ ਇਹ ਵੀ ਦੱਸ ਦੇਣ ਕਿ ਇਸ 'ਗਲਤ' ਬੰਦੇ ਦਾ ਉਨ੍ਹਾਂ ਨੇ ਜਿਨ੍ਹਾਂ ਕਈ ਮੋੜਾਂ ਉੱਤੇ ਸਾਥ ਦਿੱਤਾ ਤੇ ਜਿਨ੍ਹਾਂ ਕਈ ਮੋੜਾਂ ਉੱਤੇ ਵਿਰੋਧ ਕੀਤਾ, ਉਨ੍ਹਾਂ ਵਿਚੋਂ ਉਹ ਠੀਕ ਕਦੋਂ ਸਨ ਅਤੇ ਗਲਤੀ ਕਦੋਂ ਕੀਤੀ ਸੀ? ਆਖਰ ਇਹ ਸਭ ਕੁਝ ਵੀ ਤਾਂ ਇਤਿਹਾਸ ਦਾ ਹਿੱਸਾ ਬਣਨਾ ਹੈ।

ਫਿਰ ਆਈਏ ਪੰਜਤਾਲੀ ਸਾਲ ਪੁਰਾਣੇ ਯੁੱਗ ਵੱਲ, ਜਦੋਂ ਨਾ ਹਾਲੇ ਪ੍ਰਕਾਸ਼ ਸਿੰਘ ਬਾਦਲ ਵੱਡਾ ਨੇਤਾ ਹੁੰਦਾ ਸੀ, ਨਾ ਸੁਰਜੀਤ ਸਿੰਘ ਬਰਨਾਲਾ ਤੇ ਨਾ ਕੈਪਟਨ ਅਮਰਿੰਦਰ ਸਿੰਘ। ਉਦੋਂ ਸਿੱਖ ਰਾਜਨੀਤੀ ਦੇ ਦੋ ਵੱਡੇ ਆਗੂ ਮਾਸਟਰ ਤਾਰਾ ਸਿੰਘ ਤੇ ਸੰਤ ਫਤਹਿ ਸਿੰਘ ਹੁੰਦੇ ਸਨ ਅਤੇ ਦੋਵੇਂ ਹੀ ਮਰਨ-ਵਰਤ ਰੱਖਣ ਅਤੇ ਤੋੜਨ ਦੀ ਕਲਾ ਦੇ ਮਾਹਰ ਸਨ। ਇਕ ਮੌਕੇ ਜਦੋਂ ਦੋਵਾਂ ਦਰਮਿਆਨ ਟਕਰਾਓ ਹੱਦਾਂ ਟੱਪ ਗਿਆ ਤਾਂ ਉਸ ਵਕਤ ਬਿਆਨਬਾਜ਼ੀ ਵੀ ਹੁਣ ਵਾਂਗ ਨੀਵਾਣਾਂ ਛੋਹਣ ਲੱਗ ਪਈ ਸੀ। ਸੰਤ ਧੜੇ ਵਾਲਿਆਂ ਨੇ ਮਾਸਟਰ ਤਾਰਾ ਸਿੰਘ ਦਾ ਇਕ ਹਿੰਦੂ ਬਖਸ਼ੀ ਗੋਪੀ ਚੰਦ ਦੇ ਘਰ ਜਨਮ ਹੋਣ ਨੂੰ ਲੈ ਕੇ ਉਸ ਦੇ ਨਾਂ ਨਾਲ 'ਬੋਦੀ ਵਾਲਾ ਤਾਰਾ' ਤੱਕ ਜੋੜਿਆ ਅਤੇ ਕਿਸੇ ਸਟੇਜੀ ਕਵੀ ਤੋਂ ਉਸ ਬਾਰੇ ਕਵਿਤਾ ਵੀ ਬਣਵਾ ਲਈ ਜਿਹੜੀ ਇਨ੍ਹਾਂ ਦੀਆਂ ਸਟੇਜਾਂ ਤੋਂ ਆਮ ਕਰ ਕੇ ਗਾਈ ਜਾਂਦੀ ਸੀ। ਮਾਸਟਰ ਧੜੇ ਵਾਲਿਆਂ ਨੇ ਸੰਤ ਫਤਹਿ ਸਿੰਘ ਦੀ ਮਾਂ ਦੇ ਗੈਰ-ਸਿੱਖ ਹੋਣ ਦਾ ਸਵਾਲ ਉਠਾ ਕੇ ਉਸ ਦੀਆਂ ਹਮਦਰਦੀਆਂ ਭਾਰਤ ਨਾਲ ਵੈਰ-ਭਾਵ ਰੱਖਦੇ ਗਵਾਂਢੀ ਮੁਲਕ ਨਾਲ ਜੋੜ ਕੇ ਪ੍ਰਚਾਰ ਕੀਤਾ ਸੀ। ਉਦੋਂ ਬਿਆਨਬਾਜ਼ੀ ਦਾ ਜਿਹੜਾ ਘਟੀਆ ਨਮੂਨਾ ਪੇਸ਼ ਕੀਤਾ ਗਿਆ, ਉਹ ਚਾਰ ਦਹਾਕੇ ਫਿਰ ਨਹੀਂ ਦੇਖਿਆ ਗਿਆ। ਜਦੋਂ ਪਿਛਲੇ ਪੰਦਰਾਂ ਕੁ ਸਾਲਾਂ ਤੋਂ ਪੰਜਾਬ ਦੇ ਲੀਡਰਾਂ ਦੀ ਹੁਣ ਵਾਲੀ ਪੀੜ੍ਹੀ ਨੇ ਰਾਜਨੀਤੀ ਦਾ ਮੈਦਾਨ ਸੰਭਾਲਿਆ ਹੈ, ਉਹ ਇਕ ਵਾਰੀ ਫਿਰ ਮਾਸਟਰ ਤਾਰਾ ਸਿੰਘ ਅਤੇ ਸੰਤ ਫਤਹਿ ਸਿੰਘ ਵਾਲੀ ਪੱਧਰ ਛੋਹਣ ਲੱਗ ਪਏ ਹਨ। ਪੰਜਾਬ ਦਾ ਇਤਿਹਾਸ ਆਪਣੇ-ਆਪ ਨੂੰ ਦੁਹਰਾ ਰਿਹਾ ਜਾਪਦਾ ਹੈ।

# ਸ਼੍ਰੋਮਣੀ ਕਮੇਟੀ ਚੋਣਾਂ ਦੇ ਐਲਾਨ ਨਾਲ ਸਿਆਸੀ ਮਾਹੌਲ ਗਰਮਾਇਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਨੇ ਪੰਜਾਬ ਦੀ ਸਿਆਸਤ ਵਿਚ ਭਾਰੀ ਹਲਚਲ ਪੈਦਾ ਕਰ ਦਿੱਤੀ ਹੈ। ਇਨ੍ਹਾਂ ਚੋਣਾਂ ਦਾ ਦਾਇਰਾ ਬੇਸ਼ੱਕ ਧਾਰਮਿਕ ਹੈ ਪਰ ਇਨ੍ਹਾਂ ਦਾ ਸਿੱਧਾ ਅਸਰ ਆਗਾਮੀ ਵਿਧਾਨ ਸਭਾ ਚੋਣਾਂ 'ਤੇ ਵੀ ਪੈਣਾ ਯਕੀਨੀ ਹੈ। ਇਸ ਚੋਣ ਅਮਲ ਵਿਚ ਦਰਜਨ ਤੋਂ ਵੱਧ ਅਕਾਲੀ ਦਲਾਂ ਤੇ ਪੰਥਕ ਜਥੇਬੰਦੀਆਂ ਨੇ ਸਿੱਧੇ ਰੂਪ ਵਿਚ ਸ਼ਾਮਲ ਹੋਣਾ ਹੈ।

- ■ ਚੋਣਾਂ 18 ਸਤੰਬਰ ਨੂੰ
- ■ ਨਾਮਜ਼ਦਗੀਆਂ ਸ਼ੁਰੂ
- ■ ਨਤੀਜਾ 22 ਸਤੰਬਰ ਨੂੰ
- ■ ਕੁੱਲ ਵੋਟਾਂ 56,03,198

ਸ਼੍ਰੋਮਣੀ ਕਮੇਟੀ ਚੋਣਾਂ 18 ਸਤੰਬਰ ਨੂੰ ਹੋ ਰਹੀਆਂ ਹਨ। ਚੋਣਾਂ ਲਈ ਨਾਮਜ਼ਦਗੀਆਂ ਚਾਰ ਅਗਸਤ ਤੋਂ ਸ਼ੁਰੂ ਹੋਣਗੀਆਂ ਜਦੋਂਕਿ ਨਤੀਜੇ ਦਾ ਐਲਾਨ 22 ਸਤੰਬਰ ਨੂੰ ਕੀਤਾ ਜਾਵੇਗਾ। 18 ਸਤੰਬਰ ਨੂੰ ਪੰਜਾਬ ਦੇ ਨਾਲ ਹੀ ਚੰਡੀਗੜ੍ਹ, ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਵਿਚ ਵੀ ਵੋਟਾਂ ਪੈਣਗੀਆਂ। ਚੋਣ ਦਾ ਐਲਾਨ ਹੋਣ ਦੇ ਨਾਲ ਹੀ ਚੋਣ ਜ਼ਾਬਤਾ ਲਾਗੂ ਹੋ ਗਿਆ ਹੈ। ਇਹ ਜ਼ਾਬਤਾ ਨਤੀਜੇ ਦੇ ਐਲਾਨ ਤੱਕ ਜਾਰੀ ਰਹੇਗਾ। ਚੋਣਾਂ ਲਈ ਨਾਮਜ਼ਦਗੀਆਂ ਦਾ ਕੰਮ 21 ਦਿਨਾਂ ਵਿਚ ਪੂਰਾ ਕਰ ਲਿਆ ਜਾਵੇਗਾ।

ਗੁਰਦੁਆਰਾ ਚੋਣ ਕਮਿਸ਼ਨ ਮੁਤਾਬਕ 18 ਸਤੰਬਰ ਨੂੰ 170 ਪ੍ਰਤੀਨਿਧਾਂ ਲਈ ਵੋਟਾਂ ਪੈਣਗੀਆਂ ਜਿਸ ਲਈ ਚਾਰ ਰਾਜਾਂ ਵਿਚ ਇਕ ਹਜ਼ਾਰ ਦੇ ਕਰੀਬ ਪੋਲਿੰਗ ਬੂਥ ਬਣਾਏ ਜਾਣਗੇ। ਸ਼੍ਰੋਮਣੀ ਕਮੇਟੀ ਦੀ ਪਿਛਲੀ ਚੋਣ 2004 ਵਿਚ ਹੋਈ ਸੀ ਤੇ ਇਸ ਦੀ ਮਿਆਦ 31 ਅਗਸਤ 2009 ਨੂੰ ਖ਼ਤਮ ਹੋ ਗਈ ਸੀ ਪਰ ਉਦੋਂ ਤੋਂ ਚੋਣਾਂ ਕਿਸੇ ਨਾ ਕਿਸੇ ਕਾਰਨ ਲਟਕਦੀਆਂ ਆਈਆਂ ਹਨ। ਇਸ ਵਾਰ ਵੋਟਰਾਂ ਦੀ ਗਿਣਤੀ ਘਟ ਕੇ ਸਿਰਫ 56,03,198 ਰਹਿ ਗਈ ਹੈ। ਇਨ੍ਹਾਂ ਵਿਚੋਂ 52,36,476 ਪੰਜਾਬ, 3,31723 ਹਰਿਆਣਾ, 23011 ਹਿਮਾਚਲ ਪ੍ਰਦੇਸ਼ ਤੇ 11985 ਚੰਡੀਗੜ੍ਹ ਵਿਚ ਹਨ। ਇਸ ਦੌਰਾਨ ਗੁਰਦੁਆਰਾ ਚੋਣ ਕਮਿਸ਼ਨਰ ਜਸਟਿਸ ਹਰਫੂਲ ਸਿੰਘ ਬਰਾੜ ਨੇ ਕਿਹਾ ਕਿ ਇਸ ਵਾਰ ਪੋਲਿੰਗ ਬੂਥਾਂ ਦੀ ਵੀਡੀਓਗ੍ਰਾਫੀ ਦੀ ਆਗਿਆ ਦਿੱਤੀ ਗਈ ਹੈ। ਇਹ ਵੀਡੀਓਗ੍ਰਾਫੀ ਕਮਿਸ਼ਨ ਵੱਲੋਂ ਨਹੀਂ ਸਗੋਂ ਚੋਣ ਲੜਨ ਵਾਲੀਆਂ ਧਿਰਾਂ ਵੱਲੋਂ ਆਪਣੇ ਖਰਚੇ 'ਤੇ ਕਰਾਈ ਜਾਵੇਗੀ। ਵੋਟ ਪਾਉਣ ਲਈ ਸ਼ਨਾਖਤੀ ਕਾਰਡ ਜ਼ਰੂਰੀ ਕਰ ਦਿੱਤਾ ਗਿਆ ਹੈ। ਵੋਟਰ ਫੋਟੋ ਕਾਰਡ, ਡਰਾਈਵਿੰਗ ਲਾਇਸੈਂਸ ਜਾਂ ਰਾਸ਼ਨ ਕਾਰਡ ਸਮੇਤ ਹੋਰ ਕੋਈ ਵੀ ਫੋਟੋ ਲੱਗਾ ਦਸਤਾਵੇਜ਼ ਸਬੂਤ ਮੰਨਿਆ ਜਾਵੇਗਾ। ਭਾਵੇਂ ਇਹ ਧਾਰਮਿਕ ਮਾਮਲਾ ਹੈ ਪਰ ਕਾਂਗਰਸ ਵੀ ਸ਼੍ਰੋਮਣੀ ਕਮੇਟੀ ਚੋਣਾਂ ਨੂੰ ਵੱਡੀ ਚੁਣੌਤੀ ਵਜੋਂ ਲੈ ਰਹੀ ਹੈ। ਸ਼੍ਰੋਮਣੀ ਕਮੇਟੀ ਦੀਆਂ ਪਿਛਲੀਆਂ ਚੋਣਾਂ ਸਾਲ 2004 ਵਿਚ ਹੋਈਆਂ ਸਨ ਤੇ ਉਸ ਤੋਂ ਬਾਅਦ 2009 ਵਿਚ ਹੋਣੀਆਂ ਤੈਅ ਸਨ।

## ਬਾਦਲਾਂ ਨੂੰ ਰਾਸ ਆ ਸਕਦੀਆਂ ਨੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਦੇ ਐਲਾਨ ਤੋਂ ਬਾਅਦ ਪੰਜਾਬ ਦਾ ਰਾਜਸੀ ਮਾਹੌਲ ਇਕਦਮ ਗਰਮਾ ਗਿਆ ਹੈ। ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਅਗਸਤ 2009 ਵਿਚ ਹੋਣੀਆਂ ਸਨ ਪਰ ਕਿਸੇ ਨਾ ਕਿਸੇ ਤਰ੍ਹਾਂ ਇਹ ਚੋਣਾਂ ਲਗਾਤਾਰ ਲਟਕਦੀਆਂ ਹੀ ਆ ਰਹੀਆਂ ਸਨ। ਹੁਣ ਜਦ ਫਰਵਰੀ 2012 ਨੂੰ ਹੋਣ ਵਾਲੀ ਵਿਧਾਨ ਸਭਾ ਚੋਣ ਵਿਚ ਸਿਰਫ ਕੁਝ ਮਹੀਨੇ ਹੀ ਰਹਿ ਗਏ ਹਨ ਤਾਂ ਰਾਜਸੀ ਹਲਕਿਆਂ ਵਿਚ ਇਹ ਪ੍ਰਭਾਵ ਬਣ ਗਿਆ ਸੀ ਕਿ ਸ਼੍ਰੋਮਣੀ ਕਮੇਟੀ ਚੋਣਾਂ ਹੁਣ ਵਿਧਾਨ ਸਭਾ ਦੀ ਚੋਣ ਤੋਂ ਬਾਅਦ ਹੀ ਹੋਣਗੀਆਂ। ਪਰ ਅਚਨਚੇਤ ਚੋਣਾਂ ਦੇ ਐਲਾਨ ਨੇ ਬਹੁਤਿਆਂ ਨੂੰ ਚੱਕਰ ਵਿਚ ਪਾ ਦਿੱਤਾ ਹੈ।

ਬਾਦਲ ਵਿਰੋਧੀ ਧੜੇ ਲਗਾਤਾਰ ਇਸ ਮੰਗ 'ਤੇ ਅੜੇ ਹੋਏ ਹਨ ਕਿ ਵੋਟਰ ਸ਼ਨਾਖਤੀ ਕਾਰਡ ਬਣਨ ਬਾਅਦ ਹੀ ਚੋਣਾਂ ਕਰਵਾਈਆਂ ਜਾਣ।ਪਰ ਚੋਣ ਕਮਿਸ਼ਨਰ ਨੇ ਇਹ ਮੰਗ ਰੱਦ ਕਰ ਦਿੱਤੀ ਹੈ ਤੇ ਨਾਲ ਹੀ ਇਸ ਗੱਲ ਦੀ ਪ੍ਰਵਾਨਗੀ ਦਿੱਤੀ ਹੈ ਕਿ ਕਮਿਸ਼ਨ ਦੀ ਪ੍ਰਵਾਨਗੀ ਨਾਲ ਕੋਈ ਪਾਰਟੀ ਕਿਸੇ ਪੋਲਿੰਗ ਸਟੇਸ਼ਨ ਦੀ ਵੀਡੀਓਗ੍ਰਾਫੀ ਕਰਵਾ ਸਕਦੀ ਹੈ। ਅਕਾਲੀ ਦਲ (ਦਿੱਲੀ), ਅਕਾਲੀ ਦਲ 1920, ਬਰਨਾਲਾ ਦਲ ਨੂੰ ਕਮਿਸ਼ਨ ਦੀ ਕਾਰਵਾਈ ਬਿਜਲਈ ਝਟਕੇ ਵਾਂਗ ਲੱਗੀ ਹੈ। ਪ੍ਰਦੇਸ਼ ਕਾਂਗਰਸ ਤੇ ਪੀਪਲਜ਼ ਪਾਰਟੀ ਆਫ ਪੰਜਾਬ ਵੱਲੋਂ ਵੀ ਸਤੰਬਰ ਮਹੀਨੇ ਚੋਣ ਹੋਣ ਨੂੰ ਬਦਸ਼ਗਨੀ ਹੀ ਸਮਝਿਆ ਜਾ ਰਿਹਾ ਹੈ।ਪਰ ਗੁਰਦੁਆਰਾ ਕਮਿਸ਼ਨ ਦੇ ਸੰਭਾਵਿਤ ਫੈਸਲੇ ਤੋਂ ਅਕਾਲੀ ਦਲ (ਬ) ਦੀ ਲੀਡਰਸ਼ਿਪ ਬਾਗੋਬਾਗ ਹੈ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਮਿਸ਼ਨ ਦੇ ਫੈਸਲੇ 'ਤੇ ਤਸੱਲੀ ਪ੍ਰਗਟ ਕਰਦਿਆਂ ਕਿਹਾ ਕਿ 'ਚਲੋ ਇਨ੍ਹਾਂ ਚੋਣਾਂ ਵਿਚ ਕੱਟੀ-ਕੱਟਾ ਨਿਕਲ ਜਾਵੇਗਾ।' ਅਕਾਲੀ ਲੀਡਰਸ਼ਿਪ ਲਈ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਸਮਝੀ ਜਾਂਦੀ ਸ਼੍ਰੋਮਣੀ ਕਮੇਟੀ ਦੀ ਚੋਣ ਵਰਦਾਨ ਸਾਬਤ ਹੋ ਸਕਦੀ ਹੈ। ਅਕਾਲੀ ਦਲ ਦਾ ਇਸ ਸਮੇਂ ਸਮੁੱਚਾ ਜ਼ੋਰ ਵਿਕਾਸ ਮੁੱਦੇ ਉਭਾਰਨ 'ਤੇ ਲੱਗਾ ਹੋਇਆ ਹੈ ਤੇ ਸਿਆਸੀ ਪਹਿਲਕਦਮੀ ਵਿਚ ਉਹ ਕਾਫੀ ਪਛੜ ਰਹੇ ਹਨ। ਸ਼੍ਰੋਮਣੀ ਕਮੇਟੀ ਚੋਣ ਆ ਜਾਣ ਨਾਲ ਜਿਥੇ ਕਾਂਗਰਸ ਵਿਰੁੱਧ ਮੁਹਾਜ਼ ਖੜ੍ਹਾ ਕਰਨ ਵਿਚ ਦਲ ਦਾ ਹੱਥ ਖੁੱਲ੍ਹਾ ਹੋਵੇਗਾ, ਉਥੇ ਵਿਰੋਧੀ ਦਲਾਂ ਖਿਲਾਫ ਪ੍ਰਚਾਰ ਲਈ ਵੀ ਪਾਰਟੀ ਨੂੰ ਅਹਿਮ ਮੌਕਾ ਮਿਲ ਜਾਵੇਗਾ। ਸਭ ਤੋਂ ਵੱਡੀ ਗੱਲ ਇਹ ਹੈ ਕਿ ਸ਼੍ਰੋਮਣੀ ਕਮੇਟੀ ਚੋਣਾਂ ਦੌਰਾਨ ਸਿੱਖ ਮੁੱਦੇ ਉਭਾਰਨ ਤੇ ਇਨ੍ਹਾਂ ਮੁੱਦਿਆਂ 'ਤੇ ਸਿੱਖ ਆਵਾਮ ਦੀ ਲਾਮਬੰਦੀ ਦਾ ਬਹੁਤ ਹੀ ਅਹਿਮ ਮਾਮਲਾ ਅਕਾਲੀ ਦਲ ਦੇ ਹੱਥ ਆ ਜਾਵੇਗਾ ਤੇ ਇਸ ਨੂੰ ਤੁਰੰਤ ਬਾਅਦ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਵੀ ਬਾਖੂਬੀ ਵਰਤ ਸਕੇਗਾ।

ਸੀਨੀਅਰ ਅਕਾਲੀ ਆਗੂਆਂ ਦਾ ਕਹਿਣਾ ਹੈ ਕਿ ਸ਼੍ਰੋਮਣੀ ਕਮੇਟੀ ਵਿਚ ਅਕਾਲੀ ਦਲ ਦੀ ਜਿੱਤ ਵਿਧਾਨ ਸਭਾ ਚੋਣਾਂ ਲਈ ਪਾਰਟੀ ਦਾ ਮਨੋਬਲ ਉੱਚਾ ਕਰੇਗੀ। ਦੂਜੀ ਅਹਿਮ ਗੱਲ ਇਹ ਹੈ ਕਿ ਕਾਂਗਰਸ ਤੇ ਪੀਪਲਜ਼ ਪਾਰਟੀ ਸਿੱਧੇ ਤੌਰ 'ਤੇ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਹਿੱਸਾ ਨਹੀਂ ਲੈ ਰਹੀਆਂ। ਇਸ ਕਰਕੇ ਇਨ੍ਹਾਂ ਚੋਣਾਂ ਦੌਰਾਨ ਉਨ੍ਹਾਂ ਦੀ ਸਿਆਸੀ ਸਰਗਰਮੀ ਨੂੰ ਬਰੇਕਾਂ ਲੱਗ ਜਾਣਗੀਆਂ। ਪੀਪਲਜ਼ ਪਾਰਟੀ ਦੇ ਮੁਖੀ ਮਨਪ੍ਰੀਤ ਸਿੰਘ ਬਾਦਲ ਆਪਣੇ ਸੀਨੀਅਰ ਸਾਥੀਆਂ ਸਮੇਤ ਵਿਦੇਸ਼ ਦੌਰੇ 'ਤੇ ਹਨ ਤੇ ਉਨ੍ਹਾਂ 15 ਅਗਸਤ ਨੂੰ ਵਾਪਸ ਪਰਤਣਾ ਹੈ। ਉਨ੍ਹਾਂ ਦੀ ਵਾਪਸੀ ਤੱਕ ਚੋਣਾਂ ਦਾ ਮੈਦਾਨ ਭਖ ਚੁੱਕਿਆ ਹੋਵੇਗਾ। ਵੱਖ-ਵੱਖ ਬਾਦਲ ਦਲ ਵਿਰੋਧੀ ਅਕਾਲੀ ਧੜੇ ਚੋਣਾਂ ਸਤੰਬਰ ਵਿਚ ਕਰਵਾਏ ਜਾਣ ਦਾ ਵਿਰੁੱਧ ਸਨ ਤੇ ਪਤਾ ਲੱਗਾ ਹੈ ਕਿ ਅੰਦਰਖਾਤੇ ਕੁਝ ਕਾਂਗਰਸ ਆਗੂ ਚੋਣਾਂ ਨਾ ਕਰਵਾਏ ਜਾਣ ਲਈ ਕੇਂਦਰੀ ਨੇਤਾਵਾਂ ਤੱਕ ਵੀ ਪਹੁੰਚ ਕੀਤੀ। ਇਨ੍ਹਾਂ ਗੱਲਾਂ ਤੋਂ ਵੀ ਸੰਕੇਤ ਮਿਲਦਾ ਹੈ ਕਿ ਸਤੰਬਰ ਚੋਣਾਂ ਹੁਕਮਰਾਨ ਪਾਰਟੀ ਨੂੰ ਹੀ ਰਾਸ ਬੈਠਦੀਆਂ ਹਨ ਤੇ ਵਿਰੋਧੀ ਧਿਰਾਂ ਲਈ ਸਿਰਦਰਦੀ ਦਾ ਕਾਰਨ ਬਣ ਸਕਦੀਆਂ ਹਨ।

## ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਚੋਣਾਂ ਵਿਚ ਨਸ਼ੇ ਵਰਜਿਤ

**ਅੰਮ੍ਰਿਤਸਰ:** ਸਿਆਸੀ ਧਿਰਾਂ ਵੱਲੋਂ ਸ਼੍ਰੋਮਣੀ ਕਮੇਟੀ ਚੋਣਾਂ ਨੂੰ ਵੀ ਸਿਆਸੀ ਦੰਗਲ ਵਾਂਗ ਲੜਿਆ ਜਾਂਦਾ ਹੈ। ਇਸ ਲਈ ਵੋਟਰਾਂ ਨੂੰ ਭਰਮਾਉਣ ਲਈ ਨਸ਼ਿਆਂ ਦੀ ਖੁੱਲ੍ਹ ਕੇ ਵਰਤੋਂ ਕੀਤੀ ਜਾਂਦੀ ਹੈ। ਇਸ ਵਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਹੈ ਕਿ ਗੁਰਦੁਆਰਾ ਪ੍ਰਬੰਧ ਨਾਲ ਜੁੜੀਆਂ ਇਹ ਚੋਣਾਂ ਨਿਰੋਲ ਧਾਰਮਿਕ ਮਾਮਲਿਆਂ ਨਾਲ ਸਬੰਧਤ ਹਨ ਤੇ ਇਸ ਵਿਚ ਕਿਸੇ ਵੀ ਕਿਸਮ ਦੇ ਨਸ਼ਿਆਂ ਦੀ ਵਰਤੋਂ ਵਰਜਿਤ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਜੇ ਇਸ ਸਬੰਧੀ ਕੋਈ ਸ਼ਿਕਾਇਤ ਆਈ ਤਾਂ ਇਹ ਮਾਮਲਾ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਵਿਚਾਰਿਆ ਜਾਵੇਗਾ ਤੇ ਦੋਸ਼ੀ ਪਾਏ ਜਾਣ 'ਤੇ ਸਬੰਧਤ ਵਿਅਕਤੀ ਖ਼ਿਲਾਫ਼ ਸਿੱਖ ਪ੍ਰੰਪਰਾਵਾਂ ਅਨੁਸਾਰ ਕਾਰਵਾਈ ਹੋਵੇਗੀ।

ਇਥੇ ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਜੋੜ ਮੇਲਿਆਂ 'ਚ ਸਿਆਸੀ ਦੂਸ਼ਣਬਾਜ਼ੀ ਨਾ ਕਰਨ ਦਾ ਹੁਕਮ ਦਿੱਤਾ ਸੀ ਪਰ ਕਿਸੇ ਵੀ ਸਿਆਸੀ ਪਾਰਟੀ 'ਤੇ ਇਸ ਦਾ ਕੋਈ ਬਾਹਲਾ ਅਸਰ ਵੇਖਣ ਨੂੰ ਨਹੀਂ ਮਿਲਿਆ। ਇਸ ਵਾਰ ਵੀ ਭਾਵੇਂ ਜਥੇਦਾਰ ਦੇ ਬਿਆਨ ਦਾ ਸਭ ਨੇ ਸਵਾਗਤ ਕੀਤਾ ਹੈ ਪਰ ਚੋਣਾਂ 'ਚ ਨਸ਼ਿਆਂ ਦੇ ਦਰਿਆ ਨੂੰ ਠੱਲ੍ਹ ਪੈਣ ਦੀ ਘੱਟ ਹੀ ਆਸ ਹੈ।

# ਬਾਦਲ ਧੜੇ ਨੂੰ ਖਦੇੜਨ ਲਈ ਪੰਥਕ ਮੋਰਚਾ ਕਾਇਮ

### ਸ਼੍ਰੋਮਣੀ ਕਮੇਟੀ ਚੋਣਾਂ 'ਚ ਸਾਂਝੇ ਉਮੀਦਵਾਰ ਉਤਾਰਨ ਦਾ ਫੈਸਲਾ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਟੱਕਰ ਦੇਣ ਲਈ ਵਿਰੋਧੀ ਪੰਥਕ ਧਿਰਾਂ ਇਕ ਮੰਚ 'ਤੇ ਆ ਗਈਆਂ ਹਨ। ਸੱਤ ਪੰਥਕ ਧਿਰਾਂ ਨੇ 31 ਜੁਲਾਈ ਨੂੰ ਚੰਡੀਗੜ੍ਹ ਵਿਚ ਇਕੱਤਰਤਾ ਕਰਕੇ ਬਾਦਲ ਦਲ ਵਿਰੁੱਧ ਹਰੇਕ ਸੀਟ 'ਤੇ ਸਾਂਝਾ ਉਮੀਦਵਾਰ ਖੜ੍ਹਾ ਕਰਨ ਦਾ ਫੈਸਲਾ ਲਿਆ ਹੈ। ਇਸ ਏਕੇ ਨੂੰ ਪੰਥਕ ਮੋਰਚੇ ਦਾ ਨਾਂ ਦਿੱਤਾ ਗਿਆ ਹੈ। ਪੰਥਕ ਮੋਰਚੇ 'ਚ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ), ਅਕਾਲੀ ਦਲ (1920), ਅਕਾਲੀ ਦਲ (ਲੌਂਗੋਵਾਲ), ਅਕਾਲੀ ਦਲ (ਦਿੱਲੀ), ਖ਼ਾਲਸਾ ਐਕਸ਼ਨ ਕਮੇਟੀ, ਸੁਤੰਤਰ ਯੂਥ ਅਕਾਲੀ ਦਲ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਤਿੰਨੇ ਧੜੇ ਤੇ ਹਰਿਆਣਾ ਤੋਂ ਸਿੱਖ ਆਗੂ ਦੀਦਾਰ ਸਿੰਘ ਨਲਵੀ ਤੇ ਜਗਦੀਸ਼ ਸਿੰਘ ਝੀਂਡਾ ਸ਼ਾਮਲ ਹੋਏ।

ਮੀਟਿੰਗ ਵਿਚ ਚੋਣਾਂ ਲੜਨ ਲਈ ਸੱਤ ਮੈਂਬਰੀ ਕਮੇਟੀ ਦਾ ਕਾਇਮ ਕੀਤੀ ਗਈ। ਇਸ ਵਿਚ ਭਾਈ ਮੋਹਕਮ ਸਿੰਘ, ਹਰਪਾਲ ਸਿੰਘ ਚੀਮਾ, ਬਲਦੇਵ ਸਿੰਘ ਮਾਨ, ਜਸਵਿੰਦਰ ਸਿੰਘ ਬਲੀਏਵਾਲ, ਦਰਸ਼ਨ ਸਿੰਘ ਈਸਪੁਰ, ਦੀਦਾਰ ਸਿੰਘ ਨਲਵੀ ਤੇ ਫੈਡਰੇਸ਼ਨ ਵੱਲੋਂ ਪੀਰ ਮੁਹੰਮਦ, ਭੋਮਾ ਤੇ ਪਰਮਜੀਤ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ। ਇਹ ਕਮੇਟੀ ਚੋਣਾਂ ਨਾਲ ਸਬੰਧਤ ਸਾਰੇ ਫੈਸਲੇ ਲਵੇਗੀ ਤੇ ਇਸ ਵਿਚ ਮੁੱਖ ਤੌਰ 'ਤੇ ਉਮੀਦਵਾਰਾਂ ਦੀ ਚੋਣ ਸ਼ਾਮਲ ਹੈ। ਪਤਾ ਲੱਗਾ ਹੈ ਕਿ ਏਕੇ ਵਿਚ ਸ਼ਾਮਲ ਵੱਖ-ਵੱਖ ਧਿਰਾਂ ਵੱਲੋਂ ਇਸ ਕਮੇਟੀ ਨੂੰ ਆਪਣੇ ਉਮੀਦਵਾਰਾਂ ਤੇ ਮਨਪਸੰਦ ਹਲਕਿਆਂ ਦੀ ਸੂਚੀ ਦਿੱਤੀ ਜਾਵੇਗੀ। ਉਸ ਸੂਚੀ ਨੂੰ ਸਾਹਮਣੇ ਰੱਖ ਕੇ ਵੱਧ ਵੋਟਾਂ ਲੈਣ ਜਾਂ ਜਿੱਤਣ ਦੀ ਸਮਰੱਥਾ ਰੱਖਣ ਵਾਲੇ ਉਮੀਦਵਾਰ ਨੂੰ ਚੋਣ ਮੈਦਾਨ ਵਿਚ ਉਤਾਰਿਆ ਜਾਵੇਗਾ।

ਮੀਟਿੰਗ ਵਿਚ ਇਹ ਗੱਲ ਵੀ ਤੁਰੀ ਕਿ ਸਿਮਰਨਜੀਤ ਸਿੰਘ ਮਾਨ ਨਾਲ ਵੀ ਏਕੇ ਦੀ ਗੱਲ ਚਲਾਈ ਜਾਵੇ ਪਰ ਉਸ ਦੀ ਖ਼ਾਲਿਸਤਾਨ ਦੀ ਮੰਗ ਕਰਕੇ ਕਈ ਤਰ੍ਹਾਂ ਦੀਆਂ ਅੜਚਣਾਂ ਪੈਂਦੀਆਂ ਰਹੀਆਂ। ਸੰਤ ਸਮਾਜ ਦੇ ਬਾਬਾ ਸਰਬਜੋਤ ਸਿੰਘ ਬੇਦੀ ਦਾ ਆਸ਼ੀਰਵਾਦ ਵੀ ਇਸ ਧੜੇ ਨਾਲ ਹੀ ਦੱਸਿਆ ਜਾ ਰਿਹਾ ਹੈ। ਇਹ ਵੀ ਫੈਸਲਾ ਲਿਆ ਗਿਆ ਕਿ ਸ਼੍ਰੋਮਣੀ ਅਕਾਲੀ ਦਲ ਵਿਰੁੱਧ ਸਾਰੀਆਂ ਪੰਥਕ ਧਿਰਾਂ ਵੱਲੋਂ ਇਕ ਹੀ ਸਾਂਝਾ ਉਮੀਦਵਾਰ ਮੈਦਾਨ ਵਿਚ ਉਤਾਰਿਆ ਜਾਵੇ। ਉਂਜ ਬਾਦਲ ਵਿਰੋਧੀ ਪੰਥਕ ਧਿਰ ਦਾ ਇਕ ਹੀ ਸਾਂਝਾ ਉਮੀਦਵਾਰ ਹੋਣ ਦੇ ਬਾਵਜੂਦ ਪਾਰਟੀਆਂ ਵੱਲੋਂ ਆਪੋ ਆਪਣੇ ਚੋਣ ਨਿਸ਼ਾਨ 'ਤੇ ਲੜਨ ਲਈ ਕਾਫੀ ਸਮਾਂ ਵਿਚਾਰ ਚਰਚਾ ਜ਼ਰੂਰ ਹੁੰਦੀ ਰਹੀ।

ਦੱਸਿਆ ਜਾਂਦਾ ਹੈ ਕਿ ਪੰਥਕ ਬੁਲਾਰਿਆਂ ਨੇ ਆਪੋ ਆਪਣੇ ਵਿਚਾਰ ਪੇਸ਼ ਕਰਦਿਆਂ ਬਾਦਲ ਦਲ ਨੂੰ ਹਾਰ ਦੇਣ ਲਈ ਹਰ ਤਰ੍ਹਾਂ ਦਾ ਤਿਆਗ ਕਰਨ ਦੀ ਪੇਸ਼ਕਸ਼ ਕੀਤੀ। ਸਭ ਨੇ ਇਕਮੱਤ ਹੁੰਦਿਆਂ ਕਿਹਾ ਕਿ ਗੁਰਦੁਆਰਿਆਂ ਤੇ ਸ਼੍ਰੋਮਣੀ ਕਮੇਟੀ ਨੂੰ ਬਾਦਲ ਪਰਿਵਾਰ ਦੀ ਚੁੰਗਲ ਵਿਚੋਂ ਕੱਢਿਆ ਜਾਵੇ। ਹਰਿਆਣਾ ਦੇ ਸਿੱਖ ਆਗੂ ਜਗਦੀਸ਼ ਸਿੰਘ ਝੀਂਡਾ ਨੇ ਕਿਹਾ ਕਿ ਕਮੇਟੀ ਚੋਣਾਂ ਵਿਚ ਬਾਦਲ ਦੇ ਉਮੀਦਵਾਰਾਂ ਨੂੰ ਹਰਾ ਕੇ ਰਾਜ ਵਿਚ ਵੱਖਰੀ ਕਮੇਟੀ ਲਈ ਫ਼ਤਵਾ ਦਿੱਤਾ ਜਾਵੇਗਾ। ਦੀਦਾਰ ਸਿੰਘ ਨਲਵੀ ਨੇ ਸ਼੍ਰੋਮਣੀ ਅਕਾਲੀ ਦਲ ਦਾ ਕਮੇਟੀ ਤੋਂ ਕਬਜ਼ਾ ਖ਼ਤਮ ਕਰਨ ਲਈ ਹਰ ਹੀਲਾ ਵਰਤਣ 'ਤੇ ਜ਼ੋਰ ਦਿੱਤਾ।


## ਉਮੀਦਵਾਰ ਚੁਣਨ ਦੇ ਹੱਕ ਬਾਦਲਾਂ ਨੂੰ ਸੌਂਪੇ


**ਚੰਡੀਗੜ੍ਹ:** ਅਕਾਲੀ ਦਲ ਦੀ ਕੋਰ ਕਮੇਟੀ ਨੇ ਸ਼੍ਰੋਮਣੀ ਕਮੇਟੀ ਚੋਣਾਂ ਲਈ ਉਮੀਦਵਾਰ ਚੁਣਨ ਦੇ ਅਧਿਕਾਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਸੌਂਪ ਦਿੱਤੇ ਹਨ। ਚੰਡੀਗੜ੍ਹ ਵਿਚ ਸ. ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ ਹੋਈ ਇਸ ਮੀਟਿੰਗ ਵਿਚ ਦਾਅਵਾ ਕੀਤਾ ਗਿਆ ਕਿ ਸ਼੍ਰੋਮਣੀ ਅਕਾਲੀ ਦਲ ਆਪਣੇ ਸ਼ਾਨਾਮੱਤੇ ਇਤਿਹਾਸ ਨੂੰ ਦੁਹਰਾਏਗਾ ਤੇ ਇਨ੍ਹਾਂ ਚੋਣਾਂ ਵਿਚ ਭਾਰੀ ਬਹੁਮਤ ਨਾਲ ਜਿੱਤ ਹਾਸਲ ਕਰੇਗਾ।


ਮੀਟਿੰਗ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ, ਸੁਖਦੇਵ ਸਿੰਘ ਢੀਂਡਸਾ, ਗੁਰਦੇਵ ਸਿੰਘ ਬਾਦਲ, ਜਥੇਦਾਰ ਤੋਤਾ ਸਿੰਘ, ਨਿਰਮਲ ਸਿੰਘ ਕਾਹਲੋਂ, ਬਲਵਿੰਦਰ ਸਿੰਘ ਭੂੰਦੜ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਮਹੇਸ਼ਇੰਦਰ ਸਿੰਘ ਗਰੇਵਾਲ, ਜਨਮੇਜਾ ਸਿੰਘ ਸੇਖੋਂ, ਸੇਵਾ ਸਿੰਘ ਸੇਖਵਾਂ ਤੇ ਡਾ. ਦਲਜੀਤ ਸਿੰਘ ਚੀਮਾ ਸ਼ਾਮਲ ਸਨ। ਪਾਰਟੀ ਦੇ ਸਕੱਤਰ ਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਮੀਟਿੰਗ ਵਿਚ ਲਏ ਇਕ ਹੋਰ ਫੈਸਲੇ ਮੁਤਾਬਕ 2 ਤੋਂ 5 ਅਗਸਤ ਤੱਕ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੀਆਂ ਅਲੱਗ ਅਲੱਗ ਮੀਟਿੰਗਾਂ ਹੋਣਗੀਆਂ।


# ਸ਼੍ਰੋਮਣੀ ਕਮੇਟੀ ਚੋਣਾਂ ਸਾਬਤ ਹੋਣਗੀਆਂ ਸਿਆਸੀ ਦੰਗਲ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਆਗਾਮੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਿੱਖ ਸਿਆਸੀ ਪਾਰਟੀਆਂ ਵਿਚ ਸਿਆਸੀ ਦੰਗਲ ਸਾਬਤ ਹੋਣਗੀਆਂ। ਇਸ ਵਿਚ ਕਾਂਗਰਸ ਵੱਲੋਂ ਵੀ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਨੂੰ ਚਿੱਤ ਕਰਨ ਲਈ ਅਸਿੱਧੇ ਤੌਰ 'ਤੇ ਜ਼ੋਰ ਅਜ਼ਮਾਈ ਕੀਤੀ ਜਾਵੇਗੀ। ਤੈਅ ਸਮੇਂ ਤੋਂ ਤਕਰੀਬਨ ਦੋ ਸਾਲ ਪਛੜ ਕੇ ਹੋ ਰਹੀਆਂ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਇਸ ਵਾਰ 55 ਲੱਖ ਤੋਂ ਵਧੇਰੇ ਕੇਸਧਾਰੀ ਵੋਟਰ ਆਪਣੇ ਵੋਟ ਪਾਉਣ ਦੇ ਹੱਕ ਦੀ ਵਰਤੋਂ ਕਰਦਿਆਂ 170 ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਚੋਣ ਕਰਨਗੇ। 170 ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਚੋਣ ਕਰਨ ਲਈ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਚੰਡੀਗੜ੍ਹ ਦੇ 120 ਚੋਣ ਹਲਕਿਆਂ ਵਿਚ ਵੋਟਾਂ ਪਾਈਆਂ ਜਾਣਗੀਆਂ। ਇਨ੍ਹਾਂ ਵਿਚੋਂ 110 ਚੋਣ ਹਲਕੇ ਪੰਜਾਬ ਵਿਚ, 8 ਹਲਕੇ ਹਰਿਆਣਾ ਵਿਚ, ਇਕ ਹਲਕਾ ਚੰਡੀਗੜ੍ਹ ਵਿਚ ਤੇ ਇਕ ਹਲਕਾ ਹਿਮਾਚਲ ਪ੍ਰਦੇਸ਼ ਵਿਚ ਸ਼ਾਮਲ ਹੈ। 120 ਚੋਣ ਹਲਕਿਆਂ ਵਿਚੋਂ 50 ਹਲਕੇ ਦੋਹਰੇ ਚੋਣ ਹਲਕੇ ਹਨ ਜਿਨ੍ਹਾਂ ਵਿਚ


ਪ੍ਰਕਾਸ਼ ਸਿੰਘ ਬਾਦਲ


ਕੈਪਟਨ ਅਮਰਿੰਦਰ ਸਿੰਘ


ਮਨਪ੍ਰੀਤ ਸਿੰਘ ਬਾਦਲ


ਪਰਮਜੀਤ ਸਿੰਘ ਸਰਨਾ

30 ਹਲਕੇ ਔਰਤ ਮੈਂਬਰਾਂ ਲਈ ਤੇ 20 ਅਨੁਸੂਚਿਤ ਮੈਂਬਰਾਂ ਲਈ ਰਾਖਵੇਂ ਹਨ। ਇਨ੍ਹਾਂ ਦੋਹਰੇ ਹਲਕਿਆਂ ਵਿਚੋਂ ਇਕ ਜਨਰਲ ਸ਼੍ਰੇਣੀ ਦੇ ਮੈਂਬਰ ਤੇ ਇਕ ਰਾਖਵੀਂ ਸ਼੍ਰੇਣੀ ਦੇ ਮੈਂਬਰ ਦੀ ਚੋਣ ਹੋਵੇਗੀ।

ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਨੇ ਪਹਿਲਕਦਮੀ ਕਰਦਿਆਂ 1996 ਵਿਚ ਔਰਤ ਮੈਂਬਰਾਂ ਲਈ 30 ਰਾਖਵੀਆਂ ਸੀਟਾਂ ਐਲਾਨ ਦਿੱਤੀਆਂ ਸਨ ਜਦੋਂਕਿ ਔਰਤਾਂ ਨੂੰ ਵੋਟ ਪਾਉਣ ਦਾ ਹੱਕ ਵੀ ਸਭ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਵੱਲੋਂ ਹੀ ਦਿੱਤਾ ਗਿਆ ਸੀ। 1920 ਵਿਚ ਕਾਇਮ ਹੋਈ ਸ਼੍ਰੋਮਣੀ ਕਮੇਟੀ ਦੀ ਪਹਿਲੀ ਜਮਹੂਰੀ ਢੰਗ ਤਰੀਕੇ ਦੀ ਚੋਣ ਸਿੱਖ ਗੁਰਦੁਆਰਾ ਐਕਟ 1925 ਬਣਨ ਤੋਂ ਬਾਅਦ 18 ਜੂਨ 1926 ਨੂੰ ਹੋਈ ਸੀ। 1996 ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਵਿਚ ਔਰਤ ਮੈਂਬਰਾਂ ਦੀ ਗਿਣਤੀ ਬਹੁਤ ਘੱਟ ਹੁੰਦੀ ਸੀ ਪਰ ਹੁਣ ਮੌਜੂਦਾ ਸਦਨ ਵਿਚ ਔਰਤ ਮੈਂਬਰਾਂ ਦੀ ਗਿਣਤੀ 33 ਹੈ। ਇਨ੍ਹਾਂ ਵਿਚ 30 ਔਰਤ ਮੈਂਬਰ ਰਾਖਵੇਂ ਕੋਟੇ ਵਿਚੋਂ ਤੇ ਤਿੰਨ ਜਨਰਲ ਸ਼੍ਰੇਣੀ ਮੈਂਬਰ ਹਨ।


ਸ਼੍ਰੋਮਣੀ ਕਮੇਟੀ ਦੇ ਮੌਜੂਦਾ ਹਾਊਸ ਵਿਚ ਇਸ ਵੇਲੇ ਕੁੱਲ ਮੈਂਬਰਾਂ ਦੀ ਗਿਣਤੀ 191 ਹੈ ਜਿਸ ਵਿਚੋਂ 170 ਮੈਂਬਰ ਵੋਟਾਂ ਰਾਹੀਂ ਚੁਣ ਕੇ ਆਉਂਦੇ ਹਨ ਤੇ 15 ਮੈਂਬਰ ਦੇਸ਼ ਭਰ ਤੋਂ ਨਾਮਜ਼ਦ ਕੀਤੇ ਜਾਂਦੇ ਹਨ ਜਦੋਂਕਿ 6 ਸਿੰਘ ਸਾਹਿਬਾਨ ਸਦਨ ਦੇ ਸਥਾਈ ਮੈਂਬਰ ਹਨ।

ਇਸ ਵਾਰ ਦੋਹਰੇ ਹਲਕਿਆਂ ਵਿਚ ਹੋਏ ਬਦਲਾਅ ਕਾਰਨ ਕਈ ਅਹਿਮ ਮੈਂਬਰਾਂ ਦੇ ਹਲਕੇ ਬਦਲ ਜਾਣਗੇ ਜਿਸ ਕਾਰਨ ਚੋਣ ਦ੍ਰਿਸ਼ ਵੀ ਬਦਲ ਜਾਵੇਗਾ। ਦੋਹਰੇ ਚੋਣ ਹਲਕੇ ਬਦਲਣ ਦੀ ਇਹ ਪ੍ਰਕਿਰਿਆ ਪਹਿਲੀ ਵਾਰ ਲਾਗੂ ਕੀਤੀ ਜਾ ਰਹੀ ਹੈ। ਬਦਲੇ ਗਏ ਦੋਹਰੇ ਹਲਕਿਆਂ ਦੇ ਮੈਂਬਰਾਂ ਵੱਲੋਂ ਆਪੋ-ਆਪਣੇ ਹਲਕਿਆਂ ਵਿਚ ਪ੍ਰਚਾਰ ਲਈ ਕੰਮ ਕਰਵਾਏ ਗਏ ਸਨ। ਇਕ ਲੱਖ ਰੁਪਏ ਦਾ ਸਾਲਾਨਾ ਅਖਤਿਆਰੀ ਫੰਡ ਵੀ ਉਨ੍ਹਾਂ ਆਪੋ ਆਪਣੇ ਪੁਰਾਣੇ ਹਲਕਿਆਂ ਵਿਚ ਵੰਡਿਆ ਸੀ ਤੇ ਪ੍ਰਧਾਨ ਦੀ ਮਦਦ ਨਾਲ ਹੋਰ ਵੀ ਸਹਾਇਤਾ ਵੰਡੀ ਸੀ ਪਰ ਚੋਣ ਹਲਕਿਆਂ ਦੇ ਬਦਲਾਅ ਕਾਰਨ ਅਜਿਹੇ ਮੈਂਬਰਾਂ ਨੂੰ ਮੁੜ ਨਵੇਂ ਸਿਰੇ ਤੋਂ ਸਥਾਪਤੀ ਲਈ ਯਤਨ ਕਰਨਗੇ ਪੈਣਗੇ।

ਚੋਣ ਜ਼ਾਬਤਾ ਲਾਗੂ ਹੋਣ ਕਾਰਨ ਇਹ ਮੈਂਬਰ ਆਪਣੇ ਅਖ਼ਤਿਆਰੀ ਫੰਡ ਦੀ ਵਰਤੋਂ ਨਹੀਂ ਕਰ ਸਕਣਗੇ ਤੇ ਨਾ ਹੀ ਕਿਸੇ ਤਰ੍ਹਾਂ ਦੀ ਸਹਾਇਤਾ ਵੰਡ ਸਕਣਗੇ। ਚੋਣ ਜ਼ਾਬਤੇ ਕਾਰਨ ਕਿਸੇ ਵੀ ਤਰ੍ਹਾਂ ਦੇ ਨਵੇਂ ਪ੍ਰਾਜੈਕਟ ਦਾ ਐਲਾਨ ਨਹੀਂ ਹੋ ਸਕਦਾ ਤੇ ਨਾ ਹੀ ਕੋਈ ਆਰਥਿਕ ਮਦਦ ਵੰਡੀ ਜਾ ਸਕਦੀ ਹੈ। ਜ਼ਾਬਤਾ ਲਾਗੂ ਹੋਣ ਤੋਂ ਬਾਅਦ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵੀ ਨਹੀਂ ਹੋ ਸਕੇਗੀ।

# ਟੋਰਾਂਟੋ ਕਬੱਡੀ ਕੱਪ ਲਈ ਕਾਫਲਾ 11 ਨੂੰ ਚੱਲੇਗਾ:ਗਾਖਲ

**ਫਰੀਮਾਂਟ (ਬਿਊਰੋ):** ਸ੍ਰੀ ਗੁਰੂ ਸਿੰਘ ਸਭਾ ਮਾਲਟਨ ਸਪੋਰਟਸ ਕਲੱਬ ਵੱਲੋਂ 13 ਅਗਸਤ ਨੂੰ ਕਰਵਾਏ ਜਾ ਰਹੇ ਕਬੱਡੀ ਕੱਪ ਦੇ ਮਹਾਂ ਕੁੰਭ 'ਵਰਲਡ ਕਬੱਡੀ ਕੱਪ: ਟੋਰਾਂਟੋ-2011' ਵਿਚ ਸ਼ਿਰਕਤ ਕਰਨ ਲਈ ਕੈਲੀਫੋਰਨੀਆ ਤੋਂ ਪਤਵੰਤੇ ਸੱਜਣਾਂ ਦਾ ਕਾਫਲਾ 11 ਅਗਸਤ ਨੂੰ ਖਿਡਾਰੀਆਂ ਸਮੇਤ ਰਵਾਨਾ ਹੋਵੇਗਾ। ਇਸ ਕਬੱਡੀ ਕੱਪ ਦੌਰਾਨ ਅਮਰੀਕਾ ਦੀ ਟੀਮ ਵਿਚ ਸਟਾਰ ਖਿਡਾਰੀਆਂ ਵਿਚੋਂ ਖਿਡਾਰੀ ਹਿੱਸਾ ਲੈ ਰਹੇ ਹਨ ਜਿਨ੍ਹਾਂ ਦੀ ਅਗਵਾਈ ਪ੍ਰਸਿੱਧ ਖਿਡਾਰੀ ਤੀਰਥ ਗਾਖਲ ਕਰਨਗੇ। ਇਸ ਤੋਂ ਇਲਾਵਾ ਇਸ ਕੱਪ ਲਈ ਕੈਲੀਫੋਰਨੀਆ ਤੋਂ ਦੋ ਟੀਮਾਂ ਅੰਡਰ-21 ਵੀ ਜਾ ਰਹੀਆਂ ਹਨ।



*ਅਮੋਲਕ ਸਿੰਘ ਗਾਖਲ*

ਇਹ ਜਾਣਕਾਰੀ ਦਿੰਦਿਆਂ ਉਘੇ ਬਿਜਨਸਮੈਨ ਅਤੇ ਖੇਡ ਪ੍ਰੋਮੋਟਰ ਸ. ਅਮੋਲਕ ਸਿੰਘ ਗਾਖਲ ਨੇ ਦੱਸਿਆ ਕਿ ਇਸ ਵਾਰ ਅਮਰੀਕਾ ਦੀ ਟੀਮ ਵਰਲਡ ਕੱਪ ਵਿਚ ਭਾਗ ਲੈ ਰਹੀਆਂ ਬਾਕੀ ਟੀਮਾਂ ਦੇ ਮੁਕਾਬਲੇ ਦੀ ਹੋਵੇਗੀ। ਉਨ੍ਹਾਂ ਟੀਮ ਦੇ ਵਧੀਆ ਪ੍ਰਦਰਸ਼ਨ ਦੇ ਨਾਲ ਨਾਲ ਜਿੱਤ ਦਾ ਦਾਅਵਾ ਵੀ ਕੀਤਾ। ਕਬੱਡੀ ਕੱਪ ਲਈ ਜਾ ਰਹੀਆਂ ਸ਼ਖਸੀਅਤਾਂ ਵਿਚ ਜਗੀਰ ਸਿੰਘ ਨਿਊ ਯਾਰਕ, ਨਿੱਕ ਗਾਖਲ-ਸ਼ਿਕਾਗੋ, ਇਕਬਾਲ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ, ਮੱਖਣ ਸਿੰਘ ਬੈਂਸ, ਗੁਰਦਾਵਰ ਸਿੰਘ ਮਹੇੜੂ, ਨਾਜ਼ਰ ਸਿੰਘ ਸਹੋਤਾ, ਗੁਰਦੇਵ ਸਿੰਘ ਸੋਹਲ, ਜੁਗਰਾਜ ਸਿੰਘ, ਨਰਿੰਦਰ ਸਿੰਘ ਸਹੋਤਾ, ਬੂਟਾ ਸਿੰਘ ਸਿੱਧਵਾਂ ਦੋਨਾਂ, ਕੁਲਦੀਪ ਸਿੰਘ ਧਾਲੀਵਾਲ, ਹਰਨੇਕ ਸਿੰਘ ਅਟਵਾਲ, ਦੀਪਾ ਚੌਹਾਨ, ਪ੍ਰੀਤਮ ਸਿੰਘ ਪਾਸਲਾ, ਟਹਿਲ ਸਿੰਘ ਥਾਂਦੀ, ਗੁਰਦਿਆਲ ਸਿੰਘ ਢਿੱਲੋਂ, ਗੁਲਭਿੰਦਰ ਸਿੰਘ ਗਾਖਲ, ਪਿੰਕੀ ਅਟਵਾਲ, ਬਲਜੀਤ ਸਿੰਘ ਸੰਧੂ, ਕੁਲਵੰਤ ਸਿੰਘ, ਸੁਖਬੀਰ ਸਿੰਘ ਨਿੱਝਰ, ਇੰਦਰਜੀਤ ਸਿੰਘ ਥਿੰਦ, ਸਾਕੀ ਸੰਘੇੜਾ, ਦਲਵਿੰਦਰ ਸਿੰਘ ਪੱਡਾ, ਸੁੱਖੀ ਸੰਘੇੜਾ, ਨੀਟੂ ਬਡਿਆਲ, ਨਿਰਮਲ ਸਿੰਘ ਗਿੱਲ, ਮਹਿੰਦਰ ਸਿੰਘ ਕਲੇਰ, ਪਰਮਜੀਤ ਸਿੰਘ ਸੰਧੂ, ਮੇਸ਼ੀ ਦਾਨਿਸ਼ਮੰਦਾਂ ਅਤੇ ਇਕਬਾਲ ਬੋਪਾਰਾਏ ਸ਼ਾਮਲ ਹਨ। ਜਿਹੜੇ ਖੇਡ ਪ੍ਰੇਮੀ ਕਬੱਡੀ ਕੱਪ ਦੇਖਣ ਪਹੁੰਚ ਨਹੀਂ ਸਕਣਗੇ, ਉਨ੍ਹਾਂ ਲਈ ਰੇਡੀਓ ਚੜ੍ਹਦੀ ਕਲਾ ਰਾਹੀਂ ਸਿੱਧਾ ਪ੍ਰਸਾਰਨ ਕੀਤਾ ਜਾਵੇਗਾ। ਇਹ ਰੇਡੀਓ 'www.radiock.com' ਉਤੇ ਦੁਨੀਆਂ ਭਰ ਵਿਚ ਕਿਤੇ ਵੀ ਸੁਣਿਆ ਜਾ ਸਕਦਾ ਹੈ।




# ਖੂਬ ਭਰੀਆਂ ਐਲਕ ਗਰੋਵ 'ਚ 'ਤੀਆਂ ਤੀਜ ਦੀਆਂ'

**ਸੈਕਰਾਮੈਂਟੋ (ਬਿਊਰੋ):** ਇਥੇ ਐਲਕ ਗਰੋਵ ਵਿਚ "ਤੀਆਂ ਤੀਜ ਦੀਆਂ" ਦੇ ਬੈਨਰ ਹੇਠ ਬੀਤੀ ਦਿਨੀਂ ਸੈਕਰਾਮੈਂਟੋ ਤੋਂ ਇਲਾਵਾ ਯੂਬਾ ਸਿਟੀ, ਲਾਈਵ ਓਕ, ਸਟਾਕਟਨ, ਨਟੋਮਸ, ਰੋਜ਼ਵਿਲ, ਟਰੇਸੀ, ਬੇਏਰੀਆ, ਫਰਿਜ਼ਨੋ, ਮਾਡੈਸਟੋ, ਮਨਟੀਕਾ ਆਦਿ ਇਲਾਕਿਆਂ ਤੋਂ ਪਹੁੰਚ ਕੇ ਔਰਤਾਂ ਨੇ ਤੀਆਂ ਦਾ ਤਿਓਹਾਰ ਮਨਾਇਆ। ਬੀਬੀਆਂ ਦੀ ਭਰਵੀਂ ਹਾਜ਼ਰੀ ਕਿਸੇ ਮੇਲੇ ਦਾ ਭੁਲੇਖਾ ਪਾਉਂਦੀ ਸੀ। ਫੁਲਕਾਰੀਆਂ, ਚਰਖੇ, ਪੱਖੀਆਂ, ਗਾਗਰਾਂ, ਪਰਾਂਦੀਆਂ, ਦਰੀਆਂ, ਛੱਜ, ਚਾਟੀਆਂ-ਮਧਾਣੀਆਂ ਆਦਿ ਇਸ ਮੇਲੇ ਨੂੰ ਚਾਰ ਚੰਨ ਲਾ ਰਹੇ ਸਨ।

ਮੇਲੇ ਦੀ ਸ਼ੁਰੂਆਤ ਨਿਰਮਲਜੀਤ ਕੌਰ ਰੰਧਾਵਾ (ਪਿੰਕੀ) ਅਤੇ ਪ੍ਰਨੀਤ ਕੌਰ ਗਿੱਲ ਨੇ ਆਈਆਂ ਬੀਬੀਆਂ ਨੂੰ ਜੀ ਆਇਆਂ ਕਹਿ ਕੇ ਕੀਤੀ। ਇਸ ਮੌਕੇ ਬੀਬੀਆਂ ਵਲੋਂ ਗੀਤ-ਸੰਗੀਤ, ਗਿੱਧਾ, ਬੋਲੀਆਂ, ਸਕਿੱਟਾਂ, ਡੀ.ਜੇ. ਤੋਂ ਇਲਾਵਾ 'ਹਾਣ ਦੀਆਂ ਮੁਟਿਆਰਾਂ, ਤੀਆਂ ਤੀਜ ਦੀਆਂ, ਕੁੜੀਆਂ ਪੰਜਾਬ ਦੀਆਂ, ਸ਼ਾਨ ਮੁਟਿਆਰਾਂ ਦੀ, ਬਾਲੀਵੁੱਡ ਡਾਂਸ, ਅੱਲੜ੍ਹ ਮੁਟਿਆਰਾਂ, ਲੌਂਗ ਦਾ ਲਿਸ਼ਕਾਰਾ, ਐਲਕ ਗਰੋਵ ਦੇ



ਬੱਚਿਆਂ ਦਾ ਗਿੱਧਾ ਆਦਿ ਮਨੋਰੰਜਕ ਆਈਟਮਾਂ ਪੇਸ਼ ਕੀਤੀਆਂ ਗਈਆਂ। ਬੱਚੀਆਂ, ਸੁਆਣੀਆਂ ਤੇ ਬਜ਼ੁਰਗ ਔਰਤਾਂ ਨੇ ਖੂਬ ਗਿੱਧਾ ਪਾਇਆ। ਅਮਨ ਢਿੱਲੋਂ, ਕੰਤੀ ਰੰਧਾਵਾ ਅਤੇ ਮਿੰਨੀ ਸੋਹਲ ਨੇ ਅਤਰੋ-ਚਤਰੋ ਅਤੇ ਤਾਰੋ ਦੀ ਸਕਿੱਟ ਪੇਸ਼ ਕੀਤੀ। ਮਨਜੀਤ ਕੌਰ ਸੇਖੋਂ ਨੇ ਇਕ ਹਾਸਰਸ ਸਕਿੱਟ ਪੇਸ਼ ਕੀਤੀ ਜਦਕਿ ਟਰੇਸੀ ਤੋਂ ਆਈਆਂ ਨੋਨੀ ਤੇ ਮੋਨੀ ਨੇ ਇਕ ਗੀਤ 'ਤੇ ਡਾਂਸ ਪੇਸ਼ ਕੀਤਾ। ਨੀਤੂ ਅਤੇ ਮਨਪ੍ਰੀਤ ਨੇ 'ਕੋਠੇ 'ਤੇ ਸਪੀਕਰ' ਗੀਤ ਉਤੇ ਕੋਰਿਉਗ੍ਰਾਫੀ ਕੀਤੀ। ਬੀਬੀ ਸੁਰਜੀਤ ਕੌਰ (ਸੈਕਰਾਮੈਂਟੋ), ਬੀਬੀ ਹਰਭਜਨ ਕੌਰ ਅਤੇ ਬੀਬੀ ਗੁਰਮੀਤ ਕੌਰ ਨੇ ਤੀਆਂ ਦੇ ਤਿਓਹਾਰ 'ਤੇ ਆਈਆਂ ਔਰਤਾਂ ਨੂੰ ਵਧਾਈ ਦਿੱਤੀ। ਬੀਬੀ ਆਸ਼ਾ ਸ਼ਰਮਾ ਨੇ ਸਟੇਜ ਸੰਭਾਲੀ।

ਗਿੱਧਾ ਕੋਚ ਨਿਤੀ ਭੁੱਲਰ ਅਤੇ ਮੈਨੇਜਰ ਸਿਮਰਨ ਬਾਜਵਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਕੱਢੇ ਰੈਫਲ ਵਿਚ ਸੂਟ, ਚਾਂਦੀ ਦੀਆਂ ਝਾਂਜਰਾਂ, ਮੰਜੇ, ਫੁਲਕਾਰੀਆਂ, ਪਰਾਂਦੀਆਂ, ਗਹਿਣੇ ਆਦਿ ਇਨਾਮ ਦਿੱਤੇ ਗਏ। ਮੇਲੇ 'ਚ ਖਾਣ-ਪੀਣ ਦੇ ਸਟਾਲਾਂ ਤੋਂ ਇਲਾਵਾ ਖਰੀਦੋ-ਫਰੋਖਤ ਦੇ ਸਟਾਲ ਵੀ ਸਨ ਜਿੱਥੋਂ ਬੀਬੀਆਂ ਨੇ ਖਰੀਦੋ-ਫਰੋਖਤ ਵੀ ਕੀਤੀ।

ਮੇਲੇ ਦੀਆਂ ਪ੍ਰਬੰਧਕ ਬੀਬੀਆਂ-ਨਿਰਮਲਜੀਤ ਕੌਰ ਰੰਧਾਵਾ (ਪਿੰਕੀ) ਅਤੇ ਪ੍ਰਨੀਤ ਕੌਰ ਗਿੱਲ ਨੇ ਆਪਣੀਆਂ ਸਾਥਣਾਂ ਨਾਲ ਮਿਲ ਕੇ ਇਸ ਮੇਲੇ ਨੂੰ ਕਾਮਯਾਬ ਕਰਨ ਲਈ ਦਿਨ ਰਾਤ ਇਕ ਕਰੀ ਰੱਖਿਆ। ਮੇਲੇ ਦੇ ਮੁੱਖ ਸਪਾਂਸਰ ਗੁਲਿੰਦਰ ਸਿੰਘ ਗਿੱਲ, ਜਸਪ੍ਰੀਤ ਸਿੰਘ ਅਟਾਰਨੀ, ਜੱਸੀ ਬੰਗਾ, ਵੈਲਸ ਫਾਰਗੋ ਬੈਂਕ ਅਤੇ ਗੁਰਜਤਿੰਦਰ ਸਿੰਘ ਰੰਧਾਵਾ ਸਪਾਂਸਰ ਸਨ।





# ਪੰਜਾਬੀ ਸਾਹਿਤ ਸਭਾ ਦੀ ਜਨਮੇਜਾ ਸਿੰਘ ਜੌਹਲ ਨਾਲ ਮਿਲਣੀ

**ਸੈਕਰਾਮੈਂਟੋ (ਬਿਊਰੋ):** "ਮੈਂ ਇੱਕ ਤੁਬਕਾ ਪਾਣੀ ਦਾ ਡਿੱਗ ਪਿਆ ਸਮੁੰਦਰ ਵਿਚ ਵਿਸ਼ਾਲ ਹੋ ਗਿਆ" ਦੇ ਲੇਖਕ ਸ. ਜਨਮੇਜਾ ਸਿੰਘ ਜੌਹਲ ਦੇ ਵਿਚਾਰ ਸੁਣਨ ਲਈ ਪੰਜਾਬੀ ਸਾਹਿਤ ਸਭਾ, ਕੈਲੀਫੋਰਨੀਆ ਨੇ ਲੰਘੀ 28 ਜੁਲਾਈ ਨੂੰ ਸਭਾ ਦੀ ਇੱਕ ਖਾਸ ਬੈਠਕ ਬੁਲਾਈ ਗਈ।

ਇਸ ਮੌਕੇ ਸ. ਜੌਹਲ ਨੇ ਪੰਜਾਬ, ਪੰਜਾਬੀਅਤ, ਭਾਸ਼ਾ, ਸਮਾਜ ਦੇ ਵਿਸ਼ੇ 'ਤੇ ਬੋਲਦਿਆਂ ਕਿਹਾ ਕਿ ਪੰਜਾਬ ਵਿਚ ਇਸ ਵੇਲੇ ਇਲਾਕਿਆਂ ਅਨੁਸਾਰ 37 ਵੱਖ ਵੱਖ ਬੋਲੀਆਂ ਹਨ ਜਿਨ੍ਹਾਂ



ਦੀ ਆਪੋ-ਆਪਣੀ ਖੂਬਸੂਰਤੀ ਹੈ ਪਰ ਉਹ ਸਭ ਪੰਜਾਬੀ ਦਾ ਹਿੱਸਾ ਹਨ, ਪੰਜਾਬੀ ਕਹਾਉਂਦੀਆਂ ਹਨ। ਮੁਲਕ ਜਾਂ ਸਮੇਂ ਦੇ ਫਰਕ ਨਾਲ ਕਈ ਫਰਕ ਆ ਜਾਂਦੇ ਹਨ ਜਿਦਾਂ ਅਮਰੀਕਾ, ਇੰਗਲੈਂਡ ਤੇ ਕੈਨੇਡਾ ਵਿਚ ਬੱਚਿਆਂ ਨੂੰ ਉਨ੍ਹਾਂ ਥਾਂਵਾਂ ਦੀਆਂ ਹੋਰ ਬੋਲੀਆਂ ਪ੍ਰਭਾਵਿਤ ਕਰਦੀਆਂ ਹਨ। ਸੋ, ਪੰਜਾਬੀ ਨਾਲ ਨਿਹੁੰ ਬਣਾਈ ਰੱਖਣ ਲਈ ਸਾਨੂੰ ਨਰੋਆ ਬਾਲ ਸਾਹਿਤ ਉਤਪਨ ਕਰਨ ਦੀ ਸਖਤ ਜਰੂਰਤ ਹੈ। ਉਨ੍ਹਾਂ ਨੇ ਇਸ ਵਿਸ਼ੇ 'ਤੇ ਆਪਣੀਆਂ ਚਾਰ ਪੁਸਤਕਾਂ ਬਾਰੇ ਜਾਣਕਾਰੀ ਦਿੱਤੀ। ਕਾਫੀ ਲੰਮੀ ਉਸਾਰੂ ਚਰਚਾ ਉਪਰੰਤ ਉਨ੍ਹਾਂ ਨੂੰ 98 ਸਾਲਾ, ਗੁਰਚਰਨ ਸਿੰਘ ਜਖ਼ਮੀ ਦੀਆਂ ਨਜ਼ਮਾਂ ਦਾ ਖਰੜਾ ਸੌਂਪਿਆ ਗਿਆ ਜਿਸ ਦੀ ਪੁਸਤਕ ਪੰਜਾਬੀ ਸਾਹਿਤ ਸਭਾ ਵਲੋਂ ਛਪਵਾਈ ਜਾਣੀ ਹੈ।

ਇਸ ਤੋਂ ਪਹਿਲਾਂ ਬੈਠਕ ਦਾ ਅਰੰਭ ਡਾ. ਗੁਰਦੇਵ ਸਿੰਘ ਘਣਗਸ ਤੇ ਜਿਉਤੀ ਸਿੰਘ ਨੇ ਢੋਲ ਵਜਾ ਕੇ ਅਤੇ ਛੋਟੇ ਬਚਿਆਂ-ਪਰਮਵੀਰ ਤੇ ਜਸਪ੍ਰੀਤ ਤੋਂ ਭੰਗੜਾ ਪਵਾ ਕੇ ਕੀਤਾ। ਜਸਪ੍ਰੀਤ ਸਿੰਘ ਬਾਠ ਨੇ ਹਾਰਮੋਨੀਅਮ ਨਾਲ ਇਕ ਗੁਰਬਾਣੀ ਦਾ ਸ਼ਬਦ, ਗੀਤਾਜ ਸ਼ੀਮਾਰ, ਰੀਆ ਸ਼ੀਮਾਰ, ਲਵਪ੍ਰੀਤ ਕੌਰ, ਹਰਲੀਨ ਕੌਰ ਤੇ ਪਰਮਵੀਰ ਢਿਲੋਂ ਨੇ ਇੱਕ ਇੱਕ ਸ਼ਬਦ ਸੁਣਾਇਆ।

ਸਭਾ ਦੇ ਪ੍ਰਧਾਨ ਹਰਬੰਸ ਸਿੰਘ ਜਗਿਆਸੂ ਨੇ ਸਭ ਦਾ ਸਵਾਗਤ ਕਰਦਿਆਂ ਸ. ਜੌਹਲ ਬਾਰੇ ਸੰਖੇਪ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਦੀ ਸਭਾ ਦੇ ਸੋਵੀਨਾਰ ਨੂੰ ਵਧੀਆ ਬਣਾਉਣ ਲਈ ਪ੍ਰਸ਼ੰਸਾ ਕੀਤੀ। ਸਭਾ ਵਲੋਂ ਸ. ਜਗਿਆਸੂ ਨੇ ਸ. ਜੌਹਲ ਨੂੰ ਸਨਮਾਨ ਚਿੰਨ੍ਹ ਭੇਟ ਕੀਤਾ।

ਮੀਟਿੰਗ ਦੌਰਾਨ ਸ਼ਾਇਰ ਸਵਰਗੀ ਤੇਜਿੰਦਰ ਸਿੰਘ ਥਿੰਦ, ਜਿਨ੍ਹਾਂ ਦੀ ਗ਼ਜ਼ਲਾਂ ਦੀ ਪੁਸਤਕ, "ਮਸ਼ਾਲ ਗਜ਼ਲਾਂ ਦੀ" ਸਭਾ ਨੇ ਛਪਵਾਈ ਸੀ, ਡਾ. ਗੁਰਮੀਤ ਸਿੰਘ ਬਰਸਾਲ ਦੀ ਮਾਤਾ ਅਤੇ ਸ. ਵਰਿੰਦਰ ਸਿੰਘ ਦੀ ਮਾਤਾ ਦੇ ਸਦੀਵੀ ਵਿਛੋੜੇ 'ਤੇ ਇੱਕ ਮਿੰਟ ਦਾ ਮੌਨ ਧਾਰ ਕੇ ਅਰਦਾਸ ਕੀਤੀ ਗਈ।

ਇਸ ਮੌਕੇ ਇਕ ਕਵੀ ਦਰਬਾਰ ਵੀ ਹੋਇਆ ਜਿਸ ਵਿਚ ਜਨਮੇਜਾ ਸਿੰਘ ਜੌਹਲ, ਮੁਹਿੰਦਰ ਸਿੰਘ ਘੱਗ, ਹਰਬੰਸ ਸਿੰਘ ਜਗਿਆਸੂ, ਜਸਵੰਤ ਸ਼ੀਮਾਰ, ਗੁਰਬਚਨ ਚੋਪੜਾ, ਦਲਜੀਤ ਸੂਦ, ਡਾ. ਗੁਰਦੇਵ ਸਿੰਘ ਘਣਗਸ, ਮਨਜੀਤ ਕੌਰ ਸੇਖੋਂ, ਜਿਉਤੀ ਸਿੰਘ ਤੇ ਦਲਵੀਰ ਦਿਲ ਨਿਜਰ ਨੇ ਹਿੱਸਾ ਲਿਆ। ਸ. ਰਾਬਿੰਦਰ ਅਟਵਾਲ ਦੀ ਕਹਾਣੀ, "ਹੌਲਦਾਰ ਦਾ ਪੁਤ" ਮਨਜੀਤ ਕੌਰ ਸੇਖੋਂ ਨੇ ਪੜ੍ਹ ਕੇ ਸੁਣਾਈ ਤੇ ਮੁਹਿੰਦਰ ਸਿੰਘ ਘੱਗ ਨੇ ਆਪਣੀ ਕਹਾਣੀ, "ਭਾਸ਼ਨ ਮਾਸਟਰ ਰਿਪੁਦਮਨ ਦਾ" ਆਪ ਪੜ੍ਹ ਕੇ ਸੁਣਾਈ। ਗੁਰਦੇਵ ਸਿੰਘ ਸਮਰਾ, ਪਰਗਣ ਸਿੰਘ ਬੈਂਸ, ਬਰਜਿੰਦਰ ਕੌਰ, ਮਾਲਾ ਸੇਠੀ, ਅਮਨਜੀਤ ਕੌਰ ਬਾਠ, ਭੁਪਿੰਦਰ ਸਿੰਘ ਬਾਠ, ਗੁਰਮੀਤ ਕੌਰ ਢਿਲੋਂ, ਗੁਰਪ੍ਰੀਤ ਕੌਰ, ਰਵੇਲ ਸਿੰਘ ਢਿਲੋਂ, ਸਿਮਰਨ ਕੌਰ, ਸਰਬਜੀਤ ਸੁਖੀ, ਨਿਰਲੇਪ ਕੌਰ, ਗੁਰਪ੍ਰੀਤ ਸਿੰਘ ਢਿਲੋਂ ਵੀ ਇਸ ਮੌਕੇ ਹਾਜ਼ਰ ਸਨ।




## ਹੁਣ ਕੰਪਿਊਟਰ ਬਣਿਆ ਮਨੁੱਖ ਦਾ ਪਰਮ ਮਿੱਤਰ

**ਲੰਡਨ:** ਬਹੁਤੇ ਲੋਕ ਸ਼ਾਇਦ ਇਸ ਨਾਲ ਸਹਿਮਤ ਨਾ ਹੋਣ ਪਰ ਨਵੀਂ ਖੋਜ ਮੁਤਾਬਕ ਅੱਜ ਦੀ ਤਾਰੀਖ਼ 'ਚ ਕੁੱਤੇ ਦੀ ਥਾਂ ਹੁਣ ਕੰਪਿਊਟਰ ਮਨੁੱਖ ਦਾ ਪਰਮ ਮਿੱਤਰ ਹੈ। 'ਡੇਲੀ ਮੇਲ' ਦੀ ਰਿਪੋਰਟ ਮੁਤਾਬਕ ਖੋਜ ਦੌਰਾਨ ਇਹ ਤੱਥ ਸਾਹਮਣੇ ਆਇਆ ਕਿ ਸਿਰਫ਼ ਛੇ ਪ੍ਰਤੀਸ਼ਤ ਲੋਕ ਆਪਣੇ ਕੰਪਿਊਟਰ ਨਾਲੋਂ ਆਪਣੇ ਕੁੱਤੇ 'ਤੇ ਜ਼ਿਆਦਾ ਵਿਸ਼ਵਾਸ ਕਰਦੇ ਹਨ ਜਦਕਿ 67 ਪ੍ਰਤੀਸ਼ਤ ਲੋਕਾਂ ਦੀ ਸੋਚ ਇਸ ਤੋਂ ਉਲਟ ਹੈ। 18 ਤੋਂ 24 ਸਾਲ ਦੇ 71% ਲੋਕਾਂ ਦਾ ਵਿਚਾਰ ਸੀ ਕਿ ਉਹ ਆਪਣੇ ਕੁੱਤੇ ਨਾਲੋਂ ਆਪਣੇ ਕੰਪਿਊਟਰ 'ਤੇ ਜ਼ਿਆਦਾ ਨਿਰਭਰ ਹਨ। ਇਸ ਅਧਿਐਨ ਲਈ ਅਧਿਐਨਕਰਤਾਵਾਂ ਨੇ 2000 ਬ੍ਰਿਟਿਸ਼ ਬਾਲਗਾਂ ਨੂੰ ਸਵਾਲ ਪੁੱਛੇ।

ਇਸ ਅਧਿਐਨ ਦਾ ਸੰਚਾਲਨ ਕਰਨ ਵਾਲੇ ਕੰਪਿਊਟਰੈਕਟਿਵ ਮੈਗਜ਼ੀਨ ਦੇ ਐਡੀਟਰ ਪਾਲ ਐਲਨ ਨੇ ਕਿਹਾ ਕਿ ਇੰਟਰਨੈਟ ਰਾਹੀਂ ਵਿਸ਼ਵ ਭਰ ਦੀਆਂ ਖ਼ਬਰਾਂ ਪ੍ਰਾਪਤ ਹੋ ਜਾਣ ਕਾਰਨ ਜਿੱਥੇ ਅਖ਼ਬਾਰਾਂ ਦੀ ਵਿਕਰੀ 'ਚ ਕਮੀ ਆਈ ਹੈ, ਉੱਥੇ ਪਾਲਤੂ ਕੁੱਤਿਆਂ ਨੂੰ ਵੀ ਆਪਣੇ ਮਾਲਕ ਲਈ ਅਖ਼ਬਾਰ ਚੁੱਕ ਕੇ ਲਿਆਉਣ ਦੀ ਖੁਸ਼ੀ ਮਿਲਣੀ ਬੰਦ ਹੋ ਗਈ ਹੈ ਪਰ ਇਸ ਰੁਝਾਨ ਨਾਲ ਪਾਲਤੂ ਕੁੱਤਿਆਂ ਨੂੰ ਕੁਝ ਲਾਭ ਵੀ ਪਹੁੰਚਿਆ ਹੈ ਕਿਉਂਕਿ ਕੰਪਿਊਟਰ ਰਾਹੀਂ ਕੁੱਤਿਆਂ ਦੇ ਮਾਲਕਾਂ ਨੂੰ ਉਨ੍ਹਾਂ ਦੇ ਪਾਲਣ-ਪੋਸ਼ਣ ਤੇ ਹੋਰ ਜ਼ਰੂਰਤਾਂ ਬਾਰੇ ਵਧੇਰੇ ਚੰਗੀ ਜਾਣਕਾਰੀ ਮਿਲਦੀ ਹੈ। ਇਸ ਤਰ੍ਹਾਂ ਕੰਪਿਊਟਰ ਮਨੁੱਖ ਦੇ ਨਾਲ-ਨਾਲ ਕੁੱਤਿਆਂ ਦਾ ਵੀ ਪਰਮ ਮਿੱਤਰ ਬਣ ਗਿਆ ਹੈ।

## ਭਾਰਤ ਵਿਚ ਅਮਰੀਕੀਆਂ ਲਈ ਕੰਮ ਕਰਨਾ ਔਖਾ

**ਵਾਸ਼ਿੰਗਟਨ:** ਅਮਰੀਕਾ ਤੇ ਭਾਰਤ ਦੇ ਸਬੰਧ ਭਾਵੇਂ ਸੁਖਾਵੇਂ ਬਣਦੇ ਜਾ ਰਹੇ ਹਨ ਪਰ ਭਾਰਤ 'ਚ ਅਮਰੀਕੀ ਮਿਸ਼ਨ ਦੇ ਸਟਾਫ ਨੂੰ ਸਿਹਤ ਤੇ ਸੁਰੱਖਿਆ ਦੇ ਖਤਰਿਆਂ ਨਾਲ ਦੋ ਚਾਰ ਹੋਣਾ ਪੈਂਦਾ ਹੈ। ਭਾਰਤ 'ਚ ਅਮਰੀਕੀ ਸਫਾਰਤੀ ਅਹੁਦਿਆਂ 'ਤੇ ਇੰਸਪੈਕਟਰ ਜਨਰਲ ਵਿਭਾਗ ਵੱਲੋਂ ਤਿਆਰ ਕੀਤੀ 90 ਸਫ਼ਿਆਂ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤੀ ਅਫਸਰਾਂ ਤੱਕ ਅਮਰੀਕੀ ਦੂਤਾਂ ਦੀ ਰਸਾਈ ਬਹੁਤ ਕਠਿਨ ਹੈ ਤੇ ਫੈਸਲੇ ਲੈਣ ਦਾ ਅਮਲ ਬਹੁਤ ਗੁੰਝਲਦਾਰ ਹੈ।



# ਪੰਜਾਬ ਨੂੰ ਹਿੰਦੁਸਤਾਨ ਦੇ ਮੱਥੇ ਦਾ ਚੰਨ ਬਣਾ ਦੇਵਾਂਗਾ: ਮਨਪ੍ਰੀਤ ਬਾਦਲ

**ਫਰਿਜ਼ਨੋ (ਮਾਨ ਮਨਦੀਪ):** ਉਤਰੀ ਅਮਰੀਕਾ ਦੇ ਦੌਰੇ 'ਤੇ ਨਿਕਲੇ 'ਪੀਪਲਜ਼ ਪਾਰਟੀ ਆਫ ਪੰਜਾਬ' ਦੇ ਪ੍ਰਧਾਨ ਸ. ਮਨਪ੍ਰੀਤ ਸਿੰਘ ਬਾਦਲ ਨੇ ਲੰਘੇ ਐਤਵਾਰ ਆਪਣੀ ਬੇਹੱਦ ਭਾਵੁਕ ਤਕਰੀਰ ਕਰਦਿਆਂ ਕਿਹਾ ਕਿ ਜੇਕਰ ਸਾਡੀ ਸਰਕਾਰ ਸੂਬੇ ਵਿਚ ਆਈ ਤਾਂ ਉਹ ਗੁਰਬਤ, ਭ੍ਰਿਸ਼ਟਾਚਾਰ, ਨਸ਼ਾਖ਼ੋਰੀ, ਅਨਪੜ੍ਹਤਾ, ਬੇਰੋਜ਼ਗਾਰੀ ਨੂੰ ਜੜ੍ਹ ਤੋਂ ਖਤਮ ਕਰ ਦੇਣਗੇ ਅਤੇ ਪੰਜਾਬ ਨੂੰ ਹਿੰਦੁਸਤਾਨ ਦੇ ਮੱਥੇ ਦਾ ਚੰਨ ਬਣਾ ਦੇਣਗੇ।

ਫਰਿਜ਼ਨੋ ਵਿਚ ਅਤਿ ਦੀ ਗਰਮੀ ਹੋਣ ਕਾਰਨ ਲੋਕਾਂ ਨੇ ਸਾਹ ਰੋਕ ਕੇ ਸ. ਮਨਪ੍ਰੀਤ ਸਿੰਘ ਬਾਦਲ ਦੀ ਤਕਰੀਰ ਦਾ ਹਰ ਲਫ਼ਜ਼ ਅੰਤਾਂ ਦੇ ਧਿਆਨ ਨਾਲ ਸੁਣਿਆ। ਜਦੋਂ ਉਨ੍ਹਾਂ ਨੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਬਾਰੇ ਗੱਲ ਸੁਣਾਈ ਤਾਂ ਸਭ ਦੀਆਂ ਅੱਖਾਂ ਨਮ ਹੋ ਗਈਆਂ। ਉਨ੍ਹਾਂ ਦੱਸਿਆ, "ਸ਼ਹੀਦ ਭਗਤ ਸਿੰਘ ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਦੇਣ ਤੋਂ ਬਾਅਦ ਉਨ੍ਹਾਂ ਦੀਆਂ ਲਾਸ਼ਾਂ ਚੁੱਕਣ ਲਈ ਉਨ੍ਹਾਂ ਦੇ ਵਾਰਸਾਂ ਨੂੰ ਟੈਲੀਗ੍ਰਾਮ ਕੀਤੀ ਗਈ ਤਾਂ ਸਿਰਫ਼ ਭਗਤ ਸਿੰਘ ਦੇ ਚਾਚਾ ਅਜੀਤ ਸਿੰਘ ਹੀ ਪਹੁੰਚੇ। ਜਦ ਬਦਮਿਜ਼ਾਜ ਐਸ.ਪੀ. ਖਾਨ ਨੇ ਕਿਹਾ ਕਿ ਇਨ੍ਹਾਂ ਤਿੰਨਾਂ ਵਿਚੋਂ ਤੇਰਾ ਕੌਣ ਹੈ, ਉਸ ਦੀ ਲਾਸ਼ ਲੈ ਜਾ; ਤਾਂ ਸਰਦਾਰ ਅਜੀਤ ਸਿੰਘ ਨੇ ਕਿਹਾ ਕਿ ਇਹ ਤਿੰਨੇ ਹੀ ਮੇਰੇ ਨੇ। ਜੇਕਰ ਲੈ ਕੇ ਜਾਵਾਂਗਾ ਤਾਂ ਤਿੰਨੇ, ਨਹੀਂ ਇਕੱਲਾ ਭਗਤ ਸਿੰਘ ਨਹੀਂ।" ਬੀਬੀਆਂ ਤਾਂ ਇਹ ਤਕਰੀਰ ਸੁਣ ਕੇ ਬਹੁਤ ਜ਼ਿਆਦਾ ਭਾਵੁਕ ਹੋ ਗਈਆਂ।

ਸ. ਮਨਪ੍ਰੀਤ ਸਿੰਘ ਬਾਦਲ ਦੇ ਹਰ ਸ਼ੇਅਰ ਅਤੇ ਪੰਕਤੀਆਂ ਉਪਰ ਲਗਾਤਾਰ ਤਾੜੀਆਂ ਵੱਜਦੀਆਂ ਰਹੀਆਂ, ਪਰ ਉਨ੍ਹਾਂ ਆਪਣਾ ਭਾਸ਼ਣ ਜਾਰੀ ਰੱਖਦਿਆਂ ਕਿਹਾ ਕਿ ਜਦ ਸ. ਅਜੀਤ ਸਿੰਘ ਨੇ ਇਕੱਲੇ ਭਗਤ ਸਿੰਘ ਦੀ ਲਾਸ਼ ਨੂੰ ਲਿਜਾਣ ਤੋਂ ਇਨਕਾਰ ਕਰ ਦਿੱਤਾ ਤਾਂ ਪੁਲਿਸ ਅਫ਼ਸਰ ਸੁਦਰਸ਼ਨ ਸਿੰਘ ਨੇ ਉਨ੍ਹਾਂ ਦਾ ਅੰਤਮ ਸਸਕਾਰ ਕਰ ਦਿੱਤਾ।

ਗਦਰੀ ਬਾਬਿਆਂ ਦੀ ਧਰਤੀ ਉਪਰ ਹੋਏ ਇਸ ਸਮਾਗਮ ਦੌਰਾਨ ਉਨ੍ਹਾਂ ਕਿਹਾ ਕਿ ਉਹ ਸਮਾਜ ਦੀਆਂ ਸਮੂਹ ਬੁਰਾਈਆਂ ਜੋ ਹੁਣ ਜ਼ਹਿਰ ਬਣ ਚੁੱਕੀਆਂ ਹਨ, ਆਪਣੀ ਸਰਕਾਰ ਆਉਣ 'ਤੇ ਇਸ ਜ਼ਹਿਰ ਨੂੰ ਉਹ ਚੂਸ ਲੈਣਗੇ। ਪੰਜਾਬ ਵਿਚ ਹੁਣ ਗੁੱਲੀ-ਡੰਡੇ ਦੀ ਖੇਡ ਹੁਣ ਖ਼ਤਮ ਹੋ ਜਾਣੀ ਹੈ। ਆਪਣੇ ਸੁਭਾਅ ਤੋਂ ਉਲਟ ਜਾਂਦਿਆਂ ਉਨ੍ਹਾਂ ਪਹਿਲੀ ਵਾਰ ਕਿਹਾ ਕਿ ਉਹ ਆਪਣੀ ਸਰਕਾਰ ਬਣਨ 'ਤੇ ਰਿਸ਼ਵਤਖੋਰਾਂ ਨੂੰ ਸ਼ਰ੍ਹੇਆਮ, ਆਪਣੇ ਹੱਥੀਂ ਚੌਰਾਹੇ ਉਪਰ ਪੁੱਠਾ ਟੰਗ ਦੇਣਗੇ, ਚਾਹੇ ਉਹ ਕੋਈ ਵੀ ਹੋਵੇ। ਉਨ੍ਹਾਂ ਕਿਹਾ, "ਬੱਸ, ਤੁਸੀਂ ਮੈਨੂੰ ਛੇ ਕੁ ਮਹੀਨੇ ਦੇ ਦਿਓ ਅਤੇ ਪੰਜਾਬ ਵਿਚ ਮੇਰੀ ਮਦਦ ਕਰਨ ਲਈ ਜ਼ਰੂਰ ਆਇਓ...ਜੇਕਰ ਅਸੀਂ ਇਹ ਮੌਕਾ ਇਸ ਵਾਰ ਗੁਆ ਦਿੱਤਾ, ਫਿਰ ਪਤਾ ਨਹੀਂ ਕਦੋਂ ਇਹ ਘੜੀ ਆਵੇਗੀ।" ਉਨ੍ਹਾਂ ਕਿਹਾ ਕਿ ਜੇਕਰ ਪੰਜਾਬੀ ਆਪਣੀ ਜ਼ਿੱਦ ਉਪਰ ਆ ਗਏ, ਜਾਂ ਖੁੰਦਕ ਖਾ ਗਏ ਤਾਂ ਉਹ ਦਰਿਆਵਾਂ ਦੇ ਰੁੱਖ ਸਹਿਜੇ ਹੀ ਮੋੜ ਦੇਣਗੇ।

ਜਦ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਪੰਜਾਬ ਵਿਚ ਤੀਜੇ ਮੋਰਚੇ ਦੀ ਕੋਈ ਸੰਭਾਵਨਾ ਨਹੀਂ ਤਾਂ ਉਨ੍ਹਾਂ ਕਿਹਾ, ਪੰਜਾਬ ਤਾਂ ਛੋਟਾ ਜਿਹਾ ਸੂਬਾ ਹੈ; ਪਿਛਲੇ 20 ਸਾਲਾਂ ਵਿਚ ਉਨ੍ਹਾਂ ਨੇ ਦੇਸ਼ਾਂ ਦੀਆਂ ਸਦੀਆਂ ਤੋਂ ਚਲੀਆਂ ਆਉਂਦੀਆਂ ਹਕੂਮਤਾਂ ਪਲਟਦੀਆਂ ਦੇਖੀਆਂ ਹਨ, ਤੇ ਇਸ ਵਾਰ ਪੰਜਾਬ ਵਿਚ ਵੀ ਅਜਿਹਾ ਹੀ ਹੋਵੇਗਾ।

ਆਪਣੇ ਸੈਕਟਰੀ ਚਰਨਜੀਤ ਸਿੰਘ ਬਰਾੜ ਵੱਲੋਂ ਪਾਰਟੀ ਨੂੰ ਅਲਵਿਦਾ ਕਹਿਣ 'ਤੇ ਉਨ੍ਹਾਂ ਕਿਹਾ, "ਮੇਰੀ ਪਾਰਟੀ ਵਿਚ ਲੱਖਾਂ ਲੋਕ ਸ਼ਾਮਲ ਹੁੰਦੇ ਹਨ ਅਤੇ ਦਰਜਨਾਂ ਛੱਡਦੇ ਵੀ ਹਨ। ਚਰਨਜੀਤ ਦੀ ਕੀ ਮਜਬੂਰੀ ਸੀ, ਇਸ ਬਾਰੇ ਉਹ ਨਹੀਂ ਜਾਣਦੇ, ਪਰ ਹਾਂ, ਉਸ ਉਪਰ ਦਫ਼ਾ 302, 307 ਅਤੇ ਉਸ ਦੇ ਪਿਓ ਤੇ ਭਰਾ ਖ਼ਿਲਾਫ਼ ਧੋਖਾਧੜੀ ਦੇ ਮੁਕੱਦਮੇ ਦਰਜ ਹਨ। ਸੋ ਹੋ ਸਕਦਾ ਹੈ, ਮੌਜੂਦਾ ਸਰਕਾਰ ਦੇ ਡਰ ਕਾਰਨ ਉਹ ਵੀ ਪਾਰਟੀ ਛੱਡ ਗਿਆ ਹੋਵੇ। ਉਂਜ ਸਾਨੂੰ ਚਰਨਜੀਤ ਦੇ ਜਾਣ ਨਾਲ ਕੋਈ ਫਰਕ ਨਹੀਂ ਪੈਂਦਾ। ਅਸੀਂ ਆਪਣਾ ਕੰਮ ਇਮਾਨਦਾਰੀ ਨਾਲ ਜਾਰੀ ਰੱਖਾਂਗੇ।" ਜਦ ਉਨ੍ਹਾਂ ਤੋਂ ਚਰਨਜੀਤ ਦੁਆਰਾ ਕੋਰ ਕਮੇਟੀ ਦੇ ਮੈਂਬਰਾਂ ਬਾਰੇ ਦਿੱਤੇ ਬਿਆਨ ਸਬੰਧੀ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਅਜੇ ਤਾਂ 15 ਅਗਸਤ ਤੋਂ ਬਾਅਦ ਪੀਪਲਜ਼ ਪਾਰਟੀ ਦੀਆਂ ਸੰਵਿਧਾਨਕ ਚੋਣਾਂ ਹੋਣੀਆਂ ਹਨ, ਪਾਰਟੀ ਦੀ ਕੋਈ ਕੋਰ ਕਮੇਟੀ ਹੀ ਨਹੀਂ ਹੈ। ਅਜਿਹੀਆਂ ਬੇਤੁਕੀਆਂ ਗੱਲਾਂ ਚਰਨਜੀਤ ਜਾਂ ਕੋਈ ਹੋਰ ਕਿਉਂ ਕਰ ਰਿਹਾ ਹੈ, ਮੈਂ ਨਹੀਂ ਜਾਣਦਾ।

ਸ. ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਉਹ ਪੰਜਾਬ ਦੇ ਲੋਕਾਂ ਨੂੰ ਜਵਾਬਦੇਹ ਹਨ। ਜੇ ਪਾਰਟੀ ਦੀ ਚੋਣ ਤੋਂ ਬਾਅਦ ਉਨ੍ਹਾਂ ਦਾ ਕੋਈ ਵੀ ਪਰਿਵਾਰਕ ਮੈਂਬਰ ਜਾਂ ਰਿਸ਼ਤੇਦਾਰ ਪਾਰਟੀ ਦਾ ਅਹੁਦੇਦਾਰ ਬਣੇ ਜਾਂ ਉਨ੍ਹਾਂ ਨੂੰ ਸੀਟਾਂ ਮਿਲਣ ਤਾਂ ਉਹ ਇਸ ਬਾਰੇ ਪੂਰੇ ਜ਼ਿੰਮੇਵਾਰ ਹੋਣਗੇ। ਇਸ ਮੌਕੇ ਉਨ੍ਹਾਂ ਨੇ ਫਰਿਜ਼ਨੋ ਦੇ ਪ੍ਰਬੰਧਕਾਂ ਹਾਕਮ ਢਿੱਲੋਂ, ਰਣਜੀਤ ਗਿੱਲ, ਡਾ. ਅਜੀਤ ਖਹਿਰਾ, ਪਾਲ ਧਾਲੀਵਾਲ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਦਾ ਧੰਨਵਾਦ ਕੀਤਾ ਜਿਨ੍ਹਾਂ ਦੇ ਉਦਮ ਸਦਕਾ ਇੰਨਾ ਵੱਡਾ ਇਕੱਠ ਸੰਭਵ ਹੋ ਸਕਿਆ। ਜ਼ਿਕਰਯੋਗ ਹੈ ਕਿ ਸਮਾਗਮ ਦੌਰਾਨ ਕੁਰਸੀਆਂ ਘਟ ਗਈਆਂ ਸਨ ਜਿਸ ਕਾਰਨ ਬਹੁਤ ਸਾਰੇ ਲੋਕਾਂ ਨੇ ਖੜ੍ਹੇ ਹੋ ਕੇ ਮਨਪ੍ਰੀਤ ਨੂੰ ਸੁਣਿਆ। ਇਕ ਅੰਦਾਜ਼ੇ ਮੁਤਾਬਕ ਕੋਈ 2500 ਬੰਦਾ ਉਨ੍ਹਾਂ ਨੂੰ ਸੁਣਨ ਲਈ ਪਹੁੰਚਿਆ ਹੋਇਆ ਸੀ।








ਤਸਵੀਰਾਂ:ਮੋਗਾ ਵੀਡੀਓ


## ਘਰ ਖਰੀਦਣਾ ਹੈ ਜਾਂ ਵੇਚਣਾ !

ਸੈਂਟਰਲ ਵੈਲੀ ਦੇ ਸ਼ਹਿਰਾਂ-ਲਿਵਿੰਗਸਟਨ, ਐਟਵਾਟਰ, ਮਰਸਡ, ਟਰਲਕ, ਮਾਡੈਸਟੋ ਅਤੇ ਲਾਸ ਬੈਨੋਸ ਵਿਚ ਘਰਾਂ ਦੀ ਖਰੀਦ ਅਤੇ ਵੇਚ ਲਈ ਬਿਹਤਰੀਨ ਸੇਵਾ ਲਈ ਕਾਲ ਕਰੋ

ਜਰਨੈਲ ਸਿੰਘ ਲਾਲੜੀਆ

ਫੋਨ:209-856-2131



Century 21

M&M AND ASSOCIATES

Each office is independently owned and operated.

REALTOR MLS

Jarnail Singh Lallria
Broker Associate
DRE#01440382

Cell: 209-620-5393
Fax:209-216-5502
e-mail: jlallria@c21mm.com
Mob Web: m.jlallria.c21mm.com

1472 'B' Street, Ste. D, Livingston, CA 95334

## Dhillon Truck Stop
## Dhillon Road Service

Interstate 40, exit 356, San Jon, NM




ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 317-918-6776

# ਸਫਲ ਰਿਹਾ ਸਿੱਖ ਸਪੋਰਟਸ ਐਸੋਸੀਏਸ਼ਨ ਦਾ ਦੋ ਰੋਜ਼ਾ ਖੇਡ ਮੇਲਾ

**ਯੂਨੀਅਨ ਸਿਟੀ (ਬਿਊਰੋ):** ਸਿੱਖ ਸਪੋਰਟਸ ਐਸੋਸੀਏਸ਼ਨ ਆਫ ਯੂ ਐਸ ਏ ਵੱਲੋਂ ਲੰਘੀ 30 ਅਤੇ 31 ਜੁਲਾਈ ਨੂੰ ਇਥੋਂ ਦੇ ਜੇਮਜ਼ ਲੋਗਨ ਹਾਈ ਸਕੂਲ ਦੇ ਖੁੱਲ੍ਹੇ ਮੈਦਾਨਾਂ ਵਿਚ ਕਰਵਾਏ ਗਏ 5ਵੇਂ ਸਾਲਾਨਾ ਟੂਰਨਾਮੈਂਟ ਵਿਚ ਨਾਮੀ ਟੀਮਾਂ ਅਤੇ 100 ਤੋਂ ਵੱਧ ਅਥਲੀਟਾਂ ਨੇ ਹਿੱਸਾ ਲਿਆ। ਇਸ ਦੋ ਰੋਜ਼ਾ ਟੂਰਨਾਮੈਂਟ ਵਿਚ ਬਾਸਕਟਬਾਲ ਦੇ 50 ਮੈਚ, ਫੀਲਡ ਹਾਕੀ ਦੇ 25, ਫੁਟਬਾਲ ਦੇ 15 ਮੈਚ ਹੋਏ। ਖੇਡ ਮੇਲੇ ਵਿਚ ਕਬੱਡੀ ਦੇ 12 ਹੋਏ ਜਿਨ੍ਹਾਂ ਨੂੰ ਦਰਸ਼ਕਾਂ ਨੇ ਨੀਝ ਨਾਲ ਵੇਖਿਆ। ਇਸ ਤੋਂ ਇਲਾਵਾ ਵਾਲੀਬਾਲ ਦੇ 25 ਅਤੇ ਟੈਨਿਸ ਦੇ 8 ਮੈਚ ਹੋਏ। ਦੌੜਾਂ ਅਤੇ ਹੋਰ ਖੇਡਾਂ ਵੀ ਕਰਵਾਈਆਂ ਗਈਆਂ।



ਖੇਡ ਮੇਲੇ 'ਚ ਹੋਏ ਵੱਖ ਵੱਖ ਮੁਕਾਬਲਿਆਂ ਦੌਰਾਨ ਫੁਟਬਾਲ ਵਿਚ ਗੁਰੂ ਨਾਨਕ ਸਪੋਰਟਸ ਕਲੱਬ ਯੂਬਾ ਸਿਟੀ ਬਾਜ਼ੀ ਮਾਰ ਗਿਆ ਜਦਕਿ ਸਪੋਰਟਸ ਕਲੱਬ ਸੈਨ ਹੋਜ਼ੇ ਨੂੰ ਦੂਜੇ ਥਾਂ ਹੀ ਸਬਰ ਕਰਨਾ ਪਿਆ। ਫੀਲਡ ਹਾਕੀ (ਓਪਨ) ਵਿਚ ਸੈਕਰਾਮੈਂਟੋ ਇਲੈਵਨ ਨੂੰ ਪਹਿਲਾ ਸਥਾਨ ਮਿਲਿਆ ਜਦਕਿ ਹੇਵਰਡ ਹਾਕ ਦੂਜੇ ਨੰਬਰ 'ਤੇ ਰਿਹਾ।



ਪੰਜਾਬੀਆਂ ਦਾ ਖੇਡ ਮੇਲਾ ਹੋਵੇ ਅਤੇ ਕਬੱਡੀ ਨਾ ਹੋਵੇ, ਇਹ ਭਲਾ ਕਿਵੇਂ ਹੋ ਸਕਦਾ ਹੈ। ਇਸ ਟੂਰਨਾਮੈਂਟ ਵਿਚ ਹੋਏ ਕਬੱਡੀ ਦੇ ਮੁਕਾਬਲਿਆਂ ਵਿਚ ਕੱਲੇ ਕੱਲੇ ਖਿਡਾਰੀ ਨੇ ਜਿਥੇ ਖੇਡ ਦਾ ਚੰਗਾ ਪ੍ਰਦਸ਼ਨ ਕੀਤਾ ਉਥੇ ਕਬੱਡੀ ਦੇ ਪ੍ਰੇਮੀਆਂ ਨੇ ਵੀ ਧਾਵੀਆਂ ਅਤੇ ਜਾਫੀਆਂ ਦਾ ਡਾਲਰਾਂ ਨਾਲ ਮੁੱਲ ਪਾਇਆ। ਕਬੱਡੀ ਮੁਕਾਬਲਿਆਂ ਵਿਚ ਬੇਏਰੀਆ ਸਪੋਰਟਸ ਕਲੱਬ ਦੇ ਗੱਭਰੂ ਬਾਜ਼ੀ ਮਾਰ ਗਏ ਅਤੇ ਉਨ੍ਹਾਂ ਪਹਿਲਾ ਇਨਾਮ ਪ੍ਰਾਪਤ ਕੀਤਾ। ਉਂਜ ਫਤਿਹ ਸਪੋਰਟਸ ਕਲੱਬ ਸਟਾਕਟਨ ਦੇ ਕਬੱਡੀ ਖਿਡਾਰੀਆਂ ਵੀ ਘੱਟ ਜ਼ੋਰ ਨਹੀਂ ਲਾਇਆ ਪਰ ਉਹ ਦੂਜੇ ਥਾਂ 'ਤੇ ਰਹੇ।

ਕਬੱਡੀ ਅੰਡਰ-21 ਵਰਗ ਵਿਚ ਫਾਈਨਲ ਮੁਕਾਬਲਾ ਕਿੰਗ ਸਪੋਰਟਸ ਕਲੱਬ ਅਤੇ ਯੁਨਾਈਟਡ ਸਪੋਰਟਸ ਕਲੱਬ-ਫਰੀਮਾਂਟ ਵਿਚਾਲੇ ਹੋਇਆ। ਕਿੰਗ ਸਪੋਰਟਸ ਕਲੱਬ ਵਾਲੇ ਪਹਿਲੇ ਸਥਾਨ 'ਤੇ ਰਹੇ। ਟੂਰਨਾਮੈਂਟ ਦੌਰਾਨ ਵਾਲੀਬਾਲ ਮੁਕਾਬਲੇ ਵੀ ਹੋਏ ਜਿਨ੍ਹਾਂ ਵਿਚ ਯੂ.ਸੀ.ਵੀ.ਸੀ. ਆਫ ਯੂਨੀਅਨ ਸਿਟੀ ਪਹਿਲੇ ਸਥਾਨ ਅਤੇ ਲਿਵਿੰਗਸਟਨ ਵੀ.ਬੀ. ਦੂਜੇ ਨੰਬਰ 'ਤੇ ਰਹੇ। ਇਸੇ ਤਰ੍ਹਾਂ ਬਾਸਕਟਬਾਲ ਅੰਡਰ-14 ਵਰਗ ਵਿਚ ਬੇਏਰੀਆ ਸੁਪਰੀਮਜ਼ ਪਹਿਲੇ ਅਤੇ ਲਗੇਸੀ ਡਰੀਮਜ਼ ਦੂਜੇ ਸਥਾਨ 'ਤੇ ਰਹੇ। ਅੰਡਰ-16 ਵਰਗ ਵਿਚ ਯੂਬਾ ਸਿਟੀ ਬਾਲਰਜ਼ ਪਹਿਲੇ ਅਤੇ ਨੌਰਥ ਕੈਲੀਫੋਰਨੀਆ ਯੂ.ਸੀ. ਦੂਜੇ ਥਾਂ 'ਤੇ ਰਹੇ, ਜਦਕਿ ਓਪਨ ਵਰਗ ਦੇ ਫਾਈਨਲ ਮੁਕਾਬਲੇ ਵਿਚ ਈਸਟ ਬੇਅ ਰੇਡਰਜ਼ ਨੂੰ ਪਹਿਲਾ ਸਥਾਨ ਮਿਲਿਆ ਅਤੇ ਜੀ.ਬੀ. ਦੀਪੇਸ਼ ਨੂੰ ਦੂਜਾ।

ਕੁਸ਼ਤੀ ਅੰਡਰ-12 ਮੁਕਾਬਲੇ ਵਿਚ ਮਾਨਵਜੋਤ ਸਿੰਘ ਪਹਿਲੇ ਅਤੇ ਰਾਜਨਵੀਰ ਸਿੰਘ ਚਾਹਲ ਦੂਜੇ ਸਥਾਨ 'ਤੇ ਰਹੇ। ਹੈਵੀਵੇਟ ਵਰਗ ਵਿਚ ਐਡਮ ਅਬਾਦ ਨੂੰ ਪਹਿਲਾ ਸਥਾਨ ਮਿਲਿਆ ਅਤੇ ਐਰਨ ਸੇਬਾਲਸ ਨੂੰ ਦੂਜਾ ਜਦਕਿ ਓਪਨ ਵਰਗ ਵਿਚ ਕਾਰਲੋਸ ਸੋਟੋ ਪਹਿਲੇ ਤੇ ਜੇਵੀਓ ਦੂਜੇ ਸਥਾਨ 'ਤੇ ਰਹੇ।

ਖੇਡ ਮੇਲੇ ਸਬੰਧੀ ਹੋਰ ਜਾਣਕਾਰੀ ਸੰਸਥਾ ਦੀ ਵੈਬਸਾਈਟ www.sikhsports.com ਤੋਂ ਲਈ ਜਾ ਸਕਦੀ ਹੈ।





























# ਕੈਂਸਰ ਨਾਲ ਮਰਦਾਂ ਨਾਲੋਂ ਔਰਤਾਂ ਦੀਆਂ 25 ਫ਼ੀਸਦੀ ਵਧੇਰੇ ਮੌਤਾਂ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿਚ ਕੈਂਸਰ ਦਾ ਕਹਿਰ ਨਿੱਤ ਵਧ ਰਿਹਾ ਹੈ ਤੇ ਇਸ ਨੇ ਪੂਰੇ ਪੰਜਾਬ ਨੂੰ ਲਪੇਟ ਵਿਚ ਲੈ ਲਿਆ ਹੈ। ਪੰਜਾਬ ਵਿਚ ਮਾਲਵੇ ਦੇ ਅੱਠ ਜ਼ਿਲ੍ਹਿਆਂ ਦੇ 30 ਪਿੰਡਾਂ ਵਿਚ ਕੀਤੇ ਅਧਿਐਨ ਤੋਂ ਇਹ ਤੱਥ ਸਾਹਮਣੇ ਆਏ ਹਨ ਕਿ ਕੈਂਸਰ ਦੀ ਨਾ-ਮੁਰਾਦ ਬੀਮਾਰੀ ਨਾਲ ਹੋਣ ਵਾਲੀਆਂ ਮੌਤਾਂ ਵਿਚ ਮਰਦਾਂ ਨਾਲੋਂ ਔਰਤਾਂ ਦੀ ਗਿਣਤੀ 25 ਫ਼ੀਸਦੀ ਵਧੇਰੇ ਹੈ। 2002 ਤੋਂ 2006 ਤੱਕ ਦੇ ਸਾਲਾਂ ਦੌਰਾਨ ਇਨ੍ਹਾਂ ਪਿੰਡਾਂ ਵਿਚ ਕੈਂਸਰ ਨਾਲ ਹੋਈਆਂ 256 ਮੌਤਾਂ 'ਚੋਂ 114 ਮਰਦ ਸਨ ਤੇ ਬਾਕੀ ਔਰਤਾਂ ਸਨ।

ਪੰਜਾਬ ਸਰਕਾਰ ਤੇ ਸਿਹਤ ਵਿਭਾਗ ਕੋਲ ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਬਾਰੇ ਕੋਈ ਸੰਤੋਸ਼ਜਨਕ ਰਿਕਾਰਡ ਨਹੀਂ ਪਰ ਜੋ ਅੰਕੜੇ ਵੱਖ-ਵੱਖ ਜ਼ਿਲ੍ਹਿਆਂ ਤੋਂ ਮਿਲੇ ਹਨ, ਉਹ ਲੂ ਕੰਡੇ ਖੜ੍ਹਾ ਕਰ ਦੇਣ ਵਾਲੇ ਹਨ। ਮੁਕਤਸਰ ਜ਼ਿਲ੍ਹੇ ਵਿਚ ਸਰਕਾਰੀ ਤੇ ਗ਼ੈਰ ਸਰਕਾਰੀ ਹਸਪਤਾਲਾਂ ਤੋਂ ਇਕੱਤਰ ਕੀਤੀ ਜਾਣਕਾਰੀ ਅਨੁਸਾਰ ਇਸ ਜ਼ਿਲ੍ਹੇ ਵਿਚ ਹਜ਼ਾਰਾਂ ਮਰੀਜ਼ ਇਸ ਬੀਮਾਰੀ ਦੀ ਲਪੇਟ ਵਿਚ ਹਨ। ਇਸ ਜ਼ਿਲ੍ਹੇ ਵਿਚ ਬਲੱਡ ਕੈਂਸਰ, ਅੰਤੜੀ ਦਾ ਕੈਂਸਰ, ਗਲੇ ਦਾ ਕੈਂਸਰ, ਹੱਡੀਆਂ ਦਾ, ਮਿਹਦੇ ਦਾ ਕੈਂਸਰ, ਛਾਤੀ ਤੇ ਬੱਚੇਦਾਨੀ ਦਾ ਕੈਂਸਰ ਪਾਇਆ ਜਾ ਰਿਹਾ ਹੈ। ਇਸ ਜ਼ਿਲ੍ਹੇ ਦੇ ਪਿੰਡ ਕੋਟਭਾਈ, ਭੁੱਟੀਵਾਲਾ, ਲਾਲਬਾਈ, ਪਿਉਰੀ ਤੇ ਮਹਾਂਬੱਧਰ ਪਿੰਡਾਂ ਵਿਚ ਵਧੇਰੇ ਮੌਤਾਂ ਦਾ ਕਾਰਨ ਕੈਂਸਰ ਹੀ ਹੈ।

### ਪਸ਼ੂਆਂ ਨੂੰ ਵੀ ਕੈਂਸਰ ਨੇ ਸ਼ਿਕਾਰ ਬਣਾਇਆ



ਸਰਕਾਰੀ ਅੰਕੜਿਆਂ ਅਨੁਸਾਰ ਇਸ ਜ਼ਿਲ੍ਹੇ ਵਿਚ ਕੀਤੇ ਸਰਵੇਖਣ ਮੁਤਾਬਿਕ 2001 ਤੋਂ 2009 ਤੱਕ 1742 ਮਰੀਜ਼ਾਂ ਨੂੰ ਕੈਂਸਰ ਹੋਣ ਦੀ ਪੁਸ਼ਟੀ ਕੀਤੀ ਗਈ ਜਿਸ ਵਿਚੋਂ 1074 ਮੌਤਾਂ ਹੋ ਚੁੱਕੀਆਂ ਹਨ ਤੇ 668 ਮਰੀਜ਼ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੇ ਹਨ। ਮੁਕਤਸਰ ਸਿਵਲ ਹਸਪਤਾਲ ਅਧੀਨ 163 'ਚੋਂ 49 ਮਰੀਜ਼ਾਂ ਦੀ ਮੌਤ ਹੋ ਚੁੱਕੀ ਹੈ, ਇਸੇ ਤਰ੍ਹਾਂ ਮਲੋਟ ਹਸਪਤਾਲ ਅਧੀਨ 30 ਮਰੀਜ਼ਾਂ ਦਾ ਇਲਾਜ ਚੱਲ ਰਿਹਾ, ਗਿੱਦੜਬਾਹਾ ਹਸਪਤਾਲ ਅਧੀਨ 59 ਮਰੀਜ਼ਾਂ 'ਚੋਂ 27 ਦੀ ਮੌਤ, ਆਲਮਵਾਲਾ ਹਸਪਤਾਲ ਅਧੀਨ 273 'ਚੋਂ 193 ਦੀ ਮੌਤ, ਚੱਕ ਸ਼ੇਰੇ ਵਾਲਾ ਹਸਪਤਾਲ ਅਧੀਨ 475 'ਚੋਂ 358 ਦੀ ਮੌਤ, ਦੋਦਾ ਹਸਪਤਾਲ ਅਧੀਨ 367 'ਚੋਂ 236 ਦੀ ਮੌਤ, ਲੰਬੀ ਹਸਪਤਾਲ ਅਧੀਨ 375 'ਚੋਂ 211 ਮਰੀਜ਼ਾਂ ਦੀ ਮੌਤ ਹੋ ਚੁੱਕੀ ਹੈ। ਇਹ ਪਿਛਲੇ ਅੰਕੜੇ ਹਨ ਜੋ ਹੁਣ ਦੇ ਤਾਜ਼ਾ ਅੰਕੜਿਆਂ ਤੋਂ ਕਾਫ਼ੀ ਘੱਟ ਹਨ।

ਇਸ ਤਰ੍ਹਾਂ ਫ਼ਰੀਦਕੋਟ ਜ਼ਿਲ੍ਹੇ ਵਿਚ 2010 ਦੇ ਸਰਕਾਰੀ ਅੰਕੜੇ ਮੁਤਾਬਕ ਪਿਛਲੇ ਸਾਲਾਂ ਵਿਚ ਕੈਂਸਰ ਨਾਲ 465 ਮੌਤਾਂ ਹੋਈਆਂ ਤੇ 245 ਮਰੀਜ਼ ਇਲਾਜ ਅਧੀਨ ਹਨ,ਪਰ ਅਸਲੀਅਤ ਇਹ ਹੈ ਕਿ ਇਸ ਜ਼ਿਲ੍ਹੇ ਵਿਚ ਗੁਰੂ ਗੋਬਿੰਦ ਸਿੰਘ ਮੈਡੀਕਲ ਕੈਂਸਰ ਹਸਪਤਾਲ ਵਿਚ ਹਰ ਮਹੀਨੇ ਔਸਤਨ 1000 ਮਰੀਜ਼ ਪਹੁੰਚ ਰਿਹਾ ਹੈ। ਮਾਲਵੇ ਤੋਂ ਬਾਅਦ ਦੋਆਬਾ ਖੇਤਰ ਦੇ 38 ਪਿੰਡਾਂ ਵਿਚ ਸੰਤ ਬਲਵੀਰ ਸਿੰਘ ਸੀਚੇਵਾਲ ਵੱਲੋਂ ਕਰਵਾਏ ਸਰਵੇਖਣ ਵਿਚ ਇਨ੍ਹਾਂ ਪਿੰਡਾਂ ਵਿਚ 138 ਮੌਤਾਂ ਕੈਂਸਰ ਨਾਲ ਹੋਈਆਂ। ਇਸ ਤੋਂ ਬਾਅਦ ਮਾਝੇ ਵਿਚ ਕੈਂਸਰ ਦੇ ਕਹਿਰ ਦੀ ਗੱਲ ਕਰੀਏ ਤਾਂ 2001 ਤੋਂ 2009 ਤੱਕ ਤਰਨ ਤਾਰਨ ਦੇ 10 ਬਲਾਕਾਂ ਵਿਚ 1270 ਲੋਕ ਕੈਂਸਰ ਤੋਂ ਪੀੜਤ ਪਾਏ ਗਏ ਜਿਨ੍ਹਾਂ ਵਿਚੋਂ 991 ਦੀ ਮੌਤ ਹੋ ਗਈ ਜਦਕਿ 279 ਮੌਤ ਤੇ ਜ਼ਿੰਦਗੀ ਵਿਚਕਾਰ ਲਟਕ ਰਹੇ ਸਨ। ਇਸ ਤਰ੍ਹਾਂ ਪੱਟੀ ਵਿਚ 35, ਸਰਹਾਲੀ 109, ਸੁਰ ਸਿੰਘ ਵਿਚ 187, ਕੈਰੋਂ ਵਿਚ 192, ਝਬਾਲ ਵਿਚ 111, ਖੇਮਕਰਨ ਵਿਚ 169, ਮੀਆਂਵਿੰਡ 'ਚ 77, ਕਸੇਲ 'ਚ 108, ਘੜਿਆਲਾ ਵਿਚ 259 ਕੈਂਸਰ ਤੋਂ ਪੀੜਤ ਪਾਏ ਗਏ।

ਪੰਜਾਬ ਵਿਚ ਕੈਂਸਰ ਦਾ ਮੁੱਖ ਕਾਰਨ ਫ਼ਸਲਾਂ 'ਚ ਵਰਤੀਆਂ ਜਾ ਰਹੀਆਂ ਅੰਨ੍ਹੇਵਾਹ ਕੀਟਨਾਸ਼ਕ ਦਵਾਈਆਂ ਨੂੰ ਮੰਨਿਆ ਜਾ ਰਿਹਾ ਹੈ। ਜਿਸਦੀ 2004-2005 ਤੱਕ ਕੀਤੀ ਗਈ ਵਰਤੋਂ 6900 ਮੀਟਰਿਕ ਟਨ ਸੀ ਜੋ ਬਾਕੀ ਸੂਬਿਆਂ ਤੋਂ ਜ਼ਿਆਦਾ ਹੈ। ਇਹ ਕੀਟਨਾਸ਼ਕ ਪੰਜਾਬ ਦੀ ਹਵਾ, ਮਿੱਟੀ ਪਾਣੀ ਵਿਚ ਜਜ਼ਬ ਹੋ ਕੇ ਸਰੀਰ ਵਿਚ ਦਾਖ਼ਲ ਹੋ ਰਹੇ ਹਨ ਤੇ ਚਾਰੇ ਤੇ ਖ਼ੁਰਾਕ ਰਾਹੀਂ ਪਸ਼ੂਆਂ ਦੇ ਦੁੱਧ ਵਿਚ ਵੀ ਦਾਖ਼ਲ ਹੋ ਰਹੇ ਹਨ। ਪਹਿਲਾਂ ਅਸੀਂ ਸਿਰਫ਼ ਮਨੁੱਖਾਂ ਵਿਚ ਹੀ ਕੈਂਸਰ ਬਾਰੇ ਫ਼ਿਕਰਮੰਦ ਸੀ ਪਰ ਹੁਣ ਇਸ ਨੇ ਪਸ਼ੂਆਂ ਨੂੰ ਵੀ ਆਪਣੀ ਲਪੇਟ ਵਿਚ ਲੈ ਲਿਆ ਹੈ। ਇਸ ਬਾਰੇ ਸੂਚਨਾ ਅਧਿਕਾਰ ਕਾਨੂੰਨ ਤਹਿਤ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਪੰਜਾਬ ਤੋਂ ਮੰਗੀ ਜਾਣਕਾਰੀ ਤਹਿਤ ਫ਼ਰੀਦਕੋਟ ਜ਼ਿਲ੍ਹੇ ਵਿਚ ਇਕ ਹਸਪਤਾਲ ਵਿਚ 3 ਕੁੱਤੇ, 1 ਬਲਦ, ਦੋ ਮੱਝਾਂ ਨੂੰ ਕੈਂਸਰ ਹੋਇਆ ਹੈ। ਪਟਿਆਲਾ ਜ਼ਿਲ੍ਹੇ ਵਿਚ ਇਕ ਮੱਝ ਨੂੰ ਅੱਖ ਦਾ ਕੈਂਸਰ, 5 ਵੱਛਰੂਆਂ ਨੂੰ ਤੇ 10 ਹੋਰ ਪਸ਼ੂਆਂ ਨੂੰ ਕੈਂਸਰ ਹੈ। ਹੁਸ਼ਿਆਰਪੁਰ ਵਿਚ 37 ਕੁੱਤਿਆਂ ਨੂੰ, ਲੁਧਿਆਣੇ ਵਿਚ 34 ਕੁੱਤਿਆਂ ਨੂੰ, 1 ਮੱਝ ਤੇ 10 ਹੋਰ ਪਸ਼ੂਆਂ ਨੂੰ ਕੈਂਸਰ ਹੋ ਗਿਆ ਹੈ। ਘੋੜੇ-ਘੋੜੀਆਂ ਵੀ ਇਸ ਦੀ ਲਪੇਟ ਵਿਚ ਹਨ ਜਿਨ੍ਹਾਂ ਵਿਚ ਖਾਣੇ ਦੀ ਨਾਲੀ ਤੇ ਬੱਚੇਦਾਨੀ ਦਾ ਕੈਂਸਰ ਕਾਫ਼ੀ ਹੈ।

ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਇਸ ਮਸਲੇ ਨੂੰ ਸੰਜੀਦਗੀ ਨਾਲ ਨਹੀਂ ਲੈ ਰਹੀ। ਕੁਝ ਸਮਾਜ ਸੇਵੀ ਸੰਸਥਾਵਾਂ ਨੇ ਹੀ ਆਪਣੇ ਤੌਰ 'ਤੇ ਇਸ ਨੂੰ ਗੰਭੀਰਤਾ ਨਾਲ ਲਿਆ ਹੈ। ਭਾਈ ਘਨੱਈਆ ਕੈਂਸਰ ਰੋਕੋ ਸੇਵਾ ਸੁਸਾਇਟੀ, ਫ਼ਰੀਦਕੋਟ (ਪੰਜਾਬ) ਜਿਹੜੀ ਪਿਛਲੇ ਕਾਫੀ ਸਮੇਂ ਤੋਂ ਲੋਕਾਂ ਨੂੰ ਖਾਦਾਂ, ਕੀੜੇਮਾਰ ਦਵਾਈਆਂ ਦੀ ਬੇਲੋੜੀ ਵਰਤੋਂ ਬਾਰੇ ਜਾਗਰੂਕ ਕਰਦੀ ਆ ਰਹੀ ਹੈ, ਨੇ ਕੈਂਸਰ ਬਾਰੇ ਸਮੁੱਚੇ ਵੇਰਵੇ ਜਾਰੀ ਕੀਤੇ ਹਨ।

ਇਸ ਸੰਸਥਾ ਨੇ ਪਿਛਲੇ ਦਿਨੀਂ ਕੈਨੇਡਾ ਦੀ ਸਸਕੈਚੂਵਨ ਯੂਨੀਵਰਸਿਟੀ ਦੇ ਸਹਿਯੋਗ ਨਾਲ ਕਾਰਜਸ਼ਾਲਾ ਲਵਾਈ ਸੀ ਜਿਸ ਵਿਚ ਡਾ. ਵਿਜੇ ਤਨੇਜਾ ਉਪ-ਕੁਲਪਤੀ ਗੁਰੂ ਅੰਗਦ ਦੇਵ ਵੈਟਰਨਰੀ ਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ ਨੇ ਇਸ ਸਮਾਰੋਹ ਵਿਚ ਕਿਹਾ ਸੀ ਕਿ ਕੀੜੇਮਾਰ ਜ਼ਹਿਰਾਂ, ਭਾਰੀਆਂ ਤੇ ਵਿਸ਼ੈਲੀਆਂ ਧਾਤਾਂ ਦੇ ਵਾਤਾਵਰਣ 'ਚ ਮਿਲਣ ਕਰਕੇ ਮਨੁੱਖੀ ਤੇ ਪਸ਼ੂ ਸਿਹਤ 'ਤੇ ਮਾੜੇ ਪ੍ਰਭਾਵ ਸਾਹਮਣੇ ਆਏ ਹਨ। ਭਾਈ ਘਨੱਈਆ ਕੈਂਸਰ ਰੋਕੋ ਸੇਵਾ ਸੁਸਾਇਟੀ ਫ਼ਰੀਦਕੋਟ ਹੁਣ ਫ਼ਰੀਦਕੋਟ ਵਿਚ ਸ਼ੁਰੂ ਹੋਏ ਕੈਂਸਰ ਦੇ ਇਲਾਜ ਲਈ ਪੀੜਤ ਮਰੀਜ਼ਾਂ ਨੂੰ ਹਰ ਮਹੀਨੇ ਦਾਨੀ ਸੱਜਣਾਂ ਵੱਲੋਂ ਪੁੱਜੇ ਪੈਸੇ ਨਾਲ ਹਜ਼ਾਰਾਂ ਰੁਪਏ ਦੀਆਂ ਦਵਾਈਆਂ ਵੰਡਦੀ ਹੈ ਜਿਸ ਨਾਲ ਬਹੁਤ ਸਾਰੇ ਮਰੀਜ਼ ਮੌਤ ਦੇ ਮੂੰਹ ਵਿਚੋਂ ਨਿਕਲ ਕੇ ਆਮ ਵਾਂਗ ਜ਼ਿੰਦਗੀ ਜੀਉਣ ਲੱਗੇ ਹਨ।

# ਦੁਬਈ 'ਚ ਪੰਜਾਬੀਆਂ ਦੀ ਰਿਹਾਈ ਬਾਰੇ ਫ਼ੈਸਲਾ 20 ਸਤੰਬਰ ਨੂੰ

**ਚੰਡੀਗੜ੍ਹ:** ਦੁਬਈ ਵਿਚ ਸਜ਼ਾ-ਏ-ਮੌਤ ਦਾ ਸਾਹਮਣਾ ਕਰ ਰਹੇ 17 ਪੰਜਾਬੀ ਨੌਜਵਾਨਾਂ ਦੀ ਰਿਹਾਈ ਉਸ ਵੇਲੇ ਤੈਅ ਹੋ ਗਈ ਜਦੋਂ ਦੁਬਈ ਦੇ ਪਰਵਾਸੀ ਪੰਜਾਬੀ ਨੇ ਉਸ ਪਾਕਿਸਤਾਨੀ ਨੌਜਵਾਨ ਦੇ ਪਰਿਵਾਰ ਨੂੰ 4.25 ਕਰੋੜ ਰੁਪਏ ਦੀ ਦੀਆ (ਬਲੱਡ ਮਨੀ) ਦੀ ਰਕਮ ਅਦਾ ਕਰ ਦਿੱਤੀ ਜਿਸ ਦੇ ਕਤਲ ਦੇ ਦੋਸ਼ ਹੇਠ ਇਨ੍ਹਾਂ ਪੰਜਾਬੀਆਂ ਨੂੰ ਇਹ ਸਜ਼ਾ ਸੁਣਾਈ ਗਈ ਸੀ। ਸ਼ਾਰਜਾਹ ਦੀ ਅਪੀਲੀ ਅਦਾਲਤ ਵੱਲੋਂ ਉਨ੍ਹਾਂ ਦੀ ਰਿਹਾਈ ਦੇ ਰਸਮੀ ਹੁਕਮ ਮਾਮਲੇ ਦੀ 20 ਸਤੰਬਰ ਨੂੰ ਹੋਣ ਵਾਲੀ ਅਗਲੀ ਸੁਣਵਾਈ ਮੌਕੇ ਸੁਣਾਏ ਜਾਣਗੇ। ਅਦਾਲਤ ਨੇ ਮ੍ਰਿਤਕ ਮਿਸ਼ਰੀ ਖ਼ਾਨ ਦੇ ਨੁਮਾਇੰਦੇ ਵੱਲੋਂ ਅੱਜ ਸਹੀਬੰਦ 'ਤਨਾਜ਼ੁਲ' (ਰਿਹਾਈ ਦਸਤਾਵੇਜ਼) ਨੂੰ ਮਨਜ਼ੂਰ ਕਰ ਲਿਆ। ਮਿਸ਼ਰੀ ਖ਼ਾਨ ਦੀ 2009 ਵਿਚ ਹੋਈ ਇਕ ਲੜਾਈ ਦੌਰਾਨ ਮੌਤ ਹੋ ਗਈ ਸੀ।

ਇਸ ਮੁਤੱਲਕ ਦੁਬਈ ਸਥਿਤ ਭਾਰਤੀ ਕੌਂਸਲ ਜਨਰਲ ਨੇ ਲਿਖਤੀ ਬਿਆਨ ਵਿਚ ਦੱਸਿਆ ਕਿ ਦੁਬਈ ਦੇ ਭਾਰਤੀ ਕਾਰੋਬਾਰੀ ਐਸ.ਪੀ. ਸਿੰਘ ਓਬਰਾਏ ਨੇ ਅਦਾਲਤ ਵਿਖੇ ਮਿਸ਼ਰੀ ਖ਼ਾਨ ਦੇ ਨੁਮਾਇੰਦੇ ਨੂੰ ਭਾਰਤੀ ਭਾਈਚਾਰੇ ਦੀ ਤਰਫ਼ੋਂ ਮੁਆਵਜ਼ੇ ਵਜੋਂ 33.9 ਲੱਖ ਯੂ.ਏ.ਈ.

**ਪੀੜਤ ਪਰਿਵਾਰ ਨੂੰ 4.25 ਕਰੋੜ ਬਲੱਡ ਮਨੀ ਦੀ ਅਦਾਇਗੀ**

ਦਰਹਮ (4.25 ਕਰੋੜ ਭਾਰਤੀ ਰੁਪਏ) ਦੀ ਰਕਮ ਅਦਾ ਕਰ ਦਿੱਤੀ। ਇਸ ਤੋਂ ਪਹਿਲਾਂ ਮਿਸ਼ਰੀ ਦੇ ਨੁਮਾਇੰਦੇ ਰਮਜ਼ਾਨ ਨੇ ਅਦਾਲਤ ਵਿਚ ਇਸ ਮੁਆਵਜ਼ੇ ਲਈ ਰਾਜ਼ੀ ਹੋਣ ਬਾਰੇ ਬਿਆਨ ਦਿੱਤਾ ਤੇ ਉਸ ਨੇ ਤਨਾਜ਼ੁਲ ਉਤੇ ਦਸਤਖ਼ਤ ਕੀਤੇ। ਇਸ ਪਿੱਛੋਂ ਜੱਜ ਅਬਦੁੱਲਾ ਅਲ ਸ਼ਮਸੀ ਨੇ ਇਸ ਨੂੰ ਮਨਜ਼ੂਰ ਕਰ ਲਿਆ।

ਉਨ੍ਹਾਂ ਦੱਸਿਆ ਕਿ ਜੱਜ ਵੱਲੋਂ ਰਿਹਾਈ ਸਬੰਧੀ ਰਸਮੀ ਹੁਕਮ ਅਗਲੀ ਤਾਰੀਖ਼ 20 ਸਤੰਬਰ ਨੂੰ ਸੁਣਾਏ ਜਾਣਗੇ। ਭਾਰਤੀ ਕੌਂਸਲਖ਼ਾਨੇ ਨੇ ਇਹ ਵੀ ਸਾਫ ਕੀਤਾ ਹੈ ਕਿ ਉਸ ਨੂੰ ਇਸ ਰਾਜ਼ੀਨਾਮੇ 'ਤੇ ਕੋਈ ਇਤਰਾਜ਼ ਨਹੀਂ ਹੈ ਤੇ ਇਸ ਨੇ ਮੁਲਜ਼ਮਾਂ ਦੇ ਹਿੱਤਾਂ ਨੂੰ ਤੇ ਮੁਕਾਮੀ ਅਦਾਲਤੀ ਪ੍ਰਕਿਰਿਆ ਨੂੰ ਧਿਆਨ ਵਿਚ ਰੱਖਦਿਆਂ ਇਸ ਬਾਰੇ ਸਹਿਯੋਗ ਦਿੱਤਾ ਹੈ। ਇਸੇ ਦੌਰਾਨ ਦੀਆ ਦੀ ਰਕਮ ਅਦਾ ਕਰਨ ਵਾਲੇ ਸ. ਓਬਰਾਏ ਨੇ ਦੱਸਿਆ ਕਿ ਇਸ ਰਕਮ ਵਿਚੋਂ 2.25 ਕਰੋੜ ਰੁਪਏ ਉਨ੍ਹਾਂ ਆਪਣੇ ਕੋਲੋਂ ਦਿੱਤੇ ਹਨ।ਜਦੋਂਕਿ ਬਾਕੀ ਦੋ ਕਰੋੜ ਰੁਪਏ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਪੀਲ 'ਤੇ ਦੁਬਈ ਦੇ ਤਿੰਨ ਹੋਰ ਪੰਜਾਬੀਆਂ ਨੇ ਦਿੱਤੇ ਹਨ। ਕੈਪਟਨ ਅਮਰਿੰਦਰ ਸਿੰਘ ਨੇ ਦੱਸਿਆ ਕਿ ਇਸ ਬਾਰੇ ਪਰਦੇ ਦੇ ਪਿੱਛੇ ਪਾਕਿਸਤਾਨੀ ਪੱਤਰਕਾਰਾਂ ਖ਼ਾਲਿਦ ਮਹਿਮੂਦ ਖ਼ਾਲਿਦ ਨੇ ਬਹੁਤ ਸਹਿਯੋਗ ਦਿੱਤਾ ਹੈ ਤੇ ਉਨ੍ਹਾਂ ਨੇ ਹੀ ਮਿਸ਼ਰੀ ਖ਼ਾਨ ਦੇ ਪਰਿਵਾਰ ਨਾਲ ਅਸਲ ਰਾਜ਼ੀਨਾਮਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਖ਼ਾਲਿਦ ਨੇ ਲਹਿੰਦੇ ਪੰਜਾਬ ਵਿਚ ਸਰਗੋਧਾ ਵਿਖੇ ਮਿਸ਼ਰੀ ਖ਼ਾਨ ਦੇ ਪਰਿਵਾਰ ਨਾਲ ਚਾਰ ਦਿਨ ਗੱਲਬਾਤ ਕਰ ਕੇ ਉਨ੍ਹਾਂ ਨੂੰ ਬਲੱਡ ਮਨੀ ਲੈਣ ਲਈ ਰਾਜ਼ੀ ਕੀਤਾ। ਉਨ੍ਹਾਂ ਕਿਹਾ ਕਿ ਇਹ ਨੌਜਵਾਨ ਸਤੰਬਰ ਵਿਚ ਰਿਹਾਅ ਹੋ ਜਾਣਗੇ ਤੇ ਇਨ੍ਹਾਂ ਨੂੰ ਰਮਜ਼ਾਨ ਦੇ ਪਵਿੱਤਰ ਮਹੀਨੇ ਦੌਰਾਨ ਸਾਰੀ ਮੁਆਫ਼ੀ ਵੀ ਮਿਲ ਸਕਦੀ ਹੈ।

ਜ਼ਿਕਰਯੋਗ ਹੈ ਕਿ ਬਲੱਡ ਮਨੀ ਮਨਜ਼ੂਰ ਹੋ ਜਾਣ ਤੋਂ ਬਾਅਦ ਨੌਜਵਾਨਾਂ ਨੂੰ ਉਨ੍ਹਾਂ ਖ਼ਿਲਾਫ਼ ਹੋਰ ਜੁਰਮਾਂ ਦੇ ਆਧਾਰ ਉੱਤੇ ਆਮ ਪ੍ਰਕਿਰਿਆ ਮੁਤਾਬਕ ਤਿੰਨ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਜਾ ਸਕਦੀ ਹੈ ਪਰ ਇੰਨੀ ਕੈਦ ਉਹ ਪਹਿਲਾਂ ਹੀ ਭੁਗਤ ਚੁੱਕੇ ਹਨ। ਕੈਪਟਨ ਅਮਰਿੰਦਰ ਸਿੰਘ ਦੇ ਕਰੀਬੀ ਗੁਰਜੀਤ ਸਿੰਘ ਜਵੰਧਾ ਨੇ ਦੱਸਿਆ ਕਿ ਸਾਬਕਾ ਮੁੱਖ ਮੰਤਰੀ ਨੇ ਆਪਣੀ ਪਿਛਲੀ ਦੁਬਈ ਫੇਰੀ ਦੌਰਾਨ ਇੱਥੋਂ ਦੇ ਪੰਜਾਬੀ ਭਾਈਚਾਰੇ ਨੂੰ ਇਸ ਸਬੰਧੀ ਅਪੀਲ ਕੀਤੀ ਸੀ।

# ਖਾਲਸਾ ਵਿਰਾਸਤ ਕੇਂਦਰ ਦੀ ਕਮਾਨ ਸੇਵਾ ਮੁਕਤ ਅਧਿਕਾਰੀਆਂ ਹੱਥ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਸਰਕਾਰ ਵੱਲੋਂ ਸ੍ਰੀ ਆਨੰਦਪੁਰ ਸਾਹਿਬ ਵਿਖੇ ਅੱਠਵੇਂ ਅਜੂਬੇ ਦੇ ਰੂਪ ਵਿਚ ਬਣਾਇਆ ਜਾ ਰਿਹਾ ਖ਼ਾਲਸਾ ਵਿਰਾਸਤ ਕੇਂਦਰ ਪਿਛਲੇ 12 ਸਾਲਾਂ ਤੋਂ ਸੇਵਾਮੁਕਤ ਤੇ ਠੇਕੇ ਦੇ ਆਧਾਰ 'ਤੇ ਕੰਮ ਕਰਦੇ ਅਧਿਕਾਰੀਆਂ ਦੇ ਹੱਥਾਂ ਵਿਚ ਹੈ। ਪੰਜਾਬ ਸਰਕਾਰ ਨੇ ਪੰਜ ਪਿਆਰਿਆਂ ਹੱਥੋਂ 22 ਨਵੰਬਰ 1998 ਨੂੰ ਰਾਜ ਦੇ ਇਸ ਇਤਿਹਾਸਕ ਪ੍ਰਾਜੈਕਟ ਦਾ ਨੀਂਹ ਪੱਥਰ ਰਖਵਾ ਕੇ ਵਿਰਾਸਤ ਕੇਂਦਰ ਨੂੰ ਤਿੰਨ ਸਾਲਾਂ ਵਿਚ ਮੁਕੰਮਲ ਕਰਨ ਦਾ ਟੀਚਾ ਮਿਥਿਆ ਸੀ ਪਰ ਇਹ ਪ੍ਰਾਜੈਕਟ 13ਵੇਂ ਸਾਲ ਵਿਚ ਪ੍ਰਵੇਸ਼ ਕਰਨ ਦੇ ਬਾਵਜੂਦ ਕਿਸੇ ਕਿਨਾਰੇ ਲੱਗਦਾ ਨਹੀਂ ਜਾਪਦਾ। ਪਿਛਲੇ ਸਮੇਂ ਪੰਜਾਬ ਸਰਕਾਰ ਨੇ ਆਨੰਦਪੁਰ ਸਾਹਿਬ ਫਾਉਂਡੇਸ਼ਨ ਦੀ ਕਮਾਂਡ ਆਈ.ਏ.ਐਸ ਅਧਿਕਾਰੀ ਗੀਤਿਕਾ ਕੱਲ੍ਹਾ ਦੀ ਥਾਂ ਪੰਜਾਬ ਮੰਡੀ ਬੋਰਡ ਦੇ ਸਕੱਤਰ ਡਾ. ਕਰਮਜੀਤ ਸਿੰਘ ਸਰਾ ਦੇ ਹੱਥ ਸੌਂਪ ਕੇ ਇਸ ਨੂੰ ਇਸੇ ਵਰ੍ਹੇ ਨਵੰਬਰ ਵਿਚ ਮੁਕੰਮਲ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ।

ਸੂਚਨਾ ਲੈਣ ਦੇ ਅਧਿਕਾਰ (ਆਰ.ਟੀ.ਆਈ.) ਤਹਿਤ ਹਾਸਲ ਜਾਣਕਾਰੀ ਅਨੁਸਾਰ ਸੌ ਏਕੜ 'ਚ ਉਸਾਰੇ ਜਾ ਰਹੇ ਇਸ ਅੱਠਵੇਂ ਅਜੂਬੇ ਦੇ ਪ੍ਰਾਜੈਕਟ 'ਤੇ 93 ਫੀਸਦੀ ਆਰਜ਼ੀ (ਠੇਕੇ ਦੇ ਆਧਾਰਤ) ਅਧਿਕਾਰੀ ਤੇ ਮੁਲਾਜ਼ਮ ਕੰਮ ਕਰ



*1998 'ਚ ਰੱਖਿਆ ਗਿਆ ਸੀ ਪ੍ਰੋਜੈਕਟ ਦਾ ਨੀਂਹ-ਪੱਥਰ*

ਰਹੇ ਹਨ ਜਿਨ੍ਹਾਂ ਵਿਚੋਂ 21 ਫੀਸਦੀ ਵੱਖ-ਵੱਖ ਸਰਕਾਰੀ ਵਿਭਾਗਾਂ ਵਿਚੋਂ ਸੇਵਾਮੁਕਤ ਹੋਏ ਅਧਿਕਾਰੀ ਹਨ ਜਦਕਿ ਸਿਰਫ 7 ਫੀਸਦੀ ਰੈਗੂਲਰ (ਡੈਪੂਟੇਸ਼ਨ) ਅਧਿਕਾਰੀ ਤੇ ਮੁਲਾਜ਼ਮ ਹੀ ਇਸ ਪ੍ਰਾਜੈਕਟ ਉਪਰ ਤਾਇਨਾਤ ਹਨ। ਇਸ ਤੋਂ ਇਲਾਵਾ ਇਸ ਪ੍ਰਾਜੈਕਟ 'ਤੇ ਭਰਤੀ ਤੇ ਤਨਖਾਹਾਂ ਮਿਥਣ ਦੇ ਮਾਮਲੇ ਵਿਚ ਹੋਈਆਂ ਮਨਮਾਨੀਆਂ ਤੇ ਪ੍ਰਾਜੈਕਟ ਦੇ ਮਿਥੇ ਸਮੇਂ ਅਨੁਸਾਰ ਸਿਰੇ ਨਾ ਚੜ੍ਹਨ ਦੇ ਮਾਮਲੇ ਵਿਚ ਕਰਵਾਈ ਜਾ ਰਹੀ ਪੜਤਾਲ ਵੀ ਫਿਲਹਾਲ ਕਿਸੇ ਤਣ-ਪੱਤਣ ਨਹੀਂ ਲੱਗੀ ਹੈ।

ਮੌਜੂਦਾ ਅਕਾਲੀ-ਭਾਜਪਾ ਗੱਠਜੋੜ ਸਰਕਾਰ ਨੇ ਹੀ ਸਾਲ 1998 ਵਿਚ ਇਸ ਪ੍ਰਾਜੈਕਟ ਦਾ ਨੀਂਹ-ਪੱਥਰ ਰੱਖਿਆ ਸੀ ਜਦਕਿ ਇਸ ਸਰਕਾਰ ਦੀ ਦੂਸਰੀ ਪਾਰੀ ਦੇ ਵੀ ਅੰਤਿਮ ਪੜਾਅ 'ਤੇ ਪੁੱਜਣ ਦੇ ਬਾਵਜੂਦ ਇਸ ਪ੍ਰਾਜੈਕਟ ਨੂੰ ਸਾਕਾਰ ਹੁੰਦਾ ਦੇਖਣ ਦੀ ਰੀਝ ਅੱਜ ਤੱਕ ਪੂਰੀ ਨਹੀਂ ਹੋਈ। ਪਿਛਲੇ ਸਮੇਂ ਸ. ਬਾਦਲ ਨੇ ਇਸ ਪ੍ਰਾਜੈਕਟ ਦੀ ਪਛਤਨ ਤੇ ਭਰਤੀਆਂ ਤੇ ਤਨਖਾਹਾਂ ਮਿਥਣ ਵਿਚ ਇਕਸਾਰਤਾ ਨਾ ਵਰਤਣ ਦੇ ਮਾਮਲਿਆਂ ਦੀ ਪੜਤਾਲ ਕਰਨ ਦੇ ਹੁਕਮ ਦਿੱਤੇ ਸਨ ਪਰ ਵਕਾਰੀ ਪ੍ਰਾਜੈਕਟ ਵਾਂਗ ਜਾਂਚ ਰਿਪੋਰਟ ਵੀ ਹਵਾ ਵਿਚ ਲਟਕੀ ਪਈ ਹੈ।

ਇਸ ਪ੍ਰਾਜੈਕਟ 'ਤੇ ਕੁੱਲ 42 ਅਧਿਕਾਰੀ ਤੇ ਮੁਲਾਜ਼ਮ ਤਾਇਨਾਤ ਹਨ ਜਿਨ੍ਹਾਂ ਵਿਚੋਂ 31 ਅਧਿਕਾਰੀ ਤੇ ਮੁਲਾਜ਼ਮ ਠੇਕੇ ਦੇ ਆਧਾਰ 'ਤੇ ਕੰਮ ਕਰ ਰਹੇ ਹਨ ਜਦਕਿ 11 ਅਧਿਕਾਰੀ ਤੇ ਮੁਲਾਜ਼ਮ ਸਰਵਿਸ ਪ੍ਰੋਵਾਈਡਿੰਗ ਏਜੰਸੀ ਰਾਹੀਂ ਤਾਇਨਾਤ ਕੀਤੇ ਗਏ ਹਨ। ਇਸ ਪ੍ਰਾਜੈਕਟ ਦੀ ਕਮਾਂਡ ਜ਼ਿਆਦਾਤਰ ਆਈ.ਏ.ਐਸ. ਕੱਲ੍ਹਾ ਜੋੜੀ ਦੇ ਹੱਥ ਹੀ ਰਹੀ ਹੈ। ਇਸ ਪ੍ਰਾਜੈਕਟ 'ਤੇ ਸਿਰਫ਼ ਤਿੰਨ ਅਧਿਕਾਰੀ ਡਿਪਟੀ ਕੰਟਰੋਲਰ (ਵਿੱਤੀ ਤੇ ਲੇਖਾ) ਧਰਮਪਾਲ ਸ਼ਰਮਾ, ਉਪ ਮੰਡਲ ਇੰਜੀਨੀਅਰ (ਬਿਜਲੀ) ਰਘਵਿੰਦਰ ਸਿੰਘ ਤੇ ਮੰਡਲ ਮੁੱਖ ਖਰਤਾਕਾਰ ਜਗਮੋਹਨ ਸਿੰਘ ਹੀ ਰੈਗੂਲਰ ਤੌਰ 'ਤੇ ਤਾਇਨਾਤ ਹਨ ਜੋ ਹੋਰ ਸਰਕਾਰੀ ਵਿਭਾਗਾਂ ਤੋਂ ਇਥੇ ਡੈਪੂਟੇਸ਼ਨ 'ਤੇ ਆਏ ਹਨ। ਮਜ਼ੇਦਾਰ ਗੱਲ ਇਹ ਹੈ ਕਿ ਇਸ ਪ੍ਰਾਜੈਕਟ 'ਤੇ ਮੁੱਖ ਅਸਾਮੀਆਂ ਉਪਰ ਤਾਇਨਾਤ ਮੁੱਖ ਇੰਜੀਨੀਅਰ (ਪ੍ਰਾਜੈਕਟ) ਟੀ.ਐਸ. ਗਿੱਲ, ਸਲਾਹਕਾਰ (ਜ.ਸ.) ਐਮ.ਐਸ. ਘੁੰਮਣ, ਨਿਗਰਾਨ ਇੰਜਨੀਅਰ (ਪ੍ਰਾਜੈਕਟ) ਐਚ.ਐਸ. ਗਿੱਲ, ਮੈਨੇਜਰ ਸਕਿਉਰਿਟੀ ਪੰਚਮ ਸਿੰਘ, ਸੀਨੀਅਰ ਪ੍ਰਾਜੈਕਟ ਇੰਜੀਨੀਅਰ ਆਰ.ਡੀ.ਘਈ ਤੇ ਲੇਖਾਕਾਰ ਐਸ.ਸੀ. ਸ਼ਰਮਾ ਵੱਖ-ਵੱਖ ਵਿਭਾਗਾਂ ਦੇ ਸੇਵਾਮੁਕਤ ਅਧਿਕਾਰੀ ਹਨ। ਕੁਝ ਅਧਿਕਾਰੀ ਤਾਂ ਪ੍ਰਾਜੈਕਟ ਸ਼ੁਰੂ ਹੋਣ ਤੋਂ ਹੀ ਇਥੇ ਤਾਇਨਾਤ ਹਨ। ਇਸ ਸੌ ਏਕੜ ਰਕਬੇ ਉਪਰ ਬਣ ਰਹੇ ਖ਼ਾਲਸਾ ਵਿਰਾਸਤ ਕੇਂਦਰ ਦਾ 40 ਏਕੜ ਖੇਤਰ ਉਸਾਰੀ ਅਧੀਨ ਹੋਵੇਗਾ ਜਿਸ ਦੇ 'ਏ' ਫੇਜ਼ ਵਿਚ ਆਰਜ਼ੀ ਪ੍ਰਦਰਸ਼ਨੀ ਗੈਲਰੀਆਂ ਬਣਨਗੀਆਂ ਜਦਕਿ ਫੇਜ਼ 'ਬੀ' ਵਿਚ ਕੈਫੇਟੇਰੀਆ ਤੇ ਫੇਜ਼ 'ਸੀ' ਵਿਚ ਪੱਕੀਆਂ ਪ੍ਰਦਰਸ਼ਨੀ ਗੈਲਰੀਆਂ ਤੇ ਪ੍ਰਸ਼ਾਸਕੀ ਬਲਾਕ ਬਣੇਗਾ। ਪ੍ਰਾਜੈਕਟ ਅਧੀਨ 7 ਏਕੜ ਰਕਬੇ ਵਿਚ ਇਕ ਵਿਲੱਖਣ ਕਿਸਮ ਦੀ ਵਾਟਰ ਬਾਡੀ ਬਣਾਉਣ ਦੀ ਤਜਵੀਜ਼ ਵੀ ਹੈ। ਸ੍ਰੀ ਆਨੰਦਪੁਰ ਸਾਹਿਬ ਫਾਉਂਡੇਸ਼ਨ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀ.ਈ.ਓ.) ਡਾ. ਕਰਮਜੀਤ ਸਿੰਘ ਸਰਾ ਨੇ ਮੰਨਿਆ ਕਿ ਹੁਣ ਪ੍ਰਾਜੈਕਟ ਦਾ ਕੰਮ ਜ਼ਿਆਦਾਤਰ ਠੇਕੇ ਦੇ ਆਧਾਰ 'ਤੇ ਕੰਮ ਕਰਦੇ ਅਧਿਕਾਰੀਆਂ ਦੇ ਹੱਥ ਹੈ ਪਰ ਇਸ ਦੇ ਮੁਕੰਮਲ ਹੋਣ ਤੋਂ ਬਾਅਦ ਸਾਂਭ-ਸੰਭਾਲ ਲਈ ਪੱਕਾ ਸਟਾਫ ਰੱਖਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਨਵੰਬਰ ਤੱਕ 15 ਗੈਲਰੀਆਂ ਤਿਆਰ ਕਰ ਲਈਆਂ ਜਾਣਗੀਆਂ।

# ਸ਼੍ਰੋਮਣੀ ਕਮੇਟੀ ਅਤੇ ਇਸ ਦਾ ਚੋਣ ਅਮਲ

■ ਹਰਬੀਰ ਸਿੰਘ ਭੰਵਰ



**ਦੇਸ਼-ਵੰਡ ਮਗਰੋਂ ਅਗਲੀਆਂ ਚੋਣਾਂ 1960 ਅਤੇ ਫਿਰ 1965 ਵਿਚ ਹੋਈਆਂ। ਭਾਸ਼ਾ ਦੇ ਆਧਾਰ 'ਤੇ ਪੰਜਾਬ ਦੇ ਪੁਨਰਗਠਨ ਨਾਲ ਪਹਿਲੀ ਨਵੰਬਰ 1966 ਨੂੰ ਤਿੰਨ ਟੁਕੜੇ ਹੋ ਗਏ-ਪੰਜਾਬ (ਪੰਜਾਬੀ ਸੂਬਾ), ਹਰਿਆਣਾ ਤੇ ਹਿਮਾਚਲ ਪ੍ਰਦੇਸ਼, ਪਰ ਸ਼੍ਰੋਮਣੀ ਕਮੇਟੀ ਨੂੰ ਸਾਂਝੀ ਕੜੀ ਵਜੋਂ ਕਾਇਮ ਰੱਖਿਆ ਗਿਆ। ਇਸ ਤੋਂ ਬਾਅਦ ਗੁਰਦੁਆਰਾ ਚੋਣਾਂ ਕਰਵਾਉਣਾ ਕੇਂਦਰ ਸਰਕਾਰ ਦੇ ਅਧਿਕਾਰ ਖੇਤਰ ਵਿਚ ਆ ਗਿਆ। ਫਿਰ 1966 ਪਿੱਛੋਂ ਕਦੀ ਵੀ ਸਮੇਂ ਸਿਰ ਚੋਣਾਂ ਨਹੀਂ ਹੋਈਆਂ। ਸਾਲ 1965 ਪਿੱਛੋਂ ਅਗਲੀਆਂ ਚੋਣਾਂ 1970 ਵਿਚ ਹੋਣੀਆਂ ਚਾਹੀਦੀਆਂ ਸਨ ਪਰ ਇਹ ਮਾਰਚ 1979 ਵਿਚ ਹੋਈਆਂ। ਇਸ ਉਪਰੰਤ ਅਗਲੀਆਂ ਚੋਣਾਂ 1984 ਦੀ ਬਜਾਏ ਅਕਤੂਬਰ 1996 ਵਿਚ ਹੋਈਆਂ ਸਨ। ਅਗਲੀਆਂ ਚੋਣਾਂ ਅਕਤੂਬਰ 2001 ਦੀ ਥਾਂ ਜੁਲਾਈ 2004 ਵਿਚ ਹੋਈਆਂ। ਹੁਣ ਜੋ ਚੋਣਾਂ 18 ਸਤੰਬਰ ਨੂੰ ਹੋ ਰਹੀਆਂ ਹਨ, ਜੁਲਾਈ 2009 ਵਿਚ ਹੋਣੀਆਂ ਚਾਹੀਦੀਆਂ ਸਨ।**

ਸਿੱਖਾਂ ਦੀ ਮਿੰਨੀ ਪਾਰਲੀਮੈਂਟ ਵਜੋਂ ਜਾਣੀ ਜਾਂਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਹੁਤ ਸ਼ਕਤੀਸ਼ਾਲੀ ਧਾਰਮਿਕ ਸੰਸਥਾ ਹੈ। ਸੰਸਾਰ ਭਰ ਵਿਚ ਜਮਹੂਰੀ ਢੰਗ ਨਾਲ ਚੁਣੀ ਗਈ ਆਪਣੀ ਕਿਸਮ ਦੀ ਇਹ ਪਹਿਲੀ ਅਜਿਹੀ ਸੰਸਥਾ ਹੈ ਜੋ ਧਾਰਮਿਕ ਸਥਾਨਾਂ ਦਾ ਪ੍ਰਬੰਧ ਦੇਖਦੀ ਹੈ। ਪੰਜਾਬ ਵਿਚ ਰਾਜ ਅਕਾਲੀਆਂ ਦਾ ਹੋਵੇ ਜਾਂ ਕਾਂਗਰਸ ਦਾ, ਸਿੱਖ ਪੰਥ ਦੀ ਇਹ ਸੰਸਥਾ ਅਕਸਰ ਅਖ਼ਬਾਰਾਂ ਦੀਆਂ ਸੁਰਖੀਆਂ ਵਿਚ ਛਾਈ ਰਹਿੰਦੀ ਹੈ। ਪੰਜਾਬ ਦੀ ਸਾਰੀ ਸਿਆਸਤ ਸਿੱਖ ਸਿਆਸਤ ਦੁਆਲੇ ਘੁੰਮਦੀ ਹੈ ਤੇ ਸਿੱਖ ਸਿਆਸਤ ਗੁਰਦੁਆਰਿਆਂ ਦੁਆਲੇ।

ਗੁਰਦੁਆਰਾ ਐਕਟ-1925 ਅਨੁਸਾਰ ਹੋਂਦ ਵਿਚ ਆਈ ਇਹ ਸੰਸਥਾ ਅਣਵੰਡੇ ਪੰਜਾਬ ਜਿਸ ਵਿਚ ਹੁਣ ਵਾਲਾ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਪਾਕਿਸਤਾਨੀ ਵਾਲਾ ਪੰਜਾਬ ਵੀ ਸ਼ਾਮਿਲ ਸੀ, ਦੇ ਸਾਰੇ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਦੇਖਦੀ ਰਹੀ ਹੈ। ਸ਼੍ਰੋਮਣੀ ਕਮੇਟੀ ਦੇਸ਼-ਵਿਦੇਸ਼ ਵਿਚ ਵੀ ਗੁਰਦੁਆਰਾ ਸਾਹਿਬਾਨ ਦੀ ਮਰਯਾਦਾ ਅਤੇ ਸੰਸਾਰ ਭਰ ਦੇ ਸਿੱਖਾਂ ਦੇ ਧਾਰਮਿਕ ਹਿਤਾਂ ਦੀ ਰਾਖੀ ਲਈ ਯਤਨ ਕਰਦੀ ਰਹੀ ਹੈ।

ਸਿੱਖਾਂ ਨੇ ਇਸ ਸੰਸਥਾ ਦੀ ਪ੍ਰਾਪਤੀ ਲਈ ਬੜਾ ਲੰਬਾ, ਸ਼ਾਂਤਮਈ ਸੰਘਰਸ਼ ਕੀਤਾ ਹੈ। ਗੁਰਦੁਆਰਾ ਬਿੱਲ 28 ਜੁਲਾਈ 1925 ਨੂੰ ਪਾਸ ਹੋਣ ਸਦਕਾ ਸਿੱਖ ਬੀਬੀਆਂ ਨੂੰ ਵੋਟ ਪਾਉਣ ਦਾ ਅਧਿਕਾਰ ਪ੍ਰਾਪਤ ਹੋਣਾ ਭਾਰਤ ਵਿਚ ਪਹਿਲਾ ਮੌਕਾ ਸੀ ਜਦੋਂ ਔਰਤਾਂ ਨੂੰ ਅਜਿਹਾ ਹੱਕ ਹਾਸਲ ਹੋਇਆ। ਹੁਣ ਪਾਰਲੀਮੈਂਟ ਅਤੇ ਸੂਬਾਈ ਵਿਧਾਨ ਸਭਾਵਾਂ ਵਿਚ ਇਸਤਰੀਆਂ ਲਈ 33 ਫੀਸਦੀ ਸੀਟਾਂ ਰਾਖਵੀਆਂ ਕਰਨ ਲਈ ਪਿਛਲੇ ਕਈ ਸਾਲ ਤੋਂ ਰੌਲਾ ਪੈ ਰਿਹਾ ਹੈ ਤੇ ਇਸ 'ਤੇ ਸਹਿਮਤੀ ਨਹੀਂ ਬਣ ਰਹੀ ਪਰ ਸਾਲ 1996 ਤੋਂ ਸ਼੍ਰੋਮਣੀ ਕਮੇਟੀ ਵਿਚ ਬੀਬੀਆਂ ਲਈ 30 ਸੀਟਾਂ ਰਾਖਵੀਆਂ ਕਰਨ ਦਾ ਪ੍ਰਬੰਧ ਕਰ ਦਿੱਤਾ ਗਿਆ ਸੀ।

ਗੁਰਦੁਆਰਾ ਐਕਟ ਲਾਗੂ ਹੋਣ ਪਿੱਛੋਂ ਪੰਜਾਬ ਦੇ ਦਰਿਆਵਾਂ ਵਿਚ ਬਹੁਤ ਪਾਣੀ ਵਹਿ ਚੁੱਕਾ ਹੈ। ਸਮੇਂ ਦੇ ਬੀਤਣ ਨਾਲ ਸ਼੍ਰੋਮਣੀ ਕਮੇਟੀ ਹੋਰ ਵੀ ਸ਼ਕਤੀਸ਼ਾਲੀ ਸੰਸਥਾ ਬਣ ਗਈ ਹੈ। ਸਿੱਖਾਂ ਦੇ ਪੰਜ ਤਖ਼ਤਾਂ ਵਿਚੋਂ ਤਿੰਨ ਤਖ਼ਤਾਂ ਦੇ ਜਥੇਦਾਰਾਂ ਅਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹੈਡ-ਗ੍ਰੰਥੀ ਦੀ ਅਹਿਮ ਨਿਯੁਕਤੀ ਇਸ ਵਲੋਂ ਕੀਤੀ ਜਾਂਦੀ ਹੈ। ਇਸ ਦੇ ਸ਼ਕਤੀਸ਼ਾਲੀ ਹੋਣ ਕਾਰਨ ਹੀ ਅਕਾਲੀਆਂ ਦੇ ਸਾਰੇ ਧੜੇ ਇਸ 'ਤੇ ਕਬਜ਼ਾ ਕਰਨ ਦਾ ਯਤਨ ਕਰਦੇ ਹਨ। ਕਾਬਜ਼ ਧੜੇ ਨੂੰ ਧਾਰਮਿਕ ਪਰਚਾਰ ਦੇ ਨਾਂ ਹੇਠ ਆਪਣਾ ਪ੍ਰਚਾਰ ਕਰਨ ਲਈ ਗੁਰਪੁਰਬਾਂ, ਇਤਿਹਾਸਕ ਦਿਹਾੜਿਆਂ, ਹਰ ਮਹੀਨੇ ਮੱਸਿਆ, ਪੂਰਨਮਾਸ਼ੀ ਤੇ ਸੰਗਰਾਂਦ ਵਾਲੇ ਦਿਨ ਗੁਰਦੁਆਰਿਆਂ ਵਿਚ ਤਿਆਰ ਮੰਚ ਅਤੇ ਸੰਗਤ ਮਿਲ ਜਾਂਦੀ ਹੈ। ਜਿਸ ਅਕਾਲੀ ਧੜੇ ਦਾ ਸ਼੍ਰੋਮਣੀ ਕਮੇਟੀ ਉਤੇ ਕਬਜ਼ਾ ਹੋਵੇ, ਉਹੀ ਅਸਲੀ ਅਕਾਲੀ ਦਲ ਮੰਨਿਆ ਜਾਂਦਾ ਹੈ। ਇਸੇ ਲਈ ਕਿਹਾ ਜਾਂਦਾ ਹੈ ਕਿ 'ਸ਼੍ਰੋਮਣੀ ਕਮੇਟੀ ਤੋਂ ਬਿਨਾਂ ਅਕਾਲੀ ਦਲ 'ਖਾਲੀ ਦਲ' ਹੈ।' ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਸਿੱਖ ਲੀਡਰਸ਼ਿਪ ਬਾਰੇ ਵੀ ਫਤਵਾ ਦਿੰਦੀਆਂ ਹਨ।

ਗੁਰਦੁਆਰਾ ਐਕਟ ਪਹਿਲੀ ਨਵੰਬਰ 1925 ਵਿਚ ਲਾਗੂ ਹੋ ਗਿਆ ਸੀ ਅਤੇ ਪਹਿਲੀਆਂ ਸ਼੍ਰੋਮਣੀ ਕਮੇਟੀ ਚੋਣਾਂ 1926 ਵਿਚ ਹੋਈਆਂ। ਪਹਿਲਾਂ ਇਹ ਚੋਣਾਂ ਹਰ ਤਿੰਨ ਸਾਲ ਪਿੱਛੋਂ ਹੁੰਦੀਆਂ ਸਨ। ਇਸ ਅਨੁਸਾਰ 1926 ਤੋਂ ਬਾਅਦ 1930, 1933, 1936 ਤੇ 1939 ਵਿਚ ਚੋਣਾਂ ਹੋਈਆਂ। ਜੂਨ 1942 ਵਿਚ ਸਿਕੰਦਰ ਹਯਾਤ ਖਾਂ-ਬਲਦੇਵ ਸਿੰਘ ਸਮਝੌਤੇ ਪਿੱਛੋਂ ਇਸ ਦੀ ਮਿਆਦ ਪੰਜ ਸਾਲ ਕਰ ਦਿੱਤੀ ਗਈ ਅਤੇ ਅਗਲੀਆਂ ਚੋਣਾਂ 1944 ਵਿਚ ਹੋਈਆਂ। ਅਗਸਤ 1947 ਵਿਚ ਦੇਸ਼-ਵੰਡ ਕਾਰਨ ਅੱਧਾ ਪੰਜਾਬ ਪਾਕਿਸਤਾਨ ਵਿਚ ਰਹਿ ਗਿਆ। ਉਧਰ ਰਹਿ ਗਏ ਗੁਰਦੁਆਰਿਆਂ ਦਾ ਪ੍ਰਬੰਧ ਵਕਫ਼ ਬੋਰਡ ਕਰਨ ਲੱਗਾ ਅਤੇ 1999 ਤੋਂ ਇਸ ਦੇ ਸਹਿਯੋਗ ਨਾਲ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਇਨ੍ਹਾਂ ਦਾ ਪ੍ਰਬੰਧ ਦੇਖ ਰਹੀ ਹੈ।



ਤੇਜਾ ਸਿੰਘ ਸਮੁੰਦਰੀ ਹਾਲ ਜਿੱਥੇ ਸ਼੍ਰੋਮਣੀ ਕਮੇਟੀ ਦਾ ਮੁੱਖ ਦਫਤਰ ਹੈ।

ਦੇਸ਼-ਵੰਡ ਮਗਰੋਂ ਅਗਲੀਆਂ ਚੋਣਾਂ 1960 ਅਤੇ ਫਿਰ 1965 ਵਿਚ ਹੋਈਆਂ। ਭਾਸ਼ਾ ਦੇ ਆਧਾਰ 'ਤੇ ਪੰਜਾਬ ਦੇ ਪੁਨਰਗਠਨ ਨਾਲ ਪਹਿਲੀ ਨਵੰਬਰ 1966 ਨੂੰ ਤਿੰਨ ਟੁਕੜੇ ਹੋ ਗਏ-ਪੰਜਾਬ (ਪੰਜਾਬੀ ਸੂਬਾ), ਹਰਿਆਣਾ ਤੇ ਹਿਮਾਚਲ ਪ੍ਰਦੇਸ਼, ਪਰ ਸ਼੍ਰੋਮਣੀ ਕਮੇਟੀ ਨੂੰ ਸਾਂਝੀ ਕੜੀ ਵਜੋਂ ਕਾਇਮ ਰੱਖਿਆ ਗਿਆ। ਇਸ ਤੋਂ ਬਾਅਦ ਗੁਰਦੁਆਰਾ ਚੋਣਾਂ ਕਰਵਾਉਣਾ ਕੇਂਦਰ ਸਰਕਾਰ ਦੇ ਅਧਿਕਾਰ ਖੇਤਰ ਵਿਚ ਆ ਗਿਆ। ਫਿਰ 1966 ਪਿੱਛੋਂ ਕਦੀ ਵੀ ਸਮੇਂ ਸਿਰ ਚੋਣਾਂ ਨਹੀਂ ਹੋਈਆਂ। ਸਾਲ 1965 ਪਿੱਛੋਂ ਅਗਲੀਆਂ ਚੋਣਾਂ 1970 ਵਿਚ ਹੋਣੀਆਂ ਚਾਹੀਦੀਆਂ ਸਨ ਪਰ ਇਹ ਮਾਰਚ 1979 ਵਿਚ ਹੋਈਆਂ। ਇਸ ਉਪਰੰਤ ਅਗਲੀਆਂ ਚੋਣਾਂ 1984 ਦੀ ਬਜਾਏ ਅਕਤੂਬਰ 1996 ਵਿਚ ਹੋਈਆਂ ਸਨ। ਅਗਲੀਆਂ ਚੋਣਾਂ ਅਕਤੂਬਰ 2001 ਦੀ ਥਾਂ ਜੁਲਾਈ 2004 ਵਿਚ ਹੋਈਆਂ। ਹੁਣ ਜੋ ਚੋਣਾਂ 18 ਸਤੰਬਰ ਨੂੰ ਹੋ ਰਹੀਆਂ ਹਨ, ਜੁਲਾਈ 2009 ਵਿਚ ਹੋਣੀਆਂ ਚਾਹੀਦੀਆਂ ਸਨ।

ਅਣਵੰਡੇ ਪੰਜਾਬ ਵਿਚ ਸ਼੍ਰੋਮਣੀ ਕਮੇਟੀ ਲਈ 120 ਸੀਟਾਂ ਦੀ ਚੋਣ ਹੁੰਦੀ ਸੀ ਅਤੇ ਨਵੇਂ ਹਾਊਸ ਵਲੋਂ 15 ਮੈਂਬਰ ਕੋ-ਆਪਟ ਕੀਤੇ ਜਾਂਦੇ ਸਨ। ਆਜ਼ਾਦ ਭਾਰਤ ਵਿਚ ਵੀ ਸੀਟਾਂ 120 ਹੀ ਰੱਖੀਆਂ ਗਈਆਂ ਅਤੇ ਪਾਰਲੀਮੈਂਟ ਤੇ ਸੂਬਾਈ ਵਿਧਾਨ ਸਭਾ ਵਾਂਗ ਦਲਿਤ ਵਰਗ ਲਈ 20 ਸੀਟਾਂ ਰਾਖਵੀਆਂ ਕਰਕੇ ਕੁੱਲ 140 ਕਰ ਦਿੱਤੀਆਂ ਗਈਆਂ। ਬੀਬੀਆਂ ਲਈ 30 ਸੀਟਾਂ ਰਾਖਵੀਆਂ ਕਰਨ ਨਾਲ ਇਹ ਗਿਣਤੀ 170 ਹੋ ਗਈ। ਪਹਿਲਾਂ ਵਾਂਗ ਚੁਣੇ ਗਏ ਸਾਰੇ ਮੈਂਬਰ ਆਪਣੀ ਪਹਿਲੀ ਇਕੱਤਰਤਾ ਜੋ ਨਗਰ ਨਿਗਮ ਦੇ ਗੁਰੂ ਨਾਨਕ ਭਵਨ ਵਿਚ ਹੁੰਦੀ ਹੈ ਅਤੇ ਜਿਸ ਦੀ ਪ੍ਰਧਾਨਗੀ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਵੱਲੋਂ ਕੀਤੀ ਜਾਂਦੀ ਹੈ, 15 ਮੈਂਬਰ ਕੋਆਪਟ ਕਰਦੇ ਹਨ। ਇਸ ਤੋਂ ਅਗਲੀ ਮੀਟਿੰਗ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਹੁੰਦੀ ਹੈ ਜਿਸ ਦੀ ਪ੍ਰਧਾਨਗੀ ਪ੍ਰਧਾਨ ਦੀ ਚੋਣ ਤੱਕ ਡਿਪਟੀ ਕਮਿਸ਼ਨਰ ਵੱਲੋਂ ਹੀ ਕੀਤੀ ਜਾਂਦੀ ਹੈ। ਬਾਕੀ ਅਹੁਦੇਦਾਰਾਂ ਦੀ ਚੋਣ ਲਈ ਡਿਪਟੀ ਕਮਿਸ਼ਨਰ ਦੀ ਨਿਗਰਾਨੀ ਹੇਠ ਨਵੇਂ ਚੁਣੇ ਗਏ ਪ੍ਰਧਾਨ ਵੱਲੋਂ ਕੀਤੀ ਜਾਂਦੀ ਹੈ। ਇਹ ਸਾਰਾ ਚੋਣ ਅਮਲ ਪੂਰਾ ਕਰਨ ਲਈ ਤਕਰੀਬਨ ਤਿੰਨ ਮਹੀਨੇ ਲੱਗ ਜਾਂਦੇ ਹਨ।

# ਭਾਰਤ ਫਲਸਤੀਨ ਦੇ ਹੱਕ 'ਚ ਡਟਿਆ

**ਸੰਯੁਕਤ ਰਾਸ਼ਟਰ:** ਇਸਰਾਇਲੀ-ਫਲਸਤੀਨੀ ਟਕਰਾਅ 'ਤੇ ਮਹੀਨੇ ਭਰ ਤੋਂ ਚੱਲ ਰਹੀ ਬਹਿਸ ਵਿਚ ਹਿੱਸਾ ਲੈਂਦਿਆਂ ਭਾਰਤ ਨੇ ਕਿਹਾ ਕਿ ਇਸਰਾਈਲ ਨੂੰ ਮਕਬੂਜ਼ਾ ਇਲਾਕਿਆਂ ਵਿਚ ਬਸਤੀਆਂ ਵਸਾਉਣੀਆਂ ਬੰਦ ਕਰਨ ਦੀ ਲੋੜ ਹੈ। ਸੰਯੁਕਤ ਰਾਸ਼ਟਰ ਵਿਚ ਭਾਰਤ ਦੇ ਦੂਤ ਹਰਦੀਪ ਸਿੰਘ ਪੁਰੀ ਨੇ ਸੁਰੱਖਿਆ ਕੌਂਸਲ ਵਿਚ ਆਖਿਆ ਕਿ ਬਸਤੀਆਂ ਵਸਾਉਣ ਦੇ ਅਮਲ 'ਤੇ ਰੋਕ ਲਾਉਣੀ ਇਸ ਪ੍ਰਸੰਗ ਵਿਚ ਪਹਿਲਾ ਕਦਮ ਹੋਣਾ ਚਾਹੀਦਾ ਹੈ। ਭਾਰਤ ਵੱਲੋਂ ਕੌਮਾਂਤਰੀ ਭਾਈਚਾਰੇ ਦੀ ਇਸ ਭਾਵਨਾ ਦੀ ਤਸਦੀਕ ਕੀਤੀ ਜਾਂਦੀ ਹੈ ਕਿ ਮਕਬੂਜ਼ਾ ਇਲਾਕਿਆਂ ਵਿਚ ਬਸਤੀਆਂ ਦੀ ਸਰਗਰਮੀ ਰੋਕਣ ਨਾਲ ਅਮਨ ਵਾਰਤਾ ਮੁੜ ਸ਼ੁਰੂ ਕਰਨ 'ਚ ਮਦਦ ਮਿਲ ਸਕਦੀ ਹੈ।

ਭਾਰਤੀ ਦੂਤ ਨੇ ਇਸਰਾਈਲ ਨੂੰ ਪ੍ਰਧਾਨ ਮੰਤਰੀ ਨੇਤਨਯਾਹੂ ਵੱਲੋਂ ਮਈ 'ਚ ਇਸਰਾਇਲੀ ਸੰਸਦ 'ਚ ਦਿੱਤੇ ਭਾਸ਼ਣ 'ਤੇ ਅਮਲ ਕਰਨ ਲਈ ਕਿਹਾ ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਇਸਰਾਈਲ ਸੁਰੱਖਿਆ ਤੇ ਮਾਨਤਾ ਦੇ ਇਵਜ਼ ਵਿਚ ਜ਼ਮੀਨ 'ਤੇ ਸੌਦਾ ਕਰਨ ਬਾਰੇ ਸੋਚ ਸਕਦਾ ਹੈ।



ਇਸਰਾਈਲ ਵੱਲੋਂ ਪਿਛਲੇ ਸਤੰਬਰ 'ਚ ਬਸਤੀਆਂ ਦੀ ਸਰਗਰਮੀ 'ਤੇ 10 ਮਹੀਨੇ ਤੋਂ ਲੱਗੀ ਰੋਕ ਦੀ ਮਿਆਦ ਵਧਾਉਣ ਤੋਂ ਮਨ੍ਹਾ ਕਰਨ 'ਤੇ ਫਲਸਤੀਨ ਦੇ ਰਾਸ਼ਟਰਪਤੀ ਮਹਿਮੂਦ ਅੱਬਾਸ ਨੇ ਇਸਰਾਈਲ ਧਿਰ ਨਾਲ ਸਿੱਧੀ ਗੱਲਬਾਤ ਸ਼ੁਰੂ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਸ. ਪੁਰੀ ਨੇ ਕਿਹਾ ਕਿ ਇਸਰਾਈਲ ਤੇ ਫਲਸਤੀਨ ਕੋਲ ਸਤੰਬਰ 2011 ਤੱਕ ਢੁਕਵੇਂ ਕਦਮ ਚੁੱਕਣ ਤੇ ਅਮਨ ਵਾਰਤਾ ਮੁੜ ਸ਼ੁਰੂ ਕਰਨ ਲਈ ਥੋੜ੍ਹਾ ਸਮਾਂ ਰਹਿ ਗਿਆ ਤੇ ਵਧ ਰਹੀ ਨਾਉਮੀਦੀ ਕਾਰਨ ਮਾਮਲਾ ਦੋਵੇਂ ਧਿਰਾਂ ਦੇ ਹੱਥੋਂ ਨਿਕਲ ਸਕਦਾ ਹੈ।

ਸਤੰਬਰ ਵਿਚ ਫਲਸਤੀਨੀ ਸੰਯੁਕਤ ਰਾਸ਼ਟਰ ਮਹਾਸਭਾ ਨੂੰ 1967 ਦੀਆਂ ਸਰਹੱਦਾਂ ਵਾਲੇ ਫਲਸਤੀਨੀ ਰਾਜ ਦੀ ਕੌਮਾਂਤਰੀ ਮਾਨਤਾ ਵਾਲੇ ਮਤੇ 'ਤੇ ਵੋਟਿੰਗ ਕਰਾਉਣ ਲਈ ਆਖ ਸਕਦਾ ਹੈ। ਅਮਰੀਕਾ ਤੇ ਇਸਰਾਈਲ ਇਸ ਮਤੇ ਦਾ ਵਿਰੋਧ ਕਰਦੇ ਹਨ ਤੇ ਕਹਿੰਦੇ ਹਨ ਕਿ ਇਹ ਮਾਮਲਾ ਗੱਲਬਾਤ ਰਾਹੀਂ ਸੁਲਝਾਉਣ ਦੀ ਲੋੜ ਹੈ। ਮੱਧ ਪੂਰਬ ਅਮਨ ਵਾਰਤਾ ਬਾਰੇ ਵਿਸ਼ੇਸ਼ ਕੋਆਰਡੀਨੇਟਰ ਰਾਬਰਟ ਸੈਰੀ ਨੇ ਵਾਰਤਾ 'ਚ ਅੜਿੱਕਾ ਪੈਣ ਦੀ ਚਿਤਾਵਨੀ ਦਿੰਦਿਆਂ ਕਿਹਾ ਕਿ ਦੋਵੇਂ ਪਾਸਿਆਂ ਦੇ ਸਿਆਸੀ ਆਗੂ ਆਪੋ-ਆਪਣੀ ਜਨਤਾ ਦੀ ਤਰ੍ਹਾਂ ਹੀ ਨਾਉਮੀਦ ਹਨ। ਉਨ੍ਹਾਂ ਕਿਹਾ ਕਿ ਫਲਸਤੀਨੀ ਅਥਾਰਟੀ ਆਪਣੀ ਕੌਮ ਨੂੰ ਸ਼ਾਸਨ ਦੇਣ ਲਈ ਤਿਆਰ ਹੈ ਪਰ ਇਸਰਾਈਲ ਨਾਲ ਗੱਲਬਾਤ 'ਚ ਅੜਿੱਕਾ ਪੈਣ ਕਰਕੇ ਦੋ-ਰਾਜੀ ਹੱਲ ਬਾਰੇ ਬੇਯਕੀਨੀ ਪੈਦਾ ਕਰ ਦਿੱਤੀ ਹੈ।

# ਜ਼ਮੀਨ ਐਕੁਆਇਰ ਕਰਨ ਬਾਰੇ ਸਖ਼ਤ ਨਿਯਮ ਬਣਨਗੇ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਬੇਸਬਰੀ ਨਾਲ ਉਡੀਕੇ ਜਾ ਰਹੇ ਨਵੇਂ ਭੌਂ ਪ੍ਰਾਪਤੀ ਬਿੱਲ ਦਾ ਖਰੜਾ ਨਸ਼ਰ ਕੀਤਾ ਹੈ।'ਡਰਾਫਟ ਨੈਸ਼ਨਲ ਲੈਂਡ ਐਕਵੀਜ਼ੀਸ਼ਨ ਐਂਡ ਰੀਹੈਬਲੀਟੇਸ਼ਨ ਐਂਡ ਰੀਸੈਟਲਮੈਂਟ ਬਿੱਲ 2011' ਨਾਮੀਂ ਇਸ ਖਰੜੇ ਵਿਚ ਭੌਂ ਪ੍ਰਾਪਤੀ ਬਾਰੇ ਪਾਰਦਰਸ਼ੀ ਤੇ ਕਾਨੂੰਨੀ ਢਾਂਚਾ ਕਾਇਮ ਕਰਨ ਦਾ ਬੰਦੋਬਸਤ ਕੀਤਾ ਗਿਆ ਹੈ ਤਾਂ ਕਿ ਜ਼ਮੀਨ ਦੇ ਮਾਲਕਾਂ ਨੂੰ ਢੁਕਵਾਂ ਮੁਆਵਜ਼ਾ ਦਿੱਤਾ ਜਾ ਸਕੇ ਤੇ ਉਨ੍ਹਾਂ ਦਾ ਮੁੜ ਵਸੇਬਾ ਯਕੀਨੀ ਬਣਾਇਆ ਜਾ ਸਕੇ।

ਨਸ਼ਰ ਕੀਤੇ ਗਏ ਇਸ ਬਿੱਲ ਦੇ ਖਰੜੇ ਵਿਚ ਇਹ ਪ੍ਰਬੰਧ ਹੈ ਕਿ ਜ਼ਮੀਨ ਦੀ ਪ੍ਰਾਪਤੀ ਬਾਰੇ "ਸ਼ਹਿਰੀ ਖੇਤਰਾਂ ਦੇ ਮਾਮਲੇ ਵਿਚ ਮੁਆਵਜ਼ੇ ਦੀ ਰਕਮ ਤੈਅ ਬਾਜ਼ਾਰੀ ਕੀਮਤ ਦੇ ਦੁਗਣੇ ਤੋਂ ਘੱਟ ਨਹੀਂ ਹੋਣੀ ਚਾਹੀਦੀ ਜਦੋਂਕਿ ਪੇਂਡੂ ਖੇਤਰਾਂ ਦੇ ਮਾਮਲੇ ਵਿਚ ਇਹ ਅਸਲ ਬਾਜ਼ਾਰੀ ਕੀਮਤ ਤੋਂ ਛੇ ਗੁਣਾਂ ਤੋਂ ਘੱਟ ਨਹੀਂ ਹੋਣੀ ਚਾਹੀਦੀ। ਖਰੜੇ ਵਿਚ ਕਿਹਾ ਗਿਆ ਹੈ ਕਿ ਜੇ ਸਰਕਾਰ ਵੱਲੋਂ ਜਨਤਕ ਮਕਸਦ ਲਈ ਨਿੱਜੀ ਕੰਪਨੀਆਂ ਵਾਸਤੇ ਜ਼ਮੀਨ ਐਕੁਆਇਰ ਕੀਤੀ ਜਾਂਦੀ ਹੈ ਜਾਂ ਕੌਮੀ ਸ਼ਾਹਰਾਹ ਤੋਂ ਬਿਨਾਂ ਹੋਰ ਕਿਸੇ ਜਨਤਕ ਮਕਸਦ ਲਈ ਪ੍ਰਾਪਤ ਕੀਤੀ ਜਾਂਦੀ ਹੈ ਤਾਂ ਭੌਂ ਪ੍ਰਾਪਤੀ ਕਾਰਨ ਪ੍ਰਭਾਵਤ ਹੋਣ ਵਾਲੇ ਪਰਿਵਾਰਾਂ ਵਿਚੋਂ 80 ਫੀਸਦੀ ਦੀ ਰਜ਼ਾਮੰਦੀ ਲੈਣੀ ਲਾਜ਼ਮੀ ਹੋਵਗੀ। ਇਸ ਵਿਚ ਇਹ ਵੀ ਬੰਦੋਬਸਤ ਹੈ ਕਿ ਇਕ ਵਾਰੀ ਤੈਅ ਕੀਤੇ ਗਏ ਜਨਤਕ ਮਕਸਦ ਨੂੰ ਬਦਲਿਆ ਨਹੀਂ ਜਾ ਸਕੇਗਾ।

ਖਰੜੇ ਵਿਚ ਇਹ ਵੀ ਬੰਦੋਬਸਤ ਹੈ ਕਿ ਕਿਸੇ ਵੀ ਹਾਲਤ ਵਿਚ ਬਹੁ-ਫਸਲੀ ਤੇ ਸਿੰਚਾਈ ਵਾਲੀ ਫਸਲ ਐਕੁਆਇਰ ਨਹੀਂ ਕੀਤੀ ਜਾ ਸਕੇਗੀ। ਅਜਿਹੀਆਂ ਬਹੁਤੀਆਂ ਜ਼ਮੀਨਾਂ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਪੱਛਮੀ ਬੰਗਾਲ ਤੇ ਬਿਹਾਰ ਵਿਚ ਹਨ। ਇਸ ਦੇ ਨਾਲ ਹੀ ਸਰਕਾਰ ਨਿੱਜੀ ਕੰਪਨੀਆਂ ਲਈ ਨਿੱਜੀ ਮਕਸਦ ਵਾਸਤੇ ਹਰਗਿਜ਼ ਜ਼ਮੀਨ ਐਕੁਆਇਰ ਨਹੀਂ ਕਰ ਸਕੇਗੀ।

# ਸੁਪਰੀਮ ਕੋਰਟ ਨੇ ਚੋਣਾਂ ਤੋਂ ਪਹਿਲਾਂ ਮੁਫਤ ਸਕੀਮਾਂ 'ਤੇ ਸ਼ਿਕੰਜਾ ਕੱਸਿਆ

**ਨਵੀਂ ਦਿੱਲੀ:** ਸੁਪਰੀਮ ਕੋਰਟ ਦੇ ਰੁਖ਼ ਨੂੰ ਦੇਖਦਿਆਂ ਜਾਪਦਾ ਹੈ ਕਿ ਆਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਲਈ ਸਿਆਸੀ ਪਾਰਟੀਆਂ ਪਹਿਲਾਂ ਵਾਂਗ ਵੋਟਰਾਂ ਨੂੰ ਲੁਭਾਉਣ ਲਈ ਮੁਫਤ ਸਹੂਲਤਾਂ ਤੇ ਸਕੀਮਾਂ ਦੇਣ ਦੇ ਐਲਾਨ ਨਹੀਂ ਕਰ ਸਕਣਗੀਆਂ। ਸੁਪਰੀਮ ਕੋਰਟ ਨੇ ਅਹਿਮ ਫੈਸਲੇ 'ਚ ਕਿਹਾ ਕਿ ਤਾਮਿਲਨਾਡੂ ਵਿਚ ਸਿਆਸੀ ਪਾਰਟੀਆਂ ਵੱਲੋਂ ਚੋਣ ਦਰ ਚੋਣ ਅਜਿਹੇ ਤਰੀਕੇ ਅਪਣਾਏ ਜਾਣ ਦੇ ਮੱਦੇਨਜ਼ਰ ਅਦਾਲਤ ਵੱਲੋਂ ਇਸ ਬਾਰੇ ਸੇਧਾਂ ਤੈਅ ਕੀਤੀਆਂ ਜਾਣਗੀਆਂ।

ਸੁਪਰੀਮ ਕੋਰਟ ਦੇ ਜੱਜ ਜਸਟਿਸ ਪੀ. ਸਦਾਸ਼ਿਵਮ ਤੇ ਜਸਟਿਸ ਬੀ.ਐਸ. ਚੌਹਾਨ 'ਤੇ ਆਧਾਰ ਬੈਂਚ ਨੇ ਕਿਹਾ ਕਿ ਉਨ੍ਹਾਂ ਵੱਲੋਂ ਇਸ ਗੱਲ ਦਾ ਫੈਸਲਾ ਕੀਤਾ ਜਾਵੇਗਾ ਕਿ ਸੰਵਿਧਾਨ ਜਾਂ ਕਾਨੂੰਨ ਵਿਚ ਅਜਿਹਾ ਕੋਈ ਬੰਦੋਬਸਤ ਹੈ ਜਿਸ ਤਹਿਤ ਸਿਆਸੀ ਪਾਰਟੀਆਂ ਵੱਲੋਂ ਚੋਣਾਂ ਤੋਂ ਪਹਿਲਾਂ ਆਪਣੇ ਚੋਣ ਮਨੋਰਥ ਪੱਤਰਾਂ ਵਿਚ ਮੁਫਤ ਸਕੀਮਾਂ ਦਾ ਐਲਾਨ ਕਰਕੇ ਵੋਟਰਾਂ ਨੂੰ ਲੁਭਾਇਆ ਜਾ ਸਕਦਾ ਹੈ।

ਅਦਾਲਤ ਨੇ ਇਹ ਟਿੱਪਣੀਆਂ ਤਾਮਿਲਨਾਡੂ ਵਿਚ ਐਨ. ਕਰੁਨਾਨਿਧੀ ਦੀ ਅਗਵਾਈ ਵਾਲੀ ਡੀ.ਐਮ.ਕੇ. ਤੇ ਮੁੱਖ ਮੰਤਰੀ ਜੇ. ਜੈਲਲਿਤਾ ਦੀ ਅਗਵਾਈ ਵਾਲੀ ਅੰਨਾ ਡੀ.ਐਮ.ਕੇ. ਵੱਲੋਂ ਹਰ ਵਾਰ ਚੋਣਾਂ ਵਿਚ ਅਜਿਹੀਆਂ ਨੀਤੀਆਂ ਅਪਣਾਏ ਜਾਣ ਖਿਲਾਫ ਦਾਇਰ ਪਟੀਸ਼ਨ ਦੀ ਸੁਣਵਾਈ ਕਰਦਿਆਂ ਕੀਤੀਆਂ।

# ਭਾਰਤੀ ਵਿਦਿਆਰਥੀਆਂ ਨੂੰ ਵੀਜ਼ਾ ਗਰੋਹਾਂ ਤੋਂ ਚੌਕਸ ਰਹਿਣ ਦੀ ਹਦਾਇਤ

**ਵਾਸ਼ਿੰਗਟਨ:** ਅਮਰੀਕੀ ਅਧਿਕਾਰੀਆਂ ਨੇ ਅਮਰੀਕਾ ਆਉਣ ਦੀ ਯੋਜਨਾ ਬਣਾ ਰਹੇ ਭਾਰਤੀ ਵਿਦਿਆਰਥੀਆਂ ਨੂੰ ਵੀਜ਼ਾ ਫਰਾਡ ਤੇ ਜਾਅਲੀ ਦਸਤਾਵੇਜ਼ਾਂ ਵਾਲੇ ਸਰਗਰਮ ਗਰੋਹਾਂ ਤੋਂ ਸੁਚੇਤ ਰਹਿਣ ਲਈ ਆਖਿਆ ਹੈ। ਇਕ ਹੋਰ ਅਮਰੀਕੀ ਯੂਨੀਵਰਸਿਟੀ 'ਤੇ ਵੀਜ਼ਾ ਫਰਾਡ ਦੇ ਦੋਸ਼ ਲੱਗਣ ਕਰਕੇ ਇਹ ਬਿਆਨ ਅਹਿਮ ਮੰਨਿਆ ਜਾ ਰਿਹਾ ਹੈ।

ਵਿਦੇਸ਼ ਵਿਭਾਗ ਦੇ ਬੁਲਾਰੇ ਮਾਰਕ ਟੋਨਰ ਨੇ ਪ੍ਰੈਸ ਕਾਨਫਰੰਸ ਵਿਚ ਆਖਿਆ ਕਿ ਭਾਰਤੀ ਵਿਦਿਆਰਥੀਆਂ ਨੂੰ ਵੀਜ਼ਾ ਫਰਾਡ ਗਰੋਹਾਂ ਤੇ ਫਰਜ਼ੀ ਦਸਤਾਵੇਜ਼ ਤਿਆਰ ਕਰਨ ਵਾਲਿਆਂ ਤੋਂ ਖ਼ਬਰਦਾਰ ਕੀਤਾ ਗਿਆ ਹੈ। ਟੋਨਰ ਨੇ ਕਿਹਾ ਕਿ ਅਮਰੀਕਾ ਯੂਨੀਵਰਸਿਟੀ ਆਫ ਨਾਰਥ ਵਰਜੀਨੀਆ ਤੇ ਸੰਘੀ ਅਧਿਕਾਰੀਆਂ ਵੱਲੋਂ ਮਾਰੇ ਛਾਪੇ ਦੇ ਮੁੱਦਿਆਂ ਦੀ ਘੋਖ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕੇਸ 'ਤੇ ਨੇੜਿਓਂ ਅੱਖ ਰੱਖੀ ਜਾ ਰਹੀ ਹੈ। ਇਸ ਬਾਰੇ ਭਾਰਤ ਸਰਕਾਰ ਨਾਲ ਰਾਬਤਾ ਬਣਿਆ ਹੋਇਆ ਹੈ।

ਉਧਰ ਅਮਰੀਕਾ 'ਚ ਆਪਣੇ ਦਫਤਰਾਂ 'ਤੇ ਅਧਿਕਾਰੀਆਂ ਦੇ ਛਾਪੇ ਵੱਜਣ ਤੋਂ ਇਕ ਦਿਨ ਬਾਅਦ ਨਾਰਦਰਨ ਵਰਜੀਨੀਆ ਯੂਨੀਵਰਸਿਟੀ ਨੇ ਕਿਹਾ ਹੈ ਕਿ ਇਸ ਦਾ ਕੰਮਕਾਜ ਤੇ ਪੜ੍ਹਾਈ ਆਮ ਵਾਂਗ ਜਾਰੀ ਹਨ।

ਯੂਨੀਵਰਸਿਟੀ ਨੇ ਦੱਸਿਆ ਹੈ ਕਿ 1998 ਵਿਚ ਆਪਣੇ ਦੁਆਰ ਖੋਲ੍ਹਣ ਤੋਂ ਲੈ ਕੇ ਹੁਣ ਤੱਕ ਇਹ ਸੰਘੀ ਤੇ ਸੂਬਾਈ ਅਧਿਕਾਰੀਆਂ ਨਾਲ ਤਾਲਮੇਲ ਰੱਖਦੀ ਆਈ ਹੈ। ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ (ਆਈ.ਸੀ.ਈ.) ਤੇ ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ (ਐਫ.ਬੀ.ਆਈ.) ਦੇ ਦਰਜਨਾਂ ਅਧਿਕਾਰੀਆਂ ਨੇ 26 ਜੁਲਾਈ ਨੂੰ ਯੂਨੀਵਰਸਿਟੀ ਦੇ ਐਨਨਡੇਲ ਕੈਂਪਸ 'ਤੇ ਛਾਪਾ ਮਾਰਿਆ ਸੀ ਤੇ ਇਸ ਦੀ ਪ੍ਰਸ਼ਾਸਕੀ ਡਿਵੀਜ਼ਨ ਵਿਚੋਂ ਦਸਤਾਵੇਜ਼ਾਂ ਦੇ ਬਕਸੇ ਤੇ ਕੰਪਿਊਟਰ ਹਾਰਡ ਡ੍ਰਾਈਵਾਂ ਲੈ ਗਏ ਸਨ।

ਆਈ.ਸੀ.ਈ. ਦੀ ਤਰਜਮਾਨ ਕੋਰੀ ਡਬਲਿਊ. ਬੈਸਟ ਨੇ ਕਿਹਾ ਸੀ ਕਿ ਆਈ.ਸੀ.ਈ. ਦੀ ਸਟੂਡੈਂਟ ਐਂਡ ਐਕਸਚੇਂਜ ਵਿਜ਼ਟਰ ਪ੍ਰੋਗਰਾਮ ਨੇ ਯੂ.ਐਨ.ਵੀ.ਏ. ਨੂੰ ਵਿਦੇਸ਼ੀ ਵਿਦਿਆਰਥੀ ਦਾਖਲ ਕਰਨ ਦਾ ਲਾਇਸੈਂਸ ਵਾਪਸ ਲੈਣ ਬਾਰੇ ਨੋਟਿਸ ਦਿੱਤਾ ਹੈ।

# ਕੇਂਦਰ ਵੱਲੋਂ ਮਨਮਰਜ਼ੀ ਦੇ ਲੋਕਪਾਲ ਬਿੱਲ ਨੂੰ ਮਨਜ਼ੂਰੀ

**ਨਵੀਂ ਦਿੱਲੀ:** ਕੇਂਦਰੀ ਮੰਤਰੀ ਮੰਡਲ ਨੇ ਸਰਕਾਰੀ ਕਮੇਟੀ ਵੱਲੋਂ ਤਿਆਰ ਲੋਕਪਾਲ ਬਿੱਲ ਨੂੰ ਮਨਜ਼ੂਰੀ ਦੇ ਦਿੱਤੀ ਹੈ। ਪ੍ਰਧਾਨ ਮੰਤਰੀ ਨੂੰ ਕਾਰਜਕਾਲ ਦੌਰਾਨ ਇਸ ਬਿੱਲ ਦੇ ਘੇਰੇ ਵਿਚੋਂ ਬਾਹਰ ਰੱਖਿਆ ਗਿਆ ਹੈ। ਇਹੀ ਨਹੀਂ ਉੱਚ ਨਿਆਂਪਾਲਿਕਾ ਤੇ ਸੰਸਦ ਮੈਂਬਰਾਂ ਦੇ ਸੰਸਦ ’ਚ ਅਚਾਰ ਵਿਵਹਾਰ ਨੂੰ ਵੀ ਇਸ ਬਿੱਲ ਦੀ ਗ੍ਰਿਫਤ ਤੋਂ ਬਾਹਰ ਰੱਖਿਆ ਗਿਆ ਹੈ। ਸਰਕਾਰੀ ਤਰਜਮਾਨ ਅਨੁਸਾਰ ਸਿਵਲ ਸੁਸਾਇਟੀ ਵੱਲੋਂ ਅੰਨਾ ਹਜ਼ਾਰੇ ਦੀ ਅਗਵਾਈ ’ਚ ਤਿੰਨ ਮਹੀਨੇ ਪਹਿਲਾਂ ਇਸ ਨੂੰ ਲੈ ਕੇ ਮੁਹਿੰਮ ਚਲਾਈ ਗਈ ਸੀ। ਇਸ ਟੀਮ ਵੱਲੋਂ ਪ੍ਰਸਤਾਵਿਤ ਜਨ ਲੋਕਪਾਲ ਬਿੱਲ ਵਿਚਲੀਆਂ ਕੁਝ ਤਜਵੀਜ਼ਾਂ ਵੀ ਨਵੇਂ ਮਨਜ਼ੂਰਸ਼ੁਦਾ ਬਿੱਲ ’ਚ ਸ਼ੁਮਾਰ ਕੀਤੀਆਂ ਗਈਆਂ ਹਨ। ਇਹ ਬਿੱਲ ਕਿਸੇ ਵੀ ਕੇਂਦਰੀ ਮੰਤਰੀ ਜਾਂ ਗਰੁੱਪ ਦੇ ਕਿਸੇ ਅਧਿਕਾਰੀ ਜਾਂ ਇਸ ਤੋਂ ਵੀ ਵੱਡਿਆਂ ਵਿਰੁੱਧ ਬਿਨਾਂ ਕਿਸੇ ਪ੍ਰਵਾਨਗੀ ਦੇ ਲੋਕਪਾਲ ਨੂੰ ਜਾਂਚ-ਪੜਤਾਲ ਕਰਨ ਦੀ ਅਗਿਆ ਦਿੰਦਾ ਹੈ।

**ਪ੍ਰਧਾਨ ਮੰਤਰੀ ਬਿੱਲ ਦੇ ਘੇਰੇ ’ਚੋਂ ਬਾਹਰ**

ਸੂਚਨਾ ਤੇ ਪ੍ਰਸਾਰਨ ਮੰਤਰੀ ਅੰਬਿਕਾ ਸੋਨੀ ਨੇ ਦੱਸਿਆ ਕਿ ਮੀਟਿੰਗ ’ਚ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਇਹ ਜ਼ੋਰ ਪਾਇਆ ਸੀ ਕਿ ਉਨ੍ਹਾਂ ਦੇ ਦਫਤਰ ਨੂੰ ਵੀ ਬਿੱਲ ਦੇ ਘੇਰੇ ’ਚ ਸ਼ੁਮਾਰ ਕੀਤਾ ਜਾਵੇ। ਮੰਤਰੀ ਮੰਡਲ ਨੇ ਉਨ੍ਹਾਂ ਦੀ ਗੱਲ 'ਬੜੇ ਸਤਿਕਾਰ ਨਾਲ' ਸੁਣੀ ਪਰ ਇਸ ਤਜਵੀਜ਼ ਦੇ ਪੈਣ ਵਾਲੇ ਉਲਟ ਪ੍ਰਭਾਵਾਂ ’ਤੇ ਕਿਸੇ ਵੀ ਸਰਕਾਰ ਦੀ ਸਥਿਰਤਾ ਤੇ ਨਿਸ਼ਚਿਤਤਾ ਦੇ ਮਾਮਲੇ ’ਤੇ ਵਿਚਾਰ ਕਰਦਿਆਂ ਇਹ ਮੰਨਣੋਂ ਨਾਂਹ ਕਰ ਦਿੱਤੀ। ਲੋਕਪਾਲ ਇਕ ਚੇਅਰਪਰਸਨ ਤੇ 8 ਮੈਂਬਰਾਂ ਦਾ ਸਮੂਹ ਹੋਵੇਗਾ ਜਿਨ੍ਹਾਂ ’ਚੋਂ ਅੱਧੇ ਨਿਆਂਪਾਲਿਕਾ ’ਚੋਂ ਹੋਣਗੇ। ਲੋਕਪਾਲ ਦਾ ਆਪਣਾ ਪ੍ਰਾਸੀਕਿਊਸ਼ਨ ਤੇ ਜਾਂਚ ਵਿੰਗ ਹੋਵੇਗਾ ਤੇ ਇਸ ਦੇ ਅਧਿਕਾਰੀ ਤੇ ਸਟਾਫ ਹੋਵੇਗਾ।

ਚੇਅਰਪਰਸਨ, ਸੇਵਾਮੁਕਤ ਜਾਂ ਕਾਰਜਸ਼ੀਲ ਚੀਫ ਜਸਟਿਸ ਆਫ ਇੰਡੀਆ ਹੋਵੇਗਾ। ਮੈਂਬਰਾਂ ’ਚ ਸੁਪਰੀਮ ਕੋਰਟ ਦੇ ਜੱਜ ਜਾਂ ਸਾਬਕਾ ਜੱਜ, ਹਾਈ ਕੋਰਟਾਂ ਦੇ ਚੀਫ ਜਸਟਿਸ ਸ਼ਾਮਲ ਹੋਣਗੇ। ਭ੍ਰਿਸ਼ਟਾਚਾਰ ਤੇ ਚੌਕਸੀ ਨਾਲ ਨਜਿੱਠਦੇ ਰਹੇ 25 ਸਾਲ ਦੇ ਪ੍ਰਸ਼ਾਸਕੀ ਤਜਰਬੇ ਵਾਲੇ ਬੇਦਾਗ ਤੇ ਦਿਆਨਤਦਾਰ ਅਧਿਕਾਰੀ ਵੀ ਲੋਕਪਾਲ ’ਚ ਸ਼ਾਮਲ ਹੋਣਗੇ।

ਇਹ ਬਾਡੀ ਪ੍ਰਧਾਨ ਮੰਤਰੀ ਦੇ ਅਹੁਦਾ ਛੱਡਣ ਮਗਰੋਂ ਹੀ ਉਹਦੇ ’ਤੇ ਲੱਗਦੇ ਦੋਸ਼ਾਂ ਦੀ ਜਾਂਚ ਕਰ ਸਕੇਗੀ। ਮੰਤਰੀਆਂ, ਸੰਸਦ ਮੈਂਬਰਾਂ ਤੇ ਏ ਗਰੁੱਪ ਦੇ ਅਫਸਰਾਂ ਵਿਰੁੱਧ ਭ੍ਰਿਸ਼ਟਾਚਾਰ ਬਾਰੇ ਜਾਂਚ ਲਈ ਲੋਕਪਾਲ ਨੂੰ ਕਿਤਿਓਂ ਪ੍ਰਵਾਨਗੀ ਲੈਣ ਦੀ ਲੋੜ ਨਹੀਂ ਹੋਵੇਗੀ।

## ਲੋਕਪਾਲ ਬਿੱਲ ਲੋਕਾਂ ਨਾਲ ਧੋਖਾ: ਅੰਨਾ ਹਜ਼ਾਰੇ



**ਨਵੀਂ ਦਿੱਲੀ:** ਸਿਵਲ ਸੁਸਾਇਟੀ ਤੇ ਖੱਬੀਆਂ ਪਾਰਟੀਆਂ ਦੇ ਆਗੂਆਂ ਨੇ ਕੇਂਦਰੀ ਵਜ਼ਾਰਤ ਵੱਲੋਂ ਪਾਸ ਕੀਤੇ ਲੋਕ ਬਿੱਲ ਦੇ ਖਰੜੇ ’ਤੇ ਸਖ਼ਤ ਇਤਰਾਜ਼ ਪ੍ਰਗਟ ਕਰਦਿਆਂ ਕਿਹਾ ਹੈ ਕਿ ਉਹ ਇਸ ਖਰੜੇ ਨੂੰ ਪ੍ਰਵਾਨ ਨਹੀਂ ਕਰਦੇ। ਸਿਵਲ ਸੁਸਾਇਟੀ ਨੇ ਬਿੱਲ ਦੇ ਖਰੜੇ ਨੂੰ ਲੋਕਾਂ ਨਾਲ ਧੋਖਾ ਦੱਸਦਿਆਂ ਐਲਾਨ ਕੀਤਾ ਹੈ ਕਿ ਗਾਂਧੀਵਾਦੀ ਨੇਤਾ ਅੰਨਾ ਹਜ਼ਾਰੇ ਦੀ ਅਗਵਾਈ ਹੇਠ ਸ਼ਕਤੀਸ਼ਾਲੀ ਲੋਕਪਾਲ ਬਣਾਉਣ ਲਈ 16 ਅਗਸਤ ਤੋਂ ਮੁੜ ਅੰਦੋਲਨ ਛੇੜ ਦਿੱਤਾ ਜਾਵੇਗਾ। ਇਸ ਲਈ ਕੇਂਦਰ ਸਰਕਾਰ ਨੂੰ ਲੋਕਪਾਲ ਦੇ ਮੁੱਦੇ ’ਤੇ ਮੁੜ ਅੰਦੋਲਨ ਦਾ ਸਾਹਮਣਾ ਕਰਨਾ ਪਵੇਗਾ।

ਸਿਵਲ ਸੁਸਾਇਟੀ ਦੇ ਆਗੂ ਹਜ਼ਾਰੇ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਨੇ ਬਿੱਲ ਦੇ ਮਾਮਲੇ ’ਤੇ ਉਸ ਨਾਲ ਤੇ ਦੇਸ਼ ਨਾਲ ਧੋਖਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਬਿੱਲ ਵਿਚ ਉਹ ਧਾਰਾਵਾਂ ਸ਼ਾਮਲ ਨਹੀਂ ਕੀਤੀਆਂ ਜਿਨ੍ਹਾਂ ਲਈ ਸਿਵਲ ਸੁਸਾਇਟੀ ਪਿਛਲੇ ਕਾਫੀ ਅਰਸੇ ਤੋਂ ਸੰਘਰਸ਼ ਕਰਦੀ ਆ ਰਹੀ ਹੈ। ਉਨ੍ਹਾਂ ਕਿਹਾ ਕਿ ਬਿੱਲ ’ਤੇ ਵਿਚਾਰ-ਵਟਾਂਦਰੇ ਸਮੇਂ ਕੇਂਦਰ ਸਰਕਾਰ ਦੇ ਮੰਤਰੀਆਂ ਨੂੰ ਕਿਹਾ ਸੀ ਕਿ ਸੀ.ਬੀ.ਆਈ. ਨੂੰ ਵੀ ਲੋਕਪਾਲ ਬਿੱਲ ਦੇ ਘੇਰੇ ਵਿਚ ਲਿਆਂਦਾ ਜਾਵੇ ਤੇ ਇਸ ਗੱਲ ’ਤੇ ਸਹਿਮਤੀ ਹੋਈ ਸੀ ਕਿ ਕੇਂਦਰੀ ਵਜ਼ਾਰਤ ਵਿਚ ਵਿਚਾਰ-ਵਟਾਂਦਰੇ ਸਮੇਂ ਸੀ.ਬੀ.ਆਈ. ਨੂੰ ਸ਼ਾਮਲ ਕਰ ਲਿਆ ਜਾਵੇਗਾ ਪਰ ਅਜਿਹਾ ਕੁਝ ਨਹੀਂ ਵਾਪਰਿਆ। ਸਿਵਲ ਸੁਸਾਇਟੀ ਦੀ ਆਗੂ ਤੇ ਸਾਬਕਾ ਪੁਲੀਸ ਅਧਿਕਾਰੀ ਕਿਰਨ ਬੇਦੀ ਨੇ ਸਰਕਾਰ ’ਤੇ ਤਿੱਖਾ ਹਮਲਾ ਕਰਦਿਆਂ ਕਿਹਾ ਹੈ ਕਿ ਸਰਕਾਰ ਨੇ ਲੋਕਪਾਲ ਬਿੱਲ ਦਾ ਜਿਹੜਾ ਖਰੜਾ ਪਾਸ ਕੀਤਾ ਹੈ, ਉਹ ਲੋਕਪਾਲ ਨਹੀਂ ਸਗੋਂ ਜੋਕਪਾਲ ਹੈ। ਦੇਸ਼ ਦੇ ਲੋਕਾਂ ਨਾਲ ਧੋਖਾ ਹੈ। ਮੌਜੂਦਾ ਰੂਪ ਵਿਚ ਇਸ ਬਿੱਲ ਨੂੰ ਪਾਸ ਕਰਨ ਨਾਲ ਦੇਸ਼ ’ਤੇ ਬੜਾ ਮਾੜਾ ਪ੍ਰਭਾਵ ਪਵੇਗਾ। ਉਨ੍ਹਾਂ ਕਿਹਾ ਕਿ ਲੋਕਪਾਲ ਦੇ ਘੇਰੇ ਵਿਚੋਂ ਪ੍ਰਧਾਨ ਮੰਤਰੀ ਨੂੰ ਬਾਹਰ ਰੱਖ ਲਿਆ ਗਿਆ ਹੈ ਤੇ ਹੁਣ ਸੂਬੇ ਜਿਹੜਾ ਲੋਕਪਾਲ ਬਿੱਲ ਤਿਆਰ ਕਰਨਗੇ, ਉਹ ਵੀ ਆਪਣੇ ਸੂਬਿਆਂ ਦੇ ਮੁੱਖ ਮੰਤਰੀਆਂ ਨੂੰ ਇਸ ਦੇ ਘੇਰੇ ਤੋਂ ਬਾਹਰ ਕਰ ਲੈਣਗੇ।

ਭਾਰਤੀ ਜਨਤਾ ਪਾਰਟੀ ਦੇ ਜਨਰਲ ਸਕੱਤਰ ਰਵੀ ਸ਼ੰਕਰ ਪ੍ਰਸਾਦ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਪ੍ਰਧਾਨ ਮੰਤਰੀ ਦਫਤਰ ਨਾਲ ਜੁੜੇ ਦੋ ਤਿੰਨ ਵਿਭਾਗਾਂ ਨੂੰ ਛੱਡ ਕੇ ਬਾਕੀ ਪ੍ਰਧਾਨ ਮੰਤਰੀ ਦਫਤਰ ਨੂੰ ਲੋਕਪਾਲ ਦੇ ਘੇਰੇ ਵਿਚ ਲਿਆਉਣ ਦੀ ਮੰਗ ਕਰਦੀ ਰਹੀ ਹੈ ਪਰ ਸਰਕਾਰ ਨੇ ਅਜਿਹਾ ਨਹੀਂ ਕੀਤਾ।

ਖੱਬੀਆਂ ਪਾਰਟੀਆਂ ਨੇ ਮੌਜੂਦਾ ਰੂਪ ਵਿਚ ਬਿੱਲ ਨੂੰ ਰੱਦ ਕੀਤਾ ਹੈ। ਭਾਰਤੀ ਕਮਿਊਨਿਸਟ ਪਾਰਟੀ ਦੀ ਕੌਮੀ ਸਕੱਤਰ ਅਮਰਜੀਤ ਕੌਰ ਨੇ ਕਿਹਾ ਕਿ ਭ੍ਰਿਸ਼ਟਾਚਾਰ ਨਾਲ ਲੜਾਈ ਲੜਨ ਲਈ ਕਈ ਹੋਰ ਕਾਨੂੰਨ ਹਨ ਪਰ ਲੋਕਪਾਲ ਬਿੱਲ ਇਸ ਕਰਕੇ ਹੀ ਲਿਆਉਣ ’ਤੇ ਜ਼ੋਰ ਦਿੱਤਾ ਸੀ ਕਿਉਂਕਿ ਵੱਡੇ ਨੇਤਾ ਤੇ ਵੱਡੀ ਅਫਸਰਸ਼ਾਹੀ ਨੂੰ ਨੱਥ ਪਾਉਣ ਲਈ ਸਖ਼ਤ ਕਾਨੂੰਨ ਚਾਹੀਦਾ ਸੀ।

# ਸੀਰੀਆ ਦੇ ਬਾਗ਼ੀ ਸ਼ਾਇਰ ਇਬਰਾਹਿਮ ਦੀ ਹੱਤਿਆ

**ਬੈਰੂਤ:** ਸੀਰੀਆ ਦੇ ਅੰਦੋਲਨਕਾਰੀਆਂ ਦਾ ਰੋਹ ਆਪਣੀਆਂ ਕਵਿਤਾਵਾਂ ਨਾਲ ਹੋਰ ਬੁਲੰਦ ਕਰਨ ਵਾਲੀ ਆਵਾਜ਼ ਸਦਾ ਲਈ ਬੰਦ ਹੋ ਗਈ ਹੈ। ਇਬਰਾਹਿਮ ਕਸ਼ੌਸ਼ ਨੂੰ ਅਗਵਾ ਕਰਕੇ ਉਸ ਦੀ ਹੱਤਿਆ ਕਰ ਦਿੱਤੀ ਗਈ ਹੈ। ਇਸ ਸ਼ਾਇਰ ਦੀਆਂ ਨਜ਼ਮਾਂ ਅੰਦੋਨਲਕਾਰੀ ਰੈਲੀਆਂ ਵਿਚ ਗਾਉਂਦੇ ਆ ਰਹੇ ਹਨ। ਇਸ ਸ਼ਾਇਰ ਨੇ ਹੀ ਰਾਸ਼ਟਰਪਤੀ ਬਸ਼ਰ ਅਸਦ ਨੂੰ 'ਉਹਦੇ ਦਿਨ ਪੁੱਗ ਚੁੱਕੇ ਹਨ' ਕਹਿਣ ਦੀ ਜ਼ੁਅਰਤ ਕੀਤੀ ਸੀ। ਉਹ ਦੀ ਲਾਸ਼ ਉਹ ਦੇ ਸ਼ਹਿਰ ’ਚੋਂ ਲੰਘਦੇ ਦਰਿਆ ਵਿਚ ਸੁੱਟ ਦਿੱਤੀ ਗਈ ਸੀ। ਕਾਤਲਾਂ ਨੇ ਬਹੁਤ ਬੇਦਰਦੀ ਨਾਲ ਉਸ ਦਾ ਗਲ ਵੱਢ ਕੇ ਉਸ ਦੀ ਹੱਤਿਆ ਕੀਤੀ।



ਇਬਰਾਹਿਮ ਕਸ਼ੌਸ਼ ਦੀ ਬੇਰਹਿਮੀ ਨਾਲ ਕੀਤੀ ਹੱਤਿਆ ਜ਼ਾਹਿਰ ਕਰਦੀ ਹੈ ਕਿ ਸੀਰੀਆ ਵਿਚ ਗੜਬੜ ਕਿੰਨੀ ਪ੍ਰਚੰਡ ਹੋ ਚੁੱਕੀ ਹੈ ਅਤੇ ਸੱਤਾਧਾਰੀ ਧਿਰ ਲਗਾਤਾਰ ਉਠ ਰਹੀ ਨਾਬਰੀ ਦੀ ਲਹਿਰ ਨੂੰ ਕਿਵੇਂ ਕੁਚਲਣ ਲੱਗੀ ਹੋਈ ਹੈ। ਉਹਦੇ ਨਾਲ ਦੇ ਕਾਰਕੁਨਾਂ ਨੂੰ ਇਹ ਸ਼ੱਕ ਹੈ ਕਿ ਉਸ ਨੂੰ ਸੁਰੱਖਿਆ ਬਲਾਂ ਨੇ ਮਾਰਿਆ ਹੈ ਤੇ ਉਨ੍ਹਾਂ ਨੂੰ ਭੈਅ ਹੈ ਕਿ ਇਹ ਬਾਗੀਆਂ ਨੂੰ ਚੁੱਪ ਕਰਵਾਉਣ ਦੀ ਨਵੀਂ ਮੁਹਿੰਮ ਦਾ ਆਗਾਜ਼ ਹੋ ਸਕਦਾ ਹੈ।

ਸੀਰੀਆ ਵਿਚ ਪਿਛਲੇ ਚਾਰ ਮਹੀਨਿਆਂ ਵਿਚ ਬਸ਼ਰ ਵਿਰੋਧੀ ਰੈਲੀਆਂ ਵਿਚ ਅਮਨ-ਅਮਾਨ ਨਾਲ ਰੋਸ ਪ੍ਰਗਟਾ ਰਹੇ ਲੋਕਾਂ ’ਤੇ ਸੁਰੱਖਿਆ ਬਲਾਂ ਦੇ ਹਮਲਿਆਂ ਵਿਚ ਹੁਣ ਤੱਕ 1600 ਦੇ ਕਰੀਬ ਲੋਕ ਮਾਰੇ ਜਾ ਚੁੱਕੇ ਹਨ। ਕਸ਼ੌਸ਼ ਦਾ ਮਾਮਲਾ ਬੜਾ ਵੱਖਰਾ ਹੈ, ਮਿੱਥ ਕੇ ਇਸ ਸਰਗਰਮ ਅਤੇ ਪ੍ਰਸਿੱਧ ਕਾਰਕੁਨ ਦੀ ਹੱਤਿਆ ਕਰਕੇ ਡਰਾਉਣ ਦਾ ਯਤਨ ਕੀਤਾ ਗਿਆ ਹੈ।

42 ਸਾਲਾ ਕਸ਼ੌਸ਼ ਮੱਧ ਸੀਰੀਆ ਦੇ ਸ਼ਹਿਰ ਹਮਾ ਵਿਚ ਫਾਇਰਮੈਨ ਵਜੋਂ ਕੰਮ ਕਰਦਾ ਸੀ। ਤਿੰਨ ਪੁੱਤਰਾਂ ਦਾ ਪਿਤਾ ਇਹ ਕਾਰਕੁਨ ਬੜਾ ਵਧੀਆ ਸ਼ਾਇਰ ਸੀ। ਉਹ ਦੇ ਇਕ ਮਿੱਤਰ ਸਲੇਹ ਅੱਬੂ ਯਮਨ ਅਨੁਸਾਰ ਬਗਾਵਤ ਦੇ ਉਭਾਰ ਤੋਂ ਪਹਿਲਾਂ ਉਹਦੀਆਂ ਸਾਰੀਆਂ ਨਜ਼ਮਾਂ ਪਿਆਰ ਅਤੇ ਔਖੇ ਆਰਥਿਕ ਹਾਲਾਤ ਬਾਰੇ ਸਨ। ਉਹ ਦੀਆਂ ਨਜ਼ਮਾਂ ਦਿਲ ਨੂੰ ਧੂਹ ਪਾਉਂਦੀਆਂ, ਉਹ ਕਿਤੇ ਵੀ ਮਿੱਤਰ ਮੰਡਲੀ ਵਿਚ ਬੈਠਦਾ ਤੇ ਕਵਿਤਾ ਗੁਣਗੁਣਾਉਣ ਲੱਗਦਾ। ਜਿਉਂ ਹੀ ਸੀਰੀਆ ਵਿਚ ਨਾਬਰੀ ਦੀ ਲਹਿਰ ਜ਼ੋਰ ਫੜਨ ਲੱਗੀ ਤਾਂ ਉਹ ਦੀ ਬਗਾਵਤ ਦੀ ਬਾਤ ਪਾਉਣ ਲੱਗ ਪਈ। ਹਮਾ, ਰੋਸ ਅੰਦੋਲਨਾਂ ਦਾ ਵੱਡਾ ਕੇਂਦਰ ਬਣ ਗਿਆ। ਸ਼ਹਿਰ ਆਪਣੇ ਪੁੱਤਰ ਦੇ ਲਿਖੇ ਬੋਲਾਂ ਨਾਲ ਗੂੰਜਣ ਲੱਗ ਪਿਆ। ਹਰ ਰੋਸ ਪ੍ਰਦਰਸ਼ਨ ਵਿਚ ਭੀੜ ਉਹ ਦਾ ਸਭ ਤੋਂ ਮਸ਼ਹੂਰ ਗੀਤ 'ਦੇਖ, ਬਸ਼ਰ ਪੁੱਗ ਗਏ ਨੇ ਤੇਰੇ ਦਿਨ' ਗਾਉਂਦੀ।

"ਬਸ਼ਰ ਤੇਰੇ ਲਈ ਸ਼ਿਕੰਜਾ  
ਤੈਨੂੰ ਜੋ ਠੋਕਦੇ ਸਲਾਮਾਂ  
ਉਨ੍ਹਾਂ ਲਈ ਫੰਦਾ,  
ਗੁਲਾਮੀਆਂ ਦੇ ਜੁੱਗ ਮੁੱਕ ਗਏ  
ਬਸ਼ਰ ਤੇਰੇ ਦਿਨ ਪੁੱਗ ਗਏ।"

ਹਮਾ ਦੇ ਕੇਂਦਰੀ ਆਸੀ ਚੌਕ ਵਿਚ ਇਸ ਮਹੀਨੇ ਦੇ ਸ਼ੁਰੂ ਵਿਚ ਹੋਈ ਵੱਡੀ ਰੈਲੀ ਵਿਚ ਮੰਚ ’ਤੇ ਇਕ ਗਾਇਕ ਦੇ ਪਿੱਛੇ ਭੀੜ ਇਹ ਬੋਲ ਗੂੰਜ ਰਹੇ ਸਨ। ਦੋ ਦਿਨਾਂ ਮਗਰੋਂ ਤਿੰਨ ਜੁਲਾਈ ਨੂੰ ਕਸ਼ੌਸ਼ ਲਾਪਤਾ ਹੋ ਗਿਆ। ਅੱਬੂ ਯਮਨ ਅਨੁਸਾਰ, ਮੌਕੇ ਦੇ ਗਵਾਹਾਂ ਨੇ ਦੱਸਿਆ ਕਿ ਕਸ਼ੌਸ਼ ਕੰਮ ’ਤੇ ਜਾ ਰਿਹਾ ਸੀ ਕਿ ਇਕ ਸਫੈਦ ਵਾਹਨ ਉਹ ਦੇ ਕੋਲ ਆ ਕੇ ਰੁਕਿਆ। ਕਈ ਆਦਮੀ ਉਸ ਵਿਚੋਂ ਨਿਕਲੇ ਅਤੇ ਧੂਹ ਕੇ ਉਹ ਨੂੰ ਗੱਡੀ ਵਿਚ ਸੁੱਟ ਕੇ ਫਰਾਰ ਹੋ ਗਏ। ਸਭ ਨੂੰ ਫੌਰੀ ਪਤਾ ਲੱਗ ਗਿਆ ਕਿ ਉਹ ਨੂੰ ਸੁਰੱਖਿਆ ਏਜੰਟਾਂ ਨੇ ਫੜ ਲਿਆ ਹੈ। ਅਗਲੇ ਦਿਨ ਸੁਵੱਖਤੇ ਹਮਾ ਦੇ ਵਿਚਾਲਿਓਂ ਲੰਘਦੇ ਦਰਿਆ ਓਰੋਂਟਸ ਵਿਚ ਉਹ ਦੀ ਲਾਸ਼ ਪਈ ਮਿਲੀ ਸੀ। ਉਹ ਦਾ ਗਲਾ ਕੱਟਿਆ ਹੋਇਆ ਸੀ। ਯੂ-ਟਿਊਬ ’ਤੇ ਪਾਈ ਗਈ ਉਹ ਦੀ ਤਸਵੀਰ ਵਿਚ ਉਹ ਬੈੱਡ ’ਤੇ ਪਿਆ ਹੈ, ਕੱਟ ਕਾਰਨ ਉਹਦਾ ਸਿਰ ਢਿੱਲਾ ਜਿਹਾ ਲਟਕ ਰਿਹਾ ਹੈ। ਗਲੇ ’ਤੇ ਵੱਡਾ ਜ਼ਖਮ ਹੈ। ਲੋਕਲ ਕੁਆਰਡੀਨੇਸ਼ਨ ਕਮੇਟੀਆਂ ਦੇ ਤਰਜਮਾਨ ਉਮਰ ਇਦੀਲਬੀ ਨੇ ਇਹਨੂੰ ਨਿਰੀ ਮੁਜਰਮਾਨਾ ਕਾਰਵਾਈ ਕਿਹਾ ਹੈ।

## ਪੰਜਾਬੀ ਅਖ਼ਬਾਰ ’ਚ ਕੰਮ ਕਰਦੀ ਔਰਤ ਦਾ ਪਤੀ ਵੱਲੋਂ ਕਤਲ

**ਟੋਰਾਂਟੋ:** ਕੈਨੇਡਾ ਦੇ ਇਕ ਪੰਜਾਬੀ ਅਖ਼ਬਾਰ ਵਿਚ ਕੰਮ ਕਰਦੀ ਇਕ ਵਿਆਹੁਤਾ ਔਰਤ ਦਾ ਉਸ ਦੇ ਦਫ਼ਤਰ ਵਿਚ ਜਾ ਕੇ ਉਸ ਦੇ ਪਤੀ ਨੇ ਮੀਟ ਕੱਟਣ ਵਾਲਾ ਦਾਤਰ ਮਾਰ ਕੇ ਕਤਲ ਕਰ ਦਿੱਤਾ। ਇਸ ਕਤਲ ਨੂੰ ਇੱਜਤ ਲਈ ਕਤਲ ਵਜੋਂ ਦੇਖਿਆ ਜਾ ਰਿਹਾ ਹੈ। ਰਵਿੰਦਰ ਕੌਰ ਭੰਗੂ (24) ਪੰਜਾਬੀ ਹਫ਼ਤਾਵਾਰੀ ਅਖ਼ਬਾਰ ‘ਸੱਚ ਦੀ ਆਵਾਜ਼’ ਵਿਚ ਪ੍ਰਬੰਧਕੀ ਸਹਾਇਕ ਵਜੋਂ ਸਰੀ ਵਿਖੇ ਕੰਮ ਕਰਦੀ ਸੀ।

ਅਖ਼ਬਾਰ ‘ਵੈਨਕੂਵਰ ਸਨ’ ਦੀ ਰਿਪੋਰਟ ਮੁਤਾਬਕ ਉਸ ਨੂੰ ਦਫ਼ਤਰ ’ਚ ਆ ਕੇ ਉਸ ਦੇ ਪਤੀ ਸੰਨੀ ਭੰਗੂ ਨੇ ਮਾਰ ਦਿੱਤਾ। ਸੰਨੀ ਭੰਗੂ ਉਸ ਦੇ ਦਫ਼ਤਰ ਵਿਚ ਆਇਆ ਤੇ ਅਚਨਚੇਤੀ ਦਾਤਰ ਕੱਢਿਆ ਤੇ ਆਪਣੀ ਪਤਨੀ ਦੀ ਧੌਣ ਵੱਢ ਦਿੱਤੀ। ਪੁਲਿਸ ਨੇ ਘਟਨਾ ਸਥਾਨ ਤੋਂ ਸੰਨੀ ਨੂੰ ਤੁਰੰਤ ਗ੍ਰਿਫ਼ਤਾਰ ਕਰ ਲਿਆ। ਅਖ਼ਬਾਰ ਦੀ ਖ਼ਬਰ ਅਨੁਸਾਰ ਪੀੜਤ ਰਵਿੰਦਰ ਭੰਗੂ ਨੇ ਆਪਣੇ ਨਜ਼ਦੀਕੀਆਂ ਨੂੰ ਆਪਣੇ ਵਿਆਹੁਤਾ ਜੀਵਨ ਵਿਚ ਆਈ ਦਰਾਰ ਬਾਰੇ ਦੱਸਿਆ ਸੀ ਤੇ ਉਹ ਪਿਛਲੇ ਦੋ ਤਿੰਨ ਮਹੀਨਿਆਂ ਤੋਂ ਆਪਣੀ ਆਂਟੀ ਦੇ ਘਰ ਰਹਿੰਦੀ ਸੀ।

# ਪਾਕਿਸਤਾਨ ਵੱਲੋਂ ਅਮਰੀਕੀ ਕੂਟਨੀਤਕਾਂ ’ਤੇ ਪਾਬੰਦੀਆਂ

**ਇਸਲਾਮਾਬਾਦ:** ਪਾਕਿਸਤਾਨ ਸਰਕਾਰ ਨੇ ਅਮਰੀਕੀ ਕੂਟਨੀਤਕਾਂ ਤੇ ਸਫਾਰਤਖਾਨੇ ਦੇ ਹੋਰ ਸਟਾਫ ਦੀਆਂ ਸਰਗਰਮੀਆਂ ’ਤੇ ਪਾਬੰਦੀਆਂ ਲਾ ਦਿੱਤੀਆਂ ਹਨ। ਸਮਝਿਆ ਜਾ ਰਿਹਾ ਹੈ ਕਿ ਅਮਰੀਕੀ ਪ੍ਰਸ਼ਾਸਨ ਵੀ ਪਾਕਿ ਅਧਿਕਾਰੀਆਂ ’ਤੇ ਆਪਣੇ ਦੇਸ਼ ਵਿਚ ਅਜਿਹੀਆਂ ਪਾਬੰਦੀਆਂ ਲਾ ਸਕਦਾ ਹੈ। ਜੀਓ ਟੀ.ਵੀ. ਦੀ ਰਿਪੋਰਟ ਮੁਤਾਬਕ ਸਾਰੇ ਅਮਰੀਕੀ ਕੂਟਨੀਤਕਾਂ ਨੂੰ ਹੁਣ ਹੋਰ ਸ਼ਹਿਰਾਂ ਵਿਚ ਘੁੰਮਣ ਲਈ 'ਕੋਈ ਇਤਰਾਜ਼ ਨਹੀਂ” ਦਾ ਪ੍ਰਮਾਣ ਪੱਤਰ ਲੈਣਾ ਪਵੇਗਾ।

ਰਿਪੋਰਟ ਮੁਤਾਬਕ ਪਾਕਿਸਤਾਨੀ ਅਧਿਕਾਰੀਆਂ ਨੇ ਕੁਝ ਦਿਨ ਪਹਿਲਾਂ ਅਮਰੀਕੀ ਕੂਟਨੀਤਕਾਂ ਦੇ ਘੁੰਮਣ-ਫਿਰਨ ’ਤੇ ਪਾਬੰਦੀਆਂ ਲਾਈਆਂ ਸਨ। ਇਹ ਪਾਬੰਦੀਆਂ ਹੁਣ ਹੋਰ ਕੂਟਨੀਤਕਾਂ ’ਤੇ ਵੀ ਲਾਈਆਂ ਜਾਣਗੀਆਂ। ਇਸ ਬਾਰੇ ਅਮਰੀਕੀ ਸਫਾਰਤਖਾਨੇ ਵੱਲੋਂ ਅਧਿਕਾਰਤ ਤੌਰ ’ਤੇ ਕੋਈ ਪ੍ਰਤੀਕਰਮ ਨਹੀਂ ਦਿੱਤਾ ਗਿਆ। ਰਿਪੋਰਟ ਵਿਚ ਦਾਅਵਾ ਕੀਤਾ ਗਿਆ ਕਿ ਬਦਲੇ ਦੀ ਕਾਰਵਾਈ ਤਹਿਤ ਅਮਰੀਕੀ ਪ੍ਰਸ਼ਾਸਨ ਵੀ ਆਪਣੇ ਦੇਸ਼ ਵਿਚ ਪਾਕਿਸਤਾਨੀ ਕੂਟਨੀਤਕਾਂ ਤੇ ਸਫਾਰਤਖਾਨੇ ਦੇ ਮੁਲਾਜ਼ਮਾਂ ’ਤੇ ਪਾਬੰਦੀਆਂ ਲਾ ਸਕਦਾ ਹੈ। ਇਹ ਰਿਪੋਰਟਾਂ ਉਦੋਂ ਆਈਆਂ ਜਦੋਂ ਪਾਕਿਸਤਾਨ ਸਰਕਾਰ ਨੇ ਅਮਰੀਕੀ ਅਧਿਕਾਰੀਆਂ ਨੂੰ ਗੜਬੜੀ ਵਾਲੇ ਉੱਤਰੀ-ਪੱਛਮੀ ਖਿੱਤੇ ਦੇ ਪਿਸ਼ਾਵਰ ਸ਼ਹਿਰ ਵਿਚ ਜਾਣੋਂ ਰੋਕ ਦਿੱਤਾ ਸੀ।




ਮੀਡੀਆ ਮੁਤਾਬਕ ਅਮਰੀਕੀ ਕੂਟਨੀਤਕਾਂ ਦੇ ਦੋ ਗਰੁੱਪਾਂ ਨੂੰ ਸਵੇਰੇ ਖੈਬਰ ਪਖਤੂਨਵਾ ਸੂਬੇ ਦੀ ਰਾਜਧਾਨੀ ਪਿਸ਼ਾਵਰ ਦੇ ਬਾਹਰੋਂ ਮੋੜ ਦਿੱਤਾ ਗਿਆ। ਸਰਕਾਰੀ ਅਧਿਕਾਰੀਆਂ ਦੇ ਕਿਹਾ ਕਿ ਹੁਣ ਸਾਰੇ ਵਿਦੇਸ਼ੀਆਂ ਨੂੰ ਉੱਤਰੀ-ਪੱਛਮੀ ਤੇ ਦੱਖਣੀ-ਪੱਛਮੀ ਬਲੋਚਿਸਤਾਨ ਸੂਬੇ ਵਿਚ ਦਾਖਲ ਹੋਣ ਲਈ ਵਿਸ਼ੇਸ਼ ਮਨਜ਼ੂਰੀ ਲੈਣੀ ਪਵੇਗੀ। ਇਹ ਰਿਪੋਰਟਾਂ ਅਜਿਹੇ ਸਮੇਂ ਵਿਚ ਆਈਆਂ ਜਦੋਂ ਅਮਰੀਕਾ ਵੱਲੋਂ ਅੱਠ ਕਰੋੜ ਡਾਲਰ ਦੀ ਫੌਜੀ ਸਹਾਇਤਾ ਰੋਕ ਲੈਣ ਮਗਰੋਂ ਦੋਵਾਂ ਦੇਸ਼ਾਂ ਦੇ ਰਿਸ਼ਤੇ ਵਿਗੜਦੇ ਜਾ ਰਹੇ ਹਨ।

ਇਹ ਫੈਸਲਾ ਪਾਕਿ ਸਰਕਾਰ ’ਤੇ ਤਾਲਿਬਾਨ ਤੇ ਅਲ-ਕਾਇਦਾ ਅਤਿਵਾਦੀਆਂ ਵਿਰੁੱਧ ਹੋਰ ਕਦਮ ਚੁੱਕਣ ਲਈ ਦਬਾਅ ਬਣਾਉਣ ਵਾਸਤੇ ਕੀਤਾ ਗਿਆ ਹੈ। 'ਡਾਅਨ' ਅਖ਼ਬਾਰ ਨੇ ਅਮਰੀਕੀ ਅਧਿਕਾਰੀਆਂ ਦੇ ਹਵਾਲੇ ਨਾਲ ਦੱਸਿਆ ਕਿ ਪਾਕਿ ਦੇ ਕੂਟਨੀਤਕਾਂ ’ਤੇ ਪਾਬੰਦੀਆਂ ਉਪਰ ਵਿਚਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਸੰਕੇਤ ਦਿੱਤਾ ਕਿ ਪਹਿਲੀ ਅਗਸਤ ਤੋਂ ਪਾਕਿ ਕੂਟਨੀਤਕਾਂ ਨੂੰ ਵਾਸ਼ਿੰਗਟਨ ਤੋਂ ਬਾਹਰ ਜਾਣ ਲਈ ਪ੍ਰਵਾਨਗੀ ਲੈਣ ਦੀ ਲੋੜ ਪੈ ਸਕਦੀ ਹੈ।

## ਆਈ.ਐਸ.ਆਈ. ਵੱਲੋਂ ਅਮਰੀਕਾ ਨੂੰ ਚਿਤਾਵਨੀ

**ਨਿਊਯਾਰਕ:** ਮੁੰਬਈ ਹਮਲਿਆਂ ਵਿਚ ਮਾਰੇ ਗਏ ਰੱਬੀ ਗੈਬਰੀਅਲ ਦੇ ਰਿਸ਼ਤੇਦਾਰਾਂ ਵੱਲੋਂ ਆਈ.ਐਸ.ਆਈ. ਵਿਰੁੱਧ ਦਾਇਰ ਕੇਸ ਦੇ ਮਾੜੇ ਸਿੱਟੇ ਨਿਕਲ ਸਕਦੇ ਹਨ ਤੇ ਇਨ੍ਹਾਂ ਦਾ ਇਸ ਖਿੱਤੇ ਵਿਚ ਅਮਰੀਕੀ ਉਦੇਸ਼ਾਂ ’ਤੇ ਉਲਟ ਪ੍ਰਭਾਵ ਪੈ ਸਕਦਾ ਹੈ। ਇਹ ਗੱਲ ਪਾਕਿਸਤਾਨੀ ਖੁਫੀਆ ਏਜੰਸੀ ਦੀ ਨੁਮਾਇੰਦਗੀ ਕਰਦੇ ਵਕੀਲ ਨੇ ਆਖੀ ਹੈ।

ਵਕੀਲ ਕੇਵਿਨ ਵਾਲਸ਼ ਦਾ ਕਹਿਣਾ ਹੈ ਕਿ ਇਸ ਕੇਸ ਦੇ ਨਾਂਹਪੱਖੀ ਨਤੀਜੇ ਨਿਕਲ ਸਕਦੇ ਹਨ ਤੇ ਇਸ ਨਾਲ ਰਿਪੋਰਟ ਮੁਤਾਬਕ ਵਾਲਸ਼ ਦਾ ਕਹਿਣਾ ਹੈ ਕਿ ਪਾਕਿਸਤਾਨ ਦੀਆਂ ਸਰਕਾਰੀ ਏਜੰਸੀਆਂ ਅਮਰੀਕੀ ਅਦਾਲਤਾਂ ਦੇ ਅਧਿਕਾਰ ਖੇਤਰ ਵਿਚ ਵੀ ਨਹੀਂ ਆਉਂਦੀਆਂ। ਪਿਛਲੇ ਸਾਲ ਰੱਬੀ ਗੈਬਰੀਅਲ ਹਾਲਟਜ਼ਬਰਗ ਜਿਸ ਦੀ ਮੁੰਬਈ ਹਮਲਿਆਂ ਵਿਚ ਆਪਣੀ ਪਤਨੀ ਰਿਵਕਾ ਸਮੇਤ ਮੌਤ ਹੋ ਗਈ ਸੀ, ਦੇ ਪਰਿਵਾਰਕ ਮੈਂਬਰਾਂ ਨੇ ਆਈ.ਐਸ.ਆਈ. ਤੇ ਲਸ਼ਕਰ-ਏ-ਤੋਇਬਾ ਵਿਰੁੱਧ ਬਰੁੱਕਲਿਨ ਦੀ ਫੈਡਰਲ ਅਦਾਲਤ ਵਿਚ ਕੇਸ ਦਾਇਰ ਕੀਤਾ ਸੀ।

# ਮੱਧ ਵਰਗ ਦਾ ਆਈ ਕਾਰਡ

**ਉਦੈ ਪ੍ਰਕਾਸ਼**

ਜਿਸ ਨਵੇਂ ਭਾਰਤੀ ਮੱਧ ਵਰਗ ਦੀ ਅੱਜ ਅਸੀਂ ਗੱਲ ਕਰਦੇ ਹਾਂ ਅਤੇ ਜਿਸ 'ਤੇ ਪਿਛਲੇ ਦੋ ਦਹਾਕਿਆਂ ਵਿਚ ਸਾਰੀ ਦੁਨੀਆਂ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ, ਕਾਰਾਂ-ਕੱਪੜਿਆਂ, ਘੜੀ, ਸ਼ਰਾਬ, ਸੌਂਦਰਯ ਸਾਧਨਾਂ ਅਤੇ ਪੈਪਸੀ ਪੀਜ਼ਾ, ਕੁਰਕੁਰੇ ਤੋਂ ਲੈ ਕੇ ਲੈਪ ਟਾਪ ਅਤੇ ਮੋਬਾਇਲ ਬਣਾਉਣ ਵਾਲੀਆਂ ਵਿਦੇਸ਼ੀ ਕੰਪਨੀਆਂ ਜਿਸ ਦੀ ਖਿਦਮਤ ਵਿਚ ਹਰ ਰੋਜ਼ ਨਵੇਂ ਬ੍ਰਾਂਡ, ਨਵੇਂ ਪ੍ਰੋਡਕਟ ਅਤੇ ਨਵੇਂ ਵਿਗਿਆਪਨਾਂ ਨਾਲ ਬਾਜ਼ਾਰ ਵਿਚ ਉਤਰ ਰਹੀਆਂ ਹਨ, ਜਰਾ ਉਸ ਦੀ ਚਾਲ, ਚਰਿੱਤਰ ਅਤੇ ਚਿਹਰੇ ਨੂੰ ਤਾਂ ਪਛਾਣ ਲਈਏ। ਬਿਨਾਂ ਉਸ ਦਾ 'ਆਈ ਕਾਰਡ' ਯਾਨਿ ਪਛਾਣ ਪੱਤਰ ਦੇਖਿਆਂ, ਉਸ ਬਾਰੇ ਯਕੀਨ ਨਾਲ ਗੱਲ ਨਹੀਂ ਕੀਤੀ ਜਾ ਸਕਦੀ।

ਇਹ ਨਵਾਂ ਹਿੰਦੋਸਤਾਨੀ ਮੱਧ ਵਰਗ ਕਿੰਨਾ ਦੇਸੀ ਹੈ, ਕਿੰਨਾ ਵਿਦੇਸ਼ੀ ਅਤੇ ਕਿੰਨਾ 'ਗਲੋਬਲ' ਇਸ ਦਾ ਪਤਾ ਉਸ ਦੇ ਜਨਮ ਪ੍ਰਮਾਣ ਪੱਤਰ ਨੂੰ ਦੇਖ ਕੇ ਲੱਗੇਗਾ। ਇਸ ਦਾ ਜਨਮ ਕਦੋਂ ਅਤੇ ਕਿਵੇਂ ਹੋਇਆ? ਕੀ ਇਹ ਠੇਠ ਦੇਸੀ ਜ਼ਮੀਨ ਤੋਂ, ਪਿੰਡਾਂ, ਨਗਰਾਂ-ਮਹਾਂਨਗਰਾਂ ਦੇ ਫਲੈਟਾਂ-ਫੁੱਟਪਾਥਾਂ ਨਾਲ ਜੁੜਿਆ ਹੋਇਆ ਹੈ ਅਤੇ ਉਥੋਂ ਦੀ ਧੂੜ ਮਿੱਟੀ ਵਿਚ ਖੇਡ ਕੇ ਵੱਡਾ ਹੋਇਆ ਹੈ? ਜਾਂ ਇਹ ਅਸਮਾਨ ਤੋਂ ਟਪਕਿਆ ਹੈ ਜਾਂ ਫਿਰ ਕੋਕਾ ਕੋਲਾ ਅਤੇ ਫੋਰਡ ਆਈਕਨ ਵਾਂਗੂੰ ਕਿਸੇ ਦੂਜੇ ਮੁਲਕ ਤੋਂ ਦਰਾਮਦ ਕੀਤਾ ਗਿਆ ਹੈ? ਇਸ ਮੱਧ ਵਰਗ ਨੂੰ ਬਣਾਉਣ ਦਾ ਕਾਰਖਾਨਾ ਕਿੱਥੇ ਹੈ? ਜਾਂ ਫਿਰ ਕਿਸੇ ਵਪਾਰਕ ਕਰਾਰ ਤਹਿਤ ਇਸ ਮੱਧ ਵਰਗ ਦੇ ਅਲੱਗ-ਅਲੱਗ ਪੁਰਜ਼ੇ ਵਿਦੇਸ਼ ਤੋਂ ਮੰਗਵਾ ਕੇ ਸੋਨੀ-ਸੈਮਸੰਗ ਵਾਂਗ ਦਿੱਲੀ-ਕਲਕੱਤਾ-ਮੁੰਬਈ ਵਿਚ 'ਅਸੈਂਬਲ' ਕੀਤਾ ਜਾ ਰਿਹਾ ਹੈ? ਕੀ ਇਹ ਉਹੀ ਮੱਧ ਵਰਗ ਹੈ, ਜਿਸ ਬਾਰੇ ਪੰਡਤ ਜਵਾਹਰ ਲਾਲ ਨਹਿਰੂ ਨੇ ਕਿਹਾ ਸੀ ਕਿ 'ਇਹ ਸਮਾਜ ਦੀ ਅਗਵਾਈ ਕਰਨ ਵਾਲਾ, ਹਿਰਾਵਲ ਵਰਗ ਹੈ। ਦੇਸ਼ ਦੀ ਜਨਤਾ ਦਾ ਦਿਲ ਅਤੇ ਦਿਮਾਗ ਬਣਨ ਦੀ ਇੱਛਾ ਇਸ ਦੇ ਅੰਦਰ ਹੈ।

ਅਸੀਂ ਅੱਜ ਆਪਣੇ ਸ਼ਹਿਰ ਵਿਚ ਹਰ ਰੋਜ਼ ਖੁੱਲ੍ਹਣ ਵਾਲੇ ਇੱਕ ਤੋਂ ਵੱਧ ਕੇ ਇੱਕ ਸ਼ਾਨਦਾਰ 'ਸ਼ਾਪਿੰਗ ਮਾਲ' ਅਤੇ ਪੀ.ਵੀ.ਆਰ. ਵਿਚ ਜਿਸ ਵਰਗ ਨੂੰ ਖਾਂਦਿਆਂ ਪੀਂਦਿਆਂ ਅਤੇ ਖਰੀਦਦਾਰੀ ਕਰਦਿਆਂ ਦੇਖਦੇ ਹਾਂ, ਜੋ ਅਜਿਹੀ ਅੰਗਰੇਜ਼ੀ ਬੋਲਦਾ ਹੈ, ਜੋ ਨਾ ਤਾਂ ਇੰਗਲੈਂਡ ਦੀ ਪੈਦਾਇਸ਼ ਹੈ ਨਾ ਅਮਰੀਕਾ ਦੀ, ਬਲਕਿ ਜਿਸ ਨੂੰ ਹੁਣੇ ਦਸ ਸਾਲ ਪਹਿਲਾਂ ਸਾਡੇ ਟੀ.ਵੀ. ਚੈਨਲਾਂ ਨੇ ਰਚਿਆ ਹੈ, ਜਿਸ ਦਾ ਵਿਆਕਰਨ ਅਜੇ ਤੱਕ ਕਿਤੇ ਲਿਖਿਆ ਨਹੀਂ ਗਿਆ ਪਰ ਇਸ ਦੇ ਬਾਵਜੂਦ ਸਾਰੇ ਵਿਗਿਆਪਨਾਂ, ਟੀ.ਵੀ. ਚੈਨਲਾਂ ਅਤੇ ਕਾਲ ਸੈਂਟਰਾਂ ਵਿਚ ਇਹ 'ਹਿੰਗਲਿਸ਼' ਬੇਤਹਾਸ਼ਾ ਛਾ ਗਈ ਹੈ, ਉਹ ਬਾਜ਼ਾਰੂ ਅੰਗਰੇਜ਼ੀ ਹੈ, ਜਿਸ ਨੂੰ ਤਾਇਵਾਨ, ਕੋਰੀਆ, ਦੁਬਈ, ਹੰਗਰੀ ਅਤੇ ਅਫ਼ਰੀਕੀ ਦੇਸ਼ਾਂ ਦਾ 'ਨਵਾਂ ਉਪਭੋਗਤਾ ਵਰਗ' ਸਮਝਦਾ ਹੈ।

ਜਿਸ ਨਵੇਂ ਭਾਰਤੀ ਮੱਧ ਵਰਗ ਦੀ ਮਾਂ ਬੋਲੀ ਇਹ ਖਿਚੜੀ ਅੰਗਰੇਜ਼ੀ ਹੈ, ਕੀ ਇਹ ਉਹੀ ਮੱਧ ਵਰਗ ਹੈ, ਜਿਸ ਦਾ ਹਵਾਲਾ ਪੰਡਤ ਨਹਿਰੂ ਨੇ ਦਿੱਤਾ ਸੀ ਅਤੇ ਜਿਸ ਨੂੰ ਇੱਕ ਮੰਚ 'ਤੇ ਇਕੱਠਾ ਕਰਕੇ ਸੰਨ 1885 ਵਿਚ ਸਰ ਏ.ਓ. ਹਿਊਮ ਨੇ ਸਰਬ ਭਾਰਤੀ ਰਾਸ਼ਟਰੀ ਕਾਂਗਰਸ ਦੀ ਸਥਾਪਨਾ ਕੀਤੀ ਸੀ ਅਤੇ ਜਿਸ ਨੇ ਭਾਰਤੀ ਆਜ਼ਾਦੀ ਦੇ ਅੰਦੋਲਨ ਵਿਚ ਸੱਚਮੁੱਚ ਹਿਰਾਵਲ ਦਸਤੇ ਦੀ ਭੂਮਿਕਾ ਨਿਭਾਈ ਸੀ, ਕੀ ਇਹ ਨਵਾਂ ਮੱਧ ਵਰਗ ਉਸੇ ਪੁਰਾਣੇ ਭਾਰਤੀ ਮੱਧ ਦਾ ਦੋਹਤਾ-ਪੋਤਾ ਹੈ, ਜਾਂ ਇਸ ਦਾ ਡੀ.ਐਨ.ਏ. ਟੈਸਟ ਇਸ ਨੂੰ ਪੱਛਮੀ ਯੂਰਪ ਦੇ ਉਸ ਮੱਧ ਵਰਗ ਨਾਲ ਜੋੜਦਾ ਹੈ, ਜਿਸ ਦਾ ਜਨਮ ਫ਼ਰਾਂਸ ਦੀ ਰਾਜ ਕ੍ਰਾਂਤੀ ਅਤੇ ਪਹਿਲੇ ਵਿਸ਼ਵ ਯੁੱਧ ਵਿਚ ਫ਼ੈਲੀ ਅਠਾਰਵੀਂ ਸਦੀ ਤੋਂ ਲੈ ਕੇ ਵੀਹਵੀਂ ਸਦੀ ਦੇ ਸ਼ੁਰੂ ਵਿਚ ਹੋਇਆ ਸੀ। ਅਸਲ ਵਿਚ ਭਾਰਤੀ ਮੱਧ ਵਰਗ ਦੇ ਜਨਮ ਦੇ ਨਾਲ ਹੀ ਸਭ ਤੋਂ ਵੱਡੀ ਵਿਡੰਬਨਾ ਇਹ ਰਹੀ ਹੈ ਕਿ ਜਿੱਥੇ ਯੂਰਪ ਦੇ ਮੱਧ ਵਰਗ ਦਾ ਜਨਮ ਅਤੇ ਵਿਕਾਸ ਪੂਰੀ ਖੁਦਮੁਖਤਿਆਰੀ ਅਤੇ ਸੁਤੰਤਰਤਾ ਦੇ ਨਾਲ, ਆਪਣੇ ਸਮਾਜਿਕ ਆਲੇ-ਦੁਆਲੇ ਵਿਚ ਸੁਭਾਵਿਕ ਤਰੀਕੇ ਨਾਲ ਹੋਇਆ, ਉਥੇ ਭਾਰਤੀ ਮੱਧ ਵਰਗ ਅੰਗਰੇਜ਼ਾਂ ਦੇ ਉਪ-ਨਿਵੇਸ਼ਕ ਰਾਜ ਵਿਚ, ਅਧੀਨਤਾ ਵਿਚ ਪੈਦਾ ਹੋਇਆ?

ਹੁਣ ਪ੍ਰਸ਼ਨ ਹੈ ਕਿ ਕਿਸ 'ਇੰਗਲਿਸ਼ਸਤਾਨ' ਨੇ ਇਸ ਨੂੰ ਪੈਦਾ ਕੀਤਾ ਅਤੇ ਇਸ ਦੀ ਪਾਲਣਾ-ਪੋਸ਼ਣਾ ਕੀਤੀ? ਪੰਡਿਤ ਨਹਿਰੂ ਅਕਸਰ ਇਹ ਪ੍ਰਸ਼ਨ ਪੁੱਛਦੇ ਸਨ। ਆਪਣੀ ਕਿਤਾਬ 'ਭਾਰਤ ਦੀ ਖੋਜ' ਵਿਚ ਉਨ੍ਹਾਂ ਨੇ ਦੋ 'ਇੰਗਲਿਸ਼ਸਤਾਨਾਂ' ਵਿਚ ਫ਼ਰਕ ਕੀਤਾ ਸੀ। ਇੱਕ 'ਇੰਗਲਿਸ਼ਸਤਾਨ' ਸੀ ਸ਼ੈਕਸਪੀਅਰ ਅਤੇ ਮਿਲਟਨ ਦਾ, ਰਾਜਨੀਤਕ ਕ੍ਰਾਂਤੀ, ਲੋਕਤੰਤਰ ਅਤੇ ਸੁਤੰਤਰਤਾ ਲਈ ਸੰਘਰਸ਼ ਦਾ, ਵਿਗਿਆਨ ਅਤੇ ਤਕਨੀਕ ਦਾ ਮਨੁੱਖੀ ਅਤੇ ਸਮਾਜਿਕ ਹਿੱਤ ਲਈ ਵਿਕਾਸ ਦਾ, ਇੱਕ ਦੂਜਾ 'ਇੰਗਲਿਸ਼ਸਤਾਨ' ਸੀ ਬਰਬਰ ਪੀਨਲ ਕੋਡ ਦਾ, ਪਤਿਤ, ਲਹੂ ਵਿਚ ਰੰਗੇ ਸਾਮੰਤਵਾਦ ਅਤੇ ਨਸਲਵਾਦ ਦਾ। ਨਹਿਰੂ ਨੇ ਚਿਤਾਵਨੀ ਦਿੱਤੀ ਸੀ ਕਿ ਸਾਡੇ ਦੇਸ਼ ਵਿਚ ਗ਼ਲਤ ਇੰਗਲਿਸ਼ਸਤਾਨ (ਰਾਂਗ ਇੰਗਲਿਸ਼ਸਤਾਨ) ਆ ਰਿਹਾ ਹੈ, ਜਿਹੜਾ 'ਗ਼ਲਤ ਹਿੰਦੁਸਤਾਨ' (ਰਾਂਗ ਇੰਡੀਆ) ਨੂੰ ਪੈਦਾ ਕਰ ਰਿਹਾ ਹੈ। ਇਸ ਨਵੇਂ ਖਪਤਕਾਰੀ ਭਾਰਤੀ ਮੱਧ ਵਰਗ ਦਾ 'ਚਿਹਰਾ-ਮੋਹਰਾ' ਦੇਖਣ ਵਿਚ ਕਿਹੋ ਜਿਹਾ ਲੱਗਦਾ ਹੈ? ਉਸ ਦਾ ਚਿਹਰਾ ਬਾਲੀਵੁੱਡ ਦੀਆਂ ਪੁਰਾਣੀਆਂ ਫ਼ਿਲਮਾਂ 'ਦੋ ਆਂਖੇਂ ਬਾਰਾਂ ਹਾਥ', 'ਅਵਾਰਾ', 'ਪਿਆਸਾ', 'ਮਦਰ ਇੰਡੀਆ', 'ਬੰਦਿਨੀ' ਦੇ ਪਾਤਰਾਂ ਵਰਗਾ ਬਿਲਕੁਲ ਨਹੀਂ। ਉਸ ਦਾ ਹੁਲੀਆ ਤਾਂ ਅਜੇ ਹਾਲ ਹੀ ਵਿਚ ਬਣੀਆਂ ਅਤੇ ਸੁਪਰ-ਡੁਪਰ ਹਿਟ ਹੋਈਆਂ ਫ਼ਿਲਮਾਂ 'ਲਗਾਨ' ਜਾਂ 'ਵੀਰ ਜ਼ਾਰਾ' ਦੇ ਅਮੀਰ-ਸ਼ਾਹਰੁਖ ਖਾਨ ਨਾਲ ਵੀ ਮੇਲ ਨਹੀਂ ਖਾਂਦਾ। ਹਾਂ, ਉਸ ਨੂੰ 'ਪੇਜ਼ ਥ੍ਰੀ', 'ਜਹਿਰ', 'ਜਿਸਮ' ਜਾਂ 'ਮਰਡਰ' ਵਰਗੀਆਂ ਫ਼ਿਲਮਾਂ ਵਿਚ ਜ਼ਰੂਰ ਦੇਖਿਆ ਜਾ ਸਕਦਾ ਹੈ। ਇਹ ਆਪਣੇ ਚਰਿੱਤਰ ਵਿਚ ਉਪਭੋਗਤਾਵਾਦੀ, ਪੇਟੂ, ਆਨੰਦਵਾਦੀ, ਪਰ ਰਾਸ਼ਟਰਵਾਦੀ ਅਰਥਾਤ ਗਲੋਬਲ ਅਤੇ ਸੈਕਸੀ ਹੈ।

1990 ਵਿਚ ਪੀ.ਵੀ. ਨਰਸਿੰਮਹਾ ਰਾਉ ਦੇ ਪ੍ਰਧਾਨ ਮੰਤਰੀ ਕਾਲ ਵਿਚ ਜਿਸ ਉਦਾਰਵਾਦੀ ਸੁਧਾਰਵਾਦੀ ਆਰਥਿਕ ਨੀਤੀ ਦੇ ਬੂਹੇ ਖੋਲ੍ਹੇ ਗਏ ਸਨ, ਸਰਬਜਨਕ ਦੀ ਥਾਂ ਨਿੱਜੀ ਉਦਯੋਗ ਵਪਾਰ ਨੂੰ ਉਤਸ਼ਾਹਤ ਕੀਤਾ ਜਾਣ ਲੱਗਾ ਸੀ ਅਤੇ ਜਿਸ ਨੀਤੀ ਦਾ ਪਾਲਣ ਬਾਅਦ ਦੀਆਂ ਸਾਰੀਆਂ ਸਰਕਾਰਾਂ ਨੇ ਬਿਨਾਂ ਸੰਕੋਚ ਕੀਤਾ, ਬੇਸ਼ੱਕ ਉਸੇ ਆਰਥਿਕ ਨੀਤੀ ਦੀ ਕੁੱਖ ਵਿਚੋਂ ਇਸ ਸੰਤਾਨ ਨੇ ਜਨਮ ਲਿਆ। ਇਹ ਬਿਲਕੁਲ ਮੌਲਿਕ ਅਤੇ ਤਰੋ-ਤਾਜ਼ਾ ਮੱਧ ਵਰਗ ਹੈ।

ਜਦ ਨੱਬੇ ਦੇ ਦਹਾਕੇ ਵਿਚ ਇਸ ਨਵੇਂ ਤਾਜ਼ੇ ਮੱਧ ਵਰਗ ਦੇ ਜਨਮ ਅਤੇ ਵਿਕਾਸ ਦਾ ਪਤਾ ਵਿਦੇਸ਼ੀ ਕੰਪਨੀਆਂ ਨੂੰ ਲੱਗਾ, ਤਾਂ ਇੱਕੀਵੀਂ ਸਦੀ ਦੇ ਇਸ ਨਵੇਂ ਬਾਜ਼ਾਰ ਬਾਰੇ ਸਰਵੇਖਣਾਂ, ਅਟਕਲਾਂ ਅਤੇ ਪ੍ਰਸ਼ੰਸਾ ਨਾਲ ਸਾਰੇ ਅਖ਼ਬਾਰ ਰਸਾਲੇ ਭਰ ਗਏ ਸਨ। ਇੱਕ ਅਰਬ ਤੋਂ ਜ਼ਿਆਦਾ ਦੀ ਆਬਾਦੀ ਵਾਲੇ ਇਸ ਮਹਾਂਦੇਸ਼ ਵਿਚ ਵੀਹ-ਪੱਚੀ ਕਰੋੜ ਦਾ ਇਹ ਨਵਾਂ ਮੱਧ ਵਰਗ ਇੰਨੇ ਵਿਸ਼ਾਲ ਬਾਜ਼ਾਰ ਪੈਦਾ ਕਰ ਰਿਹਾ ਸੀ, ਜਿਸ ਦਾ ਆਕਾਰ-ਪ੍ਰਕਾਰ ਅਮਰੀਕਾ ਅਤੇ ਫ਼ਰਾਂਸ-ਬ੍ਰਿਟੇਨ ਤੋਂ ਵੀ ਵੱਡਾ ਸੀ। ਜਿਸ ਤਰ੍ਹਾਂ 18ਵੀਂ-19ਵੀਂ ਸਦੀ ਵਿਚ ਅੰਗਰੇਜ਼ਾਂ ਨੇ ਮੈਕਾਲੇ ਦੀ ਸਿੱਖਿਆ ਨੀਤੀ ਚਲਾ ਕੇ ਇਸ ਦੇਸ਼ ਵਿਚ ਇਕ ਅਜਿਹੇ ਸਿੱਖਿਅਤ ਮੱਧ ਵਰਗ ਦਾ ਨਿਰਮਾਣ ਕੀਤਾ ਸੀ, ਜਿਹੜਾ ਦੇਸੀ ਬਾਬੂ ਅਤੇ ਦੇਸੀ ਅਫ਼ਸਰ ਬਣ ਕੇ ਅੰਗਰੇਜ਼ਾਂ ਦਾ ਹੀ ਰਾਜ ਜ਼ਿਆਦਾ ਮੁਸਤੈਦੀ ਨਾਲ ਚਲਾਉਣ ਲੱਗਾ, ਠੀਕ ਉਸੇ ਤਰ੍ਹਾਂ ਪਿਛਲੇ ਸਾਲਾਂ ਵਿਚ ਬਹੁਕੌਮੀ ਕੰਪਨੀਆਂ ਨੇ ਆਪਣੇ ਹਿੱਤਾਂ ਅਨੁਸਾਰ ਇੱਕ ਅਜਿਹੀ ਸਿੱਖਿਅਤ ਹਾਈਟੈਕ ਨੌਜਵਾਨ ਪੀੜ੍ਹੀ ਪੈਦਾ ਕੀਤੀ, ਜਿਸ ਨੇ ਕਾਲ ਸੈਂਟਰਾਂ ਤੋਂ ਲੈ ਕੇ ਸਾਫਟਵੇਅਰ ਉਦਯੋਗਾਂ ਵਿਚ ਆਪਣੀ ਪ੍ਰਤਿਭਾ ਅਤੇ ਕਿਰਤ ਨੂੰ ਇੰਨੇ ਸਸਤੇ ਮੁੱਲ 'ਤੇ ਵੇਚਣਾ ਅਤੇ ਵਿਦੇਸ਼ੀ ਨੌਕਰੀਆਂ ਨੂੰ ਹਥਿਆਉਣਾ ਸ਼ੁਰੂ ਕੀਤਾ ਕਿ ਖੁਦ ਅਮਰੀਕਾ ਅਤੇ ਇੰਗਲੈਂਡ ਵਿਚ ਸਿੱਖਿਅਤ ਬੇਰੁਜ਼ਗਾਰਾਂ ਦਾ ਕਬਾੜ ਪੈਦਾ ਹੋਣ ਲੱਗਾ ਅਤੇ ਜਾਰਜ ਬੁਸ਼ ਅਤੇ ਟੋਨੀ ਬਲੇਅਰ ਨੂੰ ਵੋਟ ਲੈਣ ਲਈ ਆਪੋ-ਆਪਣੇ ਦੇਸ਼ ਵਿਚ ਆਊਟਸੋਰਸਿੰਗ 'ਤੇ ਰੋਕ ਲਾਉਣ ਦੇ ਝੂਠੇ ਵਾਅਦੇ ਤੱਕ ਕਰਨੇ ਪਏ।



ਅੱਜ ਅਸੀਂ ਆਪਣੇ ਦੇਸ਼ ਵਿਚ ਜਿਸ ਖਪਤ ਸਭਿਆਚਾਰ ਦੀ ਗੱਲ ਕਰਦੇ ਹਾਂ, ਉਸ ਦਾ ਪ੍ਰਬੰਧ ਅਤੇ ਸੰਚਾਲਨ ਸਾਡੀ ਆਪਣੀ ਨੌਜਵਾਨ ਪੀੜੀ ਹੀ ਕਰ ਰਹੀ ਸੀ। ਇਹ ਉਹ ਪੀੜੀ ਹੈ ਜਿਹੜੀ ਕਾਲਾਹਾਂਡੀ ਦੀ ਥਾਂ ਕਾਨ ਅਤੇ ਨਵੀਂ ਮੁੰਬਈ ਦੀ ਥਾਂ ਨਿਊ ਯਾਰਕ ਜਾਣ ਦਾ ਸੁਪਨਾ ਦੇਖਦੀ ਹੈ, ਐਨੀ ਬੇਸੈਂਟ ਜਾਂ ਮਦਰ ਟੇਰੈਸਾ ਬਣਨ ਦੀ ਥਾਂ ਮਿਸ ਵਰਲਡ ਅਤੇ ਮੈਡੋਨਾ ਬਣਨਾ ਚਾਹੁੰਦੀ ਹੈ, ਉਸ ਨੂੰ ਅਸੀਂ ਆਪਣੇ ਘਰ ਦੇ ਵਿਹੜੇ ਤੋਂ ਲੈ ਕੇ ਲੈਕਮੇ ਫ਼ੈਸ਼ੀਅਲ ਵੀਕ ਦੇ ਰੈਂਪ ਤੱਕ ਟਹਿਲਦਿਆਂ ਹੋਇਆਂ ਦੇਖ ਸਕਦੇ ਹਾਂ। ਸਰਕਾਰਾਂ ਨੂੰ ਹੀ ਨਹੀਂ, ਉਸ ਨੇ ਸਾਡੀ ਸਾਰੀ ਦੇਖੀ ਸਮਝੀ ਦੁਨੀਆਂ ਨੂੰ ਆਪਣੀ ਮੁੱਠੀ ਵਿਚ ਕਰ ਲਿਆ ਹੈ। ਸੰਜਮ ਦੀ ਥਾਂ ਭੋਗ, ਬੱਚਤ ਅਤੇ ਕਿਫ਼ਾਇਤ ਦੀ ਥਾਂ ਖਰਚ, ਸਾਦਗੀ ਦੀ ਥਾਂ ਵਿਲਾਸਤਾ, ਨਿਮਰਤਾ ਦੀ ਥਾਂ ਹਮਲਾਵਰ ਹੋਣਾ, ਜੇ ਉਸ ਦਾ ਇੱਕ ਚਿਹਰਾ ਹੈ, ਤਾਂ ਦੂਜੇ ਪਾਸੇ ਉਸ ਦਾ ਉਹ ਮਿਹਨਤੀ ਅਤੇ ਪ੍ਰਤਿਭਾਵਾਨ ਚਿਹਰਾ ਵੀ ਹੈ, ਜਿਹੜਾ ਹਰ ਹਾਲ ਵਿਚ, ਕਮਾਈ ਕਰਨਾ ਅਤੇ ਕਾਮਯਾਬੀ ਦੀਆਂ ਪੌੜੀਆਂ ਚੜ੍ਹਨਾ ਚਾਹੁੰਦਾ ਹੈ। ਨੈਤਿਕਤਾ ਅਤੇ ਸ਼ੁੱਧਤਾ ਦੇ ਪੁਰਾਣੇ ਮੱਧ-ਵਰਗੀ ਕਦਰਾਂ-ਕੀਮਤਾਂ ਉਸ ਦੇ ਪੈਰਾਂ ਦੀ ਬੇੜੀ ਨਹੀਂ ਬਣ ਸਕਦੇ।

ਪ੍ਰਸਿੱਧ ਹਿੰਦੀ ਕਵੀ ਆਲੋਕ ਧੰਨਾ ਦਾ ਕਹਿਣਾ ਹੈ, 'ਇੱਕੀਵੀਂ ਸਦੀ ਵਿਚ ਜਿਹੜਾ ਨਵਾਂ ਮੱਧ ਵਰਗ ਭਾਰਤ ਵਿਚ ਉਭਰਿਆ ਹੈ, ਉਹ ਇੰਨਾ ਸਵਾਰਥੀ ਅਤੇ ਆਤਮ ਕੇਂਦਰਿਤ ਹੈ ਕਿ ਆਪਣੇ ਗੁਆਂਢੀ ਤੱਕ ਦਾ ਨਾਂ ਨਹੀਂ ਜਾਣਨਾ ਚਾਹੁੰਦਾ। ਇੰਨਾ ਹੀ ਨਹੀਂ; ਇਸ ਵਰਗ ਦੇ ਆਪਣੇ ਸਮਾਜ ਦੇ ਅੰਦਰ ਕਿਸੇ ਤਰ੍ਹਾਂ ਦੀ ਸਹਿਕਾਰਤਾ ਭਾਵਨਾ ਨਹੀਂ; ਇੱਕ ਦੂਜੇ ਨਾਲ ਦੁਸ਼ਮਣੀ ਭਰੀ ਹੋੜ ਅਤੇ ਗਲ ਵੱਢ ਮੁਕਾਬਲੇ ਦੀ ਭਾਵਨਾ ਹੈ।'

ਨੈਸ਼ਨਲ ਕੌਂਸਲ ਆਫ਼ ਐਪਲਾਈਡ ਇਕਨਾਮਿਕਸ ਰੀਸਰਚ ਅਤੇ ਮਾਰਕੀਟ ਇਨਫ਼ਰਮੇਸ਼ਨ ਸਰਵੇ ਆਫ਼ ਹਾਊਸਹੋਲਡਸ ਵਰਗੀਆਂ ਜ਼ਿੰਮੇਵਾਰ ਸੰਸਥਾਵਾਂ ਦੇ ਸਰਵੇਖਣਾਂ ਨੂੰ ਆਧਾਰ ਬਣਾਈਏ ਅਤੇ ਨਾਲ ਹੀ ਸੰਯੁਕਤ ਰਾਸ਼ਟਰ ਸੰਘ ਦੇ ਵਿਕਾਸ ਪ੍ਰੋਗਰਾਮਾਂ ਦੇ ਅੰਕੜਿਆਂ ਨੂੰ ਵੀ ਧਿਆਨ ਵਿਚ ਰੱਖੀਏ, ਤਾਂ ਉਸ ਭਾਰਤੀ ਮੱਧ ਵਰਗ ਅਤੇ ਉਪਭੋਗਤਾ ਬਾਜ਼ਾਰ ਦੇ ਵਿਸਥਾਰ ਦੀਆਂ ਕ੍ਰਿਸ਼ਮਾਈ ਸੰਭਾਵਨਾਵਾਂ ਇੱਕੀਵੀਂ ਸਦੀ ਦੇ ਅਗਲੇ ਕੁਝ ਸਾਲਾਂ ਵਿਚ ਪ੍ਰਗਟ ਹੋਣ ਵਾਲੀਆਂ ਹਨ। ਭਾਰਤੀ ਉਪਭੋਗਤਾ ਬਾਜ਼ਾਰ ਵਿਚ ਵੀਹ-ਇੱਕੀ ਕਰੋੜ ਦੀ ਆਬਾਦੀ ਮੌਜੂਦ ਹੈ, ਜਿਸ ਦੀ ਮਾਸਿਕ ਆਮਦਨ 10 ਤੋਂ ਲੈ ਕੇ 20-22 ਹਜ਼ਾਰ ਰੁਪਏ ਤੱਕ ਹੈ ਅਤੇ ਕਿਸ਼ਤਾਂ ਕਰਜ਼ਿਆਂ 'ਤੇ ਕਾਰ ਸਕੂਟਰ ਤੋਂ ਲੈ ਕੇ ਟੀ.ਵੀ., ਫ਼ਰਿੱਜ, ਮੋਬਾਇਲ, ਵਾਸ਼ਿੰਗ ਮਸ਼ੀਨ ਆਦਿ ਖਰੀਦ ਸਕਦੀ ਹੈ। ਇਸ਼ਤਿਹਾਰਬਾਜ਼ੀ ਅਤੇ ਵਪਾਰਕ ਮੀਡੀਏ ਰਾਹੀਂ ਜਿਨ੍ਹਾਂ ਦੇ ਦਿਮਾਗ ਨੂੰ ਫੁਸਲਾ ਕੇ ਉਨ੍ਹਾਂ ਦੀ ਜੀਵਨ ਸ਼ੈਲੀ ਇਸ ਤਰ੍ਹਾਂ ਬਦਲੀ ਜਾ ਸਕਦੀ ਹੈ ਜੋ ਯੂਰਪ ਦੇ ਉਪਭੋਗਤਾ ਵਰਗ ਵਾਂਗੂੰ ਆਮਦਨ ਤੋਂ ਜ਼ਿਆਦਾ ਖਰਚ ਕਰਕੇ ਜ਼ਿੰਦਗੀ ਭਰ ਕਰਜ਼ੇ ਵਿਚ ਡੁੱਬੇ ਰਹਿ ਸਕਦੇ ਹਨ। ਭਾਰਤੀ ਖਪਤ ਬਾਜ਼ਾਰ ਵਿਚ ਵਿਦੇਸ਼ੀ ਕੰਪਨੀਆਂ ਇਨ੍ਹਾਂ ਨੂੰ ਬਹੁਤ ਜ਼ਿਆਦਾ ਚੋਖ ਸਕਦੀਆਂ ਹਨ। ਬੱਚਤ ਅਤੇ ਜਮਾਂ ਪੂੰਜੀ 'ਤੇ ਵਿਆਜ ਦਰ ਘੱਟ ਕਰਨ ਦੀ ਨਵੀਂ ਆਰਥਿਕ ਨੀਤੀ ਮੱਧ ਵਰਗ ਦੇ ਬਟੂਏ ਨੂੰ ਖਾਲੀ ਕਰਵਾਉਣ ਦੇ ਉਦੇਸ਼ ਨਾਲ ਹੀ ਬਣਾਈ ਗਈ ਹੈ। ਲਗਭਗ ਜ਼ੀਰੋ ਪ੍ਰਤੀਸ਼ਤ ਵਿਆਜ ਦੀ ਦਰ 'ਤੇ ਕਾਰ ਤੋਂ ਲੈ ਕੇ ਵਿਲਾਸਤਾ ਦੇ ਹੋਰ ਸਾਮਾਨਾਂ ਦੀ ਖਰੀਦਦਾਰੀ ਅਤੇ ਕ੍ਰੈਡਿਟ ਕਾਰਡ, ਏ.ਟੀ.ਐਮ. ਦੇ ਜ਼ਰੀਏ ਤੁਰੰਤ ਨਕਦੀ ਭੁਗਤਾਨ ਦੀਆਂ ਸਹੂਲਤਾਂ ਪਿਛੇ ਬਹੁਕੌਮੀ ਕੰਪਨੀਆਂ ਦੇ ਨਾਲ ਸਰਕਾਰ ਦਾ ਵੀ ਹੱਥ ਹੈ। ਪ੍ਰੰਤੂ ਵਿਸ਼ਵ ਬੈਂਕ ਅਤੇ ਅੰਤਰਰਾਸ਼ਟਰੀ ਆਰਥਿਕ ਸੰਗਠਨਾਂ ਦਾ ਅਨੁਮਾਨ ਇਹ ਵੀ ਹੈ

## ਅਜੋਕੀ ਗੱਲ

ਕਿ ਜੇ ਸੁਧਾਰਵਾਦੀ ਆਰਥਿਕ ਨੀਤੀਆਂ ਤਹਿਤ ਜਿਸ ਤਰ੍ਹਾਂ 5.8% ਦੀ ਦਰ ਨਾਲ ਕੌਮੀ ਆਮਦਨ ਪਿਛਲੇ ਦਸ-ਬਾਰਾਂ ਸਾਲਾਂ ਤੋਂ ਵਧ ਰਹੀ ਹੈ, ਉਹ ਆਪਣੇ ਆਪ ਵਿਚ ਇੱਕ ਕ੍ਰਿਸ਼ਮਾ ਹੈ। ਜੇ ਵਿਕਾਸ ਦੀ ਇਹ ਦਰ 20-25 ਸਾਲਾਂ ਤੱਕ ਬਣੀ ਰਹੀ ਤਾਂ ਭਾਰਤ ਅਮਰੀਕਾ ਬਣ ਜਾਵੇਗਾ ਕਿਉਂਕਿ ਇਤਿਹਾਸ ਦੱਸਦਾ ਹੈ ਕਿ ਇਸ ਤੋਂ ਅੱਧੇ ਵਿਕਾਸ ਦੀ ਦਰ ਨਾਲ ਸਿਰਫ਼ ਪੰਜਾਹ ਸਾਲਾਂ ਵਿਚ ਅਮਰੀਕਾ ਇਸ ਸੰਸਾਰ ਦੀ ਸਭ ਤੋਂ ਵੱਡੀ ਆਰਥਿਕ ਸ਼ਕਤੀ ਅਤੇ ਸਭ ਤੋਂ ਵੱਡੀ ਫ਼ੌਜੀ ਤਾਕਤ ਬਣ ਕੇ ਉਭਰਿਆ ਹੈ। ਜੇ ਸਾਡਾ ਦੇਸ਼ ਵੀ ਇਸ ਪੰਜ ਛੇ ਪ੍ਰਤੀਸ਼ਤ ਦੇ ਆਰਥਿਕ ਵਿਕਾਸ ਦੀ ਦਰ ਨੂੰ ਬਣਾਈ ਰੱਖਣ ਦੇ ਸਮਰੱਥ ਰਿਹਾ, ਤਾਂ 2050 ਤੱਕ ਸਾਡੇ ਇਸ ਨਵੇਂ ਮੱਧ ਵਰਗ ਦੀ ਆਬਾਦੀ ਦੇਸ਼ ਦੀ ਕੁੱਲ ਆਬਾਦੀ ਦੇ ਲਗਭਗ ਅੱਧੀ ਹੋਵੇਗੀ, ਯਾਨਿ ਅੱਧੇ ਲੋਕਾਂ ਦੇ ਕੋਲ ਕਾਰ, ਬੰਗਲਾ ਯਾਨਿ ਵਿਲਾਸ ਦਾ ਸਭ ਕੁਝ ਹੋਵੇਗਾ ਅਤੇ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿਣ ਵਾਲਿਆਂ ਦੀ ਗਿਣਤੀ ਸਿਰਫ਼ 10% ਬਚੇਗੀ।

ਹੁਣ ਜੇ ਅਸੀਂ 1947 ਤੋਂ ਲੈ ਕੇ 1990 ਤਕ, 43 ਸਾਲ ਕੋਟਾ ਪਰਮਿਟ ਵਾਲੀ, ਉਸ ਖਿਚੜੀ ਅਰਥਨੀਤੀ ਨੂੰ ਦੇਖਿਆ ਹੈ, ਤਾਂ ਇਸ ਨਵੀਂ ਉਦਾਰ ਅਰਥ ਨੀਤੀ ਨੂੰ ਦੇਖਣ-ਪਰਖਣ ਵਿਚ ਕੀ ਹਰਜ਼ ਹੈ? ਪਰ ਸਵਾਲ ਵਾਰ-ਵਾਰ ਇਹੀ ਪੈਦਾ ਹੁੰਦਾ ਹੈ ਕਿ ਕਿਤੇ ਇਸ ਖਾਂਦੇ-ਕਮਾਉਂਦੇ, ਛਾਣਦੇ-ਫੂਕਦੇ ਮੱਧ ਵਰਗ ਦੇ ਨਾਲ ਜਿਹੜੀ ਅਮੀਰੀ ਇੱਕੀਵੀਂ ਸਦੀ ਵਿਚ ਸਾਡੇ ਦੇਸ਼ ਵਿਚ ਆਵੇਗੀ ਕਿਤੇ ਉਹ ਅਮੀਰੀ ਉਹੋ ਜਿਹੀ ਤਾਂ ਨਹੀਂ ਹੋਏਗੀ ਜਿਸ ਵੱਲ ਇਸ਼ਾਰਾ ਸਮਾਜ ਸ਼ਾਸਤਰੀ ਪੀ.ਸੀ. ਜੋਸ਼ੀ ਨੇ ਕੀਤਾ ਹੈ, "ਭਾਰਤ ਵਿਚ ਅੱਜ ਅਧ-ਕਚਰਾ, ਆਧੁਨਿਕ ਪਰਜੀਵੀ ਸਮਾਜ ਹੈ। ਇਸ ਲਈ ਅੱਜ ਇੱਥੇ ਉਤਪਾਦਕ ਅਤੇ ਉਪਭੋਗਤਾ ਤੋਂ ਜ਼ਿਆਦਾ ਅਹਿਮੀਅਤ ਵਿਚੋਲੇ ਦੀ ਹੋ ਚੁੱਕੀ ਹੈ। ਪੈਸਾ ਇਸ ਹੱਥ ਤੋਂ ਉਸ ਹੱਥ ਵਿਚ ਘੁੰਮ ਰਿਹਾ ਹੈ, ਪਰ ਦੇਸੀ ਉਤਪਾਦਨ ਨਹੀਂ ਵਧ ਰਿਹਾ। ਇਸ ਤਰ੍ਹਾਂ ਦੇ ਅਮੀਰਾਂ ਨੂੰ ਪੂੰਜੀਪਤੀ ਜਾਂ ਉਦਯੋਗਪਤੀ ਦਾ ਨਾਂ ਦੇਣਾ ਠੀਕ ਨਹੀਂ ਹੈ। ਅਣਹੋਂਦਾਂ ਦੀ ਅਰਥ ਵਿਵਸਥਾ ਵਿਚ ਇਹ ਲੋਕ ਦਲਾਲੀ, ਸੱਟਾ ਅਤੇ ਸਰਕਾਰੀ ਹਿਫ਼ਾਜ਼ਤ ਵਿਚ ਪੈਸਾ ਬਣਾ ਰਹੇ ਹਨ। ਇਸ ਤਰ੍ਹਾਂ ਦਾ ਪੈਸਾ ਅਕਸਰ ਕਾਲਾ ਧਨ ਹੁੰਦਾ ਹੈ ਕਿਉਂਕਿ ਉਸ ਦੇ ਪਿੱਛੇ ਕਿਰਤ ਦੀ ਭੂਮਿਕਾ ਨਹੀਂ ਹੁੰਦੀ। ਇਸ ਦੀ ਉਤਪਾਦਕ ਕੰਮਾਂ ਵਿਚ ਵਰਤੋਂ ਸੰਭਵ ਨਹੀਂ ਹੁੰਦੀ। ਇਹ ਰਿਸ਼ਵਤ, ਅੱਯਾਸ਼ੀ ਅਤੇ ਹੋਰ ਅਣ-ਉਤਪਾਦਕ ਕੰਮਾਂ 'ਤੇ ਖ਼ਰਚ ਹੁੰਦਾ ਹੈ। ਅਜਿਹੀ ਵਿਵਸਥਾ ਤਹਿਤ ਉਦਯੋਗਿਕ ਸੂਝ ਬੂਝ ਰੱਖਣ ਵਾਲੇ ਵਿਅਕਤੀਆਂ, ਖੋਜੀਆਂ ਅਤੇ ਟੈਕਨਾਲੋਜੀ ਦੀ ਪ੍ਰਤਿਭਾ ਰੱਖਣ ਵਾਲੇ ਵਿਅਕਤੀਆਂ ਦੀ ਭੂਮਿਕਾ ਗੌਣ ਹੁੰਦੀ ਜਾਂਦੀ ਹੈ। ਜਦ ਹੇਰਾਫ਼ੇਰੀ ਹੀ ਸਭ ਤੋਂ ਵੱਡੀ ਚੀਜ਼ ਹੋਵੇ, ਤਾਂ ਅਸਲ ਪ੍ਰਤਿਭਾ ਬੇਕਾਰ ਚਲੀ ਜਾਂਦੀ ਹੈ।

*ਹਿੰਦੀ ਤੋਂ ਅਨੁਵਾਦ: ਭਜਨਬੀਰ ਸਿੰਘ*


## ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ

ੴ ਸਤਿਗੁਰ ਪ੍ਰਸਾਦਿ॥
ਆਇਆ ਤਾ ਕਾ ਸਫਲ ਹੈ ਜਾ ਪਰ ਉਪਕਾਰੀ ਹੋਇ॥

ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ ਵਲੋਂ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਉਪਦੇਸ਼ ਨੂੰ ਘਰ ਘਰ ਪਹੁੰਚਾਉਣ ਲਈ ਹਫਤਾਵਾਰੀ ਪ੍ਰੋਗਰਾਮ ਹਰੇਕ ਸਨਿਚਰਵਾਰ ਨੂੰ ਯੂਬਾ ਸਿਟੀ ਇਲਾਕੇ ਵਿਚ ਸ਼ੁਰੂ ਕੀਤਾ ਗਿਆ ਹੈ ਜਿਸ ਵਿਚ ਸੰਗਤ ਰੂਪ ਵਿਚ ਜਪੁਜੀ ਸਾਹਿਬ ਤੇ ਸੁਖਮਨੀ ਸਾਹਿਬ ਦੇ ਪਾਠ ਤੋਂ ਇਲਾਵਾ ਕੀਰਤਨ, ਕਥਾ ਅਤੇ ਨਾਮ ਸਿਮਰਨ ਕੀਤਾ ਜਾਂਦਾ ਹੈ। ਸੁਸਾਇਟੀ ਵਲੋਂ ਇਹ ਨਿਸ਼ਕਾਮ ਸੇਵਾ ਕੀਤੀ ਜਾਂਦੀ ਹੈ, ਕੋਈ ਵੀ ਸ਼ਰਧਾਵਾਨ ਪਰਿਵਾਰ ਇਹ ਸੇਵਾ ਆਪਣੇ ਘਰ ਵਿਚ ਕਰਵਾਉਣਾ ਚਾਹੁੰਦਾ ਹੈ ਤਾਂ ਹੇਠ ਲਿਖੇ ਸੱਜਣਾਂ ਨਾਲ ਸੰਪਰਕ ਕਰ ਸਕਦਾ ਹੈ:

ਨਰਿੰਦਰ ਸਿੰਘ 530-682-7383
ਜੋਗਿੰਦਰ ਸਿੰਘ 530-870-3440
ਨਿਰਮਲ ਸਿੰਘ 530-635-0273

# ਉਫ਼ ਗਰਮੀ, ਚਲੋ ਪੁਰ ਗਿਣੀਏ!

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-454-4958

ਗਰਮੀ ਦੇ ਸਾਰੇ ਰਿਕਾਰਡ ਟੁੱਟ ਚੁਕੇ ਹਨ। ਇਹ ਵੱਟ ਕੱਢ ਵੀ ਰਹੀ ਹੈ ਤੇ ਪਾ ਵੀ ਰਹੀ ਹੈ। ਘਰੋਂ ਬਾਹਰ ਆਈਏ, ਜਾਣੋ ਅਮਰੀਕੀ ਈਗਲ ਦੀ ਅੱਖ ਨਿੱਕਲ ਰਹੀ ਹੈ। ਭਾਵੇਂ ਆਪਣੇ ਆਪ ਨੂੰ ਠੰਡਾ ਰੱਖਣ ਦੀਆਂ ਬਥੇਰੀਆਂ ਸਹੂਲਤਾਂ ਹਨ ਪਰ ਜੇਬ ਵੀ ਤਾਂ ਢਿੱਲੀ ਹੁੰਦੀ ਹੈ। ਇਸ ਹਾਲਤ ਵਿਚ ਬਹੁਤੇ ਲੋਕ ਚੰਮ ਹੀ ਹੰਢਾ ਰਹੇ ਹਨ। ਮੁੱਦਤਾਂ ਪਹਿਲਾਂ ਦੇਸ ਵਿਚ ਹੰਢਾਈਆਂ ਗਰਮੀਆਂ ਚੇਤੇ ਆ ਰਹੀਆਂ ਹਨ। ਯਾਦ ਕਰੋ ਸੰਤੋਖ ਸਿੰਘ ਧੀਰ ਦੀ ਕਹਾਣੀ 'ਸਵੇਰ ਹੋਣ ਤੱਕ' ਜਿਸ ਵਿਚ ਕੋਠੇ ਉਤੇ ਸੁਤੇ ਕਿਸਾਨ ਪਰਿਵਾਰ ਦੇ ਜੀਅ ਹੁੱਸੜ ਭਰੀ ਗਰਮੀ ਦੇ ਸਤਾਏ ਸਾਰੀ ਰਾਤ ਕੋਠੋਂ ਭੁੰਨੇ ਹੀ ਹੁੰਦੇ ਰਹੇ। ਪਿੰਡ ਵਿਚ ਗਰਮੀਆਂ ਦੀਆਂ ਰਾਤਾਂ ਨੂੰ ਕੋਠੇ ਚੜ੍ਹ ਕੇ ਸੌਂਈਦਾ ਸੀ ਤਾਂ ਪਸੀਨੇ ਤੇ ਮੱਛਰਾਂ ਦੀ ਦੂਹਰੀ ਮਾਰ ਪੈਂਦੀ ਸੀ। ਮਰੀਅਲ ਜਿਹੀ ਪੱਖੀ ਦੀ ਹਵਾ ਇਕ ਮਜ਼ਾਕ ਹੀ ਤਾਂ ਸੀ। ਪੱਖੀ ਵੀ ਕਿਹੜੀ ਹਰੇਕ ਕੋਲ ਹੁੰਦੀ ਸੀ, ਬੱਸ ਕੋਈ ਗੱਤੇ ਆਦਿ ਦਾ ਟੁੱਕੜਾ ਹੀ ਚੁੱਕ ਲੈਣਾ। ਪਿੰਡ ਦਾ ਜੀਵਨ ਕਿਰਸ ਭਰਿਆ ਹੁੰਦਾ ਸੀ, ਸਮਝੋ ਦਿਲਾਸਿਆਂ ਨਾਲ ਹੀ ਦਿਨ ਕਟੀ ਹੁੰਦੀ ਸੀ। ਖੂੰਜੇ ਵਿਚ ਪਏ ਕਿਸੇ ਬਜ਼ੁਰਗ ਨੇ ਕਹਿਣਾ, 'ਚੱਲੋ, ਪੁਰ ਗਿਣੀਏ।' ਵਿਸ਼ਵਾਸ ਹੁੰਦਾ ਸੀ ਕਿ ਜੇ ਨਾਂ ਪਿਛੇ ਲਗਦੇ 'ਪੁਰ' ਵਾਲੇ ਪਿੰਡਾਂ-ਸ਼ਹਿਰਾਂ ਦੀ ਗਿਣਤੀ ਕੀਤੀ ਜਾਵੇ ਤਾਂ ਮੀਂਹ ਜਾਂ ਘਟੋ ਘਟ ਪੌਣ ਦੇਵਤਾ ਦੇ ਮਨ ਮਿਹਰ ਪੈ ਜਵੇਗੀ। ਜਪਣ ਨਾਲ ਤਾਂ ਰੱਬ ਮਿਲ ਜਾਂਦਾ ਹੈ, ਇਹ ਦੇਵਤੇ ਕੀ ਚੀਜ਼ ਹਨ। ਇਨ੍ਹਾਂ ਦੇ ਮਨ 'ਚ ਇਹ ਮਿਹਰ ਤਾਂ ਪਤਾ ਨਹੀਂ ਪੈਂਦੀ ਸੀ ਜਾਂ ਨਹੀਂ ਪਰ ਪੁਰਾਂ ਦੀ ਗਿਣਤੀ ਕਰਦਿਆਂ ਧਿਆਨ ਹੋਰ ਪਾਸੇ ਚਲੇ ਜਾਂਦਾ ਸੀ ਤੇ ਨੀਂਦ ਦੇ ਮਨ ਸੁਮੱਤਿਆ ਜ਼ਰੂਰ ਪੈ ਜਾਂਦੀ ਸੀ।

ਪੁਰ ਦੇ ਦੂਜੇ ਰੂਪ 'ਪੁਰਾ' ਤੇ 'ਪੁਰੀ' ਵੀ ਨਾਲ ਮਿਲਾ ਲਏ ਜਾਣ ਤਾਂ ਇਨ੍ਹਾਂ ਪਿਛੇਤਰਾਂ ਵਾਲੇ ਏਨੇ ਪਿੰਡ ਸ਼ਹਿਰ ਹਨ ਕਿ ਗਿਣਤੀ ਕਰਨਾ ਮੁਸ਼ਕਿਲ ਹੈ। ਸਾਡੇ ਪਿੰਡ ਦੇ ਉਦਾਲੇ ਹੀ ਕਈ ਪੁਰ ਹਨ ਜਿਵੇਂ ਸਾਗਰਪੁਰ, ਸ਼ਾਦੀਪੁਰ, ਰਾਪੁਰ, ਭੋਗਪੁਰ, ਪਰਤਾਬਪੁਰਾ, ਆਲਮਪੁਰ, ਅਲੀਪੁਰ, ਭਾਰ ਸਿੰਘ ਪੁਰਾ, ਦਿਆਲਪੁਰ, ਖਾਨਪੁਰ, ਖੁਰਦਪੁਰ, ਮਹਿਤਪੁਰ, ਮਹਿਸਮਪੁਰ, ਰਾਮਪੁਰਾ, ਸੰਸਾਰਪੁਰ, ਮੀਰਪੁਰ, ਕਿਸ਼ਨਪੁਰਾ, ਰਸੂਲਪੁਰ ਆਦਿ। ਪੰਜਾਬ ਦੇ ਕਿੰਨੇ ਸ਼ਹਿਰ/ਕਸਬੇ ਜਿਵੇਂ ਹੁਸ਼ਿਆਰਪੁਰ, ਗੁਰਦਾਸਪੁਰ, ਫਿਰੋਜ਼ਪੁਰ, ਰਾਜਪੁਰਾ, ਆਦਮਪੁਰ, ਅਲਾਵਲਪੁਰ, ਭੋਗਪੁਰ, ਕਰਤਾਰਪੁਰ, ਰਾਮਪੁਰਾਫੂਲ, ਸੁਜਾਨਪੁਰ, ਦੌਲਤਪੁਰ, ਹੁਸੈਨਪੁਰ, ਜ਼ੀਰਕਪੁਰ, ਸ਼ੇਖੂਪੁਰਾ, ਅਨੰਦਪੁਰ ਸਾਹਿਬ, ਕੀਰਤਪੁਰ ਆਦਿ ਇਸ ਪੁਰ ਨਾਲ ਲੈਸ ਹੋਏ ਪਏ ਹਨ। ਇਨ੍ਹਾਂ ਤੋਂ ਬਿਨਾ ਪਿੰਡਾਂ ਸ਼ਹਿਰਾਂ ਦੀਆਂ ਪੱਤੀਆਂ ਮਹੱਲਿਆਂ ਦੇ ਨਾਂਵਾਂ ਪਿਛੇ ਵੀ ਇਹ ਪਿਛੇਤਰ ਚਿਪਕਿਆ ਮਿਲਦਾ ਹੈ। ਬਾਕੀ ਭਾਰਤ, ਪਾਕਿਸਤਾਨ, ਅਫਗਾਨਿਸਤਾਨ, ਬੰਗਲਾਦੇਸ਼ ਆਦਿ ਵਿਚ ਵੀ ਪੁਰ, ਪੁਰੇ ਜਾਂ ਪੁਰੀਆਂ ਦਾ ਅੰਤ ਨਹੀਂ। ਅਵੰਤੀਪੁਰਾ, ਜੈਪੁਰ, ਕਾਨਪੁਰ, ਦਿਸਪੁਰ, ਜਬਲਪੁਰ ਆਦਿ ਭਾਰਤ ਦੇ ਮਸ਼ਹੂਰ ਪੁਰ ਹਨ। ਸਿੰਗਾਪੁਰ ਨਾਂ ਪਿਛੇ ਵੀ ਪੁਰ ਸੁਸ਼ੋਭਿਤ ਹੈ। ਉੜੀਸਾ ਵਿਚ 'ਪੁਰੀ' ਪ੍ਰਸਿਧ ਤੀਰਥ ਸਥਾਨ ਹੈ। ਇਸ ਦਾ ਅਸਲ ਨਾਂ ਜਗਨਨਾਥ ਪੁਰੀ ਹੈ। ਕਸ਼ਮੀਰ ਦੇ ਸ਼ਹਿਰ ਸੋਪੋਰ ਦਾ ਨਾਂ ਸੂਯਾਪੁਰ ਤੋਂ ਘਸ ਘਸ ਕੇ ਬਣਿਆ ਹੈ। ਨੌਵੀਂ ਸਦੀ ਵਿਚ ਇਸ ਦੀ ਨੀਂਹ ਰੱਖਣ ਵਾਲੇ ਵਜ਼ੀਰ ਦਾ ਨਾਂ ਸੂਯਾ ਸੀ। ਪੁਰ ਦਾ ਇਕ ਹੋਰ ਰੂਪ 'ਪੁਰਮ' ਵੀ ਹੈ ਜਿਵੇਂ ਮਹਾਬਲੀਪੁਰਮ, ਗੋਪੁਰਮ, ਅਨੰਤਪੁਰਮ, ਤੀਰੁਵੰਤਪੁਰਮ (ਤਿਰਵੰਦਰਮ)। ਇਸੇ ਤਰ੍ਹਾਂ ਇਕ ਹੋਰ ਰੂਪ 'ਪੁਰਵਾ' ਵੀ ਹੈ। ਦਸਮ ਗ੍ਰੰਥ ਵਿਚ ਲਵ ਵਲੋਂ ਲਹੌਰ ਤੇ ਕੁਸ਼ ਵਲੋਂ ਕਸੂਰ 'ਪੁਰਵ' ਵਸਾਏ ਦੱਸੇ ਗਏ ਹਨ:

ਤਹੀ ਤਿਨੈ ਬਾਂਧੇ ਦੁਇ ਪੁਰਵਾ॥
ਏਕ ਕਸੂਰ ਦੁਤੀਯ ਲਹੁਰਵਾ॥

ਗੱਲ ਕੀ ਪੂਰੇ ਪੁਰ ਗਿਣ ਲਏ ਜਾਣ ਤਾਂ ਮੀਂਹ ਛੱਡ ਕੇ ਝੱਖੜ ਤੂਫ਼ਾਨ ਲਿਆਂਦੇ ਜਾ ਸਕਦੇ ਹਨ। ਤੁਰਕਿਕ ਦਾ ਇਕ ਸ਼ਬਦ ਹੈ 'ਬੋਰਾ'- ਪਤਾ ਨਹੀਂ ਇਸ ਦਾ ਪੁਰ ਨਾਲ ਕੋਈ ਨਾਤਾ ਹੈ ਜਾਂ ਨਹੀਂ ਪਰ ਉਤਰੀ ਹਵਾ, ਬਾਰਸ਼ ਅਤੇ ਬਰਫ ਨਾਲ ਇਸ ਦਾ ਸਬੰਧ ਜ਼ਰੂਰ ਹੈ!



ਵਾਸਤਵ ਵਿਚ 'ਪੁਰ' ਦਾ ਸੰਸਕ੍ਰਿਤ ਧਾਤੂ 'ਪੁਰ' ਹੈ ਜਿਸ ਦਾ ਅਰਥ ਕਿਲਾ, ਗੜ੍ਹ, ਕੰਧ ਆਦਿ ਹੈ। ਕੋਈ ਵੀ ਬਸਤੀ ਇਕ ਸੁਰੱਖਿਅਤ ਵਗਲਿਆ ਡੇਰਾ ਹੁੰਦੀ ਹੈ ਇਸ ਲਈ ਵਿਸਤ੍ਰਿਤ ਹੋ ਕੇ ਇਸ ਦਾ ਅਰਥ ਸ਼ਹਿਰ, ਨਗਰ ਜਾਂ ਪਿੰਡ ਬਣਨਾ ਸਹਿਜ ਪ੍ਰਕਿਰਿਆ ਹੈ। ਇਹ ਗੱਲ ਅਸੀ ਕਿਲੇ ਦੇ ਅਰਥਾਂ ਵਿਚ ਆਉਂਦੇ ਹੋਰ ਸ਼ਬਦਾਂ ਦੇ ਸਬੰਧ ਵਿਚ ਵੀ ਦੇਖਾਂਗੇ, ਏਥੇ ਇਸ਼ਾਰੇ ਮਾਤਰ ਏਨਾ ਦੱਸਣਾ ਕਾਫੀ ਹੈ ਕਿ ਗੜ੍ਹ ਜਾਂ ਗੜ੍ਹੀ ਵੀ ਕਿਲਾ ਹੈ ਜੋ ਅਨੇਕਾਂ ਪਿੰਡਾਂ/ਸ਼ਹਿਰਾਂ ਦੇ ਨਾਂਵਾਂ ਪਿਛੇ ਲਗਦਾ ਹੈ ਜਿਵੇਂ ਮਹਿੰਦਰਗੜ੍ਹ, ਆਜ਼ਮਗੜ੍ਹ, ਚੰਡੀਗੜ੍ਹ। ਇਸ ਹਿਸਾਬ ਨਾਲ 'ਕਿਲਾ ਰਾਏਪੁਰ' ਦੇ ਅੱਗੜ ਪਿਛੜ ਦੂਹਰੀ ਹਿਫ਼ਾਜ਼ਤ ਮੁਹੱਈਆ ਹੈ।

ਤਕਨੀਕੀ ਤੌਰ ਤੇ ਪੁਰਾਣੇ ਜ਼ਮਾਨੇ ਵਿਚ ਇਕ ਕੋਹ ਜਾਂ ਇਸ ਤੋਂ ਵਧ ਦੇ ਵਲਾਵੇਂ ਵਾਲਾ ਵਸੇਬਾ 'ਪੁਰ'; ਅੱਧੇ ਕੋਹ ਵਾਲਾ 'ਖੇਟ'; ਇਸ ਤੋਂ ਘਟ ਵਾਲਾ 'ਕਰਵਟ' ਤੇ ਕੁਝ ਹੀ ਘਰਾਂ ਵਾਲਾ ਗ੍ਰਾਮ ਹੁੰਦਾ ਸੀ। ਪੁਰ ਦਾ ਹੋਰ ਅਰਥ ਇਸਤਰੀ-ਨਿਵਾਸ ਵੀ ਹੈ ਤੇ ਘਰ, ਕੋਠਾ, ਰਿਹਾਇਸ਼, ਪਾਤਰ ਵੀ। ਅਜਿਹੇ ਅਰਥਾਂ ਤੋਂ ਹੀ ਇਸ ਦੇ ਸਰੀਰ ਵਾਲੇ ਅਰਥ ਵਿਕਸਿਤ ਹੋਏ। ਕਿਸੇ ਵੀ ਵਸੇਬੇ ਨੂੰ ਅਸੀਂ ਇਕ ਸਰੀਰ ਦੀ ਨਿਆਈ ਦੇਖ ਸਕਦੇ ਹਾਂ, ਜਿਵੇਂ ਸਰੀਰ ਨਾਲ ਸਾਰਾ ਮਨੁਖ ਬੱਝਾ ਹੋਇਆ ਤੇ ਸੁਰੱਖਿਅਤ ਹੈ ਇਸੇ ਤਰ੍ਹਾਂ 'ਪੁਰ' ਅਰਥਾਤ ਪਿੰਡ ਸ਼ਹਿਰ ਨਾਲ ਲੋਕਾਈ ਸੁਰੱਖਿਅਤ ਹੈ। ਪਿੰਡ ਤੋਂ ਬਣਿਆ ਪਿੰਡਾ ਤਾਂ ਸਰੀਰ ਹੈ ਹੀ, ਖੁਦ ਪਿੰਡ ਸ਼ਬਦ ਵੀ ਲਾਖਣਿਕ ਅਰਥਾਂ ਵਿਚ ਸਰੀਰ ਬਣ ਜਾਂਦਾ ਹੈ:

ਮਿਲਿ ਮਾਤਾ ਪਿਤਾ
ਪਿੰਡ ਕਮਾਇਆ॥ (ਮਾਰੂ ਮ. 1)

ਪੁਰ ਸ਼ਬਦ ਵਿਚ ਉਚਾਈ ਦਾ ਭਾਵ ਨਿਹਿਤ ਹੈ ਇਸ ਲਈ ਇਸ ਦਾ ਅਰਥ ਅਟਾਰੀ ਵੀ ਹੈ। ਪੁਰ ਤੋਂ ਬਣੇ ਪੁਰਵਾਸੀ ਦਾ ਮਤਲਬ ਨਗਰ ਨਿਵਾਸੀ ਜਾਂ ਸ਼ਹਿਰੀ ਹੈ। ਅਸਲ ਵਿਚ ਸੰਸਕ੍ਰਿਤ ਵਿਚ ਤਾਂ ਇਸ ਤੋਂ ਤਮਾਮ ਸ਼ਬਦ ਵਿਉਤਪਤ ਹੋਏ ਹਨ। ਇਹ ਤਾਂ ਅਸੀਂ ਉਪਰ ਦੇਖ ਹੀ ਲਿਆ ਹੈ ਕਿ ਪੁਰ ਆਦਿ ਕਿਸੇ ਸਥਾਨ ਨਾਮ ਦਾ ਪਿਛੇਤਰ ਬਣਦਾ ਹੈ ਪਰ ਗੁਰੂ ਗ੍ਰੰਥ ਸਾਹਿਬ ਵਿਚ ਆਮ ਤੌਰ 'ਤੇ ਇਹ ਕਾਲਪਨਿਕ ਜਿਹੇ ਵਸੇਬਿਆਂ ਦੇ ਨਾਂਵਾਂ ਵਿਚ ਹੀ ਆਉਂਦਾ ਹੈ ਜਿਵੇਂ ਦੇਵਪੁਰੀ, ਜਮਪੁਰੀ, ਪਤਾਲਪੁਰੀ, ਸ਼ਿਵਪੁਰੀ, ਬ੍ਰਹਮਪੁਰੀ, ਇੰਦ੍ਰਪੁਰੀ, ਮਾਸਪੁਰੀ, ਦਿਸਪੁਰੀ, ਅਮਰਾਪੁਰੀ, ਗਗਨਪੁਰੀ, ਧਰਮਪੁਰੀ, ਗੋਬਿੰਦਪੁਰੀ, ਬੇਗਮਪੁਰ, ਕਰਤਾਰਪੁਰ। ਹਾਂ, ਰਾਮਦਾਸਪੁਰ ਵਜੋਂ ਜ਼ਰੂਰ ਵਾਸਤਵਿਕ ਸ਼ਹਿਰ ਦਾ ਜ਼ਿਕਰ ਹੈ:

ਰਾਮ ਰਾਜ ਰਾਮਦਾਸ ਪੁਰਿ
ਕੀਨੇ ਗੁਰਦੇਵ॥ (ਮ. 5)

ਸਾਡੇ ਇਸ ਪੁਰ ਦੇ ਮੁਕਾਬਲੇ ਵਿਚ ਗਰੀਕ ਸ਼ਬਦ ਹੈ 'ਪਾਲਿਸ' ਜਿਸ ਦਾ ਅਰਥ ਵੀ ਸ਼ਹਿਰ ਹੀ ਹੁੰਦਾ ਹੈ ਤੇ ਇਹ 'ਪਾਲਿਸ' 'ਪੋਲਹ' (ਪ੍ਲੁ-) ਭਾਰੋਪੀ ਮੂਲ ਰਾਹੀਂ ਸਾਡੇ 'ਪੁਰ' ਦਾ ਸੁਜਾਤੀ ਹੈ। ਲਿਥੂਐਨੀਅਨ ਭਾਸ਼ਾ ਵਿਚ ਇਸ ਦਾ ਰੂਪ ਪਿਲਿਸ ਹੈ। ਐਨ ਪੁਰ ਦੀ ਤਰ੍ਹਾਂ ਹੀ 'ਪਾਲਿਸ' ਵੀ ਸ਼ਬਦ ਦੇ ਪਿਛੇ ਪਿਛੇਤਰ ਵਜੋਂ ਲੱਗ ਕੇ ਸ਼ਹਿਰ ਦਾ ਅਰਥ ਦਿੰਦਾ ਹੈ। ਅਮਰੀਕਾ ਵਿਚ ਰਹਿੰਦੇ ਲੋਕ ਯਾਦ ਕਰਨ ਇੰਡਿਆਨਾਪਾਲਿਸ, ਮਿਨਿਆਪਾਲਿਸ, ਐਨਾਲਿਸ, ਕਾਸਮੋਪਾਲਿਸ, ਡੈਮੋਪਾਲਿਸ, ਕਨਪਾਲਿਸ ਆਦਿ। ਕੁਝ ਪਿੰਡਾਂ ਦੇ ਨਾਂਵਾਂ ਵਿਚ ਵੀ ਪਾਲਿਸ ਸਾਫ਼ ਦਿਸਦਾ ਹੈ ਜਿਵੇਂ ਕੈਸੋਪਾਲਿਸ (ਮਿਸ਼ੀਗਨ), ਗੈਲੀਪਾਲਿਸ, ਲਿਥੋਪਾਲਿਸ, ਯੂਨੀਓਪਾਲਿਸ (ਓਹਾਇਓ)।

ਮੈਟਰੋਪਾਲਿਸ ਸ਼ਬਦ ਦਾ ਸ਼ਾਬਦਿਕ ਅਰਥ ਹੈ 'ਮਾਂ ਸ਼ਹਿਰ', ਇਹ ਕਿਸੇ ਦੇਸ/ਰਾਜ ਦੇ ਸਭ ਤੋਂ ਵੱਡੇ ਸ਼ਹਿਰ ਨੂੰ ਆਖੀਦਾ ਹੈ। ਮੈਗਾਪਾਲਿਸ ਵੀ ਵੱਡੇ ਸ਼ਹਿਰ ਨੂੰ ਆਖਦੇ ਹਨ। ਪੰਜਾਬੀ ਵਿਚ ਇਨ੍ਹਾਂ ਸ਼ਬਦਾਂ ਲਈ ਮਹਾਨਗਰ ਸ਼ਬਦ ਵਰਤਿਆ ਜਾਂਦਾ ਹੈ। ਦੁਨੀਆਂ ਭਰ ਦੇ ਮੁਲਕਾਂ ਜਿਵੇਂ ਗਰੀਸ, ਤੁਰਕੀ, ਮਿਸਰ, ਫਰਾਂਸ, ਆਰਮੀਨੀਆ, ਇਸਰਾਈਲ, ਸਲੋਵੇਨੀਆ, ਇਰਾਨ, ਯੂਕਰੇਨ, ਬੁਲਗਾਰੀਆ, ਲਾਤਵੀਆ, ਸਵੀਡਨ, ਬਰਾਜ਼ੀਲ ਆਦਿ ਦੇ ਆਪਣੇ ਆਪਣੇ 'ਪਾਲਿਸ' ਹਨ। ਉਨੀਵੀਂ ਸਦੀ ਵਿਚ ਯੂ ਕੇ ਦੇ ਮਾਨਚੈਸਟਰ ਨੂੰ ਕਾਟਨਪਾਲਿਸ ਕਿਹਾ ਜਾਂਦਾ ਸੀ। ਪੁਰਾਣੇ ਜ਼ਮਾਨੇ ਵਿਚ ਕਬਰਿਸਤਾਨ ਨੂੰ ਨੈਕਰੋਪਾਲਿਸ ਆਖਦੇ ਸਨ, ਨੈਕਰੋ ਦਾ ਮਤਲਬ ਲਾਸ਼ ਹੁੰਦਾ ਹੈ- ਅਸੀਂ ਗੁਰਬਾਣੀ ਦਾ ਸ਼ਬਦ ਜਮਪੁਰੀ ਇਸ ਲਈ ਵਰਤ ਸਕਦੇ ਹਾਂ! ਸਾਡੇ ਪੁਰੀ ਦੀ ਤਰ੍ਹਾਂ ਹੀ ਸਾਈਪਰਸ ਦੇ ਉਤਰ-ਪੱਛਮੀ ਤਟ ਤੇ ਇਕ ਸ਼ਹਿਰ ਹੈ 'ਪਾਲਿਸ'। ਇਸ ਸ਼ਬਦ ਦਾ ਗਰੀਕ ਵਿਚ ਬਹੁਵਚਨ ਹੁੰਦਾ ਹੈ 'ਪੋਲੀ' ਇਸ ਤੋਂ ਲੀਬੀਆ ਦੀ ਰਾਜਧਾਨੀ ਤੇ ਇਸ ਦੇ ਸਭ ਤੋਂ ਵੱਡੇ ਸ਼ਹਿਰ 'ਤਰਿਪੋਲੀ' ਦਾ ਨਾਂ ਵਜੂਦ ਵਿਚ ਆਇਆ। 'ਤਰਿਪੋਲੀ' ਦਾ ਸ਼ਾਬਦਿਕ ਅਰਥ ਹੈ, 'ਤਿੰਨ ਸ਼ਹਿਰ' ਜਿਸ ਨੂੰ ਤ੍ਰਿਪੁਰਾ ਵਜੋਂ ਵੀ ਅਨੁਵਾਦਿਆ ਜਾ ਸਕਦਾ ਹੈ ਪਰ ਇਸ ਨਾਂ ਦੇ ਭਾਰਤੀ ਪ੍ਰਾਂਤ ਦਾ ਅਰਥ ਤਿੰਨ ਸ਼ਹਿਰ ਨਹੀਂ, ਇਹ ਤਰੀਪੁਰੀ ਭਾਸ਼ਾ ਦੇ ਦੋ ਸ਼ਬਦਾਂ 'ਤਵੀ (ਪਾਣੀ) + ਪਰਾ (ਨੇੜੇ) ਤੋਂ ਬਣਿਆ। 'ਤਰਿਪੋਲੀ' ਲੈਬਨਾਨ ਦੇ ਇਕ ਸ਼ਹਿਰ ਦਾ ਨਾਂ ਵੀ ਹੈ। ਰੋਮਨ ਅਤੇ ਉਸਮਾਨੀਆ ਸਾਮਰਾਜ ਦੀ ਰਾਜਧਾਨੀ ਕਾਨਸਟੈਂਟਿਨਪਲ, ਜਿਸ ਨੂੰ ਅਸੀਂ ਤੁਰਕ ਭਾਸ਼ਾ ਦੇ ਮਗਰ ਲੱਗ ਕੇ ਕਸਤਨਤੁਨੀਆ ਆਖਦੇ ਹਾਂ, ਦੇ ਪਿਛੇ ਲੱਗਾ 'ਪਲ' ਵੀ ਪਾਲਿਸ ਦਾ ਹੀ ਰੂਪ ਹੈ। ਇਸ ਸ਼ਹਿਰ ਦਾ ਅਜੋਕਾ ਨਾਂ ਇਸਤੰਬੂਲ ਵੀ ਅਸਲ ਵਿਚ ਇਕ ਗਰੀਕ ਵਾਕੰਸ਼ 'ਏਸ ਤਨ ਪਾਲਿਨ' (ਸ਼ਹਿਰ ਵਿਚ) ਦਾ ਵਿਗੜਿਆ ਰੂਪ ਹੈ। ਇਸ ਵਿਚ 'ਬੁਲ' ਦੇ ਰੂਪ ਵਿਚ ਵਿਗੜਿਆ 'ਪਾਲਿਨ' ਸਪਸ਼ਟ ਝਲਕ ਰਿਹਾ ਹੈ। ਇਟਲੀ ਦਾ ਸ਼ਹਿਰ ਨਾਪੋਲੀ (Naples =ਨਵਾਂ ਸ਼ਹਿਰ?) ਵਿਚ ਵੀ ਇਸੇ ਪਾਲਿਸ ਨੇ ਚਿੱਬ ਖਾਧਾ ਹੈ। ਅੱਜ ਅਮਰੀਕਾ ਵਿਚ ਦਰਜਨ ਭਰ ਸ਼ਹਿਰਾਂ ਦਾ ਇਹੋ ਨਾਂ ਹੈ।

ਅੱਜ ਕਲ੍ਹ ਪਾਲਿਸ ਪ੍ਰਾਚੀਨ ਗਰੀਸ ਦੇ ਸ਼ਹਿਰੀ-ਰਾਜਾਂ ਜਿਵੇਂ ਏਥਨਜ਼ ਆਦਿ ਨੂੰ ਕਿਹਾ ਜਾਂਦਾ ਹੈ। ਇਹ ਸ਼ਹਿਰੀ-ਰਾਜ ਇਕ ਤਰ੍ਹਾਂ ਰਾਜਕੀ ਇਕਾਈ ਹੁੰਦੇ ਸਨ ਜਿਨ੍ਹਾਂ ਦਾ ਰਾਜ ਭਾਗ ਸ਼ਹਿਰੀਆਂ ਦੀ ਸਭਾ ਕਰਦੀ ਸੀ। ਇਨ੍ਹਾਂ ਦੇ ਘੇਰੇ ਵਿਚ ਆਲੇ-ਦੁਆਲੇ ਦੇ ਪਿੰਡ ਵੀ ਆਉਂਦੇ ਸਨ। ਹੌਲੀ-ਹੌਲੀ ਇਸ ਦਾ ਅਰਥ ਸਮੁੱਚੇ ਸ਼ਹਿਰੀ ਹੀ ਹੋ ਗਿਆ। ਇਸੇ ਮੂਲ ਤੋਂ ਬਣੇ ਗਰੀਸ ਸ਼ਬਦ Politea (ਰਾਜ, ਪ੍ਰਸ਼ਾਸਨ, ਸਰਕਾਰ) ਲਾਤੀਨੀ ਵਿਚ Politia ਦਾ ਰੂਪ ਧਾਰ ਕੇ ਆ ਗਿਆ। ਫਰਾਂਸੀਸੀ ਵਿਚ ਸ਼ਹਿਰੀ ਪ੍ਰਸ਼ਾਸਨ ਦੇ ਅਰਥ ਗ੍ਰਿਹਣਦਾ 14 ਵੀਂ ਸਦੀ ਵਿਚ ਇਹ ਅੰਗਰੇਜ਼ੀ ਵਿਚ ਪਾਲਿਸੀ (Policy=ਨੀਤੀ) ਦੇ ਰੂਪ ਵਿਚ ਦਾਖਿਲ ਹੋ ਗਿਆ। ਪਾਲਿਸੀ ਆਖਿਰ ਸਰਕਾਰ ਜਾਂ ਕੋਈ ਵੀ ਪ੍ਰਬੰਧ ਚਲਾਉਣ ਦੀ ਵਿਧੀ ਹੀ ਹੈ। ਤਕਰੀਬਨ ਇਨ੍ਹਾਂ ਹੀ ਰਸਤਿਆਂ 'ਚੋਂ ਲੰਘਦਾ ਅੰਗਰੇਜ਼ੀ ਵਿਸ਼ੇਸ਼ਣ Politic ਤੇ ਫਿਰ Politics (ਰਾਜਨੀਤੀ) ਸਾਹਮਣੇ ਆਉਂਦਾ ਹੈ। ਪ੍ਰਸ਼ਾਸਨ ਦੀਆਂ ਪਾਲਿਸੀਆਂ ਲਾਗੂ ਕਰਾਉਣ ਲਈ ਇਕ ਢਾਂਚੇ ਦੀ ਜ਼ਰੂਰਤ ਪਈ ਤਾਂ ਅਜਿਹੇ ਢਾਂਚੇ ਨੂੰ Polic ਦਾ ਨਾਂ ਮਿਲਿਆ। ਅਸਲ ਵਿਚ ਪ੍ਰਾਚੀਨ ਗਰੀਸ ਵਿਚ ਪਤਵੰਤੇ ਸੱਜਣ ਹੀ ਕਾਨੂੰਨ ਲਾਗੂ ਕਰਵਾਉਂਦੇ ਸਨ। ਸਮਾਂ ਪੈਣ ਨਾਲ ਏਹੋ ਢਾਂਚਾ ਸਰਕਾਰੀ ਮਹਿਕਮੇ ਦਾ ਰੂਪ ਧਾਰ ਗਿਆ ਜਿਸ ਨੂੰ ਅੱਜ ਅਸੀਂ ਪੋਲੀਸ ਜਾਂ ਪੰਜਾਬੀ ਵਿਚ ਪੁਲਸ ਕਹਿ ਦਿੰਦੇ ਹਾਂ। ਪੁਲਸ ਤੋਂ ਹੀ ਪੁਲਸੀਆ ਬਣਿਆ। ਅੱਜ ਪੁਲਸ ਸ਼ਬਦ ਸੁਣਦਿਆਂ ਹੀ ਕੰਬਣੀ ਛਿੜ ਜਾਂਦੀ ਹੈ। ਜੇ ਗਰਮੀ ਲੱਗੇ ਤਾਂ ਪੰਜਾਬ ਪੁਲਸ ਨੂੰ ਯਾਦ ਕਰੋ, ਸ਼ਾਇਦ ਇਸ ਤੋਂ ਛਿੜੀ ਕੰਬਣੀ ਨਾਲ ਗਰਮੀ ਹਟ ਜਾਵੇ!


# Global Multi Services

ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

## ਟਰੱਕਿੰਗ ਦੀ ਦੁਨੀਆਂ ਵਿਚ ਨਵਾਂ ਕਦਮ

> ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲੈਣ ਲਈ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
> ਕੇਵਲ ਦੋ ਘੰਟਿਆਂ ਵਿਚ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਆਫਿਸ ਵਿਚ ਸੰਪਰਕ ਕਰੋ

ਹੁਣ ਤੁਸੀਂ ਟਰੱਕਾਂ ਦੀਆਂ ਪਲੇਟਾਂ ਗਲੋਬਲ ਮਲਟੀ ਸਰਵਿਸਸ ਦੇ ਦਫਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



**High Five Plaza #207**
**16925 S. Harlan Rd.**
**Lathrop CA 95330**
Exactly on I-5 and Louise Exit
Opposite Dennys Restaurant

DMV Lic No. 62822
Insurance Lic No. 0G73739

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



Rajinder Singh

ਰਜਿੰਦਰ ਸਿੰਘ ਜਾਂ ਮਨੀਤ ਪਾਲ ਸਿੰਘ
ਫੋਨ 209-982-9996
ਫੈਕਸ:209-982-9997

# ਜਾਪੁ ਸਾਹਿਬ-4

ਪਿਛਲੇ ਲੇਖ ਵਿਚ ਮੈਂ ਜ਼ਿਕਰ ਕੀਤਾ ਸੀ ਕਿ ਕਿਸੇ ਵੀ ਇਲਹਾਮ ਦੀ ਵਿਲੱਖਣਤਾ ਇਸ ਤੱਥ ਵਿਚ ਨਿਹਿਤ ਹੈ ਕਿ ਉਸ ਨੇ ਕਿਹੋ ਜਿਹੇ ਵਿਅਕਤਿਤਵ ਦੀ ਘਾੜਤ ਕੀਤੀ ਹੈ। ਸਿੱਖ ਧਰਮ ਦੇ ਇਲਹਾਮ ਦੀ ਸੁਤੰਤਰਤਾ ਵੀ, ਸਿੱਖ ਦੇ ਵਿਅਕਤਿਤਵ ਦੀ ਘਾੜਤ ਜਿਸ ਨੂੰ ਸਚਿਆਰ, ਗੁਰਮੁਖਿ, ਬ੍ਰਹਮਗਿਆਨੀ ਜਾਂ ਖਾਲਸਾ ਕਿਹਾ ਹੈ, ਤੋਂ ਭਲੀ ਭਾਂਤ ਉਜਾਗਰ ਹੋ ਜਾਂਦੀ ਹੈ। ਜਪੁਜੀ ਸਾਹਿਬ ਵਿਚ ਗੁਰੂ ਨਾਨਕ ਮੂਲ ਮੰਤਰ ਵਿਚ ਪਰਮਾਤਮਾ ਦੇ ਗੁਣਾਂ ਦਾ ਬਿਆਨ ਕਰਨ ਤੋਂ ਬਾਅਦ, ਉਸ ਤੱਕ ਪਹੁੰਚ ਸਕਣ ਲਈ, ਉਸ ਸਮੇਂ ਦੀਆਂ ਪ੍ਰਾਪਤ ਧਾਰਮਿਕ ਪਰਿਪਾਟੀਆਂ ਜਿਨ੍ਹਾਂ ਵਿਚ ਤੀਰਥ ਇਸ਼ਨਾਨ, ਮੋਨ ਵਰਤ, ਵਰਤ ਆਦਿ ਸ਼ਾਮਲ ਹਨ, ਨੂੰ ਨਕਾਰਨ ਤੋਂ ਬਾਅਦ ਸਭ ਤੋਂ ਪਹਿਲਾ ਪ੍ਰਸ਼ਨ ਇਹ ਰੱਖਦੇ ਹਨ ਕਿ 'ਸਚਿਆਰ' ਕਿਵੇਂ ਬਣਨਾ ਹੈ? ਮਨੁੱਖ ਦੇ ਅੰਦਰ ਪਰਮਾਤਮਾ ਤੋਂ ਪਈ ਵਿੱਥ, ਕੂੜ ਦੀ ਕੰਧ ਨੂੰ ਕਿਵੇਂ ਹਟਾਉਣਾ ਹੈ? ਕੂੜ ਦੀ ਕੰਧ ਕੀ ਹੈ? ਇਹ ਹਉਮੈ ਹੈ ਜੋ ਪਰਮਾਤਮਾ ਤੋਂ ਮਨੁੱਖ ਦੀ ਦੂਰੀ ਦਾ ਕਾਰਨ ਬਣਦੀ ਹੈ, ਜਿਸ ਨੂੰ ਆਸਾ ਦੀ ਵਾਰ ਵਿਚ ਗੁਰੂ ਮਹਾਰਾਜ ਨੇ 'ਦੀਰਘ ਰੋਗ' ਕਿਹਾ ਹੈ। ਇਸ ਹਉਮੈ ਨੂੰ ਦੂਰ ਕਰਨ ਦੀ ਜ਼ਰੂਰਤ ਤੇ ਹੀ ਜ਼ੋਰ ਦਿੱਤਾ ਹੈ:



ਡਾ. ਗੁਰਨਾਮ ਕੌਰ

ਕਿਵ ਸਚਿਆਰਾ ਹੋਈਐ
ਕਿਵ ਕੂੜੈ ਤੁਟੈ ਪਾਲਿ॥ (ਪੰਨਾ ੧)

ਇਸ ਦਾ ਉਤਰ ਵੀ ਗੁਰੂ ਨਾਨਕ ਸਾਹਿਬ ਨਾਲ ਹੀ ਦੇ ਦਿੰਦੇ ਹਨ ਕਿ ਉਸ ਹੁਕਮੀ ਦੇ ਹੁਕਮ ਨੂੰ ਬੁੱਝਣ ਅਤੇ ਫਿਰ ਉਸ ਦਾ ਅਨੁਸਾਰੀ ਹੋ ਕੇ ਚੱਲਣ, ਜੋ ਜੀਵ ਦੇ ਨਾਲ ਲਿਖਿਆ ਹੈ, ਰਾਹੀਂ 'ਕੂੜੈ ਪਾਲਿ' ਨੂੰ ਦੂਰ ਕੀਤਾ ਜਾ ਸਕਦਾ ਹੈ। ਹੁਕਮ ਸਾਡੇ ਮਨ, ਤਨ, ਸਾਡੇ ਭਾਵਾਂ ਵਿਚ ਕਰਤਾ ਪੁਰਖ ਨੇ ਮੁੱਢ ਤੋਂ ਹੀ ਉਕਰਿਆ ਹੋਇਆ ਹੈ, ਇਹ ਕੋਈ ਬਾਹਰੋਂ ਲੱਦਿਆ ਹੋਇਆ ਨਿਯਮ ਨਹੀਂ ਹੈ ਮਨੁੱਖ ਦੇ ਅੰਦਰ ਹੀ ਨਿਹਿਤ ਹੈ, ਜਿਸ ਨੂੰ 'ਲਿਖਿਆ ਨਾਲਿ' ਕਿਹਾ ਹੈ। ਇੱਕ ਥਾਂ ਹੋਰ ਦੱਸਿਆ ਹੈ, 'ਸਿਮਰ ਗੋਵਿੰਦੁ ਮਨਿ ਤਨਿ ਧੁਰਿ ਲਿਖਿਆ॥' ਹੁਕਮ ਹੁਕਮੀ ਭਾਵ ਅਕਾਲ ਪੁਰਖ ਤੱਕ ਪਹੁੰਚਣ ਦਾ ਰਸਤਾ ਹੈ:

ਹੁਕਮਿ ਰਜਾਈ ਚਲਣਾ
ਨਾਨਕ ਲਿਖਿਆ ਨਾਲਿ॥

'ਹੁਕਮ' ਦੈਵੀ ਨਿਯਮ ਹੈ ਜਿਸ ਕਰਕੇ ਸਾਰਾ ਬ੍ਰਹਿਮੰਡ ਕਾਰਨ ਅਤੇ ਕਾਰਜ ਦੇ ਅਸੂਲ ਵਿਚ ਬੱਝਿਆ ਹੋਇਆ ਇੱਕ ਨਿਯਮਿਤ ਪ੍ਰਬੰਧ ਵਿਚ ਚੱਲ ਰਿਹਾ ਹੈ। ਇਸ ਨਿਯਮ ਕਾਰਨ ਹੀ ਇਹ 'ਬ੍ਰਹਿਮੰਡ' ਹੈ, ਸ੍ਰਿਸ਼ਟੀ ਹੈ ਕੋਈ ਅਫਰਾ-ਤਫਰੀ ਨਹੀਂ ਹੈ। ਜਪੁਜੀ ਸਾਹਿਬ ਵਿਚ ਹੀ ਗੁਰੂ ਨਾਨਕ ਇਸ ਤੋਂ ਅੱਗੇ ਹੁਕਮ ਦੇ ਵਿਧਾਨ ਪ੍ਰਤੀ ਫੁਰਮਾਉਂਦੇ ਹਨ:

ਹੁਕਮੀ ਹੋਵਨਿ ਆਕਾਰ
ਹੁਕਮੁ ਨ ਕਹਿਆ ਜਾਈ॥...
ਨਾਨਕ ਹੁਕਮੈ ਜੇ ਬੁਝੈ
ਤ ਹਉਮੈ ਕਹੈ ਨ ਕੋਇ॥੨॥ (ਪੰਨ ੧)

ਇਸ ਤਰ੍ਹਾਂ ਜਿਹੜਾ ਮਨੁੱਖ ਉਸ ਹੁਕਮੀ ਦੇ ਹੁਕਮ ਨੂੰ ਬੁੱਝ ਲੈਂਦਾ ਹੈ, ਹੁਕਮ ਦਾ ਗਿਆਨ ਪ੍ਰਾਪਤ ਕਰ ਲੈਂਦਾ ਹੈ, ਉਸ ਦੇ ਅੰਦਰੋਂ ਫਿਰ 'ਕੂੜੈ ਪਾਲਿ' ਭਾਵ ਹਉਮੈ ਦੀ ਦੀਵਾਰ ਹਟ ਜਾਂਦੀ ਹੈ ਅਤੇ ਉਸ ਦੀ ਸੁਰਤਿ ਪਰਮਾਤਮ ਸੁਰਤਿ ਨਾਲ ਇੱਕਸੁਰ ਹੋਣ ਦੇ ਮਾਰਗ 'ਤੇ ਤੁਰ ਪੈਂਦੀ ਹੈ। ਹਉਮੈ ਕੀ ਹੈ? ਇਹ ਤੰਗ ਨਜ਼ਰੀਆ ਹੈ, ਸੰਕੀਰਣਤਾ ਹੈ ਜੋ ਮਨੁੱਖ ਨੂੰ ਪਰਮਾਤਮਾ ਨਾਲੋਂ, ਮਨੁੱਖ ਨੂੰ ਮਨੁੱਖ ਨਾਲੋਂ ਦੂਰ ਕਰੀ ਰੱਖਦਾ ਹੈ, ਵਿੱਥ ਸਿਰਜਣ ਦਾ ਕਾਰਨ ਬਣਦਾ ਹੈ। ਇਹ 'ਮੈਂ' ਦੀ ਭਾਵਨਾ ਹੈ ਜਿਸ ਦੇ ਅਸਰ ਅੰਦਰ ਹੀ ਮਨੁੱਖ ਆਪਣੇ ਆਪ ਨੂੰ ਸਭ ਕੁੱਝ ਕਰ ਸਕਣ ਦੇ ਸਮਰੱਥ ਸਮਝ ਲੈਂਦਾ ਹੈ। ਦਸਮ ਗੁਰੂ ਅਕਾਲ ਪੁਰਖ ਦੇ ਕਿਰਤਮ ਨਾਂਵਾਂ ਦੇ ਜਾਪ ਰਾਹੀਂ ਮਨੁੱਖ ਨੂੰ ਵਾਰ ਵਾਰ ਇਹ ਅਹਿਸਾਸ ਕਰਾਉਂਦੇ ਹਨ ਕਿ ਸੰਸਾਰ ਵਿਚ ਜੋ ਕੁੱਝ ਵੀ ਵਾਪਰਦਾ ਨਜ਼ਰ ਆਉਂਦਾ ਹੈ, ਇਸ ਸਭ ਦਾ ਕਰਨਹਾਰਾ ਉਹ ਅਕਾਲ ਪੁਰਖ ਆਪ ਹੈ, ਇਹ ਸਭ ਉਸੇ ਦੇ ਹੁਕਮ ਅਨੁਸਾਰ ਵਾਪਰ ਰਿਹਾ ਹੈ। ਉਹ ਅਕਾਲ ਪੁਰਖ ਕਰੁਣਾਨਿਧੀ ਹੈ ਭਾਵ ਸਭ ਤੇ ਦਇਆ ਕਰਨ ਵਾਲਾ ਹੈ, ਵੈਰੀ ਨੂੰ ਮਾਰਨ ਵਾਲਾ ਹੈ। ਮੂਰਖਾਂ ਨੂੰ ਨਸ਼ਟ ਕਰਨ ਵਾਲਾ ਅਤੇ ਧਰਤੀ ਨੂੰ ਸ਼ਿੰਗਾਰਨ ਵਾਲਾ ਹੈ। ਉਹ ਪਰਮ ਈਸ਼ ਹੈ, ਸੰਸਾਰ ਦਾ ਈਸ਼ਵਰ ਹੈ। ਜੰਗ ਜੁੱਧ ਛੇੜਨ ਵਾਲਾ ਵੀ ਉਹੀ ਹੈ ਅਤੇ ਸਭ ਨੂੰ ਬਚਾਉਣ ਵਾਲਾ ਵੀ ਉਹੀ ਹੈ। ਧਰਤੀ ਨੂੰ ਆਸਰਾ ਦੇਣ ਵਾਲਾ ਵੀ ਉਹੀ ਹੈ ਅਤੇ ਜਗਤ ਦਾ ਕਾਰਨ ਹੈ। ਇਸੇ ਲਈ ਉਹ ਦਿਲ ਨੂੰ ਜਚਣ ਦੇ ਯੋਗ ਹੈ ਸੰਸਾਰ ਦੇ ਜਾਣਨ ਦੇ ਯੋਗ ਹੈ ਭਾਵ ਉਸ ਦਾ ਗਿਆਨ ਪ੍ਰਾਪਤ ਕਰਨਾ ਸੰਸਾਰ ਲਈ ਇੱਕ ਸਹੀ ਕਾਰਜ ਹੈ। ਜਦੋਂ ਜਗਿਆਸੂ ਪਰਮਾਤਮਾ ਨੂੰ ਸਭ ਕੁੱਝ ਕਰਨਹਾਰਾ ਤਸੱਵਰ ਕਰਦਾ ਹੈ ਤਾਂ ਹਉਮੈ ਦੀ ਭਾਵਨਾ ਆਪਣੇ ਆਪ ਦੂਰ ਹੋਣੀ ਸ਼ੁਰੂ ਹੋ ਜਾਂਦੀ ਹੈ। ਗੁਰਮਤਿ ਦਰਸ਼ਨ ਅਨੁਸਾਰ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਪੰਜ ਵਿਕਾਰ ਮੰਨੇ ਗਏ ਹਨ ਜੋ ਮਨ ਦੀਆਂ ਬਿਰਤੀਆਂ ਨੂੰ ਵਿਚਲਿਤ ਕਰਦੇ ਹਨ ਅਤੇ ਮੰਦੇ ਕੰਮਾਂ, ਸਾਰੇ ਝਗੜਿਆਂ ਦਾ ਕਾਰਨ ਬਣਦੇ ਹਨ। ਜਿਹੜਾ ਮਨੁੱਖ ਆਪਣੇ ਮਨ ਦੀਆਂ ਇਨ੍ਹਾਂ ਬਿਰਤੀਆਂ ਦੇ ਪਿੱਛੇ ਲੱਗ ਕੇ ਚੱਲਦਾ ਹੈ ਉਸ ਨੂੰ ਗੁਰਮਤਿ ਵਿਚ ਮਨਮੁਖਿ ਕਿਹਾ ਹੈ। ਇਸ ਦੇ ਉਲਟ ਜਿਹੜਾ ਮਨੁੱਖ ਗੁਰੂ ਦੀ ਸਿੱਖਿਆ ਅਨੁਸਾਰ, ਗੁਰੂ ਦੇ ਦੱਸੇ ਰਸਤੇ 'ਤੇ ਚੱਲਦਿਆਂ ਇਨ੍ਹਾਂ ਚਿੱਤ-ਵ੍ਰਿਤੀਆਂ ਨੂੰ ਆਪਣੇ ਕਾਬੂ ਵਿਚ ਰੱਖ ਕੇ ਚੱਲਦਾ ਹੈ ਉਸ ਨੂੰ ਗੁਰਮੁਖਿ ਕਿਹਾ ਹੈ। ਇਸੇ ਲਈ ਸਿੱਖ ਧਰਮ ਚਿੰਤਨ ਵਿਚ ਮਨੁੱਖ ਦੀਆਂ ਦੋ ਹੀ ਕੋਟੀਆਂ ਪ੍ਰਵਾਨ ਕੀਤੀਆਂ ਗਈਆਂ ਹਨ। ਹੋਰ ਕੋਈ ਵੀ ਵੰਡ ਜਨਮ, ਜਾਤ, ਧਰਮ ਜਾਂ ਨਸਲ, ਇਸਤਰੀ-ਪੁਰਖ ਹੋਣ ਆਦਿ ਨੂੰ ਪ੍ਰਵਾਨ ਨਹੀਂ ਕੀਤਾ ਗਿਆ।

ਇਸ ਦਾ ਅਰਥ ਇਹ ਬਣਦਾ ਹੈ ਕਿ ਹਰ ਮਨੁੱਖ ਨੂੰ ਪਰਮਾਤਮ-ਅਨੁਭਵ ਦਾ ਅਧਿਕਾਰ ਹੈ ਭਾਵੇਂ ਉਹ ਕਿਤੇ ਵੀ ਸਬੰਧਤ ਹੈ। ਇਸ ਤੋਂ ਪਹਿਲਾਂ ਪ੍ਰਾਪਤ ਧਰਮ-ਪਰਿਪਾਟੀਆਂ ਵਿਚ ਇਹ ਅਧਿਕਾਰ ਹਰ ਇੱਕ ਨੂੰ ਬਰਾਬਰ ਨਹੀਂ ਸੀ। ਜਦੋਂ ਇਸ ਸਾਰੀ ਕਾਇਨਾਤ ਦਾ ਕਰਤਾ-ਧਰਤਾ ਉਹੀ ਹੈ, ਸੰਸਾਰ ਵਿਚ ਜੋ ਕੁੱਝ ਵੀ ਵਾਪਰ ਰਿਹਾ ਹੈ ਸਭ ਦਾ ਕਾਰਨ ਉਹ ਹੈ, ਫਿਰ ਹਰ ਇੱਕ ਉਤੇ ਉਸ ਦੀ ਦਇਆ, ਉਸ ਦੀ ਕਿਰਪਾ ਹੈ, ਫਿਰ ਹਰ ਇੱਕ ਨੂੰ ਉਸ ਤੱਕ ਪਹੁੰਚ ਕਰਨ ਦਾ ਅਧਿਕਾਰ ਵੀ ਇੱਕੋ ਜਿਹਾ ਹੈ:

ਸਰਬੰ ਭਰ ਹੈਂ॥ ਸਰਬੰ ਕਰ ਹੈਂ॥
ਸਰਬ ਪਾਸਿਯ ਹੈਂ॥
ਸਰਬ ਨਾਸਿਯ ਹੈਂ॥੪॥੧੭੦॥
ਕਰੁਣਾਕਰ ਹੈਂ॥ ਬਿਸੰਭਰ ਹੈਂ॥
ਸਰਬੇਸ੍ਵਰ ਹੈਂ॥
ਜਗਤੇਸ੍ਵਰ ਹੈਂ॥੫॥੧੭੧॥
ਬ੍ਰਹਮੰਡਸ ਹੈਂ॥ ਖਲ ਖੰਡਸ ਹੈਂ॥
ਪਰ ਤੇ ਪਰ ਹੈਂ॥
ਕਰੁਣਾਕਰ ਹੈਂ॥੬॥੧੭੨॥

ਦਸਮ ਗੁਰੂ ਫੁਰਮਾਉਂਦੇ ਹਨ ਕਿ ਉਹ ਜਿਸ ਨੂੰ ਕਿਸੇ ਹੋਰ ਨੇ ਨਹੀਂ ਥਾਪਿਆ ਭਾਵ ਉਹ ਆਪਣੇ ਆਪ ਤੋਂ ਹੈ ਉਸ ਦੀ ਸਥਾਪਨਾ ਕਿਸੇ ਹੋਰ ਨੇ ਨਹੀਂ ਕੀਤੀ, ਜੋ ਕਿਸੇ ਹੋਰ ਦੁਆਰਾ ਰਚਿਆ ਨਹੀਂ ਗਿਆ ਅਤੇ ਅੰਮ੍ਰਿਤਾਂ ਦਾ ਅੰਮ੍ਰਿਤ-ਸਦਾ ਰਹਿਣ ਵਾਲਾ ਹੈ ਉਹ ਜਪਾਂ ਤੋਂ ਵੀ ਪਰੇ ਹੈ, ਅਪਰੰਪਰ ਹੈ। ਉਸ ਨੂੰ ਸਿਰਫ ਨਮੋ ਕੀਤੀ ਜਾ ਸਕਦੀ ਹੈ ਜੋ ਉਹ ਅਗਲੀਆਂ ਪੰਕਤੀਆਂ ਵਿਚ ਵਰਨਣ ਕਰਦੇ ਹਨ ਜਿਥੇ ਉਸ ਨੂੰ ਸੂਰਜਾਂ ਦਾ ਸੂਰਜ ਅਤੇ ਚੰਦਰਾਂ ਦਾ ਚੰਦਰ ਅਤੇ ਇੰਦਰਾਂ ਦਾ ਇੰਦਰ ਕਿਹਾ ਹੈ। ਸੂਰਜ, ਚੰਦ ਅਤੇ ਦੇਵਤੇ ਆਦਿ ਸਭ ਉਸੇ ਦੇ ਬਣਾਏ ਹੋਏ ਹਨ ਜੋ ਉਸੇ ਦੀ ਜੋਤਿ ਨਾਲ ਪ੍ਰਕਾਸ਼ਤ ਹਨ। ਗੁਰੂ ਅਰਜਨ ਦੇਵ ਬਾਣੀ ਸੁਖਮਨੀ ਵਿਚ ਪਰਮਾਤਮਾ ਦੀ ਸਰਬਸ਼ਕਤੀਮਾਨਤਾ ਨੂੰ ਦਰਸਾਉਂਦੇ ਹੋਏ ਫੁਰਮਾਉਂਦੇ ਹਨ ਕਿ ਉਹ ਇਹ ਲੋਕ ਅਤੇ ਉਸ ਲੋਕ ਭਾਵ ਲੋਕ ਅਤੇ ਪਰਲੋਕ ਦਾ ਆਪ ਹੀ ਮਾਲਕ ਹੈ। ਉਹ ਜੋ ਸਰਬਗ ਹੈ, ਸਭ ਕੁੱਝ ਜਾਣਨ ਵਾਲਾ ਹੈ ਆਪ ਹੀ ਰਚਨਾ ਦੀ ਖੇਡ ਖੇਡਦਾ ਹੈ ਅਤੇ ਆਪ ਹੀ ਇਸ ਨੂੰ ਦੇਖ ਦੇਖ ਕੇ ਖੁਸ਼ ਹੁੰਦਾ ਹੈ:

## ਗੁਰਮਤਿ ਚਿੰਤਨ

ਦੁਹਾ ਸਿਰਿਆ ਕਾ ਆਪਿ ਸੁਆਮੀ॥
ਖੇਲੈ ਬਿਗਸੈ ਅੰਤਰਜਾਮੀ॥ (ਪੰਨਾ ੨੭੭)

ਦਸਮ ਗੁਰੂ ਨੇ ਉਸ ਕਰਤਾ ਪੁਰਖ ਨੂੰ ਤੇਜਾਂ ਦਾ ਤੇਜ, ਪ੍ਰਕਾਸ਼ਾਂ ਦਾ ਪ੍ਰਕਾਸ਼ ਹੀ ਨਹੀਂ ਕਿਹਾ ਸਗੋਂ 'ਅੰਧਕਾਰ' ਕਹਿ ਕੇ ਵੀ ਨਮੋ ਕੀਤੀ ਹੈ, ਕਿਉਂ? ਕਿਉਂਕਿ ਇਸ ਸਭ ਦੀ ਰਚਨਾ ਉਸ ਨੇ ਹੀ ਆਪਣੇ ਆਪ ਤੋਂ ਕੀਤੀ ਹੈ। ਉਹ ਵਿਰਾਟ ਰੂਪ ਵੀ ਹੈ ਅਤੇ 'ਬੀਜਾਂ ਦਾ ਬੀਜ' ਭਾਵ ਬਹੁਤ ਸੂਖਮ ਵੀ ਹੈ। ਉਹ ਰਾਜਿਆਂ ਦਾ ਰਾਜਾ ਹੈ। ਉਹ ਮਾਇਆ ਦੇ ਤਿੰਨ ਗੁਣਾਂ ਰਜ, ਤਮ ਅਤੇ ਸਤ ਵਿਚ ਵੀ ਵਿਆਪਕ ਹੈ ਅਤੇ ਪਰਮਾਤਮ-ਤੱਤ ਹੋਣ ਦੇ ਨਾਤੇ ਅਪਰੰਪਰ ਵੀ ਹੈ ਭਾਵ ਰਚਨਹਾਰਾ ਹੋ ਕੇ ਉਹ ਆਪਣੀ ਰਚਨਾ ਵਿਚ ਸਮਾਇਆ ਹੋਇਆ ਵੀ ਹੈ ਅਤੇ ਇਸ ਤੋਂ ਅਪਰੰਪਰ ਵੀ ਹੈ। ਇੱਕ ਪਾਸੇ ਉਹ ਜੰਗ ਯੁੱਧ ਛੇੜਨ ਵਾਲਾ 'ਕਲਹ ਕਰਤਾ' ਵੀ ਹੈ ਅਤੇ ਦੂਸਰੇ ਪਾਸੇ 'ਸ਼ਾਂਤਿ ਰੂਪੇ' ਵੀ ਹੈ। ਉਹ ਜੋਗਾਂ ਦਾ ਜੋਗ ਭਾਵ ਮਹਾ ਜੋਗ, ਮਹਾਂ ਗਿਆਨ, ਮਹਾਂ ਮੰਤਰ ਅਤੇ ਮਹਾਂ ਧਿਆਨ ਹੈ। ਉਸ ਨੂੰ ਜੁੱਧਾਂ ਦਾ ਜੁੱਧ, ਗਿਆਨਾਂ ਦਾ ਗਿਆਨ, ਭੋਜਨ ਅਤੇ ਪੀਣ ਵਾਲੀਆਂ ਵਸਤਾਂ ਦਾ ਸਾਰ ਤੱਤ ਕਿਹਾ ਹੈ। ਉਸ ਦੀ ਰਚਨਾ ਦਾ, ਉਸ ਦੀ ਸਰਬਵਿਆਪਕਤਾ ਦਾ ਕੋਈ ਵੀ ਪਾਸਾ, ਉਸ ਦੇ ਕਰਤਾ ਪੁਰਖ ਹੋਣ ਦਾ ਕੁੱਝ ਵੀ ਅਣਕਹਿਆ ਨਹੀਂ ਰਹਿਣ ਦਿੱਤਾ। ਉਹ ਕਲਾ ਦਾ ਕਰਨਹਾਰ, ਹੁਨਰਾਂ ਦਾ ਸਿਰਜਣਹਾਰ, ਸੰਸਾਰ ਦਾ ਸ਼ਿੰਗਾਰ ਹੈ। ਉਹ ਆਸਾਂ ਦੀ ਆਸ ਹੈ ਭਾਵ ਹਰ ਇੱਕ ਦੀ ਆਸ ਉਸੇ ਵਿਚ ਪੂਰੀ ਹੁੰਦੀ ਹੈ ਅਤੇ ਸੁੰਦਰਾਂ ਦੇ ਸੁੰਦਰ ਨੂੰ ਨਮਸਕਾਰ ਕੀਤੀ ਹੈ ਜਿਸ ਦਾ ਸਰੂਪ ਅਖੰਡ ਹੈ ਪਰ ਉਹ ਅਸ਼ੀਰੀ ਅਤੇ ਨਾਮ ਰਹਿਤ ਹੈ:

ਨਮੋ ਸੂਰਜ ਸੂਰਜੇ॥ ਨਮੋ ਚੰਦ੍ਰ ਚੰਦ੍ਰੇ॥
ਨਮੋ ਰਾਜ ਰਾਜੇ॥
ਨਮੋ ਇੰਦ੍ਰ ਇੰਦ੍ਰੇ॥੧॥੧੮੧॥
ਨਮੋ ਅੰਧਕਾਰੇ॥ ਨਮੋ ਤੇਜ ਤੇਜੇ॥
ਨਮੋ ਬ੍ਰਿੰਦ ਬ੍ਰਿੰਦੇ॥
ਨਮੋ ਬੀਜ ਬੀਜੇ॥੨॥੧੮੨॥
ਨਮੋ ਕਲਹ ਕਰਤਾ॥ ਨਮੋ ਸਾਂਤਿ ਰੂਪੇ॥
ਨਮੋ ਇੰਦ੍ਰ ਇੰਦ੍ਰੇ॥
ਅਨਾਦੰ ਬਿਭੂਤੇ॥੩॥੧੮੪॥

'ਏਕ ਅੱਛਰੀ ਛੰਦ' ਵਿਚ ਜਿਵੇਂ ਉਸ ਦੀ ਹਸਤੀ ਨੂੰ ਬਿਆਨ ਕੀਤਾ ਇਹ ਉਨ੍ਹਾਂ ਵਿਸਮਾਦੀ ਪਲਾਂ ਦੇ ਸੁਹਜ ਦਾ ਸਿਖਰ ਹੈ, ਜਿਨ੍ਹਾਂ ਛਿਣਾਂ ਵਿਚ ਗੁਰੂ ਸਾਹਿਬ ਨੇ ਅਨੁਭਵ ਕੀਤਾ ਹੋਵੇਗਾ। ਇਸ ਰਹੱਸਾਤਮਕ ਅਨੁਭਵ ਨੂੰ ਉਹੀ ਅਨੁਭਵੀ ਹਸਤੀ ਬਿਆਨ ਕਰ ਸਕਦੀ ਹੈ ਜਿਸ ਨੇ ਇਨ੍ਹਾਂ ਪਲਾਂ ਨੂੰ ਹੰਢਾਇਆ ਹੋਵੇ। ਇਹ ਮਹਿਜ ਸ਼ਬਦਾਂ ਵਿਚ ਬਿਆਨਯੋਗ ਨਹੀਂ ਹੈ, ਇਹ ਅਨੁਭਵੀ ਸਥਿਤੀ ਦੀ ਇੱਕ ਤਰ੍ਹਾਂ ਨਾਲ ਅਭਿਵਿਅਕਤੀ ਹੈ। ਉਹ ਅਜੀਤ, ਨਾਮ-ਰਹਿਤ, ਭੈ-ਰਹਿਤ, ਇੱਕ ਰਸ ਵਿਆਪਕ ਹਸਤੀ ਹੈ। ਉਹ ਜਨਮ ਰਹਿਤ, ਨਾਸ ਰਹਿਤ, ਸਰਵਵਿਆਪਕ ਹੈ ਜਿਸ ਨੂੰ ਛੇਦਿਆ ਨਹੀਂ ਜਾ ਸਕਦਾ, ਭੰਨਿਆ ਨਹੀਂ ਜਾ ਸਕਦਾ, ਨਾ ਦਿਸਣ ਵਾਲਾ, ਨਾ ਖਾਧੇ ਜਾ ਸਕਣ ਵਾਲਾ, ਸਮੇਂ ਤੋਂ ਪਾਰ, ਦਿਆਲੂ, ਲੇਖੇ ਵਿਚ ਨਾ ਆਉਣ ਵਾਲਾ, ਭੇਖ ਤੋਂ ਬਿਨਾਂ ਹੈ। ਉਹ ਨਾਮ ਰਹਿਤ, ਇੱਛਾ ਰਹਿਤ, ਨਾ ਢਾਹਿਆ ਜਾਣ ਵਾਲਾ-ਅਜਿਹੀ ਹਸਤੀ ਹੈ ਜਿਸ ਦੀ ਥਾਹ ਨਹੀਂ ਪਾਈ ਜਾ ਸਕਦੀ। ਉਸ ਦਾ ਕੋਈ ਸੁਆਮੀ ਨਹੀਂ ਉਹ ਆਪਣਾ ਸੁਆਮੀ ਆਪ ਹੈ ਅਤੇ ਨਾਸ ਕਰਨਹਾਰ ਹੈ। ਉਹ ਰੰਗ ਰਹਿਤ, ਰੂਪ ਰਹਿਤ, ਅਕਾਰ ਰਹਿਤ ਰਾਗ ਅਤੇ ਦਵੈਸ਼ ਤੋਂ ਉੱਤੇ ਹੈ। ਉਹ ਭਰਮ ਰਹਿਤ ਕਰਮਾਂ ਤੋਂ ਉਤੇ ਹੈ:

ਅਜੈ॥ ਅਲੈ॥ ਅਭੈ॥
ਅਬੈ॥੧॥੧੮੬॥
ਅਭੂ॥ ਅਜੂ॥
ਅਨਾਸ॥ ਅਕਾਸ॥੨॥੧੮੭॥
ਨ ਰਾਗੇ॥ ਨ ਰੰਗੇ॥
ਨ ਰੂਪੇ॥ ਨ ਰੇਖੇ॥੭॥੧੯੨॥
ਅਕਰਮੰ॥ ਅਭਰਮੰ॥
ਅਗੰਜੇ॥ ਅਲੇਖੇ॥੮॥੧੯੩॥

ਉਹ ਸਭਨਾਂ ਦੇ ਪ੍ਰਣਾਮ ਕਰਨ ਯੋਗ ਹੈ। ਉਹ ਆਪ ਨਾ ਨਾਸ ਹੋਣ ਵਾਲੀ ਹਸਤੀ ਹੈ ਜੋ ਦੂਸਰਿਆਂ ਨੂੰ ਨਾਸ ਕਰਨ ਵਾਲੀ ਹੈ। ਉਹ ਨਾਮ ਰਹਿਤ ਸਰਬਵਿਆਪਕ ਹਸਤੀ ਹੈ ਜੋ ਨਿਸ਼ਕਾਮਤਾ ਦੀ ਪੂੰਜੀ ਹੈ। ਇਹ ਸਾਰਾ ਦਿਸਦਾ ਸੰਸਾਰ ਉਸੇ ਦਾ ਸਰੂਪ ਹੈ। ਉਹ ਮੰਦੇ ਕੰਮਾਂ ਨੂੰ ਪੂਰੀ ਤਰ੍ਹਾਂ ਨਾਸ ਕਰਨ ਵਾਲਾ ਅਤੇ ਸ੍ਰੇਸ਼ਟ ਧਰਮ ਅਤੇ ਚੰਗੇ ਕੰਮਾਂ ਨੂੰ ਸਥਾਪਤ ਕਰਨ ਵਾਲਾ ਹੈ। ਉਹ ਸਤਿ, ਚਿੱਤ ਅਤੇ ਅਨੰਦ ਸਰੂਪ ਹੈ। ਵਿਰੋਧੀਆਂ ਨੂੰ ਮਾਰਨ ਵਾਲਾ, ਕਰਤਾਰ, ਬਖਸ਼ਿਸ਼ਾਂ ਕਰਨ ਵਾਲਾ ਹੈ। ਸਰਸਰੀ ਨਜ਼ਰ ਮਾਰਿਆਂ ਇਹ ਗੱਲਾਂ ਸਵੈ-ਵਿਰੋਧੀ ਲੱਗ ਸਕਦੀਆਂ ਹਨ ਪਰ ਪਰਮਸਤਿ ਸਭ ਕੁੱਝ ਕਰਨਹਾਰ ਹੈ ਅਤੇ ਸਵੈਵਿਰੋਧਾਂ ਤੋਂ ਉਤੇ ਹੈ, ਜਿਸ ਦਾ ਵਰਣਨ ਜਾਪੁ ਸਾਹਿਬ ਦੇ ਅਖੀਰ ਵਿਚ ਇਉਂ ਕੀਤਾ ਹੈ:

ਚਤ੍ਰ ਚੱਕ੍ਰ ਵਰਤੀ
ਚਤ੍ਰ ਚੱਕ੍ਰ ਭੁਗਤੇ॥
ਸੁਯੰਭਵ ਸੁਭੰ ਸਰਬਦਾ
ਸਰਬ ਜੁਗਤੇ॥
ਦੁਕਾਲੰ ਪ੍ਰਣਾਸੀ
ਦਿਆਲੰ ਸਰੂਪੇ॥
ਸਦਾ ਅੰਗ ਸੰਗੇ
ਅਭੰਗੰ ਬਿਭੂਤੇ॥੩॥੧੯੯॥

ਜਾਪੁ ਸਾਹਿਬ ਦੇ ਇਸ ਸੰਖੇਪ ਅਧਿਐਨ ਵਿਚ ਅਕਾਲ ਪੁਰਖ ਦੇ ਜਿਨ੍ਹਾਂ ਗੁਣਾਂ ਦਾ ਵਰਨਣ ਕੀਤਾ ਹੈ, ਉਸ ਤੋਂ ਅਸੀਂ ਇਸ ਸਿੱਟੇ ਤੇ ਪਹੁੰਚ ਸਕਦੇ ਹਾਂ ਕਿ ਗੁਰਮਤਿ ਅਨੁਸਾਰ ਪਰਮਸਤਿ ਦਾ ਜੋ ਸੰਕਲਪ ਦਿੱਤਾ ਹੈ ਉਹ ਪਰਾਤਪਰ, ਅਪਰੰਪਰ ਵੀ ਹੈ ਅਤੇ ਆਪਣੀ ਰਚਨਾ ਦਾ ਕਰਤਾ ਪੁਰਖ ਹੋ ਕੇ ਇਸ ਵਿਚ ਸਮਾਇਆ ਹੋਇਆ ਵੀ ਹੈ। ਆਧੁਨਿਕ ਸਿਧਾਂਤ ਅਨੁਸਾਰ ਪਰਮਸਤਿ ਸਬੰਧੀ ਵਿਚਾਰਾਂ ਦੀ ਵੱਖ ਵੱਖ ਪੱਧਤੀਆਂ ਵਿਚ ਵੰਡ ਕਰਦਿਆਂ ਇਸ ਕਿਸਮ ਦੇ ਸੰਕਲਪ ਨੂੰ ਮਾਡਰਨ ਪੈਨਥੀਇਜ਼ਮ ਦੇ ਸਿਰਲੇਖ ਅੰਦਰ ਲੈਂਦੇ ਹਨ। ਇਸ ਸਿਧਾਂਤ ਅਨੁਸਾਰ ਪਰਮਾਤਮਾ ਅਮਰ, ਲੌਕਿਕ, ਚਿੱਤ (ਚੇਤਨ), ਜਾਣੀ ਜਾਣ ਹੈ ਅਤੇ ਸੰਸਾਰ ਪਰਮਾਤਮਾ ਦੀ ਵਿਦਮਾਨਤਾ (ਮੈਨੀਫੈਸਟੇਸ਼ਨ ਐਕਚੁਐਲਿਟੀ) ਦੇ ਰੂਪ ਵਿਚ ਉਸ ਵਿਚ ਸ਼ਾਮਲ ਹੈ ਪਰ ਪਰਮਾਤਮਾ ਦੇ ਸਾਰ (ਇਸੈਂਸ) ਦੇ ਰੂਪ ਵਿਚ ਨਹੀਂ।

ਇੱਕ ਹੋਰ ਥਾਂ ਇਸ ਦੀ ਪਰਿਭਾਸ਼ਾ ਕਰਦਿਆਂ ਲਿਖਿਆ ਹੈ ਕਿ ਇਹ ਸ਼ਬਦ ਇਸ ਵਿਚਾਰ ਲਈ ਵਰਤਿਆ ਜਾਂਦਾ ਹੈ ਕਿ ਪਰਮਾਤਮਾ ਸਾਰੀਆਂ ਚੀਜ਼ਾਂ ਦੇ ਅੰਦਰ ਸ਼ਾਮਲ ਹੈ ਪਰ ਉਨ੍ਹਾਂ ਦੀ ਹੋਂਦ ਨੂੰ ਰੱਦ ਨਹੀਂ ਕਰਦਾ। ਇਸ ਤੋਂ ਵੀ ਵੱਧ ਪਰਮਾਤਮਾ ਸਰਬਵਿਆਪਕ ਹੈ ਪਰ ਉਸ ਦੀ ਸਰਬਵਿਆਪਕਤਾ ਹੀ ਅੰਤਿਮ ਨਹੀਂ। ਉਹ ਸੰਸਾਰ ਤੋਂ ਜ਼ਿਆਦਾ ਹੈ, ਅਪਰੰਪਰ ਹੈ। ਇਸ ਤਰ੍ਹਾਂ ਪਰਮਾਤਮਾ ਸਰਬਉਚ ਇਕਾਈ ਹੈ, ਅਨੇਕਤਾ ਵਿਚ ਏਕਤਾ ਹੈ। ਇਸ ਪਰਿਭਾਸ਼ਾ ਅਨੁਸਾਰ ਪਰਮਸਤਿ ਦੇ ਸੰਕਲਪ ਦੀ ਜੋ ਵਿਆਖਿਆ ਕੀਤੀ ਹੈ, ਉਸ ਦਾ ਬੜਾ ਵਿਆਪਕ ਵਰਣਨ ਸਾਨੂੰ ਸਮੁੱਚੇ ਗੁਰਮਤਿ ਦਰਸ਼ਨ ਵਿਚ ਮਿਲ ਜਾਂਦਾ ਹੈ। ਜਾਪੁ ਸਾਹਿਬ ਵਿਚ ਇਸ ਦਾ ਵਰਣਨ ਦਸਮ ਪਾਤਿਸ਼ਾਹ ਨੇ ਬਹੁਤ ਸੁੰਦਰ ਸ਼ਬਦਾਂ ਵਿਚ ਕੀਤਾ ਹੈ।

## ਜਪੁ ਵਾਹਿਗੁਰੂ ਦਾ ਜਾਪੁ

ਜਪੁ ਵਾਹਿਗੁਰੂ ਦਾ ਜਾਪ,
ਨੀ ਜਿੰਦੇ ਮੇਰੀਏ।
ਜ਼ਿੰਦਗੀ ਦੋ ਦਿਨ ਦਾ ਸਾਥ,
ਨੀ ਜਿੰਦੇ ਮੇਰੀਏ।

ਜਪੁਜੀ ਸਾਹਿਬ ਪੜ੍ਹ ਉਠ ਸਵੇਰੇ,
ਸ਼ਾਂਤੀ ਆਵੇ ਮੰਨ ਨੂੰ ਤੇਰੇ।
ਮਾਣ ਤੂੰ ਜ਼ਿੰਦਗੀ ਦੇ ਸੁੱਖ ਖੇੜੇ,
ਨਾ ਕਰਿਆ ਕਰ ਪਾਪ,
ਨੀ ਜਿੰਦੇ ਮੇਰੀਏ...।

ਸ਼ਾਮ ਨੂੰ ਰਹਿਰਾਸ ਦਾ ਵੇਲਾ,
ਅੰਮ੍ਰਿਤ ਪੀ ਬਣ ਗੁਰਾਂ ਦਾ ਚੇਲਾ।
ਬਿਨ ਗੁਰੂ ਤੂੰ ਰਹੇਂ ਇਕੇਲਾ,
ਫੜ੍ਹ ਪੱਲਾ ਬਣਾ ਲੈ ਸਾਥ,
ਨੀ ਜਿੰਦੇ ਮੇਰੀਏ...।

ਸੌਣ ਤੋਂ ਪਹਿਲਾਂ ਕੀਰਤਨ ਸੋਹਿਲਾ,
ਰੱਬ-ਖੁਦਾ-ਨਿਰੰਕਾਰ 'ਤੇ ਮੌਲਾ,
ਦੁਨੀਆਂ ਇੱਕ ਖੇਲ ਹੈ ਖੇਲਾ।
ਬਣਾਈ ਨਾ ਕੋਈ ਜਾਤ,
ਨੀ ਜਿੰਦੇ ਮੇਰੀਏ...।

ਜਪੁ ਵਾਹਿਗੁਰੂ ਦਾ ਜਾਪ,
ਨੀ ਜਿੰਦੇ ਮੇਰੀਏ।

ਗੱਲ ਸੇਖੋਂ ਦੀ ਸੁਣੋ ਉਏ ਲੋਕੋ,
ਮਾਰ ਝਾਤੀ ਅੰਦਰ ਵੇਖੋ,
ਮਨ ਨੀਵਾਂ, ਮੱਤ ਉਚੀ ਰੱਖੋ,
ਭਵ ਸਾਗਰ ਕਰਨਾ ਪਾਰ,
ਨੀ ਜਿੰਦੇ ਮੇਰੀਏ।
ਜਪੁ ਵਾਹਿਗੁਰੂ ਦਾ ਜਾਪ,
ਨੀ ਜਿੰਦੇ ਮੇਰੀਏ।

*-ਪਰਮਜੀਤ ਸਿੰਘ ਸੇਖੋਂ (ਦਾਖਾ)*
*ਫੋਨ:510-774-5909*

## ਸਿਆਣਿਆਂ ਦਾ ਕਿਹਾ

(1) ਸ਼ਹੀਦਾਂ ਵਿਚ ਵੰਡੀਆਂ ਪਾਉਣ ਵਾਲਿਓ ਜਾਂ ਸ਼ਹੀਦਾਂ ਨੂੰ ਮੰਦਾ ਬੋਲਣ ਵਾਲਿਓ, ਤੁਸੀਂ ਆਪਣੇ ਕਮਾਏ ਹੋਏ ਧਨ 'ਚੋਂ ਸੋਨੇ ਨਾਲ ਆਪਣੀਆਂ ਹੀ ਸਮਾਧਾਂ ਉਤੇ ਲਿਖਵਾ ਦੇਣਾ, ਏਥੇ ਸਿੱਖ ਕੌਮ ਦੇ ਸ਼ਹੀਦ ਸੂਰਮੇ ਆਰਾਮ ਕਰ ਰਹੇ ਹਨ ਜਿਹੜੇ ਕਦੇ ਸੁਨਹਿਰੀ ਸਿੱਖ ਇਤਿਹਾਸ ਦੇ ਮਾਲਕ ਹੁੰਦੇ ਸਨ। ਲਾਹਨਤ ਹੈ ਤੁਹਾਡੇ 'ਤੇ!

(2) ਸਿੱਖ ਕੌਮ ਦੀ ਆਜ਼ਾਦੀ ਦੇ ਅਹਿਸਾਸ ਨੂੰ ਪਹਿਲੀ ਸਟੇਜ ਦੀ ਤਪਦਿਕ ਚੰਬੜ ਚੁੱਕੀ ਹੈ।

(3) ਭੁੱਖੇ ਸ਼ੇਰ ਦੀ ਗਾਰ ਵਿਚ ਨਾ ਵੜੋ।

(4) ਜੇ ਪਾੜੇ ਪਾਊ ਦਿਆਨੰਦ ਪੰਜਾਬ ਨਾ ਆਉਂਦਾ, ਨਾ ਪਾਕਿਸਤਾਨ ਬਣਦਾ ਤੇ ਨਾ ਪੰਜਾਬ ਦੀ ਖੁਸ਼ਹਾਲੀ ਗਵਾਚਦੀ।

(5) ਸ਼ਰਾਬੀ ਕਬਾਬੀ ਮਹੰਤਾਂ ਵਿਰੁਧ ਗੁਰਦੁਆਰਾ ਲਹਿਰ ਬਾਰੂਦ ਵਾਂਗ ਭਬਕੀ, ਅੱਜ ਦੂਸਰੀ ਗੁਰਦੁਆਰਾ ਸੁਧਾਰ ਲਹਿਰ ਕਿਉਂ ਨਾ ਭਬਕੀ?

(6) ਸਿੱਖ ਸਾਦਾ ਦਿਲ ਕੌਮ ਹੈ, ਪਿਆਰ ਕਰਦੀ ਹੈ ਤਾਂ ਨਦੀਆਂ ਚੀਰ ਦਿੰਦੀ ਹੈ, ਇਤਬਾਰ ਕਰਦੀ ਹੈ ਤਾਂ ਸਿਰ ਦੇਂਦੀ ਹੈ, ਪਿਛੇ ਨਹੀਂ ਹਟਦੀ।

(7) ਰਾਜ ਸੱਤਾ ਬੁਰੀ ਬਲਾ, ਗੱਦਾਰਾਂ ਨੂੰ ਹੀਰੋ ਬਣਾਉਂਦੀ ਹੈ ਅਤੇ ਆਜ਼ਾਦੀ ਦੀ ਜੰਗ ਵਿਚ ਫਾਹੇ ਲੱਗਣ ਵਾਲੇ ਸ਼ਹੀਦ ਸੂਰਮੇ ਮਿੱਟੀ ਵਿਚ ਰੋਲ ਧਰਦੀ ਹੈ।

(8) ਫਿਰਕੂ ਅਖਬਾਰਾਂ ਦਾ ਜ਼ੋਰਦਾਰ ਝੂਠ ਬੱਕਰੇ ਨੂੰ ਕੁੱਤਾ ਬਣਾ ਸਕਦਾ ਹੈ।

(9) ਸਰਮਾਇਆ ਸਰਮਾਏ ਦਾ ਯਾਰ।

(10) ਸੱਪ ਨੂੰ ਸੱਪ ਲੜੇ, ਵਿਹੁ ਕੀਹਨੂੰ ਚੜ੍ਹੇ।

(11) ਗੁਆਂਢੀ ਨੂੰ ਸਦਾ ਦੁੱਖ ਦੇਣ ਵਾਲੇ ਆਪਣੀਆਂ ਕਬਰਾਂ ਪੁੱਟਦੇ ਰਹੇ ਹਨ।

(12) ਸੱਚ ਸੌ ਪਰਦੇ ਪਾੜ ਕੇ ਵੀ ਬਾਹਰ ਆ ਜਾਂਦਾ ਹੈ।

(13) ਜੇ ਧਨ ਸਾਰਾ ਜਾਂਦਾ ਵੇਖੀਏ ਤਾਂ ਅੱਧਾ ਦੇਈਏ ਵੰਡ।

(14) ਇਹ ਸੰਸਾਰ ਕਰਮਾਂ ਸੇਤੀ ਖੇਤੀ ਹੈ, ਜਿਵੇਂ ਜੰਮਦੀ ਹੈ ਉਸ ਤਰ੍ਹਾਂ ਹੀ ਵੱਧੀ ਜਾ ਰਹੀ ਹੈ।

(15) ਗਿਆਨ ਅਤੇ ਅਗਿਆਨ ਦੀ ਲੜਾਈ ਜਾਰੀ ਹੈ।

(16) ਸਿੱਖ ਕੌਮ ਦੀ ਕਿਸਮਤ ਖੋਟੀ, ਗਦਾਰੀਆਂ ਕਰਨ ਵਾਲੇ ਮੁੜ ਮੁੜ ਲੀਡਰ ਥਾਪੇ ਜਾ ਰਹੇ ਹਨ।

(17) ਕੱਲ ਦੇ ਦੁਸ਼ਮਣ, ਅੱਜ ਦੇ ਦੋਸਤ ਵੀ ਹੋ ਸਕਦੇ ਹਨ।

(18) ਇੱਕਪਾਸੜ ਸੋਚ ਸਹੀ ਨਤੀਜੇ ਨਹੀਂ ਦੇ ਸਕਦੀ।

(19) ਕੌਮਾਂ ਦੇ ਫੈਸਲੇ ਕਾਹਲੀ ਤੇ ਤੱਤ ਭੜੱਤੀ ਵਿਚ ਨਹੀਂ ਹੁੰਦੇ ਪਰ ਸਿਖ ਲੀਡਰ ਕਰੀ ਜਾ ਰਹੇ ਹਨ। ਇਸੇ ਲਈ ਕੌਮ ਕਿਸੇ ਮੰਜ਼ਿਲ 'ਤੇ ਨਹੀਂ ਪਹੁੰਚੀ।

(20) ਭੁੱਖੇ ਨੂੰ ਰੋਟੀ ਮਿਲੇ, ਉਹ ਨਾਂਹ ਕਿਵੇਂ ਕਰੇਗਾ? ਇਹੀ ਹਾਲ ਸਿੱਖ ਲੀਡਰਾਂ ਦਾ ਹੈ।

(21) ਮਾਸਟਰ ਤਾਰਾ ਸਿੰਘ, ਜਥੇਦਾਰ ਊਧਮ ਸਿੰਘ ਨਾਗੋਕੇ ਤੇ ਪ੍ਰਤਾਪ ਸਿੰਘ ਕੈਰੋਂ ਰਾਹੀਂ ਸਿੱਖ ਕੌਮ ਨਹਿਰੂ ਨੂੰ ਬੈਅ ਹੋ ਗਈ।

(22) ਜਿਸਦਾ ਰਾਜ ਉਸੇ ਦਾ ਤੇਜ।

(23) 1469 ਤੋਂ ਸਿੱਖ ਸੱਚਵਾਦੀਆਂ ਅਤੇ ਹਿੰਦੂ ਅਤਿਵਾਦੀਆਂ ਵਿਚ ਖਹਿੰਦੀ ਖੜਕਦੀ ਲੜਾਈ, ਅਕਾਲ ਤਖਤ ਸਾਹਿਬ ਨੂੰ ਢਾਹੁਣ ਅਤੇ ਹਜ਼ਾਰਾਂ ਯਾਤਰੀਆਂ ਨੂੰ ਸ਼ਹੀਦ ਕਰਨ ਤੱਕ ਆ ਪਹੁੰਚੀ।

(24) ਜਿਸ ਕੌਮ ਵਿਚ ਆਪੋ ਧਾਪੀ ਪੈ ਜਾਏ, ਉਹ ਕੌਮ ਤਬਾਹੀ ਦੇ ਰਾਹੇ ਪੈ ਜਾਂਦੀ ਹੈ।

(25) ਕਮਾਵੇ ਕੋਈ ਤੇ ਉਸ ਦਾ ਫਲ ਕੋਈ ਖਾ ਜਾਵੇ, ਇਹ ਅਕਾਲੀਆਂ ਦੀ ਰਾਜਨੀਤੀ ਹੈ।

(26) ਅਕਾਲੀਆਂ ਦੀ ਸੋਚ ਦੇ ਪਾਟੇ ਝੱਗੇ ਹੇਠੋਂ ਇਨ੍ਹਾਂ ਦਾ ਬੁਰਾ ਹਾਲ ਵੇਖ ਕੇ ਬਹੁਤ ਦੁਖੀ ਹੋਇਆ ਹਾਂ।

(27) ਸਿੱਖ ਰਾਜਸੀ ਪਾਰਟੀਆਂ ਦੇ ਤੱਤੇ ਲਲਕਾਰਿਆਂ ਦਾ ਦੀਵਾਲਾ ਨਿਕਲ ਚੁੱਕਾ ਹੈ।

(28) ਗੁਰੂ ਗੋਬਿੰਦ ਸਿੰਘ ਨੇ ਲੜਦਿਆਂ ਸਮੇਂ ਨਤੀਜਿਆਂ ਦੀ ਪਰਵਾਹ ਨਹੀਂ ਕੀਤੀ ਸੀ।

(29) ਤਾਕਤ ਰਾਜਨੀਤਕ ਹੋਸ਼ ਬਿਨਾਂ ਆਪਣੇ ਜ਼ੋਰ ਨਾਲ ਹੀ ਢਹਿ ਪੈਂਦੀ ਹੈ।

(30) ਹਾਰ ਹਮੇਸ਼ਾਂ ਗੱਦਾਰਾਂ ਦੀ ਧਾੜ ਪੈਦਾ ਕਰਦੀ ਹੈ।

(31) ਭਲਵਾਨਾਂ ਦੇ ਦੰਗਲ ਵਿਚ ਜ਼ੋਰ ਹਾਵੀ ਹੁੰਦਾ ਹੈ ਕਿ ਦਾਅ?

*ਪੇਸ਼ਕਾਰ-ਪਰਮਜੀਤ ਸਿੰਘ ਦਾਖਾ*

ISBN # 978-0-9781624-9-8

## ਨੈਣ-ਨਕਸ਼

# ਬੰਦਾ ਇਕ ਕੱਫਣ ਦੀ ਖਾਤਰ ਕਿੰਨਾ ਪੈਂਡਾ ਕਰਦਾ!



ਐਸ. ਅਸ਼ੋਕ ਭੌਰਾ

*ਢਲਦਾ ਤੇ ਚੜ੍ਹਦਾ ਸੂਰਜ ਬੌਣੇ ਬੰਦਿਆਂ ਦੇ ਪਰਛਾਵੇਂ ਵੀ ਚੁਬਾਰੇ ਜਿੱਡੇ ਲੰਬੇ ਕਰ ਦਿੰਦਾ ਹੈ। ਕਈ ਵਾਰ ਪੰਛੀ ਉਡਾਰੀ ਤਾਂ ਲੰਬੀ ਭਰ ਲੈਂਦੇ ਨੇ ਪਰ ਸੋਚਾਂ ਆਲ੍ਹਣੇ 'ਚ ਭੁੱਲ ਜਾਂਦੇ ਨੇ। ਜਿਹੜੇ ਬੰਦੇ ਚਾਅਵਾਂ ਅਤੇ ਖੁਸ਼ੀਆਂ ਦੀਆਂ ਟੋਕਰੀਆਂ ਆਪਣੀ ਸਫ਼ਲਤਾ 'ਤੇ ਸਿਰ ਉਤੇ ਚੁੱਕੀ ਸ਼ੌਕ ਨਾਲ ਗੇੜੇ ਦੇ ਰਹੇ ਹੁੰਦੇ ਹਨ, ਉਹ ਇਸ ਗੱਲ ਦਾ ਚੇਤਾ ਹੀ ਭੁਲਾ ਦਿੰਦੇ ਹਨ ਕਿ ਅਸਫ਼ਲ ਰਹਿਣ ਵਾਲਿਆਂ ਨੇ ਉਨ੍ਹਾਂ ਦੀਆਂ ਉਮੀਦਾਂ 'ਚ ਕਿੰਨਾ ਵੱਡਾ ਯੋਗਦਾਨ ਪਾਇਆ ਹੈ। ਚੇਤਾ ਇਹ ਰੱਖਣਾ ਚਾਹੀਦੈ ਕਿ ਤੁਹਾਡੀ ਸਫ਼ਲਤਾ 'ਚ ਉਨ੍ਹਾਂ ਦੀ ਕੁਰਬਾਨੀ 'ਰਾਜ' ਹੈ। ਜਿਨ੍ਹਾਂ ਰਾਹਾਂ 'ਤੇ ਚਲਦਿਆਂ ਅਸੀਂ ਬੇਵੱਸ ਹੋ ਜਾਂਦੇ ਹਾਂ, ਇਹੋ ਬੇਵੱਸੀ ਫਿਰ ਦਿਲਗੀਰੀ ਬਣਦੀ ਹੈ। ਫਿਰ ਮਜਬੂਰੀ, ਤੇ ਅੰਤ ਉਦਾਸੀ। ਇਹੋ ਫਿਰ ਰੱਬ ਨੂੰ ਲੱਭਣ ਲਈ ਉਦਾਸੀਆਂ ਕਰਨ ਲਈ ਮਜਬੂਰ ਕਰਦੀ ਹੈ। ਇਸ ਭੇਤ ਨੂੰ ਪਾਉਣ ਦੀ ਲੋੜ ਹੈ ਕਿ ਘਰਾਂ ਨਾਲੋਂ ਕਬਰਾਂ ਵਿਚ ਰੌਣਕ ਵੱਧ ਕਿਉਂ ਹੁੰਦੀ ਜਾ ਰਹੀ ਹੈ? ਪੈਸੇ ਦੇ ਯੁੱਗ 'ਚ ਮਨ ਦੀਆਂ ਗਲੀਆਂ 'ਚੋਂ ਮੁਹੱਬਤ ਦੀਆਂ ਬੁਲਬੁਲਾਂ ਬੋਲਣੋਂ ਬੰਦ ਕਿਉਂ ਹੋ ਗਈਆਂ ਹਨ? ਜਦੋਂ ਦੀ ਤੀਆਂ ਅਤੇ ਧੀਆਂ ਦੀ ਉਡੀਕ ਬੰਦ ਹੋਣ ਲੱਗੀ ਹੈ, ਪਿੱਪਲਾਂ ਦੇ ਦਾੜ੍ਹੀਆਂ ਅਤੇ ਮਾਂਵਾਂ ਦੇ ਝੁਰੜੀਆਂ ਛੇਤੀ ਆਉਣ ਲੱਗ ਪਈਆਂ ਹਨ। ਪਿਆਰ ਜਦੋਂ ਦਾ ਵਪਾਰ ਜਿਹਾ ਬਣਦਾ ਜਾ ਰਿਹਾ ਹੈ, ਲੋਕਾਂ ਦੇ ਨਾ ਚਸ਼ਮਿਆਂ ਵਾਂਗ ਚਾਅ ਰਹੇ ਹਨ, ਤੇ ਨਾ ਦਰਿਆਵਾਂ ਵਰਗੇ ਦਿਲ। ਜਿਨ੍ਹਾਂ ਨੂੰ ਤੁਸੀਂ ਆਪਣੇ ਸਮਝ ਰਹੇ ਹੋ; ਜਿਨ੍ਹਾਂ ਰਿਸ਼ਤੇਦਾਰਾਂ 'ਤੇ ਤੁਹਾਨੂੰ ਜ਼ਿਆਦਾ ਮਾਣ ਹੋ ਰਿਹਾ ਹੈ, ਲੱਗਦਾ ਨਹੀਂ ਉਹ ਥੋੜੀਆਂ ਮੁਸ਼ਕਿਲਾਂ ਦੂਰ ਕਰਨ ਦੀ ਬਜਾਏ ਸਮੱਸਿਆਵਾਂ ਥੋਡੇ ਨੇੜੇ ਕਰੀ ਜਾ ਰਹੇ ਹਨ। ਜ਼ਿੰਦਗੀ ਗਲਤੀਆਂ ਕਰਨ ਦੇ ਮੌਕੇ ਤਾਂ ਬਹੁਤ ਦਿੰਦੀ ਹੈ ਪਰ ਨਤੀਜਿਆਂ ਨਾਲ ਭੁਗਤਣ ਦੀ ਹਿੰਮਤ ਅਤੇ ਯੋਗਤਾ ਨਹੀਂ ਦਿੰਦੀ। ਜ਼ਿੰਦਗੀ ਪਰ ਉਤਾਰ ਕੇ ਪੁੱਛਦੀ ਹੈ-ਬੱਚਾ ਹੁਣ ਉਡ ਕੇ ਦਿਖਾ। ਸੱਚੀਂ, ਜੀਵਨ 'ਚ ਕਈ ਮੌਸਮ ਅਜਿਹੇ ਆ ਰਹੇ ਹਨ ਜਿੱਥੇ ਚਾਅ ਅਤੇ ਰੀਝਾਂ ਦੀ ਹੋਂਦ ਹੀ ਨਹੀਂ, ਸਿਰਫ਼ ਹਾਉਂਕਿਆਂ ਦੀ ਸਰਦਾਰੀ ਹੈ। ਇਸੇ ਲਈ ਬੰਦਾ ਆਪਣੀ ਹੋਂਦ ਬਚਾਉਣ ਲਈ ਭੱਜ-ਨੱਸ ਕਰਨ ਦੀ ਕੋਸ਼ਿਸ਼ ਵਿਚ ਲੱਗਾ ਹੋਇਆ ਹੈ। ਨਿਹੋਰੇ ਸੁੱਟਣ ਵਾਲੇ ਪਿਆਰ ਵੀ ਰੱਜ ਕੇ ਕਰਦੇ ਹਨ। ਇਸੇ ਲਈ ਸੋਚਾਂਗਾ ਕਿ ਰੱਬ ਦੇ ਬੰਦੇ ਰੱਬ ਦੇ ਨਾਂ 'ਤੇ ਨਿਹੋਰਿਆਂ 'ਚੋਂ ਸ਼ਾਇਦ ਕੁਝ ਲੱਭ ਲੈਣ...?*

ਜ਼ਿੰਦਗੀ ਦਾ ਰੰਗ ਤਮਾਸ਼ਾ ਚੱਲੀ ਜਾ ਰਿਹਾ ਹੈ। ਮਦਾਰੀ ਵਾਂਗ 'ਝੁਰਲੂ' ਸਾਰਿਆਂ ਕੋਲ ਆਪੋ-ਆਪਣਾ ਹੈ। ਇਸ ਨੂੰ ਸੁਖਾਲੀ ਕਰਨ ਲਈ ਦਾਅ-ਪੇਚ ਹਰ ਬੰਦੇ ਕੋਲ ਵੱਖੋ-ਵੱਖਰੇ ਹਨ ਪਰ ਦੁੱਖ ਦੀ ਗੱਲ ਇਹ ਹੈ ਕਿ ਇਹ ਸੁਖਾਲੀ ਹੁੰਦੀ ਕਿਸੇ ਦੀ ਵੀ ਨਹੀਂ, ਤੇ ਜਦੋਂ ਸੁਖਾਲੀ ਹੁੰਦੀ ਹੈ ਤਾਂ ਉਦੋਂ ਆਵਾਜ਼ਾਂ ਆਉਣ ਲੱਗ ਪੈਂਦੀਆਂ ਨੇ, 'ਦੇਖੋ ਬੰਦਾ ਚੱਲਿਆ ਚਹੁੰ ਜਣਿਆਂ ਦੇ ਕੰਨ੍ਹ।' ਸੁਆਦ ਹਮੇਸ਼ਾ ਭੁੱਖ ਦਾ ਰਿਹਾ ਹੈ, ਖਾਣੇ ਦਾ ਕੋਈ ਸੁਆਦ ਨਹੀਂ ਹੁੰਦਾ। ਜਿਹੜਾ ਬੰਦਾ ਇਹ ਕਹੇ ਆਟਾ ਫਲਾਣੀ ਮਿੱਲ ਦਾ ਖਾਣੈ, ਚੌਲ ਪਾਕਿਸਤਾਨੀ ਬਾਸਮਤੀ ਦੇ ਹੋਣ, ਸਲਾਦ 'ਚ ਆਹ-ਆਹ ਹੋਵੇ, ਦਹੀਂ ਵੀ ਹੋਵੇ, ਦੋ-ਤਿੰਨ ਦਾਲਾਂ/ਸਬਜ਼ੀਆਂ ਹੋਣ, ਮੀਟ ਵੀ ਹੋਵੇ, ਪਾਣੀ ਨ੍ਹੀਂ ਲੱਸੀ ਹੋਵੇ, ਫੁਲਕਾ ਨਹੀਂ ਨਾਨ ਹੋਣ, ਉਹ ਵੀ ਗਾਰਲਕ, ਬਾਅਦ 'ਚ ਮਿੱਠਾ ਵੀ ਹੋਵੇ, ਦੁਪਹਿਰ ਨੂੰ ਹੋਰ ਹੋਵੇ, ਆਥਣੇ ਹੋਰ। ਇਹ ਸਾਰੇ ਤਮਾਸ਼ੇ ਪੈਸੇ ਦੇ ਹਨ। ਗਰੀਬ ਬੰਦੇ ਨੂੰ ਹੱਥ ਹੀ ਥਾਲ ਲੱਗਦੇ ਹੁੰਦੇ ਨੇ, ਨਾ ਉਹਨੂੰ ਚਮਚਾ ਚਾਹੀਦਾ ਹੁੰਦੈ, ਨਾ ਕੌਲੀ, ਨਾ ਗਲਾਸ। ਉਸ ਦਾ ਕੋਈ ਮੈਨਿਊ ਨਹੀਂ ਹੁੰਦਾ। ਦੋ ਪਲਾਂ 'ਚ ਭੁੱਖ ਮਿਟਾ ਕੇ ਨਲਕੇ ਤੋਂ ਬੁੱਕ ਨਾਲ ਪਾਣੀ ਪੀ ਕੇ ਅਹੁ ਜਾਂਦੈ। ਮਰਦੇ ਗਰੀਬ ਵੀ ਨੇ, ਤੇ ਅਮੀਰ ਵੀ। ਫਰਕ ਦੋਹਾਂ 'ਚ ਇੰਨਾ ਕੁ ਹੀ ਹੁੰਦੈ ਕਿ ਅਮੀਰ 'ਤੇ ਚੰਦਨ ਦੀ ਲੱਕੜੀ ਪੈ ਜੂ, ਤੇ ਗਰੀਬ ਕਿੱਕਰ ਦੀਆਂ ਫਾੜਾਂ ਨਾਲ ਸੜ ਜੂ। ਮਿਲਦਾ ਦੋਹਾਂ ਨੂੰ ਕੱਫਣ ਹੀ ਹੈ। ਕਿਸੇ 'ਤੇ ਕੀਮਤੀ ਲੋਈਆਂ ਪੈ ਜਾਣਗੀਆਂ, ਕਿਸੇ 'ਤੇ ਮੱਖੀਆਂ ਲੰਘਣ ਵਾਲਾ ਦੋ ਗਜ਼ ਕੱਪੜਾ। ਹਾਲੇ ਤੀਕਰ ਇਸ ਗੱਲ ਦੀ ਸਮਝ ਨਹੀਂ ਪਈ ਕਿ ਜਿਹੜਾ ਬੰਦਾ ਨੰਗਾ ਆਇਆ ਸੀ, ਉਹਨੂੰ ਢੱਕ ਕੇ ਕਿਉਂ ਤੋਰਦੇ ਨੇ। ਇਹ ਨ੍ਹੀਂ ਲਗਦਾ ਕਿ ਇਹ ਤਨ ਨਹੀਂ ਪਰਦੇ, ਢੱਕਣ ਦਾ ਯਤਨ ਹੈ। ਇਹ ਜਿੰਨੀਆਂ ਠੱਗੀਆਂ-ਚੋਰੀਆਂ, ਝੂਠ-ਫਰੇਬ, ਲੁੱਟ-ਖੋਹ, ਮੌਜ-ਮਸਤੀਆਂ, ਪੁੱਤਰ ਤੇ ਅੰਨਾ ਮਾਇਆ ਮੋਹ, ਕੱਫਣ ਤੀਕਰ ਇਕ ਸਫ਼ਰ ਹੀ ਹੈ। ਇਹ ਸ਼ਰਤਾਂ ਸਾਧਾਰਨ ਨਹੀਂ ਹਨ, ਕਿਸੇ ਕਥਾਵਾਚਕ ਤੋਂ ਅਰਥ ਕਰਵਾ ਦੇ ਦੇਖਿਓ:

ਅੱਖੀਆਂ ਕਰਨ ਸ਼ਰਾਰਤਾਂ
ਤੇ ਦਿਲ ਹਰਜਾਨੇ ਭਰਦਾ
ਬੰਦਾ ਇਕ ਕੱਫਣ ਦੀ ਖਾਤਰ
ਕਿੰਨਾ ਪੈਂਡਾ ਕਰਦਾ...।

ਜ਼ਿੰਦਗੀ ਦਾ ਭੇਤ ਦੁਨੀਆਂ ਬਣਾਉਣ ਅਤੇ ਜ਼ਿੰਦਗੀ ਦੇਣ ਵਾਲੇ ਨੇ ਕਿਸੇ ਨੂੰ ਵੀ ਨਹੀਂ ਦਿੱਤਾ, ਮੁੱਲਾ, ਭਾਈਆਂ ਅਤੇ ਬ੍ਰਾਹਮਣਾਂ ਦੇ ਸਭ ਕਿਆਫ਼ੇ ਨੇ। ਜਨਮ ਪੱਤਰੀਆਂ ਬਹੁਤਾ ਕਰਕੇ ਅੱਟਾ-ਸੱਟਾ ਹੀ ਹੁੰਦੀਆਂ ਨੇ ਪਰ ਥੋੜ੍ਹਾ ਜਿਹਾ ਹਿਸਾਬ-ਕਿਤਾਬ ਜਿਹੜਾ ਮੈਂ ਕਰਨ ਲੱਗਾ ਹਾਂ, ਸ਼ਾਇਦ ਤੁਹਾਡੇ ਮਨ ਨੂੰ ਵੀ ਲੱਗੇ। ਮਸਲਨ, ਜਿਹੜਾ ਬੱਚਾ ਦਸ ਕੁ ਸਾਲ ਦੀ ਉਮਰ ਵਿਚ ਨੱਚਦਾ-ਟੱਪਦਾ ਨਹੀਂ, ਹੱਸਣ-ਰੋਣ ਦੇ ਇਸ਼ਾਰੇ ਨਹੀਂ ਦਿੰਦਾ ਤਾਂ ਉਹਨੂੰ ਫਟਾਫਟ ਡਾਕਟਰੀ ਸਹੂਲਤ ਮੁਹੱਈਆ ਕਰਵਾਉਣੀ ਚਾਹੀਦੀ ਹੈ, ਕਿਉਂਕਿ ਹੋ ਸਕਦੈ-ਉਹਦਾ ਮਾਨਸਿਕ ਵਿਕਾਸ ਰੁਕ ਗਿਆ ਹੋਵੇ। ਵੀਹਾਂ ਸਾਲਾਂ ਦੀ ਉਮਰ ਵਿਚ ਜਿਹੜਾ ਬਿਮਾਰ ਰਹਿਣ ਲੱਗ ਪਵੇ, ਜਵਾਨੀ ਉਹਦੇ ਨੇੜੇ ਆਉਣ ਦੀ ਗੁਸਤਾਖ਼ੀ ਨਹੀਂ ਕਰੇਗੀ। ਤੀਹ ਸਾਲ ਦੀ ਉਮਰ ਤੱਕ ਜੀਹਨੂੰ ਕੌਡੀ ਅਕਲ ਨਹੀਂ, ਉਹਦੇ ਜੁੱਤੀਆਂ ਖਾਣ ਦੀਆਂ ਸੰਭਾਵਨਾਵਾਂ ਮੱਧਮ ਨਹੀਂ ਪੈ ਸਕਦੀਆਂ। ਚਾਲੀਆਂ ਸਾਲਾਂ ਦੀ ਉਮਰ ਵਿਚ ਜੀਹਦੇ ਕੋਲ ਧੇਲਾ ਨਹੀਂ, ਫਿਰ ਅਮੀਰੀ ਉਹਦੇ ਉਤੇ ਤਾਂ ਕੀ, ਉਹਦੇ ਗੁਆਂਢ 'ਚ ਵੀ ਨਹੀਂ ਆ ਸਕਦੀ। ਪੰਜਾਹ ਸਾਲਾਂ ਦੀ ਉਮਰ ਤੱਕ ਜਿਸ ਭੱਦਰ-ਪੁਰਸ਼ ਦਾ ਵਿਆਹ ਨ੍ਹੀਂ ਹੁੰਦਾ, ਉਹਦੀਆਂ ਆਸਾਂ ਦਾ ਬੂਰ ਇਕ ਤਰ੍ਹਾਂ ਨਾਲ ਝੜ ਹੀ ਗਿਆ ਹੁੰਦੈ, ਤੇ ਜੇ ਕਿਤੇ ਨੀਲੀ ਛੱਤ ਵਾਲਾ ਬਹੁਤਾ ਹੀ ਦਿਆਲ ਹੋ ਜੇ, ਕੋਈ ਛੁੱਟੜ ਜਾਂ ਕਰੇਵਾ ਆ ਜਾਏ ਤਾਂ ਇਸ ਅਭਾਗੇ ਦੇ ਬੱਚੇ ਯਤੀਮਾਂ ਵਰਗੇ ਹੀ ਹੋਣਗੇ, ਕਿਉਂਕਿ ਡੈਡੀ, ਭਾਈਆ ਪਹਿਲਾਂ ਹੀ ਬਣ ਚੁੱਕਾ ਸੀ। ਜਿਸ ਬੰਦੇ ਕੋਲ ਸੱਠਾਂ ਸਾਲਾਂ ਦੀ ਉਮਰ ਤੀਕਰ ਆਪਣਾ ਘਰ ਨ੍ਹੀਂ, ਉਹਦੇ ਵੀ ਮਹਿਲ ਬਣਨ ਦੇ ਸੁਪਨੇ ਮੁੱਕ ਹੀ ਗਏ ਹੁੰਦੇ ਹਨ, ਤੇ ਜੇ ਕਿਤੇ ਲਾਟਰੀ ਨਿਕਲਣ ਨਾਲ ਘਰ ਬਣਾ ਵੀ ਲਵੇ ਤਾਂ ਛੇਤੀ ਹੀ ਉਸ ਘਰ ਵਿਚ ਉਹਦੀ 'ਵਾਹ ਸ਼ੇਰਾ, ਵਾਹ ਸ਼ੇਰਾ' ਹੋਵੇਗੀ; ਤੇ ਜਿਹੜਾ ਵੀ ਉਸ ਘਰ ਵਿਚ ਪਹਿਲਾ ਵੱਡਾ ਸਮਾਗਮ ਹੋਵੇਗਾ, ਉਹਦੀ ਅੰਤਿਮ ਅਰਦਾਸ ਜਾਂ ਸ਼ਰਧਾਂਜਲੀ ਦੇ ਰੂਪ ਵਿਚ ਹੀ ਹੋਵੇਗਾ, ਤੇ ਜਿਹੜਾ ਬੰਦਾ ਸੱਤਰਾਂ 'ਚ ਬੁੜੀਆਂ ਨਹੀਂ, ਕੁੜੀਆਂ ਛੇੜੇ, ਉਹਦੀਆਂ ਹੱਡੀਆਂ ਸਣੇ ਮਾਸ ਦੇ ਗੰਗਾ 'ਚ ਧੱਕੇ ਮਾਰ ਕੇ ਸੁੱਟ ਆਉਣੀਆਂ ਚਾਹੀਦੀਆਂ ਹਨ। ਅਸਲ 'ਚ ਜਿਨ੍ਹਾਂ ਨੇ ਵੀ ਸਮੇਂ ਦਾ ਰਾਗ ਨ੍ਹੀਂ ਗਾਇਆ, ਡੂਮਣੀ ਵਾਂਗ ਵਕਤੋਂ ਖੁੰਝੇ ਰਹੇ, ਉਨ੍ਹਾਂ ਦੇ ਹੱਥ ਨਹੀਂ, ਮੱਥਾ ਹੱਥਾਂ 'ਤੇ ਵੱਜਦਾ ਰਿਹਾ ਹੈ।

ਕਈ ਵਾਰ ਘੰਡ 'ਚ ਸਾਹ ਵਾਹਿਗੁਰੂ ਸ਼ਾਇਦ ਇਸ ਕਰਕੇ ਰੋਕੀ ਰੱਖਦੈ ਕਿ 'ਕਾਹਨੂੰ ਗੀਤਾ ਦਾ ਪਾਠ ਸੁਣੀ ਜਾਨੈ, ਜਿਹੜੀ ਪਾਪਾਂ ਨਾਲ 'ਕੱਠੀ ਕੀਤੀ ਹੋਈ ਐ, ਉਹਦੀਆਂ ਕੁੰਜੀਆਂ ਤਾਂ ਟੱਬਰ ਨੂੰ ਦੇ ਜਾ। ਸ਼ਾਇਦ ਕਿਸੇ ਚੱਜ ਦੇ ਥਾਂ ਹੀ ਲਾ ਦੇਣ। ਹਾਲ ਹੀ 'ਚ ਚੰਡੀਗੜ੍ਹ ਹਾਈ ਕੋਰਟ 'ਚ ਮੈਂ ਕਿਸੇ ਕੰਮ ਗਿਆ ਸਾਂ ਕਿ ਇਕ ਬਜ਼ੁਰਗ ਨੂੰ ਦੋ ਜਣੇ ਇਕ ਤਰ੍ਹਾਂ ਨਾਲ ਵਹਿੰਗੀ ਵਾਂਗ ਖਿੱਚੀ ਲਿਆਉਣ। ਸਾਹ ਨਾਲ ਸਾਹ ਨਾ ਰਲੇ। ਕੱਚੀਆਂ ਤ੍ਰੇਲੀਆਂ ਆਉਣ। ਮਨ 'ਚ ਸੋਚਿਆ ਜਿਹਨੇ ਇਸ ਵਿਚਾਰੇ ਨੂੰ ਅਦਾਲਤ 'ਚ ਖਿੱਚ ਲਿਆਂਦਾ, ਸਾਲਾ ਗਧੇ ਦਾ ਵੀ ਪੁੱਤ ਨ੍ਹੀਂ ਹੋਣਾ। ਉਹਦੇ ਸਾਹ 'ਚ ਸਾਹ ਆਇਆ ਤਾਂ ਮੈਂ ਪੁੱਛ ਲਿਆ, 'ਕਿਸੇ ਕਮਲੇ ਸਿਰ ਫਿਰੇ ਨੇ ਹੀ ਤੁਹਾਨੂੰ ਐਸ ਉਮਰੇ ਅਦਾਲਤ ਦਿਖਾਈ ਹੋਣੀ ਐ?'

'ਮੈਨੂੰ ਕਾਹਨੂੰ, ਮੈਂ ਭਾਗ ਸਿੰਹੁ ਨੂੰ ਘੜੀਸਿਆ ਕੰਜਰ ਦੇ ਨੂੰ।'

'ਗੱਲ ਕੀ ਹੋ 'ਗੀ?'

'ਛੱਬੀ ਕਿੱਲੇ ਸਾਡੇ ਜ਼ਮੀਨ ਐ। ਪੁੱਤ ਦੋਵੇਂ ਅਮਰੀਕਾ 'ਚ ਨੇ। ਧੀ ਵਲੈਤ। ਮੇਰੇ ਛੋਟੇ ਭਰਾ ਨੇ ਵੱਟ ਦੱਬ ਲੀ ਮੇਰੀ। ਅਠਾਰਾਂ ਸਰਸਾਈਆਂ ਨੀ ਛੱਡਦਾ। ਹੇਠਾਂ ਤੋਂ ਤਾਂ ਆਪਣੇ ਹੱਕ 'ਚ ਵੱਢੀ-ਵੱਢੀ ਦੇ ਕੇ ਕਰਾ ਲਿਆ ਫੈਸਲਾ। ਮੈਂ ਫੇਰ ਆ ਗਿਆ ਚੰਡੀਗੜ੍ਹ, ਬਈ ਬੱਚੂ ਛੱਡਦਾ ਨ੍ਹੀਂ।'

ਹਾਲਾਤ ਏਦਾਂ ਦੇ ਸਨ ਕਿ ਬੁੜ੍ਹਾ ਸ਼ਾਇਦ ਵਾਪਿਸ ਪਿੰਡ ਪਹੁੰਚਣ ਤੱਕ ਜ਼ਿੰਦਗੀ ਦੀ ਪਾਰੀ ਹੀ ਨਾ ਖੇਡ ਜਾਵੇ, ਤੇ ਵਿਚਾਰੇ ਛੱਬੀਆਂ ਕਿੱਲਿਆਂ ਵਾਲੇ ਨੂੰ ਸਾਢੇ ਚਾਰ ਗਜ਼ ਜ਼ਮੀਨ ਵੀ ਲਾਂਬੂ ਲੁਆਉਣ ਲਈ ਪੰਜ-ਸੱਤ ਘੰਟੇ ਹੀ ਨਸੀਬ ਹੋਣੀ ਐ। ਪਰ ਦਮਾਂ ਨਾਲੋਂ ਤਮ੍ਹਾਂ ਬੁਰੀ ਤਰ੍ਹਾਂ ਚਿੰਬੜੀ ਹੋਈ ਸੀ।

ਜਦੋਂ ਦਾ ਰੱਬ ਦੇ ਘਰ 'ਚ ਰੱਬ ਦੇ ਬੰਦਿਆਂ ਦਾ ਕਬਜ਼ਾ ਨ੍ਹੀਂ ਰਿਹਾ, ਰੱਬ ਆਪਣਾ ਨੱਕ ਰੱਖਣ ਨੂੰ ਆਸਾਂ-ਮੁਰਾਦਾਂ ਤਾਂ ਪੂਰੀਆਂ ਕਰੀ ਜਾਂਦੈ ਪਰ ਉਹਦੇ ਕਈ ਘਰ ਆਹਮੋ-ਸਾਹਮਣੇ ਹੀ ਹਿੱਕ ਤਾਣ ਕੇ ਖੜ੍ਹੇ ਹੋ ਗਏ ਹਨ।

ਬੰਦਾ ਇਕ ਵਾਰ ਰੱਬ ਦੇ ਘਰ ਗਿਆ ਤਾਂ ਰੱਬ ਦਾ ਆਪੇ ਬਣਿਆ ਠੇਕੇਦਾਰ ਪੈ ਗਿਆ ਗਰੀਬ ਨੂੰ ਟੁੱਟ ਕੇ, 'ਕਿੱਧਰ ਨੂੰ ਮੂੰਹ ਚੱਕੀ ਆਉਨੈਂ?'

'ਰੱਬ ਦੇ ਘਰ 'ਚ ਲੋਕ ਸਿਰ ਨੀਵਾਂ ਕਰਕੇ ਆਉਂਦੇ ਨੇ। ਦੇਖ ਤਾਂ ਸਹੀ ਮੇਰੇ ਵੱਲ।'

'ਤੂੰ ਗੱਲਾਂ ਨਾ ਬਣਾ, ਅੰਦਰ ਕਿਵੇਂ ਆਇਐਂ?'

'ਮੱਥੇ ਈ ਟੇਕਣ ਆਇਐਂ, ਹੋਰ ਮੈਂ ਨੱਚਣੈ?'

'ਬਾਹਰੋਂ ਨ੍ਹੀ ਟੇਕ ਹੋਇਆ?'

'ਰੱਬ ਤਾਂ ਅੰਦਰ ਐ।'

'ਕਿੱਦਾਂ ਕੱਪੜਿਆਂ 'ਚੋਂ ਮੁਸ਼ਕ ਆਉਂਦੈ। ਨਹਾ ਕੇ ਆਇਆਂ?'

'ਬਾਕੀ ਇਤਰ ਫੁਲੇਲ ਲਾ ਕੇ ਆਉਂਦੇ ਨੇ, ਨਾਲੇ ਰੱਬ ਕਿਤੇ ਨਾਹੁਣ ਨਾਲ ਮਿਲਦੈ?'

'ਚੱਲ ਚੱਲ ਬਾਹਰ ਨਿਕਲ, ਦਫ਼ਾ ਹੋ ਜਾ।'

'ਧੱਕੇ ਕਾਹਨੂੰ ਮਾਰਦੈਂ, ਕੁਝ ਤਾਂ ਸੰਗ ਕਰ। ਇਹਨੂੰ ਜਿੰਨੀਆਂ ਇੱਟਾਂ ਲੱਗੀਆਂ ਨੇ, ਸਾਰੀਆਂ ਮੇਰੇ ਸਿਰ ਤੋਂ ਲੰਘੀਆਂ ਨੇ। ਗਾਰਾ, ਸੀਮੈਂਟ, ਹੱਥਾਂ-ਪੈਰਾਂ ਨਾਲ ਰਲਾ ਕੇ ਪਾਇਐ, ਤੇ ਤੂੰ ਦਬਕੇ ਮਾਰਦੈ?'

'ਤਾਂ ਹੀ ਤਾਂ ਸਾਨੂੰ ਕੱਚੀ ਲੱਸੀ ਨਾਲ ਧੋਣਾ ਪਿਆ ਸੀ।'

ਤੇ ਗਰੀਬ ਦੇ ਮੂੰਹ 'ਤੇ ਜਿਵੇਂ ਥੱਪੜ ਨਹੀਂ, ਘਸੁੰਨ ਵੱਜ ਗਿਆ ਹੋਵੇ। ਭਰਿਆ ਪੀਤਾ ਨੰਗੇ ਮੰਜੇ 'ਤੇ ਹੀ ਜਾ ਲੇਟਿਆ।

'ਪ੍ਰਸ਼ਾਦਾ ਛਕ ਲਓ ਜੀ।' ਘਰ ਵਾਲੀ ਆਖਣ ਲੱਗੀ।

'ਅੱਜ ਉਹਦੇ ਸਿਰ ਚੜ੍ਹ ਕੇ ਭੁੱਖੇ ਨੇ ਮਰ ਜਾਣੈ।'

'ਕੀਹਦੇ?'

'ਜੀਹਨੂੰ ਹਰ ਵੇਲੇ ਰੱਬ ਰੱਬ ਕਰਦੀ ਆਂ। ਤੋਤਰੂ ਭਨਾ ਲਿਆ ਇੱਟਾਂ ਨਾਲ, ਪੈਰ ਗਾਲ੍ਹ ਲਏ ਸੀਮੈਂਟ ਨਾਲ, ਤੇ ਮਜ਼ਦੂਰੀ ਵੀ ਲਈ ਅੱਧੀ। ਅਖੇ, ਚਲੋ ਨੀਲੀ ਛੱਤਰੀ ਆਲੇ ਦਾ ਘਰ ਬਣਦੈ। ਆ ਗਿਆਂ ਧੱਕੇ ਖਾ ਕੇ।'

'ਗੱਲ ਕੀ ਹੋਈ?'

'ਸਵੇਰੇ ਕਰਾਂਗੇ। ਗੁੱਸਾ ਕਿਤੇ ਤੇਰੇ 'ਤੇ ਨਾ ਨਿਕਲ ਜੇ, ਤੁਰਦੀ ਬਣ।'

...ਤੇ ਸੱਪ ਵਾਂਗ ਮੰਜੇ 'ਤੇ ਹੀ ਵਿਸ ਘੋਲਦੇ ਦੀ ਕਿਤੇ ਅੱਧੀ ਰਾਤ ਪਿੱਛੋਂ ਅੱਖ ਲੱਗ 'ਗੀ। ਪੈਂਦੀ ਸੱਟੇ ਸੁਪਨੇ 'ਚ ਰੱਬ ਆ ਗਿਆ। ਕੱਢ 'ਤੇ ਫਿਰ ਭਾਂਬੜ ਵਾਂਗ ਗੁੱਸੇ ਦੇ ਅੰਗਿਆਰ। ਦਾਗ 'ਤੇ ਰੱਬ 'ਤੇ ਅਗਨ ਬਾਣ:

'ਤੂੰ ਬੰਦਾ ਚੰਗੈ?'

'ਹੱਦ ਹੋ 'ਗੀ। ਅੱਗੇ ਤਾਂ ਜਦ ਮੈਂ ਆਉਂਦਾ ਸੀ ਤਾਂ ਪੈਰਾਂ 'ਚ ਸਿਰ ਰੱਖ ਦਿੰਦਾ ਸੀ। ਹੱਥ ਜੁੜੇ ਨ੍ਹੀਂ ਖੁੱਲ੍ਹਦੇ ਸਨ। ਅੱਜ ਬੜਾ ਔਖਾ ਬੋਲਦੈਂ?'

'ਹੁਣ ਨ੍ਹੀਂ ਕਰਦੇ ਤੇਰੀ ਪ੍ਰਵਾਹ।'

'ਕਿਉਂ?'

'ਘਰ ਤੇਰਾ ਬਣਿਆ, ਇੱਟਾਂ ਮੈਂ ਸਿਰ 'ਤੇ ਢੋਈਆਂ। ਤਸਵੀਰਾਂ ਤੇਰੀਆਂ ਕੰਧਾਂ 'ਤੇ ਟੰਗ ਹੋਈਆਂ, ਪਲਸਤਰ ਕਰਨ ਲਈ ਸੀਮੈਂਟ-ਰੇਤਾ ਹੱਥਾਂ-ਪੈਰਾਂ ਨਾਲ ਰਲਾਇਆ। ਤੈਂ ਮੇਰੀ ਅੱਧੀ ਮਜ਼ਦੂਰੀ ਖਾ ਲੀ...।'

'ਬੁਝਾਰਤਾਂ ਕੀ ਪਾਉਨੈਂ। ਪੂਰੀ ਗੱਲ ਖੋਲ੍ਹ?'

'ਅੱਜ ਮੈਂ ਤੇਰੇ ਉਸ ਘਰ 'ਚ ਗਿਆ...।'

'ਤੂੰ ਕਿਤੇ ਗੋਲਕ ਚੋਰਾਂ ਦੀ ਦੁਕਾਨ 'ਤੇ ਤਾਂ ਨ੍ਹੀਂ ਗਿਆ...?'

'ਇਹ ਤੈਨੂੰ ਪਤਾ ਹੋਊ।'

'ਫਿਰ?'

'ਤੇਰੇ ਸੱਚੇ ਸੇਵਕਾਂ ਨੇ ਧੱਕੇ ਮਾਰ ਮਾਰ ਕੇ ਕੱਢ 'ਤਾ ਬਾਹਰ।'

ਰੱਬ ਤੋਂ ਵੀ ਹੱਸਦੇ ਤੋਂ ਗੱਲ ਨਾ ਹੋਵੇ, ਲਿਟ ਲਿਟ ਜਾਵੇ। ਭਗਤ ਵਿਚਾਰਾ ਸੋਚਾਂ 'ਚ ਡੁੱਬ ਗਿਆ ਕਿ ਦੇਖੋ, ਇਹ ਵੀ ਗਰੀਬ ਨਾਲ ਹੋਏ ਧੱਕੇ 'ਤੇ ਹਿੜ ਹਿੜ ਕਰਨ ਲੱਗ ਪਿਐ।

ਰੱਬ ਉਹਦੀ ਪਿੱਠ 'ਤੇ ਹੱਥ ਫੇਰਦਿਆਂ ਕਹਿਣ ਲੱਗਾ, 'ਬੱਸ ਇਹੀ ਗੱਲ ਸੀ?'

'ਇਹਤੋਂ ਈ ਲਾਲ ਪੀਲਾ ਹੋਇਐ ਫਿਰਦੈਂ?'

'ਜਿਹੜੀ ਹੋਰ ਕਸਰ ਰਹਿੰਦੀ ਐ, ਉਹ ਵੀ ਕਰਾ ਲੈ ਪੂਰੀ।'

'ਮੇਰਿਆ ਬੰਦਿਆ, ਥੁੱਕ ਦੇ ਗੁੱਸਾ। ਜਿਨ੍ਹਾਂ 'ਤੇ ਤੂੰ ਔਖੈਂ ਕਿ ਮੈਨੂੰ ਅੰਦਰ ਨ੍ਹੀਂ ਵੜਨ ਦਿੱਤਾ, ਤੈਨੂੰ ਮੈਂ ਕੀ ਦੱਸਾਂ; ਉਨ੍ਹਾਂ ਨੇ ਤਾਂ ਮੈਨੂੰ ਵੀ ਨਹੀਂ ਉਥੇ ਕਦੇ ਵੜਨ ਦਿੱਤਾ।'

... ਤੇ ਦੋਵੇਂ ਜਣਿਆਂ ਨੇ ਘੁੱਟ ਕੇ ਗਲਵੱਕੜੀ ਪਾ ਲਈ।

ਇਵੇਂ ਰਾਮ ਲਾਲ ਤੇ ਭਾਗੂ ਰਾਮ ਬੜੇ ਗੂੜ੍ਹੇ ਦੋਸਤ ਸਨ। ਦੋਵੇਂ ਰੱਬ ਨੂੰ ਮੰਨਣ ਵਾਲੇ। ਦੋਵਾਂ ਦੇ ਜ਼ਰੀਏ ਯਾਨਿ ਗੁਰੂ ਅਲੱਗ-ਅਲੱਗ। ਰਾਮ ਲਾਲ ਇਕ ਦਿਨ ਭਾਗੂ ਕੋਲ ਗਿਆ ਕਹਿਣ ਲੱਗਾ, 'ਭਾਗੂ ਰਾਮਾ, ਕੇਰਾਂ ਲੱਭੂ ਰਾਮ ਦੇ ਘਰ ਚੱਲੇਂਗਾ ਮੇਰੇ ਨਾਲ।'

'ਕਿਉਂ? ਕੀ ਹੋ ਗਿਐ?'

'ਉਹਤੋਂ ਲੱਛਮੀ ਲੈ ਕੇ ਆਉਣੀ ਐ।'

'ਓਏ ਮੂਰਖਾ ਜਹਾਨ ਦਿਆ, ਤੈਂ ਭਰਜਾਈ ਨੂੰ ਉਸ ਲੁੱਚੇ ਛੜੇ ਦੇ ਘਰ ਕਾਹਨੂੰ ਭੇਜ'ਤਾ। ਉਹ ਤਾਂ ਸਹੁਰੀ ਦਾ ਬੱਕਰੀਆਂ ਨਾਲ ਅੱਖ ਮਟੱਕਾ ਕਰ ਜਾਂਦੈ।'

'ਸੁਦਾਈਆ, ਮੈਂ ਘਰਵਾਲੀ ਦੀ ਨ੍ਹੀਂ ਗੱਲ ਕਰਦਾ। ਮਾਇਆ ਲੈਣੀ ਆਂ ਉਹਤੋਂ ਪੰਜ ਸੌ ਰੁਪਿਆ।'

'ਹੈਂ, ਦੱਸ। ਤੂੰ ਤਾਂ ਮੇਰੇ ਪੈਰਾਂ ਹੇਠੋਂ ਜ਼ਮੀਨ ਹਿਲਾ'ਤੀ ਸੀ।'

ਤੇ ਲੱਭੂ ਰਾਮ ਅੱਗਿਓਂ ਛਿੱਟ ਲਾ ਕੇ ਬੈਠਾ ਸੀ। ਖੇੜ'ਤੀ ਦੋਹਾਂ 'ਤੇ। ਕੱਢ'ਤੀ ਮਾਂ ਦੀ ਗਾਲ। ਢਾਅ ਲਿਆ ਫਿਰ ਰਾਮ ਲਾਲ ਤੇ ਭਾਗੂ ਨੇ ਬੱਕਰੇ

(ਬਾਕੀ ਸਫਾ 36 'ਤੇ)

# ਕੀ ਹੋਇਆ ਜੇ ਹੁਣ ਨ੍ਹੀਂ ਸਾਡਾ...

ਸੱਚ ਨਹੀਂ ਕਿ ਇੱਕੀਵੇਂ ਵਰ੍ਹੇ ਵਿਚ ਜਵਾਨੀ ਕੰਧਾਂ-ਕੋਠੇ ਟੱਪਣ ਨੂੰ ਅੱਡਾ-ਖੱਡਾ ਹੀ ਦੱਸ ਰਹੀ ਹੁੰਦੀ ਹੈ। ਬਾਪ ਢਿੱਲਾ-ਮੱਠਾ ਰਹਿੰਦਾ ਹੋਵੇ ਤਾਂ ਪੁੱਤ ਕਈ ਵਾਰ ਇੱਕੀਵੇਂ ਤੋਂ ਪਹਿਲਾਂ ਵਿਆਹ ਕੇ ਘਰ 'ਚ ਬੱਚਿਆਂ ਦੀ ਚੂੰ-ਚੂੰ ਹੋਣ ਲੱਗ ਪੈਂਦੀ ਹੈ। ਉਮਰ ਦੀ ਇਸ ਵੱਤ 'ਚ ਸਿਰਫ਼ ਸੋਹਣੀਆਂ ਚੀਜ਼ਾਂ ਹੀ ਚੰਗੀਆਂ ਲਗਦੀਆਂ ਹਨ ਪਰ ਇਸ ਤਸਵੀਰ ਦਾ ਇਤਿਹਾਸ ਵੀ ਇੱਕੀ



ਵਰ੍ਹੇ ਪੁਰਾਣਾ ਹੀ ਹੈ। ਇਹ ਸ਼ੌਂਕੀ ਮੇਲੇ ਦੇ ਜੋਬਨ ਦਾ ਵਰ੍ਹਾ ਸੀ 1994, ਤੇ ਇਸ ਵਰ੍ਹੇ 'ਚ ਖਾਸ ਇਹ ਸੀ ਕਿ ਲੋਕਾਂ ਨੇ ਹਰਭਜਨ ਮਾਨ, ਕਮਲਜੀਤ ਨੀਰੂ, ਦਵਿੰਦਰ ਖੰਨੇਵਾਲਾ ਅਤੇ ਸੰਗੀਤ ਸਮਰਾਟ ਚਰਨਜੀਤ ਅਹੂਜਾ ਪਹਿਲੀ ਵਾਰ ਦੁਆਬੇ ਦੀ ਧਰਤੀ 'ਤੇ ਦੇਖੇ ਸਨ। ਮਨਮੋਹਨ ਵਾਰਿਸ ਤੇ ਦੇਬੀ ਮਖ਼ਸੂਸਪੁਰੀ ਨੂੰ ਪਹਿਲੀ ਵਾਰ ਹੀ ਗਾਉਂਦਿਆਂ ਤੱਕਿਆ ਸੀ ਪਰ ਪਹਿਲੀ ਵਾਰ ਜਿਹੜਾ ਕਮਾਲ ਹੋਇਆ ਸੀ, ਉਹ ਇਹ ਸੀ ਕਿ ਸਵਾ ਲੱਖ ਲੋਕਾਂ ਦੇ ਇਕੱਠ 'ਚ ਸਭ ਤੋਂ ਵੱਧ ਤਾੜੀਆਂ ਬਾਬੀ ਆਸ਼ਾ ਸ਼ਰਮਾ ਦੀ ਸ਼ਾਇਰੀ ਅਤੇ ਬੋਲਾਂ 'ਤੇ ਵੱਜੀਆਂ ਸਨ, ਤੇ ਹੁਣ 21 ਸਾਲਾਂ ਤੋਂ ਮੰਚ 'ਤੇ ਸੰਚਾਲਨ ਦੀ ਮੁਹਾਰਤ ਰੱਖਣ ਵਾਲੀ ਬੀਬੀ ਉਦੋਂ ਪਹਿਲੀ ਵਾਰ ਹੀ ਪ੍ਰਵਾਨਗੀ ਦੀ ਸਰਦਲ ਲੰਘੀ ਸੀ।

ਮੇਰੇ ਲਈ ਜ਼ਿੰਦਗੀ 'ਚ ਦੁੱਖ ਦੀ ਗੱਲ ਇਹ ਰਹੇਗੀ ਕਿ ਮੇਰੇ ਗਰਾਈਂ ਸ. ਦਿਲਬਾਗ ਸਿੰਘ ਨਵਾਂਸ਼ਹਿਰ ਨੇ ਇਸ ਤੋਂ ਪਿੱਛੋਂ ਅੱਖਾਂ ਮੀਚਣ ਨਾਲ ਸਾਡਾ ਸਾਥ ਹੀ ਛੱਡ ਦਿੱਤਾ, ਪਰ ਮੈਨੂੰ ਆਪਣੀ ਹੀ ਤਸਵੀਰ ਦੇਖ ਕੇ ਲੱਗਦਾ ਹੈ ਕਿ

## ਧੁੱਪੇ ਬੈਠੀਆਂ ਯਾਦਾਂ

ਮੇਲੇ ਨਾਲੋਂ ਜਵਾਨੀ ਮੇਰੇ ਨਾਲ ਵੱਧ ਝਗੜਦੀ ਸੀ।

ਪਹਿਲੇ ਨੰਬਰ 'ਤੇ ਅਮਰੀਕਾ 'ਚ ਆਣ ਵਸਿਆ ਕੁਲਦੀਪ ਸਿੰਘ ਪੱਟੀ ਹੈ, ਦੂਜੇ ਨੰਬਰ 'ਤੇ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਜੋ ਬਾਅਦ 'ਚ ਜਥੇਦਾਰ ਬਣ ਗਿਆ ਤੇ ਹੁਣ ਸ਼੍ਰੋਮਣੀ ਅਕਾਲੀ ਦਲ (ਬਾਦਲ) ਦਾ ਜ਼ਿਲ੍ਹਾ ਹੁਸ਼ਿਆਰਪੁਰ ਦਾ ਪ੍ਰਧਾਨ ਹੈ। ਜ਼ੋਰਾਵਰ ਸਿੰਘ ਬੈਂਸ ਸਨਮਾਨ ਲੈਂਦਿਆਂ ਸ. ਦਿਲਬਾਗ ਸਿੰਘ, ਹਰਦੇਵ ਕਾਮਾ, ਕੇ.ਏ.ਪੀ. ਸਿਨਹਾ (ਆਈ.ਏ.ਐਸ.) ਅਤੇ ਵਾਲ ਲੱਖ ਛੋਟੇ ਹੋਣ, ਆਸ਼ਾ ਸ਼ਰਮਾ ਨੇ ਕੱਦ ਉਦੋਂ ਬੜਾ ਕਰ ਲਿਆ ਸੀ। ਉਸ ਤੋਂ ਬਾਅਦ ਦੇਸ਼-ਵਿਦੇਸ਼ 'ਚ ਲੋਕਾਂ ਨੇ ਮੇਰਾ ਆਸ਼ਾ ਸ਼ਰਮਾ ਨੂੰ ਲੱਭ ਕੇ ਲਿਆਉਣਾ ਪ੍ਰਵਾਨ ਕਰ ਲਿਆ। ਇਸੇ ਲਈ ਮੰਚ ਸੰਚਾਲਨ ਦੇ 21ਵੇਂ ਵਰ੍ਹੇ 'ਤੇ ਮੁਬਾਰਕ ਹੀ ਭੇਜਦਾਂ...।

-ਐਸ. ਅਸ਼ੋਕ ਭੌਰਾ

# ਦਾਸਤਾਨ-ਪੰਜਾਬ ਤੇ ਪੰਜਾਬ ਵਾਸੀਆਂ ਦੀ

ਦੇਸ਼ ਆਜ਼ਾਦ ਹੋਇਆਂ ਭਾਵੇਂ ਛੇ ਦਹਾਕੇ ਤੋਂ ਵੱਧ ਸਮਾਂ ਹੋ ਚੁਕਾ ਹੈ ਪਰ ਇੰਜ ਲੱਗਦਾ ਹੈ ਕਿ ਜਿਵੇਂ ਅਸੀਂ ਅਜੇ ਵੀ ਗੁਲਾਮੀ ਹੰਢਾ ਰਹੇ ਹਾਂ। ਆਜ਼ਾਦੀ ਤੋਂ ਬਾਅਦ ਮੁਲਕ ਵੱਖ-ਵੱਖ ਰਾਜਾਂ ਵਿਚ ਵੰਡਿਆ ਗਿਆ ਜਿਨ੍ਹਾਂ ਵਿਚੋਂ ਪੰਜਾਬ ਦਾ ਨਾਂ ਵੀ ਉਭਰ ਕੇ ਆਉਂਦਾ ਹੈ। ਇਸ ਨੇ ਦੇਸ਼ ਦੀ ਹਰ ਕੁੱਖ ਭਰਨ ਲਈ ਕੀ ਕੁਝ ਨਹੀਂ ਕੀਤਾ ਪਰ ਅਫ਼ਸੋਸ ਕਿ ਅੱਜ ਆਪਣੇ ਹੀ ਘਰ ਭੁੱਖ-ਨੰਗ ਦੀ ਜ਼ਿੰਦਗੀ ਬਤੀਤ ਕਰ ਰਿਹਾ ਹੈ। ਲੋਕਾਂ ਦੀ ਪਿਆਸ ਬੁਝਾਉਣ ਵਾਲਾ ਇਹ ਸੂਬਾ ਅੱਜ ਪਾਣੀ

ਦਲਬਾਰਾ ਸਿੰਘ ਮਾਂਗਟ
ਫੋਨ 269-267-9621

ਦੀ ਬੂੰਦ-ਬੂੰਦ ਨੂੰ ਤਰਸ ਰਿਹਾ ਹੈ ਕਿਉਂਕਿ ਆਪਣੇ ਪਾਣੀਆਂ ਵਿਚੋਂ ਕੁਝ ਹਿੱਸਾ ਦੂਜਿਆਂ ਰਾਜਾਂ ਨੂੰ ਦੇਣਾ ਜ਼ਰੂਰੀ ਹੈ। ਸੰਨ 1966 ਵਿਚ ਪੰਜਾਬੀ ਸੂਬੇ ਦੀ ਮੰਗ ਤਾਂ ਮੰਨ ਲਈ, ਪਰ ਕੇਂਦਰ ਦੇ ਸ਼ਾਸਕ ਸੂਬੇ ਨੂੰ ਕੌੜੀਆਂ ਅੱਖਾਂ ਨਾਲ ਦੇਖਣ ਲੱਗ ਪਏ ਅਤੇ ਇਸ ਨੂੰ ਇਸ ਦੇ ਪਾਣੀਆਂ, ਪੰਜਾਬੀ ਬੋਲਦੇ ਇਲਾਕਿਆਂ ਅਤੇ ਚੰਡੀਗੜ੍ਹ ਤੋਂ ਮਹਿਰੂਮ ਕਰਾ ਦਿੱਤਾ। ਨਾਲ ਹੀ ਨਿਆਂ ਢਾਂਚੇ ਨੂੰ ਵੀ ਧੁੱਦਲ ਨਾਲ ਲਿੱਬੜੀ ਫਾਈਲ ਵਿਚ ਬੰਦ ਕਰਕੇ ਰੱਸੀ ਕੱਸ ਦਿੱਤੀ। ਧਾਰਮਿਕ ਸਥਾਨਾਂ ਦੀ ਬੇਅਦਬੀ ਕਿਸੇ ਤੋਂ ਛੁਪੀ ਨਹੀਂ ਹੋਈ ਪਰ ਅਸੀਂ ਦੋਸ਼ ਕਿਸ ਨੂੰ ਦੇਈਏ ਕਿਉਂਕਿ "ਖੋਟਾ ਪੈਸਾ ਆਪਣਾ, ਬਾਣੀਏ ਨੂੰ ਕੀ ਦੋਸ਼।" ਅੱਜ ਪੰਜਾਬ ਤਬਾਹੀ ਦੇ ਕੰਢੇ 'ਤੇ ਖੜ੍ਹਾ ਹੈ ਅਤੇ 25 ਮਿਲੀਅਨ ਸਿੱਖ ਦੇਖ ਰਹੇ ਹਨ ਜਿਸ ਦੇ ਵੱਡੇ ਕੁਝ ਕਾਰਨ ਇਹ ਹਨ,

**ਖੇਤੀਬਾੜੀ ਅਤੇ ਕਿਸਾਨ:** ਹਰ ਸੂਬੇ ਦੀ ਆਰਥਿਕ ਵਿਵਸਥਾ ਖੇਤੀ ਉਪਰ ਨਿਰਭਰ ਹੁੰਦੀ ਹੈ ਅਤੇ ਪੰਜਾਬ ਦੇ ਕਿਸਾਨ ਨੇ ਦੇਸ਼ ਦੀ ਮੁੱਖ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਸਹਿਯੋਗ ਨਾਲ ਹਰਾ ਅਤੇ ਚਿੱਟਾ ਇਨਕਲਾਬ ਹਾਸਲ ਕਰਕੇ ਬੜਾ ਯੋਗਦਾਨ ਪਾਇਆ ਹੈ। ਬੜੇ ਦੁੱਖ ਵਾਲੀ ਗੱਲ ਹੈ ਕਿ ਅੱਜ 80% ਕਿਸਾਨ ਕਰਜ਼ੇ ਦੇ ਬੋਝ ਹੇਠ ਦੱਬੇ ਹੋਏ ਹਨ। ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਪੰਜਾਬ ਵਿਚ ਵੱਡੀ ਗਿਣਤੀ ਵਿਚ ਕਿਸਾਨ ਕਿਉਂ ਆਤਮਘਾਤ ਕਰ ਰਹੇ ਹਨ? ਕੀ ਇਹ ਸ਼ਰਮ ਦੀ ਗੱਲ ਨਹੀਂ ਕਿ ਪਿਛਲੀਆਂ ਦੋ ਸਰਕਾਰਾਂ ਦੇ ਮੁੱਖ ਮੰਤਰੀ ਕਿਸਾਨੀ ਪਿਛੋਕੜ ਵਾਲੇ ਵੀ ਹਨ ਅਤੇ ਉਹ ਹਿਤੈਸ਼ੀ ਹੋਣ ਦੇ ਏਜੰਡੇ ਥੱਲੇ ਚੋਣਾਂ ਵੀ ਜਿੱਤਦੇ ਆਏ ਹਨ ਪਰ ਕਿਸਾਨਾਂ ਦੇ ਸਿਰੋਂ ਕਰਜ਼ੇ ਦੀ ਪੰਡ ਲਾਹੁਣ ਲਈ ਇਨ੍ਹਾਂ ਨੇ ਕੋਈ ਉਪਰਾਲਾ ਨਹੀਂ ਕੀਤਾ। ਦਿਨ-ਰਾਤ ਮਿੱਟੀ ਵਿਚ ਹੋ ਕੇ ਇਨ੍ਹਾਂ ਕਿਸਾਨਾਂ ਨੂੰ ਸਾਰੇ ਸਾਲ ਦੀ ਕੀਤੀ ਕਮਾਈ, ਫਸਲ ਹਰ ਸਾਲ ਮੰਡੀਆਂ ਦੇ ਪਿੜਾਂ ਵਿਚ ਰੁਲਦੀ ਦੇਖੀ ਜਾ ਸਕਦੀ ਹੈ ਅਤੇ ਵਿਕਰੀ ਵੇਲੇ ਢੁਕਦੀ ਰਕਮ ਵੀ ਵਸੂਲ ਨਹੀਂ ਹੁੰਦੀ।

*ਸਾਨੂੰ ਹੁਣ ਅਜਿਹੇ ਨੌਜਵਾਨ ਅਤੇ ਉਤਸ਼ਾਹੀ ਸਿਆਸਤਦਾਨਾਂ ਦੀ ਲੋੜ ਹੈ ਜੋ ਪੰਜਾਬ ਨੂੰ ਵਿਲੱਖਣ, ਨਮੂਨੇ ਦਾ ਹੋਰ ਸੋਹਣਾ ਅਤੇ ਪਿਆਰਾ ਸੂਬਾ ਬਣਾਉਣ ਵਿਚ ਆਪਣੀਆਂ ਦਿਨ-ਰਾਤ ਦੀਆਂ ਸੇਵਾਵਾਂ ਦੇ ਸਕਣ, ਸੂਬੇ ਦੇ ਹਿੱਤਾਂ ਲਈ ਲੰਮੀ ਸੋਚ ਸੋਚਣ; ਇਹ ਨਹੀਂ ਕਿ ਉਨ੍ਹਾਂ ਨੂੰ ਕੇਵਲ ਚੋਣ ਜਿੱਤਣ ਤੱਕ ਦਾ ਹੀ ਫਿਕਰ ਹੋਵੇ! ਅੱਜ ਪੰਜਾਬ ਨੂੰ ਸੱਭਿਆਚਾਰ, ਸਿੱਖਿਆ, ਵਿੱਦਿਆ, ਵਾਤਾਵਰਣ, ਸਮਾਜਿਕ ਅਤੇ ਆਰਥਿਕ ਪੱਖੋਂ ਬਿਹਤਰ ਬਣਾਉਣ ਲਈ ਬੇਹੱਦ ਲੋੜ ਹੈ। ਇਸ ਤਬਦੀਲੀ ਲਈ ਰਾਜਨੀਤੀ ਬੇਹੱਦ ਮਹੱਤਵਪੂਰਨ ਰੋਲ ਅਦਾ ਕਰਦੀ ਹੈ, ਫਿਰ ਇੰਤਜ਼ਾਰ ਕਰਨ ਅਤੇ ਸੋਚਣ ਵਿਚ ਸਮਾਂ ਬਰਬਾਦ ਨਾ ਕਰੀਏ। ਆਓ ਉਸ ਸੂਝਵਾਨ ਆਗੂ ਦਾ ਸਾਥ ਦੇਈਏ ਜਿਹੜਾ ਸੂਬੇ ਨੂੰ ਬਿਹਤਰ ਬਣਾਉਣ ਲਈ ਇਕੱਠਿਆਂ ਰਲ-ਮਿਲ ਕੇ ਕੰਮ ਕਰਨ ਦੀ ਸਮਰੱਥਾ ਰੱਖਦਾ ਹੈ। ਮੇਰਾ ਇਸ਼ਾਰਾ ਤੁਸੀਂ ਸਮਝ ਹੀ ਗਏ ਹੋਵੋਂਗੇ।*

**ਨਸ਼ਾਖੋਰੀ:** ਪੰਜਾਬ ਦੀ ਧਰਤੀ 'ਤੇ ਛੇਵਾਂ ਦਰਿਆ ਨਸ਼ਿਆਂ ਦਾ ਚੱਲਿਆ ਹੋਇਆ ਹੈ ਜਿਸ ਵਿਚ ਕੀ ਬੁੱਢਾ ਤੇ ਕੀ ਜਵਾਨ, ਹਰ ਘਰ ਵਿਚ ਇਸ ਦਾ ਭੂਤ ਸਵਾਰ ਹੋ ਚੁੱਕਿਆ ਹੈ। ਲੜਕੀਆਂ ਵੀ ਨਸ਼ਿਆਂ ਦਾ ਸ਼ਿਕਾਰ ਹਨ। ਜੇ ਇਹੋ ਹਾਲ ਰਿਹਾ ਤਾਂ ਨਵਜੰਮੇ ਬੱਚਿਆਂ ਨੂੰ ਸਵੇਰੇ ਉਠਦਿਆਂ ਨੂੰ ਦੁੱਧ ਦੀ ਥਾਂ ਨਸ਼ੇ ਦੀ ਸ਼ੀਸ਼ੀ ਦਿਆ ਕਰਨੀ ਪਵੇਗੀ। ਫਿਰ ਉਸ ਪਨੀਰੀ ਦਾ ਕੀ ਭਵਿੱਖ ਹੋਵੇਗਾ? ਨਸ਼ੀਲੇ ਪਦਾਰਥਾਂ ਦੀ ਰੋਕਥਾਮ ਲਈ ਸਰਕਾਰਾਂ ਦੀ ਜ਼ਿੰਮੇਵਾਰੀ ਹੁੰਦੀ ਹੈ ਪਰ ਸਰਕਾਰ ਚਲਾਉਣ ਵਾਲੇ ਤਾਂ ਖੁਦ ਠੇਕਿਆਂ ਦੇ ਠੇਕੇਦਾਰ ਬਣੇ ਬੈਠੇ ਹਨ ਅਤੇ ਮੋਟੀ ਗੋਲੀ ਖਾ ਕੇ ਲੋਕਾਂ ਨੂੰ ਡੋਪ ਟੈਸਟ ਦੀਆਂ ਨਸੀਹਤਾਂ ਦਿੰਦੇ ਹਨ। ਇਨ੍ਹਾਂ ਤੋਂ ਕੀ ਉਮੀਦ ਕੀਤੀ ਜਾ ਸਕਦੀ ਹੈ?

**ਵਾਤਾਵਰਣ, ਪ੍ਰਦੂਸ਼ਣ ਅਤੇ ਆਲਮੀ ਤਪਸ਼:** ਇਸ ਮਾਮਲੇ ਬਾਰੇ ਬਹੁਤੀਆਂ ਉਦਾਹਰਣਾਂ ਦੀ ਥਾਂ ਇਕ ਹਵਾਲਾ ਹੀ ਕਾਫ਼ੀ ਹੈ। ਲੁਧਿਆਣੇ ਨੂੰ 'ਮਾਨਚੈਸਟਰ ਆਫ਼ ਇੰਗਲੈਂਡ' ਕਿਹਾ ਜਾਂਦਾ ਹੈ ਕਿਉਂਕਿ ਇਹ ਹੌਜ਼ਰੀ ਦਾ ਵੱਡਾ ਵਪਾਰਕ ਕੇਂਦਰ ਹੈ ਜਿਸ ਤਹਿਤ ਅਰਬਾਂ ਵਿਚ ਵਿਦੇਸ਼ੀ ਮੁਦਰਾ ਦਾ ਕਾਰੋਬਾਰ ਚੱਲਦਾ ਹੈ ਪਰ ਫੈਕਟਰੀਆਂ ਵਿਚ ਇਸਤੇਮਾਲ ਕੀਤੇ ਜਾ ਰਹੇ ਕੈਮੀਕਲ ਦੇ ਨਿਕਾਸ ਲਈ ਅਜੇ ਤੱਕ ਕੋਈ ਵੀ ਯੋਜਨਾ ਨਹੀਂ ਤਿਆਰ ਕੀਤੀ ਗਈ। ਨਤੀਜਾ, 15 ਮੀਲ ਤੱਕ ਦਾ ਏਰੀਆ ਪ੍ਰਦੂਸ਼ਣ ਹੋ ਚੁੱਕਾ ਹੈ ਅਤੇ ਲੋਕ ਜਾਨਲੇਵਾ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਪ੍ਰਦੂਸ਼ਣ ਦੀ ਤਾਂ ਗੱਲ ਹੀ ਛੱਡ ਦਿਓ। ਜਿੱਥੋਂ ਪੰਜਾਬ ਦੀ ਹੱਦ ਸ਼ੁਰੂ ਹੁੰਦੀ ਹੈ ਤਾਂ ਉਥੇ ਲੱਗੇ ਬੋਰਡ ਉਪਰ 'ਗਰੇਨਰੀ ਆਫ਼ ਪੰਜਾਬ' ਲਿਖਿਆ ਹੋਇਆ ਹੈ। ਉਸ ਬੋਰਡ ਉਪਰ ਇਤਨੀ ਮਿੱਟੀ-ਘੱਟਾ ਜੰਮਿਆ ਹੋਇਆ ਹੈ ਕਿ ਕੋਈ ਇਸ ਦਾ ਅਸਲੀ ਰੰਗ ਵੀ ਪਛਾਣ ਨਹੀਂ ਸਕਦਾ ਅਤੇ ਮਹਿਕਮੇ ਵਾਲੇ ਦਾਅਵਾ ਕਰਦੇ ਹਨ ਕਿ 'ਪ੍ਰਦੂਸ਼ਣ ਅੰਡਰ ਕੰਟਰੋਲ' ਹੈ।

ਜਿੱਥੋਂ ਤੱਕ ਆਲਮੀ ਤਪਸ਼ (ਗਲੋਬਲ ਵਾਰਮਿੰਗ) ਦਾ ਸਬੰਧ ਹੈ, ਆਮ ਲੋਕਾਂ ਨੂੰ ਇਸ ਬਾਰੇ ਇਲਮ ਹੀ ਨਹੀਂ ਕਿ ਇਹ ਕੀ ਬਲਾ ਹੈ। ਦਰਖ਼ਤਾਂ ਦੀ ਕਟਾਈ/ਵਢਾਈ 'ਤੇ ਜ਼ੋਰ ਐ ਪਰ ਰੁੱਖ ਲਾਉਣ ਦੀ ਕੋਈ ਗੱਲ ਨਹੀਂ ਕਰਦਾ। ਇਹ ਕੰਮ ਤਾਂ ਸਕੂਲ ਦੇ ਬੱਚਿਆਂ ਤੋਂ ਵੀ ਸ਼ੁਰੂ ਹੋ ਸਕਦਾ ਹੈ। ਸ਼ੇਰ ਸ਼ਾਹ ਸੂਰੀ ਦੇ ਨਾਂ ਨਾਲ ਜਾਣੀ ਜਾਂਦੀ ਏਸ਼ੀਆ ਦੀ ਸਭ ਤੋਂ ਲੰਬੀ ਜੀ.ਟੀ. ਰੋਡ ਰੁੱਖਾਂ ਵਗੈਰ ਸੱਖਣੀ ਹੈ। ਅੰਕੜੇ ਇਸ ਗੱਲ ਦੀ ਹਾਮੀ ਭਰਦੇ ਹਨ ਕਿ ਪੰਜਾਬ ਵਿਚੋਂ ਵਿਉਂਤਬੰਦ ਤਰੀਕੇ ਨਾਲ ਰੁੱਖ ਵੱਢ ਕੇ ਜੰਗਲ ਖ਼ਤਮ ਕੀਤੇ ਜਾ ਰਹੇ ਹਨ।

**ਐਨ.ਆਰ.ਆਈ.:** ਇਹ ਮਹਿਕਮਾ 'ਚਿੱਟੇ ਹਾਥੀ' ਦੀ ਤਰ੍ਹਾਂ ਹੈ ਜਿਸ ਜ਼ਰੀਏ ਲੋਕਾਂ ਨਾਲ ਝੂਠੇ ਵਾਅਦੇ ਕਰ ਕੇ ਗੁੰਮਰਾਹ ਕੀਤਾ ਜਾਂਦਾ ਹੈ। ਪਰਵਾਸੀਆਂ ਦਾ ਕੋਈ ਕੰਮ ਸਿੱਧੇ ਤਰੀਕੇ ਨਾਲ ਨਹੀਂ ਹੁੰਦਾ-ਬੱਸ ਥਾਣਿਆਂ, ਕੋਰਟਾਂ/ਕਚਹਿਰੀਆਂ ਦੇ ਧੱਕੇ ਵਾਧੂ। ਪੁਲਿਸ ਅਤੇ ਮਾਲ ਮਹਿਕਮੇ ਦੇ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਪਰਵਾਸੀਆਂ ਦੀ ਜ਼ਮੀਨ ਜਾਇਦਾਦਾਂ ਉਪਰ ਕਬਜ਼ਾ ਕੀਤਾ ਜਾਂਦਾ ਹੈ। ਪੰਜਾਬ ਨੂੰ ਆਪਣੇ ਘਰ ਚਾਅਵਾਂ ਨਾਲ ਗਿਆ ਪਰਵਾਸੀ ਵੀਰ ਨਿਰਾਸ਼ਾ ਲੈ ਕੇ ਮੁੜਦਾ ਹੈ। ਇਹੀ ਵਜ੍ਹਾ ਹੈ ਕਿ ਪਰਵਾਸੀ ਭਰਾ ਪੰਜਾਬ ਵਿਚ ਪੈਸਾ ਲਾਉਣਾ ਨਹੀਂ ਚਾਹੁੰਦੇ।

**ਪੰਜਾਬੀ ਬੋਲੀ:** ਪੰਜਾਬੀ ਬੋਲੀ ਦਾ ਭਵਿੱਖ ਧੁੰਦਲਾ ਨਜ਼ਰ ਆਉਂਦਾ ਹੈ ਜਿਸ ਦਾ ਸਬੂਤ ਇਹ ਹੈ ਕਿ ਬਿਹਾਰ ਤੋਂ ਆ ਕੇ ਵੱਸੇ ਮਜ਼ਦੂਰਾਂ ਦੇ ਬੱਚੇ ਤਾਂ ਸਕੂਲਾਂ ਵਿਚ ਪੰਜਾਬੀ ਪੜ੍ਹ ਰਹੇ ਹਨ ਪਰ ਪੰਜਾਬੀ ਭਾਈਚਾਰਾ ਆਪ ਇਸ ਤੋਂ ਮੁੱਖ ਮੋੜ ਰਿਹਾ ਹੈ। ਮੌਜੂਦਾ ਸਰਕਾਰ ਨੇ ਬੋਲੀ ਪੱਖੋਂ ਹਾਲਾਤ ਨੂੰ ਦੇਖਦਿਆਂ ਕਈ ਫੈਸਲੇ ਵੀ ਕੀਤੇ ਕਿ ਰਾਜ ਦਾ ਦਫ਼ਤਰੀ ਕੰਮ-ਕਾਜ ਪੰਜਾਬੀ ਵਿਚ ਹੋਵੇ ਪਰ ਹਾਲੇ ਤੱਕ ਪੂਣੀ ਵੀ ਨਹੀਂ ਕੱਤੀ ਗਈ ਜਦਕਿ ਹਰਿਆਣਾ 'ਚ ਹੁੱਡਾ ਸਰਕਾਰ ਪੰਜਾਬੀ ਬੋਲੀ 'ਤੇ ਜ਼ੋਰ ਦੇ ਰਹੀ ਹੈ।

**ਰਿਸ਼ਵਤਖੋਰੀ:** ਪੰਜਾਬ ਦਾ ਕੋਈ ਮਹਿਕਮਾ ਅਜਿਹਾ ਨਹੀਂ ਜਿਥੇ ਰਿਸ਼ਵਤਖੋਰੀ ਨਾ ਹੋਵੇ। ਇੱਥੋਂ ਤੱਕ ਕਿ 'ਮੌਤ ਦਾ ਸਰਟੀਫਿਕੇਟ' ਵੀ ਪੈਸੇ ਬਿਨ ਨਹੀਂ ਮਿਲਦਾ। ਆਮ ਲੋਕ ਇਸ ਵਰਤਾਰੇ ਤੋਂ ਔਖੇ ਤਾਂ ਹਨ ਪਰ ਲੱਗਦਾ ਹੁਣ ਉਨ੍ਹਾਂ ਦਾ ਵੀ ਸੁਭਾਅ ਬਣ ਗਿਆ ਕਿ ਜੇ ਕੋਈ ਕੰਮ ਕਰਵਾਉਣੈ ਤਾਂ ਜੇਬ ਢਿੱਲ੍ਹੀ ਕਰ ਦਿਓ। ਅਫਸਰਸ਼ਾਹੀ ਅਤੇ ਸਿਆਸੀ ਲੀਡਰਾਂ ਦੀਆਂ ਗੋਗੜਾਂ ਹੀ ਨਹੀਂ ਭਰਦੀਆਂ ਭ੍ਰਿਸ਼ਟਾਚਾਰ ਦੀ ਕਮਾਈ ਨਾਲ।

**ਸੁਰੱਖਿਅਤ ਅਤੇ ਕਨੂੰਨ:** ਜਦੋਂ ਲੋਕਾਂ ਦੀ ਰਾਖੀ ਕਰਨ ਵਾਲੇ ਆਪ ਹੀ ਲੁਟੇਰੇ ਬਣ ਜਾਣ, ਫਿਰ ਬਾਕੀ ਪਰਜਾ ਦਾ ਕੀ ਹਾਲ ਹੋਵੇਗਾ? ਜਿਨ੍ਹਾਂ ਨੇ ਲੋਕਾਂ ਦੇ ਹੱਕਾਂ ਦੀ ਰਾਖੀ ਕਰਨ ਦੀ ਸੌਂਹ ਚੁੱਕੀ ਸੀ, ਉਨ੍ਹਾਂ ਨੂੰ ਤਾਂ ਆਪਣੇ ਹੱਥਾਂ ਦੀ ਰਾਖੀ ਤੋਂ ਹੀ ਵਿਹਲ ਨਹੀਂ। ਲੁੱਟ-ਖਸੁੱਟ ਆਮ ਹੈ। ਕਸੂਰਵਾਰ ਖੁਲ੍ਹੇਆਮ ਹੀ ਤੁਰੇ ਨਹੀਂ ਫਿਰਦੇ, ਬਲਕਿ ਉਨ੍ਹਾਂ ਨੂੰ ਗਲਾਂ ਵਿਚ ਹਾਰ ਪਾ ਕੇ ਸਨਮਾਨਤ ਕੀਤਾ ਜਾਂਦਾ ਹੈ। ਗਰੀਬ ਦੀ ਕਿਤੇ ਵੀ ਕੋਈ ਸੁਣਵਾਈ ਨਹੀਂ। ਪਿੰਡ ਹੋਵੇ ਜਾਂ ਸ਼ਹਿਰ, ਧੀਆਂ ਭੈਣਾਂ ਦੀ ਬੇਪੱਤੀ ਦੀਆਂ ਖ਼ਬਰ ਆਮ ਪੜ੍ਹਦੇ-ਸੁਣਦੇ ਹਾਂ। ਕਾਨੂੰਨ ਵਿਵਸਥਾ ਮੂੰਹ, ਕੰਨ ਅਤੇ ਅੱਖਾਂ ਬੰਦ ਕਰਕੇ ਤਮਾਸ਼ਾ ਦੇਖ ਰਹੀ ਹੈ।

**ਸਿੱਖਿਆ ਅਤੇ ਬੇਰੁਜ਼ਗਾਰੀ:** ਸਕੂਲਾਂ-ਕਾਲਜਾਂ ਦਾ ਮਿਆਰ ਦਿਨ-ਬ-ਦਿਨ ਡਿਗਦਾ ਜਾ ਰਿਹਾ ਹੈ ਅਤੇ ਸੁਧਾਰ ਦੀ ਕੋਈ ਉਮੀਦ ਵੀ ਨਜ਼ਰ ਨਹੀਂ ਆਉਂਦੀ। ਬੱਚੇ ਪੜ੍ਹਨ ਦੀ ਬਜਾਏ ਵਿਹਲੇ ਤੁਰੇ ਫਿਰਦੇ ਨੇ। ਇਹੋ ਵਜ੍ਹਾ ਹੈ ਕਿ ਜ਼ਮੀਨਾਂ-ਜਾਇਦਾਦਾਂ ਵੇਚ ਕੇ ਮੁੰਡੇ ਵਿਦੇਸ਼ਾਂ ਨੂੰ ਭੱਜਦੇ ਹਨ। ਬਹੁਤੇ ਏਜੰਟਾਂ ਦੇ ਸ਼ਿਕਾਰ ਹੋ ਜਾਂਦੇ ਅਤੇ ਕੁਝ ਕੁ ਹੀ ਠਿਕਾਣੇ ਪਹੁੰਚਦੇ ਹਨ, ਬਾਕੀ ਸਭ ਜੇਲ੍ਹਾਂ ਵਿਚ ਹੁੰਦੇ ਹਨ ਅਤੇ ਪਿੱਛੇ ਪਰਿਵਾਰ ਵਾਲਿਆਂ ਕੋਲ ਰੋਣ-ਪਿੱਟਣ ਤੋਂ ਇਲਾਵਾ ਕੁਝ ਨਹੀਂ ਰਹਿ ਜਾਂਦਾ।

**ਸੈਰ-ਸਪਾਟਾ:** 1984 ਦੇ ਕਾਂਡ ਕਰਕੇ ਸੈਰ-ਸਪਾਟਾ (ਟੂਰਿਜ਼ਮ) ਨੂੰ ਗਹਿਰਾ ਧੱਕਾ ਲੱਗਾ ਹੈ ਜਿਸ ਦਾ ਅਸਰ ਅੱਜ ਵੀ ਨਜ਼ਰ ਆਉਂਦਾ ਹੈ। ਇਹੋ ਜਿਹਾ ਵਕਤ ਵੀ ਸੀ ਜਦੋਂ ਆਪਣੀ ਹੀ ਭੂਮੀ 'ਤੇ ਜਨਮ ਲੈਣ ਵਾਲੇ ਨੂੰ ਬਿਨਾ ਪਰਮਿਟ ਪੈਰ ਰੱਖਣ ਦੀ ਇਜਾਜ਼ਤ ਵੀ ਨਹੀਂ ਸੀ, ਆਮ ਯਾਤਰੂ ਦੀ ਤਾਂ ਦੂਰ ਦੀ ਗੱਲ ਹੈ। ਇਨ੍ਹਾਂ ਹਾਲਾਤ ਨੂੰ ਸੁਧਾਰਨ ਲਈ ਅੱਜ ਤੱਕ ਕੋਈ ਉਪਰਾਲਾ ਨਹੀਂ ਕੀਤਾ ਗਿਆ। ਬਾਅਦ ਵਿਚ ਹੋਂਦ 'ਚ ਆਏ ਹਰਿਆਣਾ ਨੇ ਜਿੰਨੀ ਤਰੱਕੀ ਕੀਤੀ ਹੈ, ਪੰਜਾਬ ਇਸ ਪੱਖੋਂ ਉਤਨਾ ਹੀ ਪਛੜਿਆ ਹੈ।

## ਦੁਖਦੀ ਰਗ

**ਖੇਡ-ਖਿਡਾਰੀ:** ਪਿਛਲੇ ਸਾਲ ਹੋਈਆਂ ਕਾਮਨਵੈਲਥ ਖੇਡਾਂ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਪੰਜਾਬ ਖੇਡਾਂ ਵਿਚ ਬਾਕੀ ਸੂਬਿਆਂ ਦੇ ਮੁਕਾਬਲੇ ਕਿਤੇ ਪਿੱਛੇ ਚਲਾ ਗਿਆ ਹੈ। ਕਾਰਨ ਇਹ ਕਿ ਕੋਈ ਪ੍ਰਤਿਭਾ ਖੋਜ ਮੁਹਿੰਮ ਨਹੀਂ ਜਿਸ ਵਿਚ ਨਿੱਕੀ ਉਮਰ ਦੇ ਬੱਚਿਆਂ ਨੂੰ ਹੱਥ 'ਚ ਲੈ ਕੇ ਤਿਆਰ ਕੀਤਾ ਜਾਵੇ। ਉਹ ਵੀ ਵਕਤ ਸੀ ਜਦੋਂ ਪੰਜਾਬ ਕੌਮੀ ਖੇਡਾਂ ਵਿਚ ਹਰ ਪਾਸੇ ਨੰਬਰ ਇਕ ਹੁੰਦਾ ਸੀ। ਮੌਜੂਦਾ ਖੇਡ ਮਹਿਕਮੇ ਦੇ ਡਾਇਰੈਕਟਰ ਆਪਣੇ ਵੇਲੇ ਦੇ ਸੰਸਾਰ ਦੇ ਉਘੇ ਖਿਡਾਰੀਆਂ ਵਿਚੋਂ ਜਾਣੇ ਜਾਂਦੇ ਹਨ ਪਰ ਅਫ਼ਸੋਸ ਕਿ ਉਨ੍ਹਾਂ ਵੱਲੋਂ ਜੋ ਉਮੀਦ ਸੀ, ਉਹ ਮੱਠੀ ਪੈਂਦੀ ਨਜ਼ਰ ਆਉਂਦੀ ਹੈ। 1964 ਦੀ ਟੋਕੀਓ ਓਲੰਪਿਕਸ ਵਿਚ ਭਾਰਤੀ ਹਾਕੀ ਟੀਮ ਦੇ ਖਿਡਾਰੀਆਂ ਵਿਚੋਂ 10 ਪੰਜਾਬੀ ਸਨ, ਪਰ ਅੱਜ ਉਹ ਗੱਲਾਂ ਕਿਥੇ?

ਮੌਜੂਦਾ ਹਾਲਾਤ ਨੂੰ ਦੇਖ ਕੇ ਇੰਜ ਲਗਦਾ ਹੈ ਕਿ ਜਿਵੇਂ ਜਿਵੇਂ ਗੁਰੂਆਂ ਅਤੇ ਸ਼ਹੀਦਾਂ ਦੀ ਇਸ ਧਰਤੀ ਨੂੰ ਕਿਸੇ ਦੀ ਨਜ਼ਰ ਲੱਗ ਗਈ ਹੋਵੇ, ਤੇ ਕਿਸੇ ਨੇ ਨਜ਼ਰ ਉਤਾਰਨ ਦੀ ਕੋਸ਼ਿਸ਼ ਵੀ ਨਾ ਕੀਤੀ ਹੋਵੇ। ਅੱਜ ਸਾਰਾ ਸਿੱਖ ਭਾਈਚਾਰਾ ਕਬੂਲ ਕਰ ਰਿਹਾ ਹੈ ਕਿ ਤਬਦੀਲੀਆਂ ਤੋਂ ਬਗੈਰ ਪੰਜਾਬ ਦਾ ਭਵਿੱਖ ਖਤਰੇ ਵਿਚ ਹੈ ਅਤੇ ਹੁਣ ਲੋੜ ਨਵਾਂ ਇਨਕਲਾਬ ਲਿਆਉਣ ਦੀ ਹੈ। ਫਿਰ ਅਸੀਂ-ਤੁਸੀਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਆਪਣੀ ਵੋਟ ਕਿਉਂ ਅਤੇ ਕਿਸ ਨੂੰ ਪਾਈਏ? ਸਹੀ ਗੱਲ ਤਾਂ ਇਹ ਹੈ ਕਿ ਪੰਜਾਬ ਵਿਚ ਮੁੱਦਤ ਤੋਂ ਬੈਠੇ ਸਿਆਸਤਦਾਨ ਤਾਂ ਹੁਣ ਆਪਣੇ ਕੰਮਾਂ-ਕਾਰਾਂ ਤੋਂ ਅੱਕ-ਥੱਕ ਚੁੱਕੇ ਹਨ ਅਤੇ ਉਨ੍ਹਾਂ ਦਾ ਕੰਮ ਕਰਨ ਦਾ ਉਤਸ਼ਾਹ ਵੀ ਬੁੱਢਾ ਹੋ ਚੁੱਕਿਆ ਹੈ। ਨਵੇਂ ਵਿਚਾਰਾਂ ਅਤੇ ਇਮਾਨਦਾਰ ਬਹਿਸ ਕਰਨ ਤੋਂ ਹੁਣ ਉਹ ਖਿੜਕਦੇ ਹਨ ਅਤੇ ਸੂਬੇ ਦੇ ਮਹੱਤਵਪੂਰਨ ਮੁੱਦਿਆਂ ਦੇ ਰਾਹਾਂ ਵਿਚ ਰੋੜੇ ਵਿਛਾਉਂਦੇ ਹਨ।

ਸਾਨੂੰ ਹੁਣ ਅਜਿਹੇ ਨੌਜਵਾਨ ਅਤੇ ਉਤਸ਼ਾਹੀ ਸਿਆਸਤਦਾਨਾਂ ਦੀ ਲੋੜ ਹੈ ਜੋ ਪੰਜਾਬ ਨੂੰ ਵਿਲੱਖਣ, ਨਮੂਨੇ ਦਾ ਹੋਰ ਸੋਹਣਾ ਅਤੇ ਪਿਆਰਾ ਸੂਬਾ ਬਣਾਉਣ ਵਿਚ ਆਪਣੀਆਂ ਦਿਨ-ਰਾਤ ਦੀਆਂ ਸੇਵਾਵਾਂ ਦੇ ਸਕਣ, ਸੂਬੇ ਦੇ ਹਿੱਤਾਂ ਲਈ ਲੰਮੀ ਸੋਚ ਸੋਚਣ; ਇਹ ਨਹੀਂ ਕਿ ਉਨ੍ਹਾਂ ਨੂੰ ਕੇਵਲ ਚੋਣ ਜਿੱਤਣ ਤੱਕ ਦਾ ਹੀ ਫਿਕਰ ਹੋਵੇ! ਅੱਜ ਪੰਜਾਬ ਨੂੰ ਸੱਭਿਆਚਾਰ, ਸਿੱਖਿਆ, ਵਿੱਦਿਆ, ਵਾਤਾਵਰਣ, ਸਮਾਜਿਕ ਅਤੇ ਆਰਥਿਕ ਪੱਖੋਂ ਬਿਹਤਰ ਬਣਾਉਣ ਲਈ ਬੇਹੱਦ ਲੋੜ ਹੈ। ਇਸ ਤਬਦੀਲੀ ਲਈ ਰਾਜਨੀਤੀ ਬੇਹੱਦ ਮਹੱਤਵਪੂਰਨ ਰੋਲ ਅਦਾ ਕਰਦੀ ਹੈ, ਫਿਰ ਇੰਤਜ਼ਾਰ ਕਰਨ ਅਤੇ ਸੋਚਣ ਵਿਚ ਸਮਾਂ ਬਰਬਾਦ ਨਾ ਕਰੀਏ। ਆਓ ਉਸ ਸੂਝਵਾਨ ਆਗੂ ਦਾ ਸਾਥ ਦੇਈਏ ਜਿਹੜਾ ਸੂਬੇ ਨੂੰ ਬਿਹਤਰ ਬਣਾਉਣ ਲਈ ਇਕੱਠਿਆਂ ਰਲ-ਮਿਲ ਕੇ ਕੰਮ ਕਰਨ ਦੀ ਸਮਰੱਥਾ ਰੱਖਦਾ ਹੈ। ਮੇਰਾ ਇਸ਼ਾਰਾ ਤੁਸੀਂ ਸਮਝ ਹੀ ਗਏ ਹੋਵੋਂਗੇ।

# ਮਨਪ੍ਰੀਤ ਬਾਦਲ ਦੀ ਵਿਲੱਖਣ ਸੋਚ ਦੀ ਝਲਕ

ਹਰਜਾਪ ਸਿੰਘ ਔਜਲਾ

ਅਸੀਂ ਪਰਿਵਾਰਾਂ ਵਿਚ ਖਰਚੇ ਕਰਨ ਸਮੇਂ ਲੱਖ ਵਾਰ ਸੋਚਦੇ ਹਾਂ ਕਿ ਕਿਹੜਾ ਖਰਚਾ ਕਰੀਏ ਤੇ ਕਿਹੜਾ ਨਾ ਕਰੀਏ! ਆਮ ਆਦਮੀ ਦੀ ਸੋਚ ਹੁੰਦੀ ਹੈ ਕਿ ਉਹ ਆਪਣੀ ਆਮਦਨੀ ਤੋਂ ਵੱਧ ਖਰਚਾ ਨਾ ਕਰੇ। ਛੋਟੀਆਂ-ਛੋਟੀਆਂ ਬੱਚਤਾਂ ਦੇ ਫਲਸਰੂਪ ਹੀ ਪਰਿਵਾਰ ਚੱਲਦੇ ਹਨ। ਯੂਰਪ ਦੇ ਕਈ ਦੇਸ਼ ਆਮਦਨੀ ਤੋਂ ਵੱਧ ਖਰਚ ਕਰਨ ਦੇ ਸਖ਼ਤ ਵਿਰੋਧੀ ਹਨ। ਅਮਰੀਕਾ ਵਿਚ ਸੂਬਾਈ ਸਰਕਾਰਾਂ ਆਪਣੀ ਆਮਦਨੀ ਤੋਂ ਵੱਧ ਖਰਚਾ ਨਹੀਂ ਕਰ ਸਕਦੀਆਂ। ਆਮਦਨੀ ਤੋਂ ਵੱਧ ਖਰਚਾ ਕਰਨ ਦਾ ਹੱਕ ਸਿਰਫ਼ ਅਮਰੀਕਾ ਦੀ ਕੇਂਦਰੀ ਸਰਕਾਰ ਨੂੰ ਹੀ ਹੈ। ਉਸ ਨੂੰ ਵੀ ਕਰਜ਼ੇ ਦੀ ਹੱਦ ਵਧਾਉਣ ਵਾਸਤੇ ਦੋਹਾਂ ਸਦਨਾਂ ਤੋਂ ਮਨਜ਼ੂਰੀ ਲੈਣੀ ਪੈਂਦੀ ਹੈ।

ਅਮਰੀਕਾ ਦੇ ਬਿਲਕੁਲ ਉਲਟ, ਭਾਰਤ ਵਿਚ ਸੂਬਾਈ ਸਰਕਾਰਾਂ ਆਪਣੇ ਥੋੜ੍ਹੇ ਅਰਸੇ ਵਾਸਤੇ ਚੋਣ ਲਾਭ ਦੀ ਖਾਤਰ ਭਵਿੱਖ ਵਿਚ ਪੈਦਾ ਹੋਣ ਵਾਲੀਆਂ ਨਸਲਾਂ ਦਾ ਅੱਗਾ ਵਧਣ ਤੋਂ ਜ਼ਰਾ ਵੀ ਝਿਜਕ ਨਹੀਂ ਰਹੀਆਂ। ਭਾਰਤ ਦੀ ਸਭ ਤੋਂ ਵੱਧ ਗੈਰ-ਜ਼ਿੰਮੇਵਾਰ ਸੂਬਾਈ ਸਰਕਾਰਾਂ ਦੀ ਸੂਚੀ ਵਿਚ ਪੰਜਾਬ ਸਰਕਾਰ ਵੀ ਸ਼ਾਮਲ ਹੈ। ਪੰਜਾਬ ਸਰਕਾਰ ਕਰਜ਼ਾ ਚੁੱਕਣ ਸਮੇਂ ਜ਼ਰਾ ਵੀ ਨਹੀਂ ਝਿਜਕਦੀ। ਇਹ ਕਦੀ ਨਹੀਂ ਸੋਚਦੀ ਕਿ ਉਸ ਦੇ ਕਾਰਿਆਂ ਦਾ ਭਵਿੱਖ ਦੀ ਔਲਾਦ 'ਤੇ ਕੀ ਅਸਰ ਪਵੇਗਾ।

ਸ. ਮਨਪ੍ਰੀਤ ਸਿੰਘ ਬਾਦਲ ਦੀ ਸੋਚ ਹੈ ਕਿ ਬੰਦੇ (ਜਾਂ ਸਰਕਾਰ) ਨੂੰ ਆਪਣੀ ਚਾਦਰ ਦੇਖ ਕੇ ਹੀ ਪੈਰ ਪਸਾਰਨੇ ਚਾਹੀਦੇ ਹਨ। ਉਨ੍ਹਾਂ ਅਜਿਹੀ ਸੋਚ ਕਿਉਂ ਬਣਾਈ, ਆਓ ਇਸ ਦੇ ਪਿਛੋਕੜ 'ਤੇ ਝਾਤੀ ਮਾਰੀਏ। ਪੰਜਾਬ ਵਿਚ 1947 ਤੋਂ 1956 ਤੱਕ ਦੇ ਮੁੱਖ ਮੰਤਰੀ ਗੋਪੀ ਚੰਦ ਭਾਰਗੋ ਅਤੇ ਭੀਮ ਸੈਨ ਸੱਚਰ ਸਨ ਜੋ ਦੋ-ਦੋ ਵਾਰੀ ਮੁੱਖ ਮੰਤਰੀ ਬਣੇ। ਉਨ੍ਹਾਂ ਦੇ ਸਮੇਂ ਪੰਜਾਬ ਸਿਰ ਕਰਜ਼ਾ 50 ਕਰੋੜ ਰੁਪਏ ਸੀ। ਫਿਰ 1956 ਤੋਂ 1964 ਤਾਈਂ ਸਾਢੇ ਅੱਠ ਵਰ੍ਹੇ ਸ. ਪ੍ਰਤਾਪ ਸਿੰਘ ਕੈਰੋਂ ਮੁੱਖ ਮੰਤਰੀ ਰਹੇ। ਉਨ੍ਹਾਂ ਦੇ ਸਮੇਂ ਵੀ 50 ਕਰੋੜ ਰੁਪਏ ਦਾ ਹੀ ਵਾਧੂ ਖਰਚਾ ਪੰਜਾਬ ਦੀ ਜਨਤਾ ਉਪਰ ਪਾਇਆ ਗਿਆ ਜਿਸ ਨੂੰ ਉਤਾਰਨ ਲਈ ਪੰਜਾਬ ਸਰਕਾਰ ਪੂਰੀ ਤਰ੍ਹਾਂ ਸਮਰੱਥ ਸੀ। ਫਿਰ ਦੋ ਸਾਲ ਦੇ ਅਰਸੇ ਵਾਸਤੇ ਕਾਮਰੇਡ ਰਾਮ ਕ੍ਰਿਸ਼ਨ ਅਤੇ ਗਿਆਨੀ ਗੁਰਮੁਖ ਸਿੰਘ ਮੁਸਾਫਿਰ ਮੁੱਖ ਮੰਤਰੀ ਰਹੇ। ਉਨ੍ਹਾਂ ਦੇ ਸਮੇਂ ਬੜਾ ਹੀ ਘੱਟ ਕਰਜ਼ਾ ਪੰਜਾਬ ਸਰਕਾਰ ਸਿਰ ਚੜ੍ਹਿਆ। ਫਿਰ 1967 ਤੋਂ 1971 ਤਾਈਂ ਦੋ ਵਾਰੀ ਜਸਟਿਸ ਗੁਰਨਾਮ ਸਿੰਘ, ਇਕ ਵਾਰੀ ਸ. ਲਛਮਣ ਸਿੰਘ ਗਿੱਲ ਅਤੇ ਇਕ ਵਾਰ ਸ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਬਣੇ, ਪਰ ਕਰਜ਼ਾ



ਸਿਰਫ਼ ਸ. ਪ੍ਰਕਾਸ਼ ਸਿੰਘ ਬਾਦਲ ਦੇ ਸਮੇਂ ਹੀ ਵਧਿਆ; ਉਹ ਵੀ ਸਿਰਫ਼ 100 ਕਰੋੜ ਰੁਪਏ ਦੇ ਕਰੀਬ ਹੀ ਸੀ। 1972 ਤੋਂ 1977 ਤਾਈਂ ਗਿਆਨੀ ਜ਼ੈਲ ਸਿੰਘ ਪੰਜਾਬ ਦੇ ਮੁੱਖ ਮੰਤਰੀ ਰਹੇ। ਉਨ੍ਹਾਂ ਦੇ ਸਮੇਂ ਪੰਜਾਬ ਸਿਰ ਕਰਜ਼ਾ ਵਧ ਕੇ 1000 ਕਰੋੜ ਰੁਪਏ ਹੋ ਗਿਆ। ਇਸ ਵਿਚ ਐਨਾ ਹੀ ਵਾਧਾ ਸ. ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਪੌਣੇ ਤਿੰਨ ਸਾਲਾਂ ਦੇ ਕਾਰਜਕਾਲ ਵਿਚ ਕਰ ਛੱਡਿਆ।

ਫਿਰ ਆਇਆ 1980 ਤੋਂ 1992 ਦਾ ਖਾੜਕੂਵਾਦ ਦਾ ਦੌਰ। ਇਸ ਸਮੇਂ ਦੌਰਾਨ ਦੋ ਮੁੱਖ ਮੰਤਰੀ-ਸ. ਦਰਬਾਰਾ ਸਿੰਘ ਅਤੇ ਸ. ਸੁਰਜੀਤ ਸਿੰਘ ਬਰਨਾਲਾ ਰਹੇ ਅਤੇ ਛੇ ਸਾਲ ਤੋਂ ਵੱਧ ਅਰਸੇ ਵਾਸਤੇ ਰਾਸ਼ਟਰਪਤੀ ਸ਼ਾਸਨ ਦਾ ਦੌਰ ਰਿਹਾ। ਇਸ ਸਮੇਂ ਦੌਰਾਨ ਪੰਜਾਬ ਦਾ ਕਰਜ਼ਾ ਵਧ ਕੇ 10,000 ਕਰੋੜ ਰੁਪਏ ਟੱਪ ਗਿਆ। ਫਿਰ 1992 ਤੋਂ ਬੇਅੰਤ ਸਿੰਘ, ਹਰਚਰਨ ਸਿੰਘ ਬਰਾੜ ਅਤੇ ਬੀਬੀ ਰਾਜਿੰਦਰ ਕੌਰ ਭੱਠਲ ਦੇ ਸਮੇਂ ਕਰਜ਼ਾ ਵਧ ਕੇ 13,000 ਕਰੋੜ ਰੁਪਏ ਟੱਪ ਗਿਆ। ਫਿਰ ਆਇਆ ਸ. ਪ੍ਰਕਾਸ਼ ਸਿੰਘ ਬਾਦਲ ਦਾ ਤੀਜੀ ਪਾਰੀ ਦਾ ਦੌਰ। ਪੰਜ ਸਾਲ ਦੇ ਇਸ ਅਰਸੇ ਵਿਚ ਪੰਜਾਬ ਦਾ ਸਰਕਾਰੀ ਕਰਜ਼ਾ ਵਧ ਕੇ 33,000 ਕਰੋੜ ਰੁਪਏ ਹੋ ਗਿਆ। ਪੰਜ ਸਾਲਾਂ ਵਿਚ ਸ. ਬਾਦਲ ਨੇ ਕਰਜ਼ਾ ਵਧਾਉਣ ਵਿਚ ਕੋਈ ਕਸਰ ਨਹੀਂ ਛੱਡੀ ਅਤੇ 20,000 ਕਰੋੜ ਰੁਪਏ ਦਾ ਵਾਧੂ ਬੋਝ ਲੋਕਾਂ 'ਤੇ ਪਾ ਦਿੱਤਾ।

ਕੈਪਟਨ ਅਮਰਿੰਦਰ ਸਿੰਘ ਦੇ ਸਮੇਂ ਦੌਰਾਨ 2002 ਤੋਂ 2007 ਤਾਈਂ ਪੰਜਾਬ ਸਿਰ ਕਰਜ਼ਾ 15,000 ਕਰੋੜ ਰੁਪਏ ਹੋਰ ਵਧਾ ਦਿੱਤਾ। ਉਨ੍ਹਾਂ ਦੇ ਸਮੇਂ ਪੰਜਾਬ ਸਰਕਾਰ ਦਾ ਕਰਜ਼ਾ ਵਧ ਕੇ 48,000 ਕਰੋੜ ਰੁਪਏ ਹੋ ਗਿਆ, ਲੇਕਿਨ ਮੌਜੂਦਾ ਸਰਕਾਰ ਸਮੇਂ ਕਰਜ਼ੇ ਦੀ ਹੱਦ ਹੀ ਟੱਪ ਗਈ। ਸਰਦਾਰ ਬਾਦਲ ਦੀ ਚੌਥੀ ਪਾਰੀ ਸਮੇਂ ਪੰਜਾਬ ਸਿਰ ਕਰਜ਼ਾ ਵਧ ਕੇ 77,000 ਕਰੋੜ ਹੋ ਗਿਆ। ਮੁੱਕਦੀ ਗੱਲ ਆਜ਼ਾਦੀ ਤੋਂ ਬਾਅਦ 64 ਸਾਲਾਂ ਵਿਚ ਪੰਜਾਬ ਸਰਕਾਰ ਸਿਰ ਕਰਜ਼ਾ ਕੋਈ 77,000 ਕਰੋੜ ਹੋ ਗਿਆ ਅਤੇ ਇਸ ਵਿਚੋਂ ਆਪਣੇ ਸਾਢੇ ਤੇਰਾਂ ਸਾਲਾਂ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਨੇ 50,000 ਕਰੋੜ ਦਾ ਵਾਧੂ ਬੋਝ ਪੰਜਾਬੀਆਂ ਉਪਰ ਪਾ ਦਿੱਤਾ ਹੈ। ਸ. ਮਨਪ੍ਰੀਤ ਸਿੰਘ ਬਾਦਲ ਅਜਿਹੇ ਕਰਜ਼ੇ ਦੇ ਸਖਤ ਖਿਲਾਫ਼ ਹਨ। ਮੁੱਕਦੀ ਗੱਲ, ਇਕੱਲੇ ਬਾਦਲ ਪਰਿਵਾਰ ਦੇ ਸਿਰਫ਼ ਦੋ ਹੀ ਮੈਂਬਰ-ਵੱਡਾ ਬਾਦਲ ਤੇ ਛੋਟਾ ਬਾਦਲ, ਸਰਕਾਰ ਉਪਰ ਹਰ ਸਾਲ 100 ਕਰੋੜ ਰੁਪਏ ਤੋਂ ਵੱਧ ਦਾ ਖਰਚਾ ਆਪਣੀ ਸੁਰੱਖਿਆ ਅਤੇ ਡਿਊਟੀ ਵਾਸਤੇ ਪਾ ਰਹੇ ਹਨ।

# ਗ੍ਰਹਿਸਥ ਦੀ ਗੱਡੀ 'ਚ ਜੱਗੋਂ ਤੇਰਵੀਂ

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaikalan.com

ਜਿਸ ਦਿਨ ਮਰਦ ਨੂੰ ਔਰਤ ਦੀ ਪਰਿਭਾਸ਼ਾ ਸਮਝ ਆ ਗਈ, ਉਸ ਦਿਨ ਤੋਂ ਹੀ ਇਹ ਨਾ ਭੁੱਖ ਵਿਚ ਮਰੇਗੀ, ਨਾ ਅੱਗ ਵਿਚ ਸੜੇਗੀ, ਨਾ ਹੀ ਇਸ ਦੇ ਮੱਥੇ 'ਤੇ ਤਲਾਕ ਦਾ ਕਲੰਕ ਲੱਗੇਗਾ। ਮਰਦ ਦੀ ਭੈੜੀ ਸੋਚ ਦੀ ਹਕੂਮਤ ਨੇ ਹਮੇਸ਼ਾ ਔਰਤ ਦੇ ਗੁਣਾਂ ਨੂੰ ਮੁੱਠੀ ਵਿਚ ਕੈਦ ਕਰਕੇ ਰੱਖਿਆ ਹੈ। ਔਰਤ ਦੇ ਔਗੁਣ ਆਜ਼ਾਦ ਕਰਕੇ ਹਮੇਸ਼ਾ ਉਸ ਨੂੰ ਭੰਡਿਆ ਹੈ। ਪਰਦੇਸੀ ਆਪਣੇ ਪਿੱਛੇ ਭੈਣ-ਭਰਾ ਅਤੇ ਚੂੜੇ ਵਾਲੀ ਛੱਡ ਕੇ ਆਉਂਦਾ ਹੈ, ਪਰ ਯਾਦ ਸਭ ਤੋਂ ਪਹਿਲਾਂ ਮਾਂ ਨੂੰ ਕਰਦਾ ਹੈ। ਮਾਂ ਜਿੱਥੇ ਔਲਾਦ ਦੀ ਖ਼ਾਤਰ ਗਿੱਲੀ ਥਾਂ ਪੈਂਦੀ ਹੈ, ਉਥੇ ਔਲਾਦ ਖਾਤਰ ਅੱਗ ਦੇ ਸਾਗਰ ਵੀ ਪਾਰ ਕਰ ਜਾਂਦੀ ਹੈ। ਕਈ ਵਾਰ ਬਾਪ ਬੱਚਿਆਂ ਤੋਂ ਉਨ੍ਹਾਂ ਦੀ ਮਮਤਾ ਹੀ ਖੋਹ ਲੈਂਦਾ ਹੈ, ਤੇ ਸਾਰੀ ਉਮਰ ਪਛਤਾਵੇ ਵਿਚ ਨਰਕ ਭੋਗ ਜਾਂਦਾ ਹੈ। ਜਿਵੇਂ ਦੀਪੂ ਦੇ ਪਿਓ ਨੇ ਦੀਪੂ ਦੀ ਮਾਂ ਹੀ ਕੁੱਟ ਕੇ ਮਾਰ ਦਿੱਤੀ ਸੀ। ਦੀਪੂ ਅਤੇ ਉਸ ਦਾ ਤਾਇਆ ਇੰਜ ਗੱਲਾਂ ਕਰ ਰਹੇ ਹਨ:

"ਤਾਇਆ! ਮੇਰੀ ਬੇਬੇ ਮਰ ਗਈ, ਤਾਇਆ ਬੇਬੇ ਮਰ ਗਈ। ਓਏ ਤਾਏ ਬੇਬੇ ਮਰ ਗਈ।" ਦੀਪੂ ਨੇ ਤਿੰਨ-ਚਾਰ ਵਾਰ ਇਕੋ ਸਾਹ ਤਾਏ ਦਾ ਮੋਢਾ ਖਿੱਚਦਿਆਂ ਕਿਹਾ।

"ਨਾ, ਤੇਰੀ ਬੇਬੇ ਮੈਂ ਮਾਰੀ ਏ। ਪੁੱਛ ਜਾ ਕੇ ਪਿਓ ਕੰਜਰ ਨੂੰ।" ਤਾਏ ਨੇ ਖਿਝਦਿਆਂ ਉਤਰ ਦਿੱਤਾ।

"ਤਾਇਆ ਹੁਣ ਮੈਂ ਕੀ ਕਰੂੰਗਾ, ਬੇਬੇ ਮਰ ਗਈ ਹੈ।" ਦੀਪੂ ਨੇ ਆਪਣੇ ਭਵਿੱਖ ਦਾ ਫਿਕਰ ਕਰਦਿਆਂ ਪੁੱਛਿਆ।

"ਜਾ ਕੇ ਪਿਓ ਦੀਆਂ ਲੱਤਾਂ ਵੱਢ ਦੇ। ਹੋਰ ਹੁਣ ਤੂੰ ਕੀ ਕਰਨਾ ਹੈ।" ਤਾਏ ਨੇ ਦੀਪੂ ਨੂੰ ਸਲਾਹ ਵੀ ਖਿਝ ਕੇ ਦਿੱਤੀ।

"ਤਾਇਆ, ਤੂੰ ਪਾਗਲ ਤਾਂ ਨਹੀਂ ਹੋ ਗਿਆ। ਕਿਹੋ ਜਿਹੀ ਸਲਾਹ ਦਿੰਦਾ ਏਂ?" ਦੀਪੂ ਤਾਏ ਵੱਲ ਸਿੱਧਾ ਹੀ ਦੇਖੀ ਜਾ ਰਿਹਾ ਸੀ।

"ਹੋਰ ਕੀ ਕਹਾਂ। ਤੇਰੇ ਪਿਓ ਨੂੰ ਹਜ਼ਾਰ ਵਾਰ ਸਮਝਾਇਆ ਸੀ ਕਿ ਮਿੱਟੀ ਅਤੇ ਤੀਵੀਂ ਨੂੰ ਬਹੁਤਾ ਨਹੀਂ ਕੁੱਟੀਦਾ। ਜਿੰਨਾ ਕੁੱਟੋਗੇ, ਉਨਾ ਹੀ ਸਿਰ ਨੂੰ ਆਉਣਗੀਆਂ। ਕਸੂਰ ਕਿਸੇ ਦਾ ਹੁੰਦਾ, ਤੇ ਸੋਟੀ ਤੇਰੀ ਬੇਬੇ 'ਤੇ ਤੋੜ ਦਿੰਦਾ। ਇਸ ਤਰ੍ਹਾਂ ਤਾਂ ਲੋਕ ਪਸ਼ੂਆਂ ਨੂੰ ਵੀ ਨਹੀਂ ਕੁੱਟਦੇ। ਚੰਗਾ ਹੋਇਆ ਵਿਚਾਰੀ ਨਰਕਾਂ ਵਿਚੋਂ ਨਿਕਲ ਗਈ।"

ਉਹ ਦਸ ਦਿਨਾਂ ਦੀ ਕਹਿ ਰਹੀ ਸੀ ਕਿ ਘਰੇ ਆਟਾ ਥੋੜ੍ਹਾ ਰਹਿੰਦੈ, ਚੱਕੀ 'ਤੇ ਆਟੇ ਵਾਸਤੇ ਕਣਕ ਛੱਡ ਆ। ਤੂੜੀ ਦੇ ਕੁੱਪ ਵਾਸਤੇ ਬੰਦੇ ਆਵਤ (ਮੰਗ) ਆਉਣੇ ਨੇ, ਪਰ ਪਿਓ ਦਾ ਪੁੱਤ ਕਣਕ ਰੱਖਣ ਨਾ ਗਿਆ ਤੇ ਬੰਦੇ ਆ ਗਏ। ਉਨ੍ਹਾਂ ਨੇ ਕੁੱਪ ਬੰਨ੍ਹਣਾ ਸ਼ੁਰੂ ਵੀ ਕਰ ਦਿੱਤਾ। ਜਦੋਂ ਦੁਪਹਿਰ ਦੀ ਰੋਟੀ ਦਾ ਸਮਾਂ ਹੋਇਆ ਤਾਂ ਤੇਰੀ ਬੇਬੇ ਨੂੰ ਕਹਿੰਦਾ, 'ਰੋਟੀ ਟੁੱਕ ਵਧੀਆ ਬਣਾ ਕੇ ਖਵਾ, ਜੱਟ ਦੀ ਟੌਹਰ ਬਣ ਜਾਵੇ'; ਤੇ ਉਹ ਕਹਿੰਦੀ, ਘਰ ਤਾਂ ਆਟਾ ਨਹੀਂ ਹੈ ਤੇ ਖੇਤ ਵਿਚ ਘਰ ਹੋਣ ਕਰਕੇ ਆਟਾ ਕਿੱਥੋਂ ਆਵੇ? ਤੇ ਫਿਰ ਤੇਰੀ ਬੇਬੇ ਨੂੰ ਕਹਿੰਦਾ, 'ਦਲੀਆ ਬਣਾ ਦੇ।' ਉਸ ਵਿਚਾਰੀ ਨੇ ਦਲੀਆ ਬਣਾ ਦਿੱਤਾ ਤੇ ਆਵਤ ਆਏ ਹੋਏ ਬੰਦਿਆਂ ਨੇ ਖਾ ਲਿਆ। ਜਦੋਂ ਚਾਹ ਪੀਣ ਲੱਗੇ ਤਾਂ ਬੈਠਾ-ਬੈਠਾ ਕਹਿੰਦਾ, 'ਨਾਜ਼ਰ ਸਿਆਂ ਬਾਈ, ਹੁਣ ਤਾਂ ਆਵਤ ਵੀ ਮੁੱਲ ਦੀ ਪੈਂਦੀ ਹੈ। ਜਿੰਨਾ ਖਰਚਾ ਦਿਹਾੜੀਏ ਲੈ ਜਾਂਦੇ ਆ, ਉਨਾ ਖਰਚਾ ਆਵਤ 'ਤੇ ਆ ਜਾਂਦੈ। ਮੈਂ ਸਵੇਰ ਤੋਂ ਹਿਸਾਬ ਲਾਇਆ ਹੈ, ਛੇ ਸੌ ਵੀਹ ਰੁਪਏ ਖਰਚਾ ਆ ਗਿਆ। ਕੰਮ ਬਰਾਬਰ ਹੀ ਰਿਹੈ।'

"ਨਾ ਸਾਲਿਆ, ਤੇਰਾ ਛੇ ਸੌ ਵੀਹ ਰੁਪਏ ਖਰਚਾ ਦਲੀਏ 'ਤੇ ਆ ਗਿਆ। ਨਾ ਤੈਂ ਰੋਟੀ ਬੱਕਰਾ ਰਿੰਨ੍ਹ ਕੇ ਖਵਾਈ ਸੀ? ਜਿਹੋ ਜਿਹਾ ਤੇਰਾ ਅੰਨ ਪਾਣੀ, ਤਿਹੋ ਜਿਹਾ ਸਾਡਾ ਕੰਮ ਜਾਣੀ।" ਨਾਜ਼ਰ ਪੰਚ ਨੇ ਤੇਰੇ ਬਾਪੂ ਦੀ ਚੰਗੀ ਤਹਿ ਲਾ ਦਿੱਤੀ, ਤੇ ਕੁੱਪ ਵੀ ਟੇਢਾ ਬੰਨ੍ਹ ਗਏ ਜਿਹੜਾ ਮੀਹਾਂ ਵਿਚ ਖੁੱਲ੍ਹ ਗਿਆ ਤੇ ਤੂੜੀ ਖਰਾਬ ਹੋ ਗਈ। ਰਾਤ ਨੂੰ ਤੇਰੀ ਬੇਬੇ ਦੇ ਪਾਸੇ ਭੰਨ ਦਿੱਤੇ; ਕਹਿੰਦਾ, 'ਦਲੀਆ ਖਵਾ ਕੇ ਜੱਟ ਦੀ ਬੇਇੱਜ਼ਤੀ ਕਰਵਾ ਦਿੱਤੀ ਏ।' ਤੇਰੇ ਪਿਓ ਨੂੰ ਕੋਈ ਪੁੱਛੇ, ਬਈ ਜਨਾਨੀ ਨੂੰ ਜੋ ਕੁਝ ਤੁਸੀਂ ਲਿਆ ਕੇ ਦੇਵੋਗੇ, ਉਹ ਵਿਚਾਰੀ ਤਾਂ ਉਹੀ ਪਕਾ ਕੇ ਦੇਵੇਗੀ। 'ਡਿੱਗੀ ਗਧੀ ਤੋਂ, ਗੁੱਸਾ ਘੁਮਿਆਰ 'ਤੇ' ਵਾਲੀ ਗੱਲ ਕੀਤੀ। ਵਿਚਾਰੀ ਪੰਜ ਦਿਨ ਮੰਜੇ 'ਤੇ ਪਈ ਸੇਕ ਦਿੰਦੀ ਰਹੀ।

"ਤਾਇਆ, ਬੇਬੇ ਨੇ ਹੁਣ ਕਦੀ ਵਾਪਸ ਨਹੀਂ ਆਉਣਾ?" ਦੀਪੂ ਨੇ ਅੱਖਾਂ ਪੂੰਝਦਿਆਂ ਕਿਹਾ।

"ਇਸ ਦੁਸ਼ਟ ਨੇ ਉਸ ਨੂੰ ਤੰਗ ਥੋੜ੍ਹਾ ਕੀਤਾ ਏ। ਇਸ ਨੂੰ ਤਾਂ ਡੂੰਘੇ ਸਮੁੰਦਰ ਵਿਚ ਸਿੱਟੇ ਜਿੱਥੇ ਮੱਛੀਆਂ ਨੋਚ-ਨੋਚ ਕੇ ਖਾਣ।" ਤਾਏ ਦਾ ਗੁੱਸਾ ਅਜੇ ਠੰਢਾ ਨਹੀਂ ਹੋਇਆ ਸੀ।

ਜਦੋਂ ਆਹ ਖੇਤ ਵਾਲਾ ਘਰ ਪਾਇਆ ਤਾਂ ਸਾਡੇ ਬਾਪੂ ਨੇ ਘਰ ਬਿਜਲੀ ਵੀ ਲਵਾ ਲਈ। ਜਦੋਂ ਸਾਰੇ ਬਲਬ ਜਗਾਏ ਤਾਂ ਮੀਟਰ ਕੋਲੋਂ ਫਿਊਜ਼ ਉਡ ਗਿਆ, ਤੇ ਤੇਰਾ ਬਾਪੂ ਉਚੀ-ਉਚੀ ਰੌਲਾ ਪਾਉਣ ਲੱਗ ਪਿਆ, 'ਉਏ ਬਾਪੂ ਦਾ ਫਿਊਜ਼ ਉਡ ਗਿਆ, ਪਹਿਲੇ ਦਿਨ ਹੀ ਬਾਪੂ ਦਾ ਫਿਊਜ਼ ਉਡ ਗਿਆ।' ਨਾਲੇ ਉਚੀ-ਉਚੀ ਹੱਸੀ ਜਾਂਦਾ ਸੀ। ਸਾਡਾ ਬਾਪੂ ਕਹਿੰਦਾ, 'ਗੱਲ ਸੁਣ ਉਏ ਮੇਰੀ, ਮੇਰਾ ਤਾਂ ਫਿਊਜ਼ ਹੀ ਉਡਿਆ ਵਾ; ਜਿਸ ਦਿਨ ਤੇਰੇ ਸਿਰ ਪੈ ਗਈ, ਸ਼ਾਇਦ ਤੇਰਾ ਮੀਟਰ ਹੀ ਉਡ ਜਾਵੇ। ਸੱਚੀਂ ਹੋਇਆ ਵੀ ਇਸੇ ਤਰ੍ਹਾਂ ਸੀ। ਵਿਆਹ ਕਰਵਾ ਕੇ ਜਲਦੀ ਅੱਡ ਹੋ ਗਿਆ ਕਿ ਮੈਨੂੰ ਛੋਟੀਆਂ ਭੈਣਾਂ ਨਾ ਵਿਆਹੁਣੀਆਂ ਪੈ ਜਾਣ। ਜਦੋਂ ਕਬੀਲਦਾਰੀ ਵਿਚ ਫਸਿਆ ਤਾਂ ਤੇਰੀ ਬੇਬੇ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ ਕਿ ਤੂੰ ਮੈਨੂੰ ਭਾਈਆਂ ਨਾਲੋਂ ਅੱਡ ਕਰਵਾਇਆ ਹੈ। ਉਸ ਦਿਨ ਤੋਂ ਕੁੱਟਣਾ ਸ਼ੁਰੂ ਕੀਤਾ, ਤੇ ਅੱਜ ਕੁੱਟਣਾ ਮੁਕਾ ਦਿੱਤਾ।

"ਤਾਇਆ ਤੂੰ ਕਿਉਂ ਨਹੀਂ ਕੁੱਟਦਾ ਤਾਈ ਨੂੰ?" ਦੀਪੂ ਨੇ ਲੰਮਾ ਹਾਉਕਾ ਲੈਂਦਿਆਂ ਪੁੱਛਿਆ।

"ਬੁਜ਼ਦਿਲ, ਬੇ-ਕਿਰਕ ਇਨਸਾਨ ਤੀਵੀਂ 'ਤੇ ਹੱਥ ਚੁੱਕਦਾ ਹੈ। ਮੈਂ ਤਾਂ ਤੇਰੀ ਤਾਈ ਦੇ ਉਂਗਲ ਦਾ ਫੁੱਲ ਵੀ ਨਹੀਂ ਲਾਇਆ। ਬੰਦੇ ਆਪ ਤਾਂ ਖੜ੍ਹੇ-ਖੜ੍ਹੇ ਪੰਜ ਸੌ ਦੀ ਦਾਰੂ ਪੀ ਜਾਂਦੇ ਹਨ, ਜੇ ਤੀਵੀਂ ਸੌ ਦਾ ਇਕ ਸੂਟ ਲੈ ਲਵੇ ਤਾਂ ਝੱਟ ਕਹਿਣ ਲੱਗ ਜਾਂਦੇ ਹਨ, 'ਲੱਗਦਾ ਘਰ ਪੱਟ ਕੇ ਸਾਹ ਲਵੇਂਗੀ।' ਗ੍ਰਹਿਸਥ ਦੀ ਗੱਡੀ ਤੀਵੀਂ-ਆਦਮੀ ਦੇ ਦੋਵੇਂ ਪਹੀਆਂ 'ਤੇ ਚੱਲਦੀ ਹੈ। ਜੇ ਦੋਵਾਂ ਵਿਚ ਤਾਲਮੇਲ ਹੋਵੇਗਾ ਤਾਂ ਦੋਵਾਂ ਨੂੰ ਕੋਈ ਵੱਖ ਨਹੀਂ ਕਰ ਸਕਦਾ ਪਰ ਤੇਰੇ ਬਾਪੂ ਨੇ ਤਾਂ ਵਿਚਾਰੀ ਨਾਲ ਜੱਗੋਂ ਤੇਰਵੀਂ ਹੀ ਕੀਤੀ ਹੈ।"

ਇਕ ਵਾਰੀ ਕੱਤੇ ਦਾ ਮਹੀਨਾ। ਕਣਕਾਂ ਦੀ ਬਿਜਾਈ ਜ਼ੋਰਾਂ 'ਤੇ ਚੱਲ ਰਹੀ ਸੀ। ਤੇਰਾ ਨਾਨਾ ਪੂਰਾ ਹੋ ਗਿਆ। ਤੇਰੀ ਬੇਬੇ ਨੂੰ ਉਥੇ ਕੁਝ ਦਿਨ ਰਹਿਣਾ ਪੈ ਗਿਆ। ਜਿਸ ਦਿਨ ਤੇਰਾ ਬਾਪੂ ਲੈਣ ਗਿਆ, ਉਸ ਦਿਨ ਤੇਰੇ ਮਾਮੇ ਕਣਕ ਬੀਜਦੇ ਸਨ। ਇਹ ਵੀ ਖੇਤ ਤੁਰ ਗਿਆ। ਤੇਰੇ ਮਾਮੇ ਕਹਿੰਦੇ, ਪ੍ਰਾਹੁਣਿਆਂ ਬਲਦਾਂ ਦੀ ਇਕ ਜੋੜੀ ਤੂੰ ਜੋੜ ਲੈ, ਆਪਣਾ ਕੰਮ ਛੇਤੀ ਮੁੱਕ ਜਾਊਗਾ।

ਤੇਰੇ ਬਾਪੂ ਨੇ ਬਲਦਾਂ ਦੇ ਗਲ ਪੁੱਠੀ ਪੰਜਾਲੀ ਪਾ ਦਿੱਤੀ ਤੇ ਬੀਜਣ ਵਾਲਾ ਮੁੰਨਾ ਵੀ ਠੀਕ ਬੱਤ ਸਿਰ ਨਾ ਬੰਨ੍ਹ ਹੋਇਆ। ਤੇਰੇ ਮਾਮੇ ਦੇਖ ਕੇ ਕਹਿੰਦੇ, 'ਬਈ ਪ੍ਰਾਹੁਣਾ ਤਾਂ ਪੂਰਾ ਕਿਰਸਾਨ ਹੈ। ਭੈਣ ਨੂੰ ਭੁੱਖੀ ਨ੍ਹੀਂ ਮਰਨ ਦਿੰਦਾ। ਜਦੋਂ ਉਨ੍ਹਾਂ ਨੇ ਚਾਰ ਟਿੱਚਰਾਂ ਕੀਤੀਆਂ ਤਾਂ ਇਹ ਚਾਦਰਾ ਚੁੱਕ ਕੇ ਪਿੰਡ ਆ ਵੜਿਆ। ਦੂਜੇ ਦਿਨ ਤੇਰੇ ਮਾਮੇ ਤੇਰੀ ਬੇਬੇ ਨੂੰ ਛੱਡ ਗਏ ਤੇ ਇਸ ਕੰਜਰ ਨੇ ਫਿਰ ਤੇਰੀ ਬੇਬੇ ਦੇ ਪਾਸੇ ਭੰਨ ਦਿੱਤੇ ਕਿ ਤੂੰ ਕਿਹਾ ਸੀ, ਜਾਹ ਖੇਤ ਗੇੜਾ ਮਾਰ ਆ। ਤੇ ਤੇਰੇ ਭਰਾਵਾਂ ਨੇ ਮੈਨੂੰ ਟਿੱਚਰਾਂ ਕੀਤੀਆਂ। ਤੇਰਾ ਬਾਪੂ ਤਾਂ ਨੱਕਿਆਂ ਵਾਲਾ ਸੀ। ਫਿਰ ਇਸ ਨੇ ਬੀਜਣ ਦਾ ਪੰਗਾ ਕਿਉਂ ਲਿਆ? ਜਿਹੜੀ ਖੇਡ ਆਉਂਦੀ ਨਾ ਹੋਵੇ, ਉਸ ਖੇਡ ਨੂੰ ਖੇਡਣ ਵਾਸਤੇ ਮੈਦਾਨ ਵਿਚ ਨਹੀਂ ਵੜੀਦਾ। ਜੇ ਡੰਗਰ ਡਾਕਟਰ ਬੰਦਿਆਂ ਦਾ ਇਲਾਜ ਕਰਨ ਲੱਗ ਜਾਣ ਤਾਂ ਫਿਰ ਡਿਗਰੀਆਂ ਨੂੰ ਕੋਈ ਨਾ ਪੁੱਛੇ।

"ਤਾਇਆ, ਬੇਬੇ ਕੰਮ ਤਾਂ ਬਹੁਤ ਕਰਦੀ ਸੀ। ਫਿਰ ਬਾਪੂ ਕੁੱਟਦਾ ਕਿਉਂ ਸੀ?" ਦੀਪੂ ਨੇ ਤਾਏ ਤੋਂ ਪੁੱਛਿਆ।

"ਵਿਚਾਰੀ ਕੰਮ ਤਾਂ ਦੋ ਜਣੀਆਂ ਜਿੰਨਾ ਕਰਦੀ ਸੀ, ਪਰ ਵੱਸ ਕਸਾਈ ਦੇ ਪੈ ਗਈ। ਹੁਣ ਪਰਮਾਤਮਾ ਉਸ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ੇ।" ਤਾਏ ਨੇ ਅੱਖਾਂ 'ਤੇ ਪਰਨਾ ਫੇਰਦਿਆਂ ਕਿਹਾ।

ਇਕ ਵਾਰੀ ਸਾਡਾ ਬਾਪੂ ਘਰੇ ਸਲੋਤਰੀ ਲੈ ਆਇਆ ਕਿ ਚਲੋ ਮੂੰਹ-ਖੁਰ ਦੀ ਰੋਕਥਾਮ ਵਾਸਤੇ ਪਸ਼ੂਆਂ ਦੇ ਟੀਕੇ ਲਗਵਾ ਲੈਂਦੇ ਹਾਂ, ਤੇ ਨਾਲੇ ਮੱਝ ਚੈਕ ਕਰਵਾ ਲੈਂਦੇ ਹਾਂ ਕਿ ਗੱਭਣ ਹੈ ਜਾਂ ਨਹੀਂ। ਮੈਂ ਤੇ ਤੇਰਾ ਬਾਪੂ ਸਲੋਤਰੀ ਦੀ ਮਦਦ ਕਰਦੇ ਸੀ। ਜਦੋਂ ਮੱਝ ਨੂੰ ਸਲੋਤਰੀ ਚੈਕ ਕਰਕੇ ਹੱਟਿਆ ਤਾਂ ਉਸ ਨੇ ਸਿਰ ਫੇਰ ਦਿੱਤਾ ਕਿ ਮੱਝ ਖਾਲੀ ਹੈ, ਗੱਭਣ ਨਹੀਂ ਹੈ; ਤੇ ਤੇਰਾ ਬਾਪੂ ਝੱਟ ਦੇਣੇ ਸਲੋਤਰੀ ਨੂੰ ਕਹਿੰਦਾ, 'ਡਾਕਟਰ ਸਾਬ੍ਹ, ਮਾੜੀ ਮੋਟੀ ਵੀ ਨਹੀਂ? ਧਿਆਨ ਨਾਲ ਚੈਕ ਕਰੋ, ਸ਼ਾਇਦ ਮਾੜੀ-ਮੋਟੀ ਗੱਭਣ ਨਿਕਲ ਆਵੇ।' ਸਲੋਤਰੀ ਕਹਿੰਦਾ ਤੇਰਾ ਵਿਚੋਲਾ ਕੌਣ ਸੀ?

ਸਲੋਤਰੀ ਦੇ ਕਹਿਣ ਦਾ ਭਾਵ ਸੀ ਕਿ ਉਹ ਕਿਹੜਾ ਬੰਦਾ ਹੈ ਜਿਸ ਨੇ ਤੇਰੇ ਵਰਗੇ ਬਦ-ਦਿਮਾਗ ਬੰਦੇ ਦਾ ਵਿਆਹ ਕੀਤਾ, ਇਸ ਨਾਲੋਂ ਤਾਂ ਕੁੜੀ ਨੂੰ ਖੂਹ ਵਿਚ ਧੱਕਾ ਦੇ ਦਿੰਦਾ। ਗੱਲ ਸਲੋਤਰੀ ਦੀ ਸੋਲਾਂ ਆਨੇ ਸੱਚੀ ਸੀ।

ਦੁਸ਼ਹਿਰੇ ਵਾਲੇ ਦਿਨਾਂ ਵਿਚ ਆਪਣੇ ਹਾਣੀਆਂ ਨਾਲ ਰੋਜ਼ ਰਾਮ ਲੀਲ੍ਹਾ ਦੇਖਣ ਤੁਰ ਜਾਂਦਾ। ਦਿਨ ਦੇ ਛੁਪਾ ਨਾਲ ਰਕਬਾ ਪਿੰਡ ਲੰਘ ਜਾਂਦੇ। ਜਾਂਦੇ ਹੋਏ ਰਾਮਦਾਸੀਆਂ ਦੀਆਂ ਕੁੜੀਆਂ ਨੂੰ ਛੇੜਦੇ। ਇਕ ਦਿਨ ਰਕਬੇ ਵਾਲਿਆਂ ਨੇ ਇਨ੍ਹਾਂ ਨੂੰ ਘੇਰ ਲਿਆ। ਤੇ ਤੇਰਾ ਬਾਪੂ ਉਨ੍ਹਾਂ ਦੇ ਅੜਿੱਕੇ ਚੜ੍ਹ ਗਿਆ। ਉਨ੍ਹਾਂ ਨੇ ਚੰਗਾ ਕੁੱਟਿਆ, ਜਦੋਂ ਕੁੱਟ ਕੇ ਹਟੇ ਤਾਂ ਖੜ੍ਹਾ ਹੋ ਕੇ ਕਹਿੰਦਾ, 'ਮੁੰਡਾ ਤਾਂ ਫਿਰ ਤੁਹਾਡਾ ਪ੍ਰਾਹੁਣਾ ਬਣ ਕੇ ਤੁਰਦਾ ਹੈ।' ਉਨ੍ਹਾਂ ਨੇ ਫਿਰ ਢਾਹ ਲਿਆ, ਤੇ ਨਾਲ ਦੇ ਸਾਰੇ ਭੱਜ ਗਏ ਸਨ। ਫਿਰ ਆਪਣੇ ਹੱਡਾਂ ਨੂੰ ਤੇਰੀ ਬੇਬੇ ਕੋਲੋਂ ਸੇਕ ਦਿਵਾਉਂਦਾ ਫਿਰੇ। ਉਹ ਕਹਿੰਦੀ, 'ਦੇਖ ਲੈ, ਮੈਨੂੰ ਰੋਜ਼ ਕੁੱਟਣ ਲੱਗ ਪੈਂਦਾ ਹੈਂ। ਇਕ ਦਿਨ ਕੁੱਟ ਪਈ ਤਾਂ ਨਾਨੀ ਯਾਦ ਆ ਗਈ।

"ਤਾਇਆ, ਬਾਪੂ ਨੇ ਕੋਈ ਸਿਆਣਾ ਕੰਮ ਨਹੀਂ ਕੀਤਾ ਸਾਰੀ ਜ਼ਿੰਦਗੀ?" ਦੀਪੂ ਨੇ ਬਾਪੂ ਦੇ ਅਤੀਤ ਵਿਚੋਂ ਕੁਝ ਲੱਭਣ ਦੇ ਮਨਸ਼ੇ ਨਾਲ ਪੁੱਛਿਆ।

"ਚੰਗੇ ਕੰਮ ਦੇ ਤਾਂ ਇਹ ਨੇੜੇ ਦੀ ਵੀ ਨਹੀਂ ਲੰਘਿਆ," ਤਾਏ ਨੇ ਉਤਰ ਦਿੱਤਾ, ਮੈਂ ਤੇ ਬਾਪੂ ਦੋਵੇਂ ਜਣੇ ਜਗਰਾਉਂ ਦੀ ਮੰਡੀ 'ਚ ਮੱਝਾਂ ਵੇਚਣ ਚਲੇ ਗਏ, ਤੇ ਜਾਂਦੇ ਹੋਏ ਤੇਰੇ ਬਾਪੂ ਨੂੰ ਕਹਿ ਗਏ ਕਿ ਭਾਈਏ ਨੂੰ ਨਾਲ ਲਿਜਾ ਕੇ ਝੋਨੇ 'ਤੇ ਯੂਰੀਆ ਖਿੰਡਾ ਆਇਓ। ਪੰਜ ਬੋਰੀਆਂ ਯੂਰੀਆ ਖਾਦ ਦੀਆਂ ਰੱਖ ਕੇ ਮੋਟਰ 'ਤੇ ਲੈ ਗਏ। ਭਾਈਏ ਨੂੰ ਕਹਿੰਦਾ ਕਿ ਯੂਰੀਆ ਖੇਤ ਵਿਚ ਕਿੱਥੇ 'ਕੱਲੇ-'ਕੱਲੇ ਕਿਆਰੇ ਵਿਚ ਖਿੰਡਾਉਂਦੇ ਫਿਰਾਂਗੇ, ਮੋਟਰ ਚਲਾ ਕੇ ਸਾਰਾ ਯੂਰੀਆ ਪਾਣੀ ਵਾਲੇ ਚੁਵੱਚੇ (ਖੇਲ) ਵਿਚ ਸਿੱਟ ਦਿੰਦੇ ਹਾਂ, ਤੇ ਆਪੇ ਪਾਣੀ ਨਾਲ ਸਾਰੇ ਕਿਆਰਿਆਂ ਵਿਚ ਚਲਿਆ ਜਾਊ। ਭਾਈਆ ਹਾਂ ਵਿਚ ਹਾਂ ਰਲਾ ਗਿਆ, ਤੇ ਇਸ ਨੇ ਪੰਜ ਬੋਰੀਆਂ ਖਾਦ ਪਾਣੀ ਵਿਚ ਰੋੜ ਦਿੱਤੀ ਜਿਹੜੀ ਸਾਰੀ ਖਾਲ ਵਿਚ ਹੀ ਸਮਾਪਤ ਹੋ ਗਈ।

ਜਦੋਂ ਲੋਕਾਂ ਨੂੰ ਪਤਾ ਲੱਗਿਆ ਕਿ ਖੇਲ ਵਿਚ ਖਾਦ ਪਾ ਆਇਆ ਹੈ ਤਾਂ ਸਾਰੇ ਟਿੱਚਰਾਂ ਕਰਨ ਕਿ ਮੈਂਗਲ ਸਿਉਂ ਦੇ ਮੁੰਡੇ ਨੂੰ ਤਾਂ ਯੂਨੀਵਰਸਿਟੀ ਵਾਲੇ ਭਾਲਦੇ ਫਿਰਦੇ ਹਨ ਕਿ ਉਸ ਨੂੰ ਸਨਮਾਨਤ ਕਰਨਾ ਹੈ ਜਿਸ ਨੇ ਖਾਦ ਛਿੜਕਣ ਦਾ ਨਵਾਂ ਤਜਰਬਾ ਕੀਤਾ। ਤੇਰੇ ਬਾਪੂ ਦੀ ਇਹ ਕਰਤੂਤ ਸਾਨੂੰ ਤਿੰਨ ਹਜ਼ਾਰ ਰੁਪਏ ਵਿਚ ਪਈ।"

ਹੁਣ ਰਾਤ ਲੰਘ ਚੁੱਕੀ ਸੀ। ਸਵੇਰੇ ਲੋਕਾਂ ਦਾ ਆਉਣਾ ਸ਼ੁਰੂ ਹੋ ਗਿਆ। ਰਿਸ਼ਤੇਦਾਰ ਆਏ ਤੇ ਦੀਪੂ ਦੀ ਮਾਂ ਦਾ ਸਸਕਾਰ ਕਰ ਦਿੱਤਾ। ਦੀਪੂ ਦਾ ਬਾਪੂ ਧਾਹੀਂ ਰੋਂਦਾ। ਲੋਕ ਕਹਿੰਦੇ-ਸਾਲਾ ਖੇਖਣ ਕਰਦਾ ਹੈ, ਜਿਉਂਦੀ ਦੇ ਹੱਡ ਪੋਲੇ ਕਰੀ ਰੱਖਦਾ ਸੀ, ਤੇ ਮਰੀ ਤੋਂ ਰੋ ਕੇ ਸੱਚਾ ਹੋ ਰਿਹਾ ਹੈ। ਇਕ ਬਜ਼ੁਰਗ ਤੋਂ ਤਾਂ ਰਹਿ ਨਾ ਹੋਇਆ ਤੇ ਉਹ ਕਹਿੰਦਾ, "ਉਸ ਭਲੀ-ਮਾਣਸ ਔਰਤ ਦੀਆਂ ਚੀਕਾਂ ਸਾਰਾ ਪਿੰਡ ਸੁਣਦਾ ਸੀ, ਤੇ ਤੇਰੀਆਂ ਚੀਕਾਂ ਤੇਰੇ ਆਪਣੇ ਕੰਨ ਵੀ ਸੁਣਨੋਂ ਜਵਾਬ ਦੇ ਗਏ ਨੇ। ਬੰਦੇ ਦੀ ਮਰਦਾਨਗੀ ਤੀਵੀਂ ਨੂੰ ਕੁੱਟ ਕੇ ਨਹੀਂ ਦਿਖਾਈ ਜਾਂਦੀ, ਸਗੋਂ ਗ੍ਰਹਿਸਥ ਦੀ ਗੱਡੀ ਮੰਜ਼ਿਲ 'ਤੇ ਪਹੁੰਚਾ ਕੇ ਦਿਖਾਈ ਜਾਂਦੀ ਹੈ। ਆਪਣੇ ਔਗੁਣਾਂ ਨੂੰ ਲੁਕੋ ਕੇ ਦੂਜੇ ਦੇ ਗੁਣਾਂ ਨਾਲ। ਬੇਇਨਸਾਫ਼ੀ ਕਰਨ ਵਾਲੇ ਦਾ ਤੇਰੇ ਵਰਗਾ ਹੀ ਹਾਲ ਹੁੰਦਾ ਹੈ।" ਇਹ ਕਹਿ ਕੇ ਬਜ਼ੁਰਗ ਚਲਾ ਗਿਆ।

ਫਿਰ ਦੀਪੂ ਦੇ ਬਾਪੂ ਨੇ ਪੰਜ ਸਾਲ ਕੋਹੜੀ ਦੀ ਜ਼ਿੰਦਗੀ ਵਰਗੇ ਬਿਤਾਏ, ਤੇ ਅੰਤ ਨੂੰ ਇਹੀ ਕਹਿੰਦਾ ਮਰ ਗਿਆ, "ਔਰਤ 'ਤੇ ਹੱਥ ਨਾ ਚੁੱਕਿਓ, ਇਹ ਤਾਂ 'ਰਾਜੇ, ਮਹਾਰਾਜੇ, ਪੀਰ-ਪੈਗੰਬਰਾਂ, ਗੁਰੂਆਂ' ਨੂੰ ਜਨਮ ਦਿੰਦੀ ਹੈ। ਜੇ ਕੋਈ ਗੁੱਸਾ ਗਿਲਾ ਹੁੰਦਾ ਹੈ ਤਾਂ ਬਹਿ ਕੇ ਨਜਿੱਠ ਲਿਓ। ਜ਼ਿੰਦਗੀ ਇਕ ਹੀ ਵਾਰ ਮਿਲਦੀ ਹੈ, ਦੁਬਾਰਾ ਨਹੀਂ।" ਸਿਵਿਆਂ ਦੀ ਅੱਗ ਨਾਲ ਸਭ ਕੁਝ ਸ਼ਾਂਤ ਹੋ ਗਿਆ, ਤੇ ਦੀਪੂ ਦੇ ਤਾਏ ਨੇ ਦੀਪੂ ਨੂੰ ਘੁੱਟ ਕੇ ਬੁੱਕਲ ਵਿਚ ਲੈ ਲਿਆ। ਆਪਣਾ ਮਰਨਾ ਯਾਦ ਰੱਖ ਕੇ ਦੂਜਿਆਂ ਨੂੰ ਜਿਉਣ ਦਿਓ! ਰੱਬ ਰਾਖਾ...।

# ਪੰਜਾਬ, ਪਰਵਾਸੀ ਤੇ ਚੰਡੀਗੜ੍ਹ

## ਪਹਿਲੀ ਗੱਲ





ਜਤਿੰਦਰ ਮੌਹਰ

ਚੰਡੀਗੜ੍ਹ ਵਰਗਾ 'ਸੋਹਣਾ ਟਾਪੂ' ਹਸਦੇ-ਵਸਦੇ ਪਿੰਡਾਂ ਦੇ ਉਜਾੜੇ 'ਚੋਂ ਉਭਰਿਆ ਹੋਇਆ ਹੈ। ਬੁਲਡੋਜ਼ਰਾਂ ਦੀ ਧੂੜ ਵਿਚ ਧੁੰਦਲੇ ਹੋਏ ਸੁਪਨਿਆਂ ਦੀਆਂ ਬੇਸ਼ੁਮਾਰ ਕੌੜੀਆਂ ਯਾਦਾਂ ਬੇਵੱਸ ਲੋਕਾਂ ਦੀ ਜ਼ੁਬਾਨੀ ਹਨ। ਮੁੜ-ਵਸੇਬੇ ਦੇ ਨਾਮ 'ਤੇ ਦਿੱਤੇ ਲਾਰੇ, ਜ਼ਖ਼ਮਾਂ ਨੂੰ ਹਮੇਸ਼ਾ ਅੱਲਾ ਰੱਖਦੇ ਹਨ। ਉਜਾੜਿਆਂ ਦੀ ਧਰਤੀ 'ਤੇ ਵਸੇ ਅਮੀਰਾਂ ਦੇ ਮਹਿਲਾਂ ਨੂੰ ਦੇਖ ਕੇ ਉਜਾੜੇ ਦਾ ਦਰਦ ਸਹਿਜੇ ਹੀ ਸਮਝ ਆ ਸਕਦਾ ਹੈ। ਇਨ੍ਹਾਂ ਜ਼ਖ਼ਮਾਂ ਦੀ ਚੀਸ ਅਕਸਰ ਪਰਵਾਸੀਆਂ ਦੇ ਵਿਰੋਧ ਵਿਚ ਨਿਕਲਦੀ ਹੈ ਜਿਨ੍ਹਾਂ ਨੂੰ ਸਾਜ਼ਿਸ਼ ਤਹਿਤ ਵਸਾਉਣ ਦਾ ਦੋਸ਼ ਲਾਇਆ ਜਾਂਦਾ ਹੈ। ਨਾਲ ਹੀ ਜਿਵੇਂ ਪੰਜਾਬੀ ਮਾਂ-ਬੋਲੀ ਨੂੰ ਬਾਹਰ ਦਾ ਰਸਤਾ ਦਿਖਾਇਆ ਗਿਆ ਹੈ, ਉਸ ਨੂੰ ਦੇਖ ਕੇ ਪੰਜਾਬੀ-ਹਿਤੈਸ਼ੀਆਂ ਦਾ ਰੋਸ ਜ਼ਾਹਿਰ ਕਰਨਾ ਵਾਜਬ ਜਾਪਦਾ ਹੈ ਪਰ ਮਾੜੀ ਗੱਲ ਇਹ ਹੋਈ ਹੈ ਕਿ ਮੂਲ ਮੁੱਦਾ 'ਪੰਜਾਬੀ ਬਨਾਮ ਪਰਵਾਸੀ' ਬਣਾ ਦਿੱਤਾ ਗਿਆ ਹੈ।

ਪਰਵਾਸ ਤੋਂ ਬਿਨਾ ਮਨੁੱਖੀ ਸੱਭਿਅਤਾ ਦਾ ਚਲਾਏਮਾਨ ਰਹਿਣਾ ਸੰਭਵ ਹੀ ਨਹੀਂ ਹੈ। ਸੱਭਿਅਤਾ ਦੇ ਮੁੱਢ ਤੋਂ ਹੁਣ ਤੱਕ ਦਾ ਸਮੁੱਚਾ ਵਰਤਾਰਾ ਇਸ ਤੱਥ ਦੀ ਗਵਾਹੀ ਭਰਦਾ ਹੈ। ਮਨੁੱਖ ਦਾ ਮਨੁੱਖ ਦੇ ਨੇੜੇ ਆਉਣਾ ਸੱਭਿਅਤਾਵਾਂ ਦਾ ਟਕਰਾਉ ਨਹੀਂ, ਮਨੁੱਖਤਾ ਦੀ ਸਾਂਝ ਦਾ ਸਬੱਬ ਬਣਦਾ ਹੈ। ਬਾਬੇ ਨਾਨਕ ਦੀ 'ਵਸਦੇ ਰਹੋ, ਉੱਜੜ ਜਾਉ' ਵਾਲੀ ਕਥਾ ਮਨੁੱਖਤਾ ਦੇ ਸੁਮੇਲ ਵਿਚੋਂ ਚੰਗਿਆਈ ਉਪਜਣ ਦੀ ਆਸ ਹੈ। ਮੁੱਦਾ ਤਾਂ ਉਨ੍ਹਾਂ ਲੋਕਾਂ ਦੀ ਨਿਸ਼ਾਨਦੇਹੀ ਦਾ ਹੈ ਜਿਨ੍ਹਾਂ ਦੇ ਹਿੱਤ ਟਕਰਾਉ ਦੀ ਸਿਆਸਤ ਨਾਲ ਜੁੜੇ ਹੋਏ ਹਨ। 'ਪਾੜੋ ਤੇ ਰਾਜ ਕਰੋ' ਦੀ ਨੀਤੀ, ਪੁਰਾਣੀ ਸ਼ਰਾਬ ਵਾਂਗ ਵਰਤੋਂ ਵਿਚ ਆਉਂਦੀ ਹੈ। ਇਹ ਨੀਤੀ ਕੇਂਦਰਸ਼ਾਹੀ ਦੇ ਖ਼ਿਲਾਫ਼ ਪੰਜਾਬੀਆਂ ਦੀ ਨਾਬਰੀ ਦੀ ਰਵਾਇਤ ਨੂੰ ਵੰਗਾਰਦੀ ਹੈ। ਪੰਜਾਬੀ ਮਾਂ-ਬੋਲੀ ਇਸੇ ਨਾਬਰੀ ਦਾ ਚਿੰਨ੍ਹ ਹੈ। ਸੱਤਾ 'ਤੇ ਕਾਬਜ਼ ਜਮਾਤ ਨਾਬਰੀ ਦੀ ਹਰ ਆਵਾਜ਼ ਨੂੰ ਦਬਾਉਣ ਵਿਚ ਯਕੀਨ ਰੱਖਦੀ ਹੈ। ਚੰਡੀਗੜ੍ਹ ਦਾ ਮਸਲਾ ਇਸ ਰਵਾਇਤ ਉੱਤੇ ਸੱਤਾ ਦੀ ਜਿੱਤ ਦਾ ਪ੍ਰਤੀਕ ਹੈ ਪਰ ਸਮੁੱਚੇ ਮਸਲੇ ਨੂੰ 'ਪੰਜਾਬੀ ਬਨਾਮ ਪਰਵਾਸੀ' ਤੱਕ ਘਟਾਉਣਾ, ਸੌੜੇ ਹਿੱਤਾਂ ਦੀ ਸਿਆਸਤ ਲਈ ਜ਼ਰਖ਼ੇਜ਼ ਜ਼ਮੀਨ ਤਿਆਰ ਕਰਨਾ ਹੈ। ਮਸਲੇ ਦੀ ਜੜ੍ਹ ਲੱਭਣ ਲਈ ਬਾਂਦਰ-ਵੰਡ ਕਰਨ ਵਾਲੀ ਜਮਾਤ ਦੇ ਖ਼ਾਸੇ ਨੂੰ ਸਮਝਣ ਦੀ ਲੋੜ ਹੈ ਜਿਸ ਨੂੰ ਹਮੇਸ਼ਾਂ 'ਸੋਹਣੇ ਟਾਪੂਆਂ' ਦੀ ਲੋੜ ਰਹਿੰਦੀ ਹੈ। ਬੋਲੀ ਵੀ ਆਮ ਲੋਕਾਂ ਦੇ ਸਮਝ ਨਾ ਆਉਣ ਵਾਲੀ ਚੁਣਦੇ ਹਨ। ਮੁਕਾਮੀ (ਲੋਕਲ) ਬੋਲੀਆਂ 'ਤੇ ਸੁਹਾਗਾ ਫੇਰ ਕੇ ਗ਼ੈਰ ਬੋਲੀ ਨੂੰ ਕੇਂਦਰੀ ਥਾਂ 'ਤੇ ਲਿਆਉਣਾ ਇਸ ਜਮਾਤ ਦੀ ਫ਼ਿਤਰਤ ਹੈ। ਇਸੇ ਪਹੁੰਚ ਦੀ ਤਰਜਮਾਨੀ ਕਰਦਿਆਂ ਪੰਜਾਬ ਦੇ ਸਾਬਕਾ ਰਾਜਪਾਲ ਨੇ ਕਿਹਾ ਸੀ ਕਿ ਜੇ ਅੰਗਰੇਜ਼ੀ ਨਹੀਂ ਜਾਣਦੇ ਤਾਂ ਪੰਜਾਬੀਆਂ ਨੂੰ ਚੰਡੀਗੜ੍ਹ ਵਿਚ ਰਹਿਣ ਦਾ ਕੋਈ ਹੱਕ ਨਹੀਂ ਹੈ। ਪੰਜਾਬੀ ਬੋਲਦੇ ਪਿੰਡਾਂ ਦੀ ਜ਼ਮੀਨ ਖੋਹ ਕੇ ਨਿੱਜੀ ਹੱਥਾਂ ਵਿਚ ਦੇਣਾ ਰਾਜਪਾਲ ਸਾਹਿਬ ਜਮਾਂਦਰੂ ਹੱਕ ਸਮਝਦੇ ਸਨ। ਸਰਮਾਏਦਾਰੀ ਦਾ ਮੁੱਖ ਲੱਛਣ ਹੈ ਕਿ ਉਹ ਕਿਸਾਨ ਤੋਂ ਜ਼ਮੀਨ ਖੋਹ ਕੇ, ਵਰਤਣ ਅਤੇ ਮੁੜ-ਵਸੇਬੇ ਦੇ ਸਾਰੇ ਹੱਕ ਅਪਣੇ ਕੋਲ ਰਾਖਵੇਂ ਰੱਖਦੀ ਹੈ। ਚੰਡੀਗੜ੍ਹ ਦੇ ਕਾਂਗਰਸੀ ਅਤੇ ਭਾਜਪਾਈ ਆਗੂ ਇਕਸੁਰ ਹੋ ਕੇ ਕਹਿੰਦੇ ਹਨ ਕਿ ਚੰਡੀਗੜ੍ਹ, ਚੰਡੀਗੜ੍ਹੀਆਂ ਲਈ ਹੈ। ਹਰਿਆਣਾ, ਤੇ ਖਾਸ ਕਰਕੇ ਪੰਜਾਬ ਕਿਸੇ ਵਹਿਮ ਵਿੱਚ ਨਾ ਰਹਿਣ। ਜੇ 'ਚੰਡੀਗੜ੍ਹ ਚੰਡੀਗੜ੍ਹੀਆਂ ਦਾ' ਦੇ ਤਰਕ ਨੂੰ ਮੰਨ ਲਿਆ ਜਾਵੇ ਤਾਂ ਵੀ ਚੰਡੀਗੜ੍ਹ ਉੱਤੇ ਮੁਕਾਮੀ ਲੋਕਾਂ ਦਾ ਬਰਾਬਰ ਹੱਕ ਬਣਦਾ ਹੈ।

ਸਿਤਮਜ਼ਰੀਫ਼ੀ ਕਿ ਪੰਜਾਬ ਦੇ ਲੋਕ ਹੱਕੀ ਮੰਗਾਂ ਦੀ ਆਵਾਜ਼ ਹਾਕਮਾਂ ਤੱਕ ਪੁਚਾਉਣ ਲਈ ਆਪਣੀ ਰਾਜਧਾਨੀ ਵਿਚ ਵੜਨ ਨਹੀਂ ਦਿੱਤੇ ਜਾਂਦੇ। ਪ੍ਰਸ਼ਾਸਨ ਤੋਂ ਲੈ ਕੇ ਪੱਤਰਕਾਰ ਸੂਬੇ ਦੇ ਲੋਕਾਂ ਨੂੰ ਜ਼ਲੀਲ ਕਰਨ ਦਾ ਕੋਈ ਮੌਕਾ ਨਹੀਂ ਛੱਡਦੇ। ਇਸ ਵਰਤਾਰੇ ਅਸਲ ਵਿਚ ਕਾਲੇ ਅੰਗਰੇਜ਼ਾਂ ਦੀ ਸੱਤਾ ਉੱਤੇ ਪਕੜ ਦਾ ਦੂਜਾ ਰੂਪ ਹੈ ਜੋ ਸੰਘੀ ਢਾਂਚੇ ਦੇ ਸੰਕਲਪ ਨੂੰ ਖੁੰਢਾ ਕਰਨਾ ਚਾਹੁੰਦੇ ਹਨ। ਵੱਖ-ਵੱਖ ਖਿੱਤਿਆਂ ਨੂੰ ਇਹ ਜਗੀਰਾਂ ਅਤੇ ਬਸਤੀਆਂ ਸਮਝਦੇ ਹਨ। ਅਵਾਮ ਇਨ੍ਹਾਂ ਲਈ ਪਰਜਾ ਹੈ ਜੋ ਗ਼ੁਲਾਮਾਂ ਦੇ ਰੂਪ ਵਿਚ ਦਿਸਦੀ ਹੈ। ਕਾਬਜ਼ ਧਿਰ ਅਪਣੀ ਪਕੜ ਬਣਾਈ ਰੱਖਣ ਅਤੇ ਅਵਾਮ ਦੇ ਅੱਖੀਂ ਘੱਟਾ ਪਾਉਣ ਲਈ ਤਰ੍ਹਾਂ-ਤਰ੍ਹਾਂ ਦੀਆਂ ਤਿਕੜਮਾਂ ਲੜਾਉਂਦੀ ਹੈ।

'ਪੰਜਾਬੀ ਹਿੱਤਾਂ' ਦੀ ਗੱਲ ਕਰਨ ਵਾਲੇ ਸਿਆਸੀ ਆਗੂਆਂ ਦੀ ਸੁਹਿਰਦਤਾ ਅਤੇ ਭਰੋਸੇਯੋਗਤਾ ਸ਼ੱਕ ਦੇ ਘੇਰੇ ਵਿਚ ਰਹੀ ਹੈ। 'ਸੋਹਣੇ ਟਾਪੂ' ਉਤੇ ਮਾਣ ਅਤੇ 'ਮੰਗ' ਕਰਨ ਵਾਲੀ ਪੰਜਾਬੀ ਸਿਆਸਤ ਦੀ ਜ਼ੁਬਾਨ 'ਤੇ ਜਿੰਦਾ ਲੱਗਣਾ ਸੁਭਾਵਕ ਹੈ ਕਿਉਂਕਿ ਚੰਡੀਗੜ੍ਹ ਦਾ ਮੁੱਦਾ ਉਨ੍ਹਾਂ ਲਈ ਸਿਆਸੀ ਪਖੰਡ ਤੋਂ ਵਧੇਰੇ ਕੁਝ ਨਹੀਂ ਹੈ। ਕੇਂਦਰਸ਼ਾਹੀ ਦੇ ਖ਼ਿਲਾਫ਼ ਪੰਜਾਬ ਦੀ ਨਾਬਰ-ਰਵਾਇਤ ਨੂੰ ਲੀਹੋਂ ਲਾਹੁਣ ਦਾ ਕੰਮ ਇਨ੍ਹਾਂ ਆਗੂਆਂ ਦੇ ਹੀ ਹਿੱਸੇ ਆਇਆ ਹੈ ਕਿਉਂਕਿ ਦੋਵਾਂ ਦਾ ਜਮਾਤੀ ਖ਼ਾਸਾ ਇਕ ਹੈ। ਸੂਬੇ ਵਿਚ ਅਜਿਹਾ ਸਿਆਸੀ ਰੁਝਾਨ ਲਗਾਤਾਰ ਭਾਰੂ ਹੈ। ਪੰਜਾਬ ਸਰਕਾਰ ਨੇ ਸੂਬੇ ਵਿਚੋਂ ਉੱਠਦੀਆਂ ਵਿਰੋਧੀ ਸੁਰਾਂ ਨੂੰ ਰਾਜਧਾਨੀ ਚੋਂ ਬਾਹਰ ਕੱਢਣ ਉੱਤੇ ਪੱਕੀ ਮੋਹਰ ਲਾ ਦਿੱਤੀ ਹੈ। ਮਈ 2009 ਵਿਚ ਚੰਡੀਗੜ੍ਹ ਵਿੱਚ ਕਿਸਾਨਾਂ 'ਤੇ ਹੋਏ ਲਾਠੀਚਾਰਜ ਤੋਂ ਬਾਅਦ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਉਪ ਮੁੱਖ ਮੰਤਰੀ ਮੁੰਡੇ ਨੇ ਕਿਸਾਨ ਆਗੂਆਂ ਉੱਤੇ ਕੇਸ ਦਰਜ ਕਰਨ ਦੀ ਸਹਿਮਤੀ ਦਿੱਤੀ ਸੀ। ਚੰਡੀਗੜ੍ਹ ਪੁਲਿਸ ਅਤੇ ਪੰਜਾਬ ਪੁਲਿਸ ਨੇ ਮਿਲ ਕੇ ਲੋਕ-ਆਗੂਆਂ ਦੀਆਂ ਗ੍ਰਿਫ਼ਤਾਰੀਆਂ ਲਈ ਸੂਬੇ ਵਿਚ ਛਾਪੇ ਮਾਰੇ। ਹੱਕ ਮੰਗਦੇ ਲੋਕਾਂ ਦੇ ਰੋਸ ਧਰਨਿਆਂ ਨੂੰ ਵਿਧਾਨ ਸਭਾ ਅਤੇ ਮਟਕਾ ਚੌਕ ਤੋਂ ਖਦੇੜ ਕੇ ਪਹਿਲਾਂ ਮੜ੍ਹੀਆਂ ਤੱਕ, ਤੇ ਹੁਣ ਸ਼ਹਿਰ ਦੀ ਹੱਦ ਤੋਂ ਬਾਹਰ ਧੱਕਿਆ ਜਾ ਚੁੱਕਾ ਹੈ। ਰਾਜਧਾਨੀ ਕਿਸਾਨ ਦੀ ਫ਼ਸਲ ਦਾ ਨੁਕਸਾਨ ਹੋਣ ਵੇਲੇ ਝੂਠਾ ਜਿਹਾ ਅਫ਼ਸੋਸ ਕਰਕੇ ਕੰਮ ਸਾਰ ਲੈਂਦੀ ਹੈ। ਜਦੋਂ ਇਹੀ ਕਿਸਾਨ ਹੱਕੀ ਮੰਗਾਂ ਲਈ ਰਾਜਧਾਨੀ ਦਾ ਰੁਖ਼ ਕਰਦਾ ਹੈ ਤਾਂ ਉਸ ਨੂੰ ਸ਼ਰਾਬੀ-ਕਬਾਬੀ ਅਤੇ ਕੁੜੀਆਂ ਛੇੜਨ ਵਾਲਾ ਸਿੱਧ ਕੀਤਾ ਜਾਂਦਾ ਹੈ। ਇਸ ਕੰਮ ਵਿੱਚ ਸੂਬਾ ਸਰਕਾਰ ਅਤੇ ਚੰਡੀਗੜ੍ਹ ਪ੍ਰਸ਼ਾਸਨ ਦੀ ਮਿਲੀਭੁਗਤ ਹੁਣ ਜੱਗ-ਜ਼ਾਹਿਰ ਹੋ ਚੁੱਕੀ ਹੈ।

ਮਸਲਾ 'ਪੰਜਾਬ ਬਨਾਮ ਪਰਵਾਸੀ' ਦਾ ਨਹੀਂ ਸਗੋਂ ਉਪਰਲੀ ਜਮਾਤ ਦੀ ਆਪਸੀ ਸਕੀਰੀ ਅਤੇ ਹੇਠਲੀ ਜਮਾਤ ਵਾਰੇ ਉਨ੍ਹਾਂ ਦੇ ਨਜ਼ਰੀਏ ਦਾ ਹੈ। ਰਾਜਿਆਂ ਨੂੰ ਖ਼ਿਦਮਤਕਾਰਾਂ ਜਾਂ ਨੌਕਰਾਂ ਦੀ ਲੋੜ ਪੈਂਦੀ ਹੈ ਜੀਹਦੇ ਲਈ ਪਰਵਾਸੀ ਸਸਤੇ ਭਾਅ 'ਤੇ ਮੌਜੂਦ ਹਨ। ਪੰਜਾਬੀ ਅਜੇ ਉਨ੍ਹਾਂ ਦਾ ਝਾੜੂ-ਪੋਚਾ ਕਰਨ ਲਈ ਤਿਆਰ ਨਹੀਂ ਹੋਏ! ਕਿਰਤ ਦੀ ਬੇਕਿਰਕ ਲੁੱਟ ਮਸਲੇ ਦਾ ਅਹਿਮ ਪਹਿਲੂ ਹੈ।

ਚੰਡੀਗੜ੍ਹ ਵਿਚ ਪਰਵਾਸੀਆਂ ਜਾਂ ਗ਼ੈਰ-ਪਰਵਾਸੀਆਂ ਦਾ ਵਸੇਬਾ ਜਮਹੂਰੀ ਅਮਲ ਮੁਤਾਬਕ ਹੋਣਾ ਚਾਹੀਦਾ ਹੈ। ਬਾਹਰਲਿਆਂ ਨੂੰ ਵਸਾਉਣ ਦੇ ਨਾਂ 'ਤੇ ਮੁਕਾਮੀ ਲੋਕਾਂ ਜਾਂ ਬੋਲੀਆਂ ਨੂੰ ਹਾਸ਼ੀਏ 'ਤੇ ਧੱਕਣਾ ਜਮਹੂਰੀ ਅਮਲ ਦਾ ਹਿੱਸਾ ਨਹੀਂ ਹੈ। ਸੂਬੇ ਦੇ ਲੋਕਾਂ ਨੂੰ ਰਾਜਧਾਨੀ ਵਿਚ ਆਉਣ ਤੋਂ ਰੋਕਣਾ ਜਾਂ ਉਜਾੜਨਾਂ ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ ਕਹਾਉਣ ਵਾਲੇ ਮੁਲਕ 'ਤੇ ਵੱਡਾ ਸਵਾਲੀਆ ਨਿਸ਼ਾਨ ਹੈ। ਹੁਣ ਪੜਤਾਲ ਕਰਨੀ ਬਣਦੀ ਹੈ ਕਿ ਆਜ਼ਾਦੀ ਤੋਂ ਬਾਅਦ ਸਾਡੇ ਮੁਲਕ ਨੇ ਜਮਹੂਰੀਅਤ ਦੀ ਧਾਰਨਾ ਦਾ ਪਸਾਰ ਕੀਤਾ ਹੈ ਜਾਂ ਇਸ ਨੂੰ ਖੋਰਾ ਲਾਇਆ ਹੈ ਕਿਉਂਕਿ ਅਸਲ ਮਸਲਾ ਜਮਹੂਰੀ ਹਕੂਕ ਦਾ ਹੈ।

## ਯਾਦਾਂ ਦੀ ਪਿਟਾਰੀ



# ਡਾ. ਜਗਤਾਰ ਨਾਲ ਜੁੜੀਆਂ ਖੱਟੀਆਂ-ਮਿੱਠੀਆਂ ਯਾਦਾਂ

*ਬਹੁਤ ਸਾਰੇ ਲੋਕਾਂ ਦੀ ਰਾਏ ਅਨੁਸਾਰ ਜਗਤਾਰ, ਪ੍ਰੋ. ਮੋਹਨ ਸਿੰਘ ਦੀ ਪੀੜ੍ਹੀ ਤੋਂ ਬਾਅਦ ਸ਼ਾਇਦ ਸਭ ਤੋਂ ਵੱਡਾ ਤੇ ਚਰਚਿਤ ਕਵੀ ਸੀ। ਕੁਝ ਮਹੀਨੇ ਪਹਿਲਾਂ ਉਨ੍ਹਾਂ ਦੀ ਮੌਤ ਹੋਈ ਤਾਂ ਅਸੀਂ ਉਨ੍ਹਾਂ ਦੇ ਕੁਝ ਸਮਕਾਲੀਆਂ ਨੂੰ 'ਪੰਜਾਬ ਟਾਈਮਜ਼' ਵਾਸਤੇ ਲਿਖਕੇ ਭੇਜਣ ਲਈ ਬੇਨਤੀ ਕੀਤੀ ਸੀ। ਇਸੇ ਪ੍ਰਥਾਏ ਸਾਨੂੰ ਸ. ਹਰਭਜਨ ਸਿੰਘ ਹੁੰਦਲ ਦਾ ਉਨ੍ਹਾਂ ਦੀ ਕਾਵਿ-ਕਲਾ ਦੇ ਪ੍ਰਸੰਗਾਂ ਦੇ ਨਾਲ-ਨਾਲ, ਉਨ੍ਹਾਂ ਦੀ ਵਚਿੱਤਰ ਸ਼ਖਸ਼ੀਅਤ ਬਾਰੇ ਲਿਖਿਆ ਮਜ਼ਮੂਨ ਪ੍ਰਾਪਤ ਹੋਇਆ ਹੈ ਜੋ ਅਸੀਂ ਇਨ-ਬਿਨ ਆਪਣੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ।* —ਸੰਪਾਦਕ

**ਹਰਭਜਨ ਸਿੰਘ ਹੁੰਦਲ**

ਜਗਤਾਰ ਮੇਰਾ ਸਮਕਾਲੀ ਸੀ ਤੇ ਹਮ-ਉਮਰ। ਸਾਡੀ ਉਮਰ ਵਿਚ ਕੋਈ ਸਾਲ-ਛੇ ਮਹੀਨੇ ਦਾ ਫ਼ਰਕ ਹੋਵੇਗਾ। ਸਾਡੀ ਦੋਹਾਂ ਦੀ ਕਵਿਤਾ ਦਾ ਸਫ਼ਰ ਸਮਾਂਤਰ ਚਲਦਾ ਰਿਹਾ ਹੈ। ਸ਼ੁਰੂ ਦੇ ਸਾਲਾਂ ਵਿਚ, ਜਦੋਂ ਅਸੀਂ ਅਜੇ ਸਾਹਿਤ ਵਿਚ ਸਥਾਪਤ ਨਹੀਂ ਸੀ ਹੋਏ ਤਾਂ ਕਦੇ-ਕਦਾਈਂ ਆਪੋ ਵਿਚ ਇੱਟ-ਖੜੱਕਾ ਲੈਂਦੇ ਰਹੇ। ਸਾਡਾ ਆਰੰਭ ਵੱਖੋ-ਵੱਖਰੇ ਪ੍ਰੇਰਨਾ ਸ੍ਰੋਤਾਂ ਤੋਂ ਹੋਇਆ ਸੀ। ਉਸਦਾ ਮੁਢਲਾ ਪ੍ਰੇਰਨਾ ਸ੍ਰੋਤ ਲੋਕ-ਗੀਤ ਸਨ ਤੇ ਮੇਰਾ ਪੰਜਾਬੀ ਦੀ ਪ੍ਰਗਤੀਵਾਦੀ ਰਾਜਸੀ ਕਵਿਤਾ। ਮੇਰੇ ਵਾਂਗ ਉਸ ਦਾ ਕਾਵਿ-ਵਿਕਾਸ ਹੌਲੀ-ਹੌਲੀ ਹੋਇਆ ਸੀ। ਉਸਦਾ ਉਰਦੂ ਦਾ ਪਿਛੋਕੜ ਮੇਰੇ ਨਾਲੋਂ ਵਧੇਰੇ ਪਰਪੱਕ ਸੀ। ਜਦੋਂ ਉਹ ਆਧੁਨਿਕ ਪ੍ਰਯੋਗਵਾਦੀ ਕਵਿਤਾ ਦੇ ਨਾਲ-ਨਾਲ ਗ਼ਜ਼ਲ ਲਿਖਣ ਵਲ ਪੱਕੇ ਤੌਰ 'ਤੇ ਪਰਤ ਗਿਆ ਤਾਂ ਉਹ ਨਿਰਸੰਕੋਚ ਵਧੇਰੇ ਮਾਨਤਾ ਤੇ ਸਵੀਕ੍ਰਿਤੀ ਪ੍ਰਾਪਤ ਕਰ ਗਿਆ। ਗ਼ਜ਼ਲ ਦੇ ਖੇਤਰ ਵਿਚ ਉਸ ਦਾ ਕੋਈ ਟਾਕਰਾ ਨਹੀਂ ਸੀ। ਉਸਨੂੰ ਪੰਜਾਬੀ ਕਵਿਤਾ ਦੇ ਖੇਤਰ ਵਿਚ, ਜੋ ਪ੍ਰਸਿੱਧੀ ਗ਼ਜ਼ਲ ਨੇ ਦਿਵਾਈ, ਉਹ ਕਮਾਲ ਦੀ ਸੀ। ਉਸਨੇ ਰਾਜਨੀਤਕ ਅਨੁਭਵਾਂ ਨਾਲ ਲਬਰੇਜ਼ ਡੂੰਘੇ ਅਰਥਾਂ ਵਾਲੀਆਂ ਗ਼ਜ਼ਲਾਂ ਲਿਖਣ ਦੇ ਨਾਲ-ਨਾਲ, ਵਿਛੋੜੇ, ਮਿਲਾਪ, ਇਕੱਲਤਾ, ਮਾਯੂਸੀ ਤੇ ਹੋਰ ਅਨੇਕ ਭਾਂਤ ਦੇ ਮਨੁੱਖੀ ਅਨੁਭਵਾਂ ਨੂੰ ਬੜੀ ਪੁਖਤਾ ਜ਼ੁਬਾਨ ਤੇ ਨਵੇਂ ਕਾਵਿ-ਮੁਹਾਵਰੇ ਵਿਚ ਪੇਸ਼ ਕੀਤਾ ਹੈ।

ਪੰਜਾਬੀ ਵਿਚ ਅੱਜ ਜੇ ਕੋਈ ਗ਼ਜ਼ਲ ਦੇ ਖੇਤਰ ਵਿਚ ਜਗਤਾਰ ਦੇ ਬਰਾਬਰ ਤੇ ਕਈ ਵਾਰ ਉਸ ਤੋਂ ਵੀ ਕੁਝ ਵਧ ਡੂੰਘੇ ਅਰਥਾਂ ਤੇ ਅਨੇਕ ਤੈਹਾਂ ਵਾਲੀ ਭਰਪੂਰ ਰਾਜਸੀ ਗਜ਼ਲ ਕਹਿ ਰਿਹਾ ਹੈ ਤਾਂ ਉਹ ਗੁਰਦੀਪ (ਦੇਹਰਾਦੂਨ) ਹੈ। ਬੌਧਿਕ ਡੂੰਘਿਆਈ ਤੇ ਦਾਰਸ਼ਨਿਕ ਅਰਥਾਂ ਵਾਲੀਆਂ ਗ਼ਜ਼ਲਾਂ ਲਿਖਣ ਵਿਚ ਗੁਰਦੀਪ ਅਕਸਰ ਹੀ ਬਹੁਤ ਵਾਰ ਜਗਤਾਰ ਨੂੰ ਪਿੱਛੇ ਛੱਡ ਜਾਂਦਾ ਹੈ। ਪਰ ਗੁਰਦੀਪ ਦੇ ਟਾਕਰੇ ਉੱਤੇ ਜਗਤਾਰ ਨੇ ਗ਼ਜ਼ਲ ਲਿਖ ਕੇ ਵਧੇਰੇ ਸਵੀਕ੍ਰਿਤੀ ਤੇ ਮਾਨਤਾ ਪ੍ਰਾਪਤ ਕੀਤੀ ਹੈ। ਆਖ਼ਰ ਕਿਵੇਂ? ਗੁਰਦੀਪ ਦਾ ਪੰਜਾਬ ਤੋਂ ਦੂਰ ਚਲੇ ਜਾਣਾ, ਦਰਵੇਸ਼ਾਂ ਵਰਗੀ ਨਿਰਲੇਪਤਾ ਧਾਰਨ ਕਰ ਲੈਣਾ ਤੇ ਉਸਦੀ ਜ਼ੁਬਾਨ ਵਿਚ ਉਰਦੂ-ਫਾਰਸੀ ਦੇ ਸ਼ਬਦਾਂ ਤੇ ਇਸ਼ਤਿਆਰਿਆਂ ਦਾ ਭਾਰੂ ਹੋ ਜਾਣਾ। ਉਹ ਜਦ ਵੀ ਤੇ ਜਿੱਥੇ ਵੀ, ਪੰਜਾਬੀ ਮੁਹਾਵਰੇ ਵਿਚ ਗੱਲ ਕਰਦਾ ਹੈ, ਉਥੇ ਉਹ ਜਗਤਾਰ ਨਾਲੋਂ ਬਹੁਤ ਉੱਚਾ ਉਠ ਜਾਂਦਾ ਹੈ।

ਜਗਤਾਰ ਦੀ ਸਮੁੱਚੀ ਗ਼ਜ਼ਲ ਤੇ ਨਜ਼ਮ ਦੋਹਾਂ ਨੂੰ ਮੈਂ ਦੁਬਾਰਾ ਪੜ੍ਹਿਆ ਹੈ ਤੇ ਕਿਸੇ ਹੱਦ ਤੀਕ ਵਿਚਾਰਿਆ ਵੀ ਹੈ। ਮੈਂ ਨਿੱਜੀ ਤੌਰ ਤੇ ਇਹ ਅਨੁਭਵ ਕੀਤਾ ਹੈ ਕਿ ਜੋ ਪ੍ਰਾਪਤੀ ਤੇ ਸਵੀਕ੍ਰਿਤੀ ਉਸਨੇ ਗ਼ਜ਼ਲ ਦੇ ਖੇਤਰ ਵਿਚ ਪ੍ਰਾਪਤ ਕੀਤੀ ਹੈ, ਉਹ ਨਜ਼ਮ ਵਿਚ ਨਹੀਂ ਕੀਤੀ। ਉਂਝ ਲਹੂ ਦੇ ਨਕਸ਼ ਅਤੇ ਮਗਰਲੇ ਤਿੰਨ ਕਾਵਿ-ਸੰਗ੍ਰਹਿਆਂ (ਪ੍ਰਵੇਸ਼ ਦੁਆਰ, ਚਨੁਕਰੀ ਸ਼ਾਮ ਅਤੇ ਜਜ਼ੀਰਿਆਂ ਵਿਚ ਘਿਰਿਆ ਸਮੁੰਦਰ) ਵਿਚ ਉਸਦੀ ਨਜ਼ਮ ਦੇ ਕ੍ਰਿਸ਼ਮੇ ਤੇ ਪ੍ਰਾਪਤੀ ਅਣਡਿੱਠ ਨਹੀਂ ਕੀਤੇ ਜਾ ਸਕਦੇ।

1955-58 ਦੇ ਆਰੰਭਕ ਸਾਲਾਂ ਵਿਚ ਜਲੰਧਰ,
ਜਿੱਥੇ ਪੱਤਰਕਾਰੀ ਦੇ ਕੇਂਦਰ ਵਜੋਂ ਸਥਾਪਤ ਹੋ ਚੁੱਕਾ ਸੀ,
ਉਥੇ ਕੇਂਦਰੀ ਪੰਜਾਬੀ ਲੇਖਕ ਸਭਾ ਦੀਆਂ ਸਰਗਰਮੀਆਂ
ਕਾਰਨ ਵੀ ਪ੍ਰਸਿਧ ਸੀ। ਇਸ ਉੱਤੇ ਵਾਧਾ ਇਹ ਕਿ ਜਲੰਧਰ
ਵਿਚ ਰੂਸੀ ਕਿਤਾਬਾਂ ਦੀ ਦੁਕਾਨ 'ਪੰਜਾਬ ਬੁੱਕ ਸੈਂਟਰ' ਵੀ
ਸੀ। ਹਰ ਉੱਠਦਾ-ਉੱਭਰਦਾ ਲੇਖਕ ਬੱਸੋਂ ਉੱਤਰ ਕੇ,
ਪਹਿਲਾਂ ਸਿੱਧਾ 'ਪੰਜਾਬ ਬੁੱਕ ਸੈਂਟਰ' ਜਾਂਦਾ ਸੀ ਤੇ ਨਵੀਆਂ
ਰੂਸੀ ਕਿਤਾਬਾਂ ਖਰੀਦ ਕੇ ਕੱਛੇ ਮਾਰ, ਫਿਰ ਕੰਪਨੀ ਬਾਗ ਦੇ
ਸਾਹਮਣੇ ਵਾਲੇ ਚੁਬਾਰਿਆਂ ਵਿਚ ਬਣੇ 'ਇੰਡੀਅਨ ਕਾਫ਼ੀ
ਹਾਊਸ' ਦੀਆਂ ਪੌੜੀਆਂ ਚੜ੍ਹ ਕੁਰਸੀ 'ਤੇ ਜਾ ਬੈਠਦਾ ਸੀ।
ਜਾਂਦਿਆਂ ਨੂੰ ਦੋ ਚਾਰ ਲੇਖਕ ਜਾਂ ਪੱਤਰਕਾਰ ਪਹਿਲਾਂ ਹੀ
ਨਵੇਂ ਆਉਣ ਵਾਲੇ ਦੀ ਉਡੀਕ ਕਰ ਰਹੇ ਹੁੰਦੇ ਸਨ। ਬਹੁਤੇ
ਨਵੇਂ ਉੱਠਦੇ ਲੇਖਕ ਲਾਗਲੇ ਜ਼ਿਲ੍ਹਿਆਂ ਵਿਚ ਨਵੇਂ-ਨਵੇਂ
ਟੀਚਰ ਲੱਗੇ ਹੁੰਦੇ ਸਨ ਤੇ ਸ਼ਨਿੱਚਰਵਾਰ ਉਹ ਦੁਪਹਿਰੋਂ
ਬਾਅਦ ਕਾਫੀ ਹਾਊਸ ਪਹੁੰਚ ਜਾਂਦੇ। ਦੋ-ਚਾਰ ਘੰਟੇ ਕਾਫੀ
ਪੀ, ਚੁੰਝ ਚਰਚਾ ਲੜਾ, ਸ਼ਾਮ ਨੂੰ ਮਿਲ ਕੇ ਪੈਸੇ ਪਾ,
ਆਪਣੀ ਆਪਣੀ ਯਾਰਾਂ ਦੀ ਢਾਣੀ ਨਾਲ ਨਸ਼ਾ ਖਿੜਾ,
ਅਗਲੇ ਦਿਨ ਐਤਵਾਰ ਜਾਂ ਫਿਰ ਸੋਮਵਾਰ ਸਵੱਖਤੇ
ਆਪਣੇ-ਆਪਣੇ ਸਕੂਲਾਂ ਨੂੰ ਭੱਜ ਉਠਦੇ ਸੀ।

ਇਸੇ ਹੀ ਕਾਫ਼ੀ ਹਾਊਸ ਵਿਚ ਮੇਰੀ ਜਗਤਾਰ ਨਾਲ ਪਹਿਲੀ ਝੜਪ ਹੋਈ ਸੀ, ਜਿਸ ਦਾ ਅਸਰ ਕਈ ਦਹਾਕੇ ਤੀਕ ਚਲਦਾ ਰਿਹਾ। ਇਹ ਛੇਵੇਂ ਦਹਾਕੇ ਦੇ ਅੰਤਲੇ ਕਿਸੇ ਸਾਲ ਦੇ ਨੇੜੇ-ਤੇੜੇ ਦੀ ਗੱਲ ਸੀ। ਜਸਬੀਰ ਸਿੰਘ ਆਹਲੂਵਾਲੀਆ ਜਲੰਧਰ ਵਿਚ ਮੈਜਿਸਟਰੇਟ ਆ ਲੱਗਾ ਸੀ। ਉਸਨੇ ਪ੍ਰੀਤਮ ਸਿੰਘ ਪੀ.ਸੀ.ਐਸ. ਨਾਲ ਰਲਕੇ ਪੰਜਾਬੀ ਕਵਿਤਾ ਵਿਚ ਨਵੇਂ ਪ੍ਰਯੋਗਾਂ ਦੀ ਗੱਲ ਚਲਾ ਦਿੱਤੀ ਸੀ। ਪ੍ਰੋ. ਮੋਹਨ ਸਿੰਘ ਨੇ ਆਪਣੀ ਪੱਤ੍ਰਿਕਾ 'ਪੰਜ ਦਰਿਆ' ਡਾ. ਆਹਲੂਵਾਲੀਆ ਨੂੰ ਵੇਚ ਦਿੱਤੀ ਸੀ। ਪੰਜ-ਦਰਿਆ ਦੀ ਨਵੀਂ ਮਾਲਕੀ ਅਧੀਨ ਛਪਦੇ ਇਸ ਦੇ ਇਕ ਅੰਕ ਵਿਚ ਨਾਟਕਕਾਰ ਸੁਰਜੀਤ ਸਿੰਘ ਸੇਠੀ ਨੇ ਇਕ ਖੁੱਲ੍ਹਾ ਖ਼ਤ ਛਾਪਿਆ ਸੀ, ਜਿਸ ਵਿਚ ਮੋਹਨ ਸਿੰਘ ਤੇ ਅੰਮ੍ਰਿਤਾ ਪ੍ਰੀਤਮ ਦੇ ਸੂਖਮ ਪਿਆਰ-ਸਬੰਧਾਂ ਦਾ ਵਿਅੰਗਾਤਮਿਕ ਜ਼ਿਕਰ ਚਟਖਾਰੇ ਨਾਲ ਬਿਆਨ ਕੀਤਾ ਗਿਆ ਸੀ। ਇਸ ਚਿੱਠੀ ਦੇ ਛਪਣ ਨਾਲ ਸਾਹਿਤਕ ਹਲਕਿਆਂ ਵਿਚ ਤਿੱਖੀ ਚਰਚਾ ਛਿੜ ਪਈ ਸੀ। ਪ੍ਰੀਤਲੜੀ ਵਿਚ ਸਵਰਗੀ ਨਵਤੇਜ ਸਿੰਘ ਨੇ ਆਪਣੇ ਮਹੀਨੇਵਾਰ ਕਾਲਮ 'ਮੇਰੀ ਧਰਤੀ-ਮੇਰੇ ਲੋਕ' ਵਿਚ ਸੁਰਜੀਤ ਸਿੰਘ ਸੇਠੀ ਦੀ ਇਸ ਲਿਖਤ ਦੇ ਅੰਦਾਜ਼ ਦਾ ਨੋਟਿਸ ਲਿਆ ਸੀ।

ਕਾਫ਼ੀ ਹਾਊਸ ਵਿਚ ਉਸ ਦਿਨ ਇਕ ਮੇਜ਼ ਦੁਆਲੇ ਜਗਤਾਰ, ਮੈਂ ਤੇ ਇਕ ਦੋ ਜਣੇ ਹੋਰ ਬੈਠੇ ਹੋਏ ਸਨ। ਉਹ ਨਵਤੇਜ ਦੇ ਲਿਖੇ ਕਾਲਮ ਦੀ ਨਿੰਦਿਆ ਕਰ ਰਿਹਾ ਸੀ ਤੇ ਮੈਂ ਪ੍ਰਸ਼ੰਸਾ। ਅਚਾਨਕ ਹੀ ਉਹ ਤੈਸ਼ ਵਿਚ ਆ ਗਿਆ ਤੇ ਆਖਣ ਲੱਗਾ, "ਤੂੰ ਨਵਤੇਜ ਦਾ ਸਾਲਾ ਲੱਗਦੈਂ?" ਮੇਰੇ ਲਈ ਇਹ ਵੱਡੀ ਚੁਣੌਤੀ ਸੀ। ਮੈਂ ਆਪਣੀ ਗੁਰਗਾਬੀ ਦਾ ਇਕ ਛਿੱਤਰ ਲਾਹਿਆ ਤੇ ਮੇਜ਼ ਉੱਤੇ ਰੱਖ ਦਿੱਤਾ। "ਇੱਕ ਵਾਰ ਇਹ ਗਾਲ੍ਹ ਫਿਰ ਕੱਢ" ਮੈਂ ਆਖਿਆ। ਪਰ ਉਹ ਚੁੱਪ ਸੀ। ਦੋ-ਚਾਰ ਮਿੰਟ ਮੈਂ ਉਡੀਕਿਆ, ਛਿੱਤਰ ਫੜ ਕੇ ਪੈਰੀਂ ਪਾਇਆ ਤੇ ਉੱਥੋਂ ਉੱਠ ਕੇ ਕਾਫੀ ਹਾਊਸ ਤੋਂ ਬਾਹਰ ਨਿਕਲ ਆਇਆ।

ਉਹ ਦਿਨ ਜਾਵੇ ਤੇ ਆਹ ਦਿਨ ਆਵੇ, ਉਹ ਨਹੀਂ ਫਿਰ ਮੇਰੇ ਨਾਲ ਸਿੱਧੇ ਮੂੰਹ ਬੋਲਿਆ। ਇੰਝ ਸਾਡੇ ਵਿਰੋਧ ਦਾ ਮੁੱਢ ਬੱਝ ਗਿਆ ਤੇ ਜੋ ਦੇਰ ਤੀਕ ਚਲਦਾ ਰਿਹਾ।

ਇਨ੍ਹਾਂ ਹੀ ਦਿਨਾਂ ਵਿਚ ਆਹਲੂਵਾਲੀਏ ਦੇ ਪ੍ਰਯੋਗਵਾਦ ਦੀ ਚੰਗੀ ਚਰਚਾ ਚਲ ਪਈ ਸੀ। ਪ੍ਰਗਤੀਵਾਦੀ ਸਾਹਿਤ ਸਿਧਾਂਤਾਂ ਉੱਤੇ ਹਮਲੇ-ਦਰ-ਹਮਲੇ ਹੋਣ ਲੱਗੇ। ਵੇਖਦੇ ਹੀ ਵੇਖਦੇ ਅਜਾਇਬ ਕਮਲ, ਰਵਿੰਦਰ ਰਵੀ ਤੇ ਜਗਤਾਰ ਪ੍ਰਯੋਗਵਾਦੀ ਕਵਿਤਾਵਾਂ ਲਿਖਣ ਲੱਗੇ। ਪੰਡਿਤ ਨਹਿਰੂ ਦੇ ਅਖੌਤੀ ਸਮਾਜਵਾਦ ਦੀ ਪ੍ਰਸ਼ੰਸਾ ਹੋਣ ਲੱਗੀ ਤੇ ਪ੍ਰਗਤੀਵਾਦੀ ਲੇਖਕਾਂ/ਕਵੀਆਂ ਦੇ ਪ੍ਰਗਟਾਅ-ਢੰਗਾਂ ਨੂੰ ਰਵਾਇਤੀ ਤੇ ਸਮੇਂ ਤੋਂ ਪਛੜਿਆ ਹੋਇਆ ਕਿਹਾ ਜਾਣਾ ਆਮ ਗੱਲ ਬਣ ਗਈ ਸੀ।

ਜਗਤਾਰ ਤੇ ਰਣਧੀਰ ਸਿੰਘ ਚੰਦ ਨੇ ਵੀ ਆਪਣੀ ਧਿਰ ਦਾ ਪ੍ਰਚਾਰ ਕਰਨ ਲਈ 'ਸੁਰਤਾਲ' ਪੱਤ੍ਰਿਕਾ ਛਾਪਣੀ ਸ਼ੁਰੂ ਕੀਤੀ। ਟੀ.ਐਸ. ਈਲੀਅਟ ਦੀਆਂ ਚੋਣਵੀਂ ਵਾਰਤਕ ਲਿਖਤਾਂ ਦੇ ਹਵਾਲੇ ਦਿੱਤੇ ਜਾਣ ਲੱਗੇ। ਆਹਲੂਵਾਲੀਏ ਦੀ ਰੀਸੇ ਜਗਤਾਰ ਨੇ ਵੀ ਸੈਕਸ ਦਾ ਨਿਸ਼ੰਗ ਵਰਨਣ ਕਰਦੀਆਂ ਕਵਿਤਾਵਾਂ ਲਿਖਣੀਆਂ ਆਰੰਭ ਕਰ ਦਿੱਤੀਆਂ।

ਮੇਰੇ ਲਈ ਫਿਰ
ਖ਼ੂਬਸੂਰਤ ਕੁੜੀ ਦਾ ਨੰਗਾ ਬਦਨ
ਬੰਦ ਕਮਰੇ ਵਿਚ ਬਣ ਜਾਵੇ ਖ਼ੁਦਾ
ਜਿਸਮ ਦੀ ਲੱਜ਼ਤ, ਗੁਲਾਈਆਂ
ਨਿੱਘ ਦੀ ਗੱਲ ਛੱਡ ਕੇ
ਰੂਹ ਦੇ ਜੋ ਪਿਆਰ ਦੀ ਗੱਲ ਕਰਦਾ
ਉਹ ਨਿਪੁੰਸਕ ਹੈ, ਨਿਰਾਸ਼ਾਵਾਦੀ ਹੈ।

ਜਾਂ ਫਿਰ 'ਸੁਰਤਾਲ' ਵਿਚ ਉਸਦੀ ਇਕ ਹੋਰ ਕਵਿਤਾ ਛਪੀ, ਜਿਸ ਵਿਚ ਉਪਰਲੀ ਗੱਲ ਨੂੰ ਹੋਰ ਅੱਗੇ ਤੋਰਦੇ ਹੋਏ ਉਸ ਨੇ ਕਿਹਾ;

ਸਾਨੂੰ ਨੇਰ੍ਹ 'ਚ ਇਕ ਦੂਜੇ ਨੂੰ
ਜਾਨਣ ਦੀ ਆਦਤ ਪੈ ਗਈ
ਅੰਗ ਅੰਗਾਂ ਦੇ ਵਾਕਿਫ ਹੋ ਗਏ
ਮਗਰਮੱਛ ਵਾਂਗ ਮੈਂ ਉਸ ਨੂੰ
ਰਾਤ-ਰਾਤ ਵਿਚ
ਕਿੰਨੀ ਵਾਰ ਨਿਗਲ ਜਾਂਦਾ ਸਾਂ।
ਹੁਣ ਕੁਝ ਚਿਰ ਤੋਂ ਮੈਂ
ਪਤਨੀ ਦੇ ਪੇਟ ਵਿਚ ਹਾਂ
ਸ਼ੱਕ ਗ੍ਰਸਿਆ ਸੋਚਣ ਲਗਦਾ
ਮੈਂ ਹੀ ਉਸਦੇ ਪੇਟ 'ਚ ਹਾਂ
ਜਾਂ ਕੋਈ ਹੋਰ ਹੈ। (ਸੁਰਤਾਲ, ਜੂਨ 66)

ਮੈਂ ਤੇ ਮੇਰੇ ਵਰਗੇ ਹੋਰ ਨਵੇਂ ਉੱਠਦੇ ਕਵੀ ਇਹ ਕਵਿਤਾਵਾਂ ਪੜ੍ਹ ਕੇ ਡੂੰਘੀਆਂ ਸੋਚਾਂ ਵਿਚ ਉਲਝ ਜਾਂਦੇ ਕਿ ਇਹ ਕੈਸੇ ਨਵੇਂ ਪ੍ਰਯੋਗ ਹਨ, ਜਿਨ੍ਹਾਂ ਦੀ ਵਕਾਲਤ ਇਹ ਸਿਧਾਂਤਕਾਰ ਕਰ ਰਹੇ ਹਨ। ਖੁਦ ਮੈਂ ਵੀ ਪ੍ਰਯੋਗ ਬਾਰੇ ਨਿਰੰਤਰ ਸੋਚਦਾ ਰਹਿੰਦਾ ਸੀ।

ਨਿਰਸੰਦੇਹ ਹਰ ਸਮੇਂ ਸਾਹਿਤ ਵਿਚ ਨਵੇਂ ਤਜਰਬੇ ਤੇ ਨਵੇਂ ਪ੍ਰਯੋਗ ਹੁੰਦੇ ਰਹਿੰਦੇ ਹਨ ਤੇ ਇਨ੍ਹਾਂ ਦੀ ਲੋੜ ਵੀ ਬਣੀ ਰਹਿੰਦੀ ਹੈ। ਪਰ ਸਮਾਜਿਕ ਯਥਾਰਥ ਨੂੰ ਪ੍ਰਗਟ ਕਰਨ ਵੇਲੇ, ਲੇਖਕ ਦੀ ਪਹੁੰਚ ਤੇ ਵਤੀਰਾ ਕੀ ਹੋਣਾ ਚਾਹੀਦਾ ਹੈ? ਇੱਕ ਪ੍ਰਗਤੀਵਾਦੀ ਲੇਖਕ ਇਸ ਸਥਿਤੀ ਵਿਚ ਕੀ ਕਰੇ? ਇਨ੍ਹਾਂ ਹੀ ਸਮੱਸਿਆਵਾਂ ਨੂੰ ਸਾਂਝੇ ਤੌਰ 'ਤੇ ਨਜਿੱਠਣ ਲਈ 1965 ਵਿਚ ਤ੍ਰੈ-ਮਾਸਿਕ 'ਸਿਰਜਣਾ' ਦੀ ਸਾਡੇ ਮਿੱਤਰਾਂ ਵਲੋਂ ਪ੍ਰਕਾਸ਼ਨਾ ਆਰੰਭ ਹੋਈ।

ਪਰ ਡਾ. ਜਗਤਾਰ ਲਈ ਨਵੇਂ ਪ੍ਰਯੋਗ ਸ਼ੁਰੂ ਕਰਨ ਵੇਲੇ, ਮੇਰੇ ਵਰਗੀ ਕੋਈ ਦੁਬਿਧਾ ਸ਼ਾਇਦ ਨਹੀਂ ਸੀ। ਇਹ ਗੱਲ ਵੀ ਨਹੀਂ ਕਿ ਉਸ ਦੇ ਸਾਰੇ ਹੀ ਕਾਵਿ-ਪ੍ਰਯੋਗ ਸਾਰਥਕ ਨਹੀਂ ਸਨ। ਐਪਰ ਮੈਂ ਅਨੁਭਵ ਕਰਦਾ ਸੀ ਕਿ ਇਹ ਕਾਵਿ-ਪ੍ਰਯੋਗ ਆਮ ਪਾਠਕ ਲਈ ਕੋਈ ਅਰਥ ਨਹੀਂ ਸੀ ਰੱਖਦੇ ਤੇ ਇਸ ਨਾਲ ਸਗੋਂ ਸਾਧਾਰਨ ਪਾਠਕ ਕਵਿਤਾ ਨਾਲੋਂ ਟੁੱਟਦਾ ਗਿਆ ਸੀ। ਪਰ ਮੈਂ ਖੁਦ ਨਵੇਂ ਪ੍ਰਯੋਗਾਂ ਦੇ ਰਾਹ ਤਲਾਸ਼ ਕਰਨ ਵੇਲੇ ਬੜੀ ਦੁਬਿਧਾ ਵਿਚ ਸੀ। ਮੇਰੀ ਇਹ ਦੁਬਿਧਾ, ਅਚਾਨਕ ਹੀ ਉਸ ਵੇਲੇ ਖ਼ਤਮ ਹੋਈ, ਜਦੋਂ ਸੰਪਾਦਕ ਪ੍ਰੀਤਲੜੀ ਸ. ਨਵਤੇਜ ਸਿੰਘ ਦੇ ਦੱਸਣ ਉੱਤੇ ਮੈਨੂੰ ਕਾਫ਼ੀ ਹਾਊਸ ਜਲੰਧਰ ਵਿਚ ਬੈਠੇ ਨੂੰ ਅਰਨੈਸਟ ਫਿਸ਼ਰ ਦੀ ਕਿਤਾਬ ਦਿ ਨੇਸੈਸਟੀ ਆਫ ਆਰਟ ਦੀ ਦੱਸ ਪਈ ਤੇ ਮੈਂ ਇਹ ਕਿਤਾਬ ਤੁਰੰਤ ਹੀ ਖਰੀਦਣ ਲਈ, ਮਾਈ ਹੀਰਾਂ ਗੇਟ ਨੂੰ ਭੱਜ ਉਠਿਆ। ਮੇਰੇ ਲਈ ਇਹ ਕਿਤਾਬ ਕਾਵਿ-ਪ੍ਰਯੋਗਾਂ ਬਾਰੇ ਕਪਾਟ ਖੋਲ੍ਹਣ ਵਾਲੀ ਸਾਬਤ ਹੋਈ।

ਉਸ ਵਿਚ ਲਿਖਿਆ ਸੀ, "ਇਹ ਸਪੱਸ਼ਟ ਹੈ ਕਿ ਉਸ ਸਮੇਂ ਖੋਟੇ (ਸਪੱਰੀਅਸ) ਪ੍ਰਯੋਗਾਂ ਦਾ ਵਿਰੋਧ ਕੀਤਾ ਜਾਣਾ ਚਾਹੀਦਾ ਹੈ, ਜਦੋਂ ਕਿ ਸਭ ਤੋਂ ਮਹੱਤਵਪੂਰਨ ਗੱਲ ਇਹ ਹੁੰਦੀ ਹੈ ਕਿ ਮਨੁੱਖਤਾ ਨੂੰ ਉਹ ਘੱਟਾ ਆਪਣੀਆਂ ਅੱਖਾਂ ਵਿਚੋਂ ਮਲ ਕੇ ਬਾਹਰ ਕੱਢਣ ਦੀ ਲੋੜ ਹੈ, ਜਿਹੜਾ ਉਸ ਦੀਆਂ ਅੱਖਾਂ ਵਿਚ ਪਾਇਆ ਜਾ ਰਿਹਾ ਹੈ। ਇਹ ਵੀ ਬਰਾਬਰ ਦਾ ਸੱਚ ਹੈ ਕਿ ਅਸੀਂ ਬੀਤੇ ਦੀਆਂ ਗੱਲਾਂ ਵਲ ਨਹੀਂ ਪਰਤ ਸਕਦੇ। ਸਾਨੂੰ ਸੱਚੇ ਪ੍ਰਯੋਗ ਵਲ ਵਧਣਾ ਚਾਹੀਦਾ ਹੈ। ਸਾਡੇ ਆਲੇ-ਦੁਆਲੇ ਕਿੰਨੀਆਂ ਵੱਡੀਆਂ ਖੋਜਾਂ ਹੋ ਰਹੀਆਂ ਹਨ, ਪੁਰਾਣੇ ਸਾਧਨਾਂ ਨਾਲ ਕਲਾਕਾਰ ਇਨ੍ਹਾਂ ਨੂੰ ਕਿਵੇਂ ਪੇਸ਼ ਕਰ ਸਕਦੇ ਹਨ। (ਪੰਨਾ 113-114)

ਇਸ ਪੁਸਤਕ ਦੇ ਅਧਿਐਨ ਨਾਲ ਮੇਰੇ ਕਾਵਿ-ਪ੍ਰਯੋਗਾਂ ਬਾਰੇ ਸਾਰੇ ਸ਼ੰਕੇ ਨਵਿਰਤ ਹੋ ਗਏ ਸਨ। ਸਿੱਟੇ ਵਜੋਂ ਮੈਂ 1965 ਵਿਚ ਛਪੇ ਆਪਣੇ ਪਹਿਲੇ ਕਾਵਿ-ਸੰਗ੍ਰਹਿ 'ਮਾਰਗ' ਦੇ ਅੰਤਲੇ ਪੰਨਿਆਂ ਵਿਚ ਤਿੰਨ-ਚਾਰ ਅਜਿਹੀਆਂ ਕਵਿਤਾਵਾਂ ਛਾਪੀਆਂ, ਜੋ ਮੇਰੇ ਲਈ ਨਵੇਂ ਕਾਵਿ ਤਜਰਬਿਆਂ ਦੀਆਂ ਲਖਾਇਕ ਸਨ।

ਤਿੰਨ ਕਵਿਤਾਵਾਂ ਲਿਖ ਕੇ ਗੋਰੀ ਘਰ ਮੁੜਿਆ ਹਾਂ
ਇਕ ਕਵਿਤਾ ਹੈ ਮੇਰੇ ਪਿੰਡ ਦੇ ਸੋਹਣ ਸਿੰਘ ਦੀ
ਜਿਸ ਨੂੰ ਵਿਰਸੇ ਵਿਚੋਂ ਗੋਰੀ
ਇਕ ਫਿਕਰਾਂ ਦੀ ਪੰਡ ਮਿਲੀ ਹੈ
ਏਸ ਪੰਡ ਵਿਚ ਬੱਝਾ ਹੋਇਆ
ਕੁਝ ਕਰਜ਼ਾ ਹੈ। (1962)

ਕਵਿਤਾ ਵਿਚ ਨਵੇਂ ਪ੍ਰਯੋਗ ਕਰਨ ਦੀ ਗੱਲ ਸਪੱਸ਼ਟ ਹੋਈ ਤਾਂ ਹੋਰ ਨਵੇਂ ਮਸਲੇ ਉੱਠ ਖੜੇ ਹੋਏ। 1962 ਵਿਚ ਭਾਰਤ-ਚੀਨ ਸਰਹੱਦੀ ਝੜਪਾਂ ਨੇ ਭਾਰਤ ਭਰ ਦੇ ਸਭ ਭਾਂਤ ਦੇ ਲੇਖਕਾਂ ਨੂੰ ਫਿਰ ਇਕ ਨਵੀਂ ਦੁਬਿਧਾ ਵਿਚ ਪਾ ਦਿੱਤਾ। ਉਦੋਂ ਤੀਕ ਅਜੇ ਨੈਵਲ ਮੈਕਸਵੈੱਲ ਦੀ ਕਿਤਾਬ, 'ਭਾਰਤ ਦੀ ਚੀਨ-ਜੰਗ' ਛਪ ਕੇ ਨਹੀਂ ਸੀ ਆਈ। ਸਾਰੇ ਦੇਸ਼ ਵਿਚ ਚੀਨ ਵਿਰੋਧੀ ਪ੍ਰਚਾਰ ਜ਼ੋਰਾਂ ਉੱਤੇ ਹੋ ਰਿਹਾ ਸੀ। ਅਲੀ ਸਰਦਾਰ ਜਾਫ਼ਰੀ ਵਰਗੇ ਉਰਦੂ ਦੇ ਪ੍ਰਮੁੱਖ ਕਵੀਆਂ ਨੇ ਚੀਨੀ ਇਨਕਲਾਬ ਦੀ ਜਿੱਤ ਉੱਤੇ ਲਿਖੀਆਂ ਆਪਣੀਆਂ ਪ੍ਰਸ਼ੰਸਾਮਈ ਕਵਿਤਾਵਾਂ ਨੂੰ ਨਸ਼ਟ ਕਰਨ ਦਾ ਐਲਾਨ ਕਰ ਦਿੱਤਾ। ਪੰਜਾਬੀ ਕਵੀਆਂ ਲਈ ਫਿਰ ਇਕ ਨਵੀਂ ਚੁਣੌਤੀ ਪੇਸ਼ ਸੀ। ਇਹ ਚੁਣੌਤੀ ਗੰਭੀਰ ਤੇ ਗੁੰਝਲਦਾਰ ਵੀ ਸੀ। ਭਾਰਤ ਤੇ ਚੀਨ ਦੋਵੇਂ ਦੇਸ਼ ਨਵੇਂ-ਨਵੇਂ ਆਜ਼ਾਦ ਹੋਏ ਸਨ। ਉਨ੍ਹਾਂ ਦੀਆਂ ਸਰਹੱਦਾਂ ਦੀ ਸਹੀ ਨਿਸ਼ਾਨਦੇਹੀ ਕਦੇ ਨਹੀਂ ਹੋਈ ਸੀ। ਅੰਗਰੇਜ਼ ਸਾਮਰਾਜ ਨੇ ਇਸ ਨਿਸ਼ਾਨਦੇਹੀ ਨੂੰ ਆਪਣੇ ਹਿਤਾਂ ਲਈ ਹੋਰ ਵਧੇਰੇ ਉਲਝਾ ਦਿੱਤਾ ਸੀ।

ਮੈਂ ਉਨ੍ਹਾਂ ਦਿਨਾਂ ਵਿਚ ਲੱਕ ਦੀ ਡਿਸਕ ਦੇ ਹਿੱਲ ਜਾਣ ਕਰਕੇ ਜਲੰਧਰ ਦੇ ਸਿਵਲ ਹਸਪਤਾਲ ਵਿਚ ਦਾਖਲ ਸੀ, ਜਿੱਥੇ ਸ਼ਾਮ ਨੂੰ ਮੇਰੇ ਰਾਜਸੀ ਤੇ ਸਾਹਿਤਕ ਮਿੱਤਰ ਕਾਮਰੇਡ ਸੁਹੇਲ ਤੇ ਡਾ. ਰਘਬੀਰ ਸਿੰਘ ਮਿਲਣ-ਗਿਲਣ ਆਉਂਦੇ ਤੇ ਭਾਰਤ-ਚੀਨ ਸਰਹੱਦੀ ਘਟਨਾਵਾਂ ਦੀ ਚਰਚਾ ਕਰਦੇ ਹੁੰਦੇ ਸਨ। ਇਸ ਕਾਰਨ ਮੈਂ ਕਾਫੀ ਹੱਦ ਤੀਕ ਉਸ ਦੁਬਿਧਾ ਤੋਂ ਬਚਿਆ ਰਿਹਾ, ਜਿਸ ਦਾ ਕਿ ਹੋਰ ਕਵੀਆਂ ਸਮੇਤ ਜਗਤਾਰ ਵੀ ਸ਼ਿਕਾਰ ਹੋ ਰਿਹਾ ਸੀ। ਹਸਪਤਾਲੋਂ ਛੁੱਟੀ ਮਿਲਣ ਉੱਤੇ ਮੈਂ ਆਪਣੇ ਪਿੰਡ ਆ ਗਿਆ, ਪਰ ਸਰਹੱਦੀ ਘਟਨਾਵਾਂ ਮੇਰੀਆਂ ਸੋਚਾਂ ਉੱਤੇ ਛਾਈਆਂ ਰਹਿੰਦੀਆਂ। ਮੈਂ ਉਹਨੀਂ ਦਿਨੀਂ ਚੰਗੇਜ਼ ਐਤਮਾਤੋਵ ਦਾ ਇਕ ਨਾਵਲ ਪੜ੍ਹ ਰਿਹਾ ਸੀ, ਜਿਸ ਵਿਚ ਇਕ ਪਰਿਵਾਰ ਦਾ ਪਿਤਾ ਤੇ ਤਿੰਨ ਪੁੱਤਰ ਦੂਸਰੀ ਸੰਸਾਰ ਜੰਗ ਵਿਚ ਮਾਰੇ ਗਏ ਸਨ। ਮੈਂ ਇਸੇ ਨਾਵਲ ਦੀ ਪ੍ਰੇਰਨਾ ਦੇ ਤਹਿਤ ਭਾਰਤ-ਚੀਨ ਸਰਹੱਦੀ ਝੜਪਾਂ ਬਾਰੇ ਇਕ ਕਵਿਤਾ ਲਿਖੀ ਜੋ ਇਸ ਪ੍ਰਕਾਰ ਸੀ;

ਦੱਸੋ, ਦੱਸੋ
ਮੇਰੇ ਪਿੰਡ ਦੇ ਬੀਬੇ ਲੋਕੋ, ਮੈਨੂੰ ਦੱਸੋ?
ਜਿਸ ਬਰਫੀਲੀ ਤੇ ਪਥਰੀਲੀ ਧਰਤੀ ਖ਼ਾਤਰ
ਮੇਰਾ ਪਤੀ ਤੇ ਤਿੰਨੇ ਪੁੱਤਰ ਮਾਰੇ ਗਏ ਨੇ
ਉਸ ਧਰਤੀ ਦੇ ਟੋਟੇ ਨਾਲੋਂ
ਮੇਰੇ ਦਿਲ ਦੇ ਟੋਟੇ ਕੀ ਏਨੇ ਹੀ ਸਸਤੇ ਸੀ?
ਕੀ ਮੈਂ ਤਿੰਨੇ ਪੁੱਤਰ ਇਸ ਮਿੱਟੀ ਦਾ
ਮੁੱਲ ਤਾਰਨ ਲਈ ਹੀ ਪਾਲੇ ਸੀ? (1963)

ਪਰ ਜਗਤਾਰ ਦਾ ਇਸ ਜੰਗ ਬਾਰੇ ਵਤੀਰਾ ਕੁਝ ਵੱਖਰਾ ਸੀ। ਸੰਭਵ ਹੈ ਤੇਜ਼ੀ ਨਾਲ ਵਾਪਰਦੀਆਂ ਘਟਨਾਵਾਂ ਨੇ ਉਸ ਲਈ ਕੋਈ ਮੁਸ਼ਕਿਲ ਖੜ੍ਹੀ ਕਰ ਦਿੱਤੀ ਹੋਵੇ। ਚੀਨ ਬਾਰੇ ਉਸਦੀ ਹੇਠ ਲਿਖੀ ਕਵਿਤਾ, ਈਸ਼ਰ ਸਿੰਘ ਅਟਾਰੀ ਵਲੋਂ ਸੰਪਾਦਤ ਪੁਸਤਕ 'ਰਾਸ਼ਟਰ-ਨਾਦ' ਵਿਚੋਂ ਲਈ ਗਈ ਹੈ। ਇਹ ਕਵਿਤਾ ਡਾ. ਜਗਤਾਰ ਨੇ ਬਾਅਦ ਵਿਚ ਆਪਣੇ ਕਿਸੇ ਕਾਵਿ-ਸੰਗ੍ਰਹਿ ਵਿਚ ਸ਼ਾਮਿਲ ਨਹੀਂ ਕੀਤੀ। ਸੰਭਵ ਹੈ, ਵਕਤ ਬੀਤਣ ਨਾਲ ਇਹ ਕਵਿਤਾ ਉਸਨੂੰ ਵੀ ਗ਼ਲਤ ਪ੍ਰਤੀਤ ਹੁੰਦੀ ਹੋਵੇ;

ਮਿੱਤਰਤਾ ਦੇ ਫੁੱਲਾਂ ਨੂੰ ਕੁਚਲਣ ਤੋਂ ਪਹਿਲਾਂ
ਮੰਦਰ ਦੇ ਵਿਚ ਜਾ ਕੇ
ਗੌਤਮ ਦੇ ਬੁੱਤ ਸਾਵ੍ਹੇਂ
ਫੁੱਲਾਂ ਦੀ ਥਾਂ ਰਾਈਫਲ ਧਰ ਕੇ
ਜਿੱਤਾਂ ਜਿੱਤਣ, ਵੈਰੀ ਮਾਰਨ
ਦੀ ਅਰਦਾਸ ਪਿਆ ਕਰਦਾ ਹੈ
ਅਮਨ ਦਾ ਰਾਖਾ
ਚੀਨ ਦਾ ਇੱਕ ਸਿਪਾਹੀ
(ਰਾਸ਼ਟਰ ਨਾਦ, ਪੰਨਾ 67, 1962-63)

ਸੰਵੇਦਨਸ਼ੀਲ ਲੇਖਕਾਂ ਲਈ ਸਿਰਜਨਾਤਮਿਕ ਚੁਣੌਤੀਆਂ ਤਾਂ ਹਰ ਪੜਾਅ ਉੱਤੇ ਹਾਜ਼ਰ ਹੁੰਦੀਆਂ ਹਨ। ਪ੍ਰਯੋਗਵਾਦ ਤੇ ਹਿੰਦ-ਚੀਨ ਸਰਹੱਦੀ ਝਗੜੇ ਦੀ ਧੂੜ ਹਾਲੀਂ ਬੈਠੀ ਨਹੀਂ ਸੀ ਕਿ ਨਕਸਲਬਾੜੀ ਕਿਸਾਨੀ ਅੰਦੋਲਨ ਦੇ ਚਰਚੇ ਹੋਣ ਲੱਗੇ। ਪੰਜਾਬ ਉੱਤੇ ਵੀ ਇਸ ਦਾ ਬੜਾ ਅਸਰ ਪਿਆ। ਸਿਆਸੀ ਕਤਲਾਂ ਦੀ ਲਹਿਰ ਤਾਂ ਭਾਵੇਂ ਛੇਤੀ ਹੀ ਕਮਜ਼ੋਰ ਪੈ ਗਈ, ਪਰ ਪੰਜਾਬੀ ਕਵੀਆਂ, ਖਾਸ ਤੌਰ ਤੇ ਨਵੇਂ ਲੇਖਕਾਂ 'ਤੇ ਇਸ ਦਾ ਡੂੰਘਾ ਤੇ ਚਿਰ-ਸਥਾਈ ਅਸਰ ਪਿਆ। ਨਵੇਂ ਕਵੀਆਂ ਦੀ ਇਕ ਢਾਣੀ ਉੱਭਰ ਕੇ ਸਾਹਮਣੇ ਆਈ। ਇਸ ਢਾਣੀ ਵਿਚ ਜਗਤਾਰ ਸਭ ਤੋਂ ਵੱਡਾ ਤੇ ਪ੍ਰਭਾਵਸ਼ਾਲੀ ਕਵੀ ਸੀ, ਜਿਸ ਨੇ ਕ੍ਰਾਂਤੀਕਾਰੀ ਰੰਗ ਵਿਚ ਚਿਰ-ਸਥਾਈ ਤੇ ਪ੍ਰਭਾਵਸ਼ਾਲੀ ਕਵਿਤਾਵਾਂ ਲਿਖ ਕੇ ਆਪਣੀ ਪੈਂਠ ਜਮਾਈ।

"ਲਹੂ ਦੇ ਨਕਸ਼" (1973) ਦੇ ਛਪਣ ਨਾਲ ਜਗਤਾਰ ਦੀ ਸ਼ਾਇਰੀ ਦਾ ਇਕ ਨਵਾਂ ਰੰਗ ਉਜਾਗਰ ਹੁੰਦਾ ਹੈ। ਭਾਵੇਂ 'ਦੁੱਧ-ਪੱਥਰੀ' ਦੀ ਪ੍ਰਕਾਸ਼ਨਾ ਨਾਲ ਜਗਤਾਰ ਦੀ ਕਵਿਤਾ ਇਕ ਨਵਾਂ ਕਾਵਿ-ਮੁਹਾਵਰਾ ਸਿਰਜਦੀ ਵਿਖਾਈ ਦਿੰਦੀ ਹੈ, ਪਰ ਇਸ ਕਵਿਤਾ ਵਿਚ ਕ੍ਰਾਂਤੀਕਾਰੀ ਰੰਗਤ, ਨਕਸਲਬਾੜੀ ਕਿਸਾਨ-ਅੰਦੋਲਨ ਕਾਰਨ ਹੀ ਆਈ ਸੀ;

ਤੇ ਫਿਰ ਇਕ ਰਾਤ
ਮੈਂ ਉਨ੍ਹਾਂ 'ਚ ਸ਼ਾਮਿਲ ਹੋ ਗਿਆ
ਜਿਨ੍ਹਾਂ ਖੇਤਾਂ ਦੀ ਮਿੱਟੀ ਚੁੰਮ ਕੇ ਤੇ
ਕਸਮ ਸੀ ਖਾਧੀ
ਇਹ ਸਭ ਕੁਝ ਰਹਿਣ ਨਹੀਂ ਦੇਣਾ
ਇਹ ਸਭ ਕੁਝ ਹੋਣ ਨਹੀਂ ਦੇਣਾ। (ਲਹੂ ਦੇ ਨਕਸ਼)
ਅਤੇ
ਮੈਂ ਉਨ੍ਹਾਂ ਵਿਚ ਸ਼ਾਮਿਲ ਹਾਂ
ਜਿਨ੍ਹਾਂ ਨੇ ਹੋਣੀਆਂ ਦੇ ਅਰਥ ਬਦਲੇ ਨੇ
ਤੇ ਬੁਝ ਰਹੀ ਜ਼ਿੰਦਗੀ ਵਿਚ
ਫੇਰ ਨੇ ਚੰਗਿਆੜੀਆਂ ਧਰੀਆਂ।

ਇਸ ਪੜਾਅ ਉੱਤੇ ਆ ਕੇ ਮੇਰੇ ਤੇ ਉਸਦੇ ਖੇਤਰ ਵਿਚ ਬੁਨਿਆਦੀ ਵਿਚਾਰਧਾਰਕ ਰਾਜਸੀ ਵਖਰੇਵੇਂ ਉੱਭਰ ਕੇ ਸਾਹਮਣੇ ਆ ਗਏ। ਪਹਿਲਾਂ ਸਾਡੇ ਵਿਰੋਧ ਵਧੇਰੇ ਕਰਕੇ ਨਿੱਜੀ ਭਾਂਤ ਦੇ ਸਨ। ਮੈਂ ਸੀ.ਪੀ.ਆਈ. (ਐਮ.) ਦਾ ਸਮਰਥਕ ਸੀ ਤੇ ਉਹ ਨਕਸਲਬਾੜੀ ਵਿਚਾਰਧਾਰਾ ਦਾ। ਮੈਨੂੰ ਨਹੀਂ ਪਤਾ ਕਿ ਉਹ ਐਮ.ਐਲ. ਦੇ ਕਿਹੜੇ ਗਰੁੱਪ ਨਾਲ ਸੀ। ਹੈ ਵੀ ਸੀ ਜਾਂ ਸਿਰਫ ਭਾਵਕ ਹਮਦਰਦੀ ਹੀ ਸੀ। ਪਰ ਉਹ ਹਥਿਆਰਬੰਦ ਕ੍ਰਾਂਤੀ ਦਾ ਹਾਮੀ ਸੀ ਤੇ ਮੈਂ ਜਨਤਕ ਸੰਘਰਸ਼ ਦਾ।

ਫਿਰ ਪਤਾ ਲੱਗਾ ਕਿ ਉਸਨੇ ਆਪਣੀ ਸੁਰੱਖਿਆ ਲਈ ਸਰਕਾਰੀ ਤੌਰ 'ਤੇ ਰਿਵਾਲਵਰ ਦਾ ਲਾਇਸੈਂਸ ਲੈ ਲਿਆ ਸੀ। ਮੈਨੂੰ ਇਹ ਸੁਣਕੇ ਹੈਰਾਨੀ ਹੋਈ। ਇਸ ਬਾਰੇ ਮੈਂ ਗ਼ਜ਼ਲ ਦੇ ਕੁਝ ਸ਼ਿਅਰ ਵਿਅੰਗਾਤਮਕ ਸੁਰ ਵਿਚ ਲਿਖੇ, ਜੋ ਸੰਤ-ਸੰਧੂ ਮੇਰੇ ਪਿੰਡੋਂ ਆ ਕੇ ਲੈ ਗਿਆ ਤੇ ਆਪਣੇ ਪਰਚੇ ਵਿਚ ਛਾਪ ਦਿੱਤੇ। ਇਕ ਸ਼ੇਅਰ ਇੰਝ ਸੀ;

ਅੱਜ ਵਿਚਾਰਾ ਡਰਦਾ ਮਾਰਾ, ਪਿਸਟਲ ਪਾਈ ਫਿਰਦਾ ਹੈ,
ਕੱਲ੍ਹ ਜਿਹੜਾ ਸੀ ਹੋਕਾ ਦਿੰਦਾ, ਹਥਿਆਰਾਂ ਦੀ ਵਾਰੀ ਦਾ।

ਕੁਝ ਸਾਲਾਂ ਪਿੱਛੋਂ ਡਾ. ਜਗਤਾਰ ਐਮ.ਏ. ਪੰਜਾਬੀ ਕਰਕੇ ਸਰਕਾਰੀ ਕਾਲਜ ਹੁਸ਼ਿਆਰਪੁਰ ਵਿਚ ਲੈਕਚਰਾਰ ਲੱਗ ਗਿਆ। ਉੱਥੇ ਸਾਡੇ ਸਟੇਟ ਪੱਧਰ ਦੇ ਟੀਚਰ ਆਗੂ ਸ੍ਰੀ ਹਰਕੰਵਲ ਸਿੰਘ ਰਹਿੰਦੇ ਸਨ। ਦੋਹਾਂ ਦਾ ਆਪੋ ਵਿਚ ਕਾਫੀ ਮੇਲ ਮਿਲਾਪ ਹੋ ਗਿਆ ਤੇ ਉਹ ਡਾਕਟਰ ਦੀ ਕਵਿਤਾ ਦੇ ਵੱਡੇ ਪ੍ਰਸ਼ੰਸਕ ਬਣ ਗਏ। ਮੈਨੂੰ ਉਹ ਅਕਸਰ ਹੀ ਟੀਚਰ ਮਸਲਿਆਂ ਬਾਰੇ ਮਿਲਦੇ ਰਹਿੰਦੇ ਸਨ। ਇਕ ਵਾਰ ਮਿਲਣ ਉੱਤੇ ਆਖਣ ਲੱਗੇ, "ਤੁਸੀਂ ਅਕਸਰ ਆਪਸ ਵਿਚ ਟਕਰਾਉਂਦੇ ਹੋ। ਆਖ਼ਰ ਇਸ ਦਾ ਕਾਰਨ ਕੀ ਹੈ? ਡਾਕਟਰ ਜਗਤਾਰ ਉੱਚ-ਪਾਏ ਦਾ ਕਵੀ ਹੈ ਤੇ ਤੇਰਾ ਵੀ ਆਪਣਾ ਮੁਕਾਮ ਹੈ। ਚੰਗਾ ਹੈ, ਤੁਸੀਂ ਇੰਝ ਪਬਲਿਕ ਤੌਰ 'ਤੇ ਟਕਰਾਉਣਾ ਛੱਡ ਕੇ, ਇਕ ਦੂਜੇ ਦੀ ਹੋਂਦ ਹਸਤੀ ਨੂੰ ਪ੍ਰਵਾਨ ਕਰ ਲਵੋ।"

ਮੈਂ ਉਨ੍ਹਾਂ ਨੂੰ ਆਪਣਾ ਪੱਖ ਦੱਸਿਆ। ਆਖਣ ਲੱਗੇ, "ਤੂੰ ਕਮਿਊਨਿਸਟ ਟੀਚਰ ਆਗੂ ਹੈਂ ਤੇ ਕਿਸੇ ਅਨੁਸ਼ਾਸਨ ਦਾ ਪਾਬੰਦ ਹੈਂ। ਉਹ ਪ੍ਰਗਤੀਵਾਦੀ-ਜਨਵਾਦੀ ਕਵੀ ਹੈ। ਤੁਹਾਡਾ

ਮਾਰਗ ਇਕੋ ਹੈ, ਸਿਰਫ ਸੁਭਾਅ ਟਕਰਾਉਂਦੇ ਹਨ। ਇਸ ਕਾਰਨ ਤੇਰੀ ਜ਼ਿੰਮੇਵਾਰੀ ਉਸ ਨਾਲੋਂ ਕੁਝ ਵਧੇਰੇ ਹੈ।''

ਇਸ ਤੋਂ ਬਾਅਦ ਮੈਂ ਉਸ ਪ੍ਰਤੀ ਆਪਣੀ ਈਰਖਾ ਤੇ ਤਲਖ਼ੀ ਪ੍ਰਗਟ ਕਰਨੀ ਬੰਦ ਕਰ ਦਿੱਤੀ। ਪਰ ਉਸ ਨੂੰ ਮੇਰੇ ਇਸ ਫੈਸਲੇ ਦਾ ਪਤਾ ਨਹੀਂ ਸੀ। ਮੇਰੇ ਪ੍ਰਤੀ ਉਸਦਾ ਵਿਹਾਰ ਪਹਿਲਾਂ ਵਾਲਾ ਹੀ ਰਿਹਾ। ਅਸਲ ਵਿਚ ਉਹ ਕਿਸੇ ਦੂਸਰੇ ਸਥਾਪਤ ਕਵੀ ਨੂੰ ਬਰਦਾਸ਼ਤ ਹੀ ਨਹੀਂ ਸੀ ਕਰਦਾ ਹੁੰਦਾ।

ਉਸ ਦੀ ਹਾਲਤ ਹੇਠ ਲਿਖੇ ਉਰਦੂ ਦੇ ਸ਼ਿਅਰ ਵਾਲੀ ਬਣੀ ਹੋਈ ਸੀ;

'ਜਿਨ੍ਹੇਂ ਖ਼ੁਦ ਅਪਨੇ ਸਿਵਾ ਕੁਛ ਨਜ਼ਰ ਨਹੀਂ ਆਤਾ,
ਮੇਰੀ ਨਿਗ੍ਹਾ ਮੇਂ ਐਸੇ ਭੀ ਦੀਦਾਵਰ ਹੈਂ ਬਹੁਤ।'

ਉਹ ਆਪਣੇ ਤੋਂ ਛੋਟੇ ਲੇਖਕਾਂ ਵਿਚ ਵਿਚਰ ਕੇ ਖ਼ੁਸ਼ ਰਹਿੰਦਾ ਸੀ। ਮੈਂ ਇਕ ਵਾਰ ਡਾ. ਰਘਵੀਰ ਸਿੰਘ ਸਿਰਜਣਾ ਨਾਲ ਉਸ ਬਾਰੇ ਗੱਲ ਕੀਤੀ। ਰਘਬੀਰ ਆਖਣ ਲੱਗਾ, ''ਜਗਤਾਰ ਵੱਡਾ ਕਵੀ ਹੈ, ਪਰ ਜਦੋਂ ਮਿਲੀਏ ਤਾਂ ਬੰਦਾ ਬੜਾ ਛੋਟਾ ਪ੍ਰਤੀਤ ਹੁੰਦਾ ਹੈ।'' ਫਿਰ ਕਹਿਣ ਲੱਗਾ, 'ਮੈਂ ਵੀ ਇਸ ਗੱਲ ਦਾ ਠੀਕ ਨਿਰਣਾ ਨਹੀਂ ਕਰ ਸਕਦਾ ਕਿ ਛੋਟਾ ਮਨੁੱਖ, ਵੱਡਾ ਕਵੀ ਕਿਵੇਂ ਬਣ ਜਾਂਦਾ ਹੈ? ਤੂੰ ਇਹ ਸਵਾਲ ਕਿਸੇ ਮਨੋਵਿਗਿਆਨੀ ਨੂੰ ਪੁੱਛੀਂ। ਮੈਂ ਇਸ ਦਾ ਕੋਈ ਠੀਕ ਹੱਲ ਨਹੀਂ ਦੱਸ ਸਕਦਾ।''

ਸਿਰਜਣਾ ਕੇਂਦਰ ਕਪੂਰਥਲਾ ਵਲੋਂ ਹਰਪ੍ਰੀਤ ਕੌਰ ਦੇ ਨਵੇਂ ਨਾਵਲ ਉਤੇ ਗੋਸ਼ਟੀ ਸੀ। ਉਹ ਮੇਜਰ ਮਹਿੰਦਰ ਸਿੰਘ ਦੀ ਪਤਨੀ ਹੈ, ਜੋ ਭੰਡਾਲ ਬੇਟ ਵਿਖ ਮਿਡਲ ਸਕੂਲ ਵਿਚ ਮੇਰਾ ਵਿਦਿਆਰਥੀ ਹੁੰਦਾ ਸੀ। ਮੈਂ ਭਾਵੇਂ ਨਾਵਲ ਬਾਰੇ ਕਦੇ ਕੋਈ ਟਿੱਪਣੀ ਨਹੀਂ ਕੀਤੀ, ਪਰ ਮਹਿੰਦਰ ਸਿੰਘ ਨੇ ਨਾਵਲ ਦਿੰਦਿਆਂ ਪੱਕੀ ਕੀਤੀ ਸੀ ਕਿ ਤੁਸੀਂ ਇਸ ਬਾਰੇ ਗੋਸ਼ਟੀ ਵਿਚ ਬੋਲਣਾ ਹੈ। ਮੈਂ ਨਾਵਲ ਗਹੁ ਨਾਲ ਪੜ੍ਹਿਆ ਤੇ ਗੋਸ਼ਟੀ ਵਿਚ ਸ਼ਾਮਲ ਹੋਣ ਲਈ ਕਪੂਰਥਲੇ ਗਿਆ। ਡਾ. ਜਗਤਾਰ ਪ੍ਰਧਾਨਗੀ ਮੰਡਲ ਵਿਚ ਬੈਠਾ ਸੀ ਤੇ ਮੈਂ ਆਖ਼ਰੀ ਕਤਾਰ ਵਿਚ ਬਹੁਤ ਪਿੱਛੇ। ਮੇਰੇ ਬੋਲਦਿਆਂ ਡਾਕਟਰ ਨੇ ਮੈਨੂੰ ਆਦਤ ਅਨੁਸਾਰ ਦੋ-ਤਿੰਨ ਵਾਰ ਟੋਕਿਆ। ਸਰੋਤਿਆਂ ਨੇ ਇਤਰਾਜ਼ ਕੀਤਾ ਤੇ ਡਾਕਟਰ ਬੜੀ ਮੁਸ਼ਕਿਲ ਨਾਲ ਚੁੱਪ ਕੀਤਾ।

ਗੋਸ਼ਟੀ ਦੀ ਸਮਾਪਤੀ ਤੋਂ ਬਾਅਦ ਮਹਿੰਦਰ ਸਿੰਘ ਨੇ ਮੈਨੂੰ ਹੋਰਨਾਂ ਦੇ ਨਾਲ ਆਪਣੇ ਘਰ ਰੋਟੀ ਲਈ ਵੀ ਸੱਦਿਆ। ਉਸ ਦੇ ਘਰ ਪਹੁੰਚਣ ਉਤੇ ਮੈਂ ਵੇਖਿਆ ਕਿ ਡਾਕਟਰ ਸ਼ਰਾਬ ਪੀ ਰਿਹਾ ਸੀ। ਮੈਂ ਸੋਚਿਆ, ਹੁਣ ਫਿਰ ਝਗੜਾ ਕਰੇਗਾ। ਉਸ ਉਤੇ ਮੇਰੇ ਪਹੁੰਚਣ ਤੱਕ, ਨਸ਼ੇ ਦਾ ਅਸਰ ਹੋ ਚੁੱਕਾ ਸੀ। ਉਸਨੇ ਅੱਗੇ ਨਾਲੋਂ ਵੀ ਉੱਚੀ ਸੁਰ ਵਿਚ ਮੇਰੇ ਵਿਰੁਧ ਬੇਵਜ੍ਹਾ ਬੋਲਣਾ ਸ਼ੁਰੂ ਕਰ ਦਿੱਤਾ। ਮੈਂ ਉਸਨੂੰ ਹਰਕੰਵਲ ਸਿੰਘ ਹੁਰਾਂ ਵਾਲੀ ਗੱਲ ਸੁਣਾਈ। ਸ਼ਰਮਿੰਦਾ ਹੋਇਆ ਆਖਣ ਲੱਗਾ, ''ਯਾਰ, ਇਹ ਗੱਲ ਮੈਨੂੰ ਵੀ ਦੱਸ ਦੇਣੀ ਸੀ।'' ਮੈਂ ਕਿਹਾ, ''ਮੈਂ ਤੈਨੂੰ ਕੀ ਦੱਸਣਾ। ਜੇ ਤੂੰ ਮੇਰੇ ਪ੍ਰਤੀ ਗਲਤੀਆਂ ਕਰੀ ਜਾਣੀਆਂ ਹਨ ਤਾਂ ਮੈਂ ਤੈਨੂੰ ਕਿੱਥੇ-ਕਿੱਥੇ ਵਰਜਾਂ ਜਾਂ ਟੋਕਾਂਗਾ।''

ਮੇਰੀਆਂ ਤੇ ਉਸਦੀਆਂ ਕਿਤਾਬਾਂ ਅਕਸਰ ਹੀ ਛਪਦੀਆਂ ਰਹਿੰਦੀਆਂ ਸਨ। ਪਰ ਆਪਸੀ ਤਲਖ਼ੀ ਕਾਰਨ ਅਸੀਂ ਕਦੇ ਇਕ-ਦੂਜੇ ਨੂੰ ਪੁਸਤਕ ਭੇਟ ਨਹੀਂ ਸੀ ਕੀਤੀ। ਕੇਂਦਰੀ ਸਭਾ ਦੇ ਕਿਸੇ ਸਮਾਗਮ ਉਤੇ ਉਸ ਨੇ ਪਹਿਲੀ ਵਾਰ ਮੈਨੂੰ ਆਪਣੀਆਂ ਸਮੁੱਚੀਆਂ ਗ਼ਜ਼ਲਾਂ ਦਾ ਸੰਗ੍ਰਹਿ ਆਪਣੇ ਦਸਤਖ਼ਤ ਕਰਕੇ ਭੇਟ ਕੀਤਾ। ਮੈਂ ਖ਼ੁਸ਼ ਹੋਇਆ। ਚਾਈਂ-ਚਾਈਂ ਮੈਂ ਇਸਦਾ ਪਾਠ ਆਰੰਭ ਕੀਤਾ। ਪਰ ਮੈਂ ਅਨੁਭਵ ਕੀਤਾ ਕਿ ਇਕ ਬੈਠਕ ਵਿਚ ਗ਼ਜ਼ਲਾਂ ਦੀ ਉਤਮਤਾ ਕਾਰਨ, ਪੰਜ ਜਾਂ ਛੇ ਗ਼ਜ਼ਲਾਂ ਹੀ ਪੜ੍ਹੀਆਂ ਤੇ ਚੰਗੀ ਤਰ੍ਹਾਂ ਮਾਣੀਆਂ ਜਾ ਸਕਦੀਆਂ ਸਨ। ਅਚਾਨਕ ਯੂ.ਕੇ. ਵਾਸੀ ਮਿੱਤਰ ਕਵੀ ਗੁਰਨਾਮ ਢਿੱਲੋਂ ਨੇ ਇਹ ਗ੍ਰੰਥ ਪੜ੍ਹਨ ਲਈ ਲੈ ਲਿਆ ਤੇ ਫਿਰ ਵਾਪਸ ਨਹੀਂ ਕੀਤਾ। ਮੈਂ ਉਸਨੂੰ ਵਾਰ-ਵਾਰ ਯਾਦ ਕਰਵਾਇਆ, ਪਰ ਨਿਸਫਲ। ਮੈਂ ਇਹ ਵੀ ਕਿਹਾ ਕਿ ਜਗਤਾਰ ਦੀ ਮੈਨੂੰ ਭੇਟ ਕੀਤੀ ਇਹ ਸਦੀਵੀਂ ਨਿਸ਼ਾਨੀ ਹੈ, ਤੂੰ ਇਹ ਮੈਨੂੰ ਵਾਪਸ ਕਰ ਦੇ। ਪਰ ਉਸ ਨੇ ਮੇਰੀ ਇਕ ਨਾ ਸੁਣੀ ਤੇ ਘੇਸਲ ਮਾਰੀ ਰੱਖੀ। ਅੱਜ ਤੱਕ ਮੈਨੂੰ ਉਸ ਕਿਤਾਬ ਦੀ ਅਣਹੋਂਦ ਚੁਭਦੀ ਹੈ।

1993 ਦੀ ਸਰਦ ਰੁੱਤ ਦੀ ਸ਼ਾਮ ਮੈਨੂੰ ਅਕਸਰ ਚੇਤੇ ਆਉਂਦੀ ਰਹਿੰਦੀ ਹੈ। ਅਤਿਵਾਦ ਦੀ ਹਨ੍ਹੇਰੀ ਕੁਝ ਮੱਠੀ ਪੈ ਗਈ ਸੀ। ਪੰਜਾਬ ਕਲਾ ਅਕਾਡਮੀ, ਚੰਡੀਗੜ੍ਹ ਵਲੋਂ ਡਾ. ਰਘਬੀਰ ਸਿੰਘ ਸਿਰਜਣਾ ਦੇ ਉੱਦਮ ਨਾਲ ਰੈਡ ਕਰਾਸ ਹਾਲ, ਜਲੰਧਰ ਵਿਚ ਪੰਜਾਬੀ ਕਵੀ ਦਰਬਾਰ ਰੱਖਿਆ ਗਿਆ ਸੀ। ਡਾ. ਜਗਤਾਰ ਤੇ ਮੈਂ ਵੀ ਉਸ ਕਵੀ ਦਰਬਾਰ ਵਿਚ ਸੱਦੇ ਗਏ ਸੀ। ਸਾਡੇ ਲੋਕ ਲਹਿਰ ਵਾਲੇ ਸਾਥੀ ਤੇ ਹੋਰ ਵਾਕਿਫ ਸਾਹਿਤਕਾਰ ਹਾਲ ਵਿਚ ਬੈਠੇ ਹੋਏ ਸਨ। ਪਰ ਹਾਲੀ ਸਰੋਤਿਆਂ ਅਤੇ ਸੱਦੇ ਗਏ ਕਵੀਆਂ ਦੀ ਉਡੀਕ ਹੋ ਰਹੀ ਸੀ।

ਮੈਂ ਆਦਤ ਅਨੁਸਾਰ ਪੰਜ-ਸੱਤ ਕਤਾਰਾਂ ਛੱਡ ਕੇ ਪਿੱਛੇ ਬੈਠਿਆ ਹੋਇਆ ਸੀ। ਡਾਕਟਰ ਜਗਤਾਰ ਅੰਦਰ ਆਇਆ। ਸਾਰੇ ਹਾਲ ਦਾ ਜਾਇਜ਼ਾ ਲਿਆ ਤੇ ਮੈਨੂੰ ਸੰਬੋਧਨ ਕਰਕੇ ਊਲ-ਜਲੂਲ ਬੋਲਣ ਲੱਗਾ। ਪਹਿਲੀ ਵਾਰ ਕਿਸੇ ਨੇ ਗੌਲਿਆ ਨਾ। ਦੂਜੀ ਵਾਰ ਉਹ ਖੁੱਲ੍ਹੇਆਮ ਮੇਰਾ ਨਾਂ ਲੈ ਕੇ ਅਬਾ-ਤਬਾ ਬੋਲਣ ਲੱਗਾ। ਦੋਸਤਾਂ-ਮਿੱਤਰਾਂ ਨੇ ਉਸਨੂੰ ਹਟਾਇਆ। ਘੜੀ ਪਲ ਲਈ ਉਹ ਚੁੱਪ ਕਰ ਗਿਆ।

ਤੀਜੀ ਵਾਰ ਉਹ ਫਿਰ ਮੇਰੀ ਸ਼ਾਨ ਤੇ ਜ਼ਾਤ ਦੇ ਖਿਲਾਫ ਬੋਲਣ ਲੱਗਾ। ਮੈਂ ਉਸਨੂੰ ਹਟਾਇਆ ਤੇ ਕਿਹਾ, ''ਜੇ ਤੂੰ ਮੇਰੇ ਵਿਰੁਧ ਨਹੀਂ ਬੋਲਣੋਂ ਹੱਟਣਾ ਤਾਂ ਮੈਂ ਆ ਰਿਹਾ ਹਾਂ। ਉਹ ਸਟੇਜ ਤੇ ਕੁਰਸੀਆਂ ਵਿਚ ਖਾਲੀ ਜਗ੍ਹਾ ਵਿਚ ਖਲੋਤਾ ਸ਼ਰਾਬੀ ਹੋਇਆ ਬੋਲ ਰਿਹਾ ਸੀ। ਗੱਲ ਵਧਦੀ ਵੇਖ ਸਾਰਿਆਂ ਨੇ ਉਸਨੂੰ ਟੋਕਿਆ। ਡਾ. ਵਰਿਆਮ ਸੰਧੂ ਨੇ ਉਸ ਨੂੰ ਡੌਲਿਆਂ ਤੋਂ ਫੜਿਆ ਤੇ ਹਾਲ ਵਿਚੋਂ ਬਾਹਰ ਕੱਢ ਆਏ। ਹਾਲ ਵਿਚ ਸ਼ਾਂਤੀ ਵਰਤ ਗਈ। ਡਾ. ਜਗਤਾਰ ਬਿਨਾਂ ਕਵਿਤਾ ਪੜ੍ਹੇ ਉਥੋਂ ਚਲੇ ਗਏ।

1999 ਦੇ ਅਖ਼ੀਰ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਦੋ ਸਾਲਾ ਚੋਣ ਹੋਣ ਵਾਲੀ ਸੀ। ਇਕ ਧਿਰ ਵਲੋਂ ਸਭਾ ਦੀ ਪ੍ਰਧਾਨਗੀ ਲਈ ਡਾ. ਜਗਤਾਰ ਦਾ ਨਾਂ ਤਜਵੀਜ਼ ਕੀਤਾ ਗਿਆ। ਸਾਡੀ ਧਿਰ ਵਲੋਂ ਸਾਰੀ ਸਥਿਤੀ ਵਿਚਾਰੀ ਗਈ। ਸਾਡੀ ਰਾਏ ਸੀ ਕਿ ਨਿਰਸੰਦੇਹ ਉਹ ਵੱਡਾ ਕਵੀ ਹੈ ਪਰ ਉਸ ਨੇ ਕਦੇ ਕਿਸੇ ਜਥੇਬੰਦੀ ਵਿਚ ਲਗਨ ਤੇ ਉਤਸ਼ਾਹ ਨਾਲ ਕੰਮ ਨਹੀਂ ਕੀਤਾ, ਨਾ ਹੀ ਉਸ ਨੂੰ ਜਥੇਬੰਦੀ ਨੂੰ ਲੋਕ-ਰਾਜੀ ਢੰਗ ਨਾਲ ਚਲਾਉਣ ਦਾ ਕੋਈ ਤਜਰਬਾ ਹੈ। ਨਾਲ ਹੀ ਇਹ ਗੱਲ ਵੀ ਧਿਆਨ ਵਿਚ ਰੱਖਣ ਵਾਲੀ ਹੈ ਕਿ ਉਹ ਅਤਿ ਦਾ ਸਵੈ-ਕੇਂਦਰਤ ਮਨੁੱਖ ਹੈ। ਅਜਿਹਾ ਮਨੁੱਖ ਜਥੇਬੰਦੀ ਨੂੰ ਤਕੜਾ ਨਹੀਂ, ਕਮਜ਼ੋਰ ਹੀ ਕਰੇਗਾ, ਪਰ ਸਾਡੀ ਧਿਰ ਦੀ ਰਾਏ ਨਾ ਮੰਨੀ ਗਈ। ਡਾ. ਜਗਤਾਰ ਦੋ ਸਾਲ ਲਈ ਪ੍ਰਧਾਨ ਬਣ ਗਿਆ।



*ਅੰਤਲੇ ਵਰ੍ਹਿਆਂ ਸਮੇਂ ਡਾ. ਜਗਤਾਰ ਦੀ ਇਕ ਯਾਦਗਾਰੀ ਤਸਵੀਰ।*

ਕੇਂਦਰੀ ਸਭਾ ਦੀ ਪਹਿਲੀ ਮੀਟਿੰਗ ਵਿਚ ਇੱਕੀ ਮੈਂਬਰੀ ਕਮੇਟੀ ਦੇ ਮੈਂਬਰ ਨਾਮਜ਼ਦ ਕੀਤੇ ਜਾਣੇ ਸਨ। ਉਸ ਨੇ ਸਾਰੀਆਂ ਧਿਰਾਂ ਦੀ ਰਾਇ ਲੈਣ ਦੀ ਥਾਂ, ਆਪਣੀ ਮਰਜ਼ੀ ਨਾਲ ਮੈਂਬਰ ਨਾਮਜ਼ਦ ਕੀਤੇ, ਜਿਨ੍ਹਾਂ ਵਿਚ ਉਸਦੇ ਯਾਰ-ਬਾਸ਼ ਤੇ ਪ੍ਰਸ਼ੰਸਕ ਵਧੇਰੇ ਸਨ ਤੇ ਇਕ ਉਸਦੀ ਭਤੀਜੀ ਦਾ ਪਤੀ ਸੀ। ਇਸ ਵਿਅਕਤੀ ਉਤੇ ਕਾਫੀ ਤਿੱਖੀ ਬਹਿਸ ਹੋਈ ਤੇ ਪੁੱਛਿਆ ਗਿਆ ਕਿ ਕੀ ਇਹ ਵਿਅਕਤੀ ਲੇਖਕ ਹੈ? ਡਾ. ਜਗਤਾਰ ਦਾ ਉੱਤਰ ਸੀ, 'ਉਹ ਓਵਰਸੀਅਰਾਂ ਦਾ ਉਘਾ ਆਗੂ ਤੇ ਉਨ੍ਹਾਂ ਦੀ ਜਥੇਬੰਦੀ ਦਾ ਸਟੇਟ ਪੱਧਰ ਦਾ ਲੀਡਰ ਹੈ।'

ਪਰ ਇਹ ਤਾਂ ਅਜੇ ਆਰੰਭ ਹੀ ਸੀ, ਅਜੇ ਤਾਂ ਹੋਰ ਕਈ ਚੰਦ ਚੜ੍ਹਨੇ ਸਨ। ਛੇਤੀ ਹੀ ਡਾਕਟਰ ਦੀ ਪ੍ਰਬੰਧਕੀ ਯੋਗਤਾ ਦੀ ਪਰਖ ਦੀ ਘੜੀ ਆਣ ਪਹੁੰਚੀ। ਹੋਇਆ ਇੰਝ ਕਿ ਜਾਹਲੀ ਅਨੁਵਾਦ ਕਰਵਾਉਣ ਦੇ ਦੂਸ਼ਣ ਹੇਠ, ਭਾਸ਼ਾ ਵਿਭਾਗ ਦੇ ਉਸ ਵੇਲੇ ਦੇ ਡਾਇਰੈਕਟਰ ਦੇ ਵਿਰੁਧ ਸਰਕਾਰ ਵਲੋਂ ਪੜਤਾਲ ਚਲ ਰਹੀ ਸੀ। ਉਸ ਡਾਇਰੈਕਟਰ ਨੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ ਨੂੰ ਕਿਹਾ ਕਿ ਮੇਰੇ ਹੱਕ ਵਿਚ ਕੁਝ ਕਰੋ। ਜਨਰਲ ਸਕੱਤਰ ਨੇ ਡਾ. ਜਗਤਾਰ ਤੇ ਕਾਰਜਕਾਰਨੀ ਤੋਂ ਚੋਰੀ, ਪੰਜਾਬ ਸਰਕਾਰ ਨੂੰ ਲਿਖਿਆ ਕਿ ਡਾਇਰੈਕਟਰ ਬੜਾ ਈ ਇਮਾਨਦਾਰ ਅਫਸਰ ਹੈ। ਇਸਨੂੰ ਜਾਣ ਬੁੱਝ ਕੇ ਬਦਨਾਮ ਕੀਤਾ ਜਾ ਰਿਹਾ ਹੈ। ਸਿੱਟੇ ਵਜੋਂ ਹੁੰਦੀ ਪੜਤਾਲ ਰੁਕ ਗਈ ਤੇ ਇਸਦੇ ਬਦਲੇ ਵਿਚ ਜਨਰਲ ਸਕੱਤਰ ਨੂੰ 'ਸ਼੍ਰੋਮਣੀ ਸਾਹਿਤਕਾਰ' ਦਾ ਸਵਾ ਲੱਖ ਦਾ ਪੁਰਸਕਾਰ ਦਿੱਤਾ ਗਿਆ। ਸਾਹਿਤ ਜਗਤ ਵਿਚ ਰੌਲਾ ਪੈ ਗਿਆ।

ਜਦੋਂ ਲੇਖਕ ਸਭਾ ਦੀ ਕਾਰਜ-ਕਾਰਨੀ ਦੇ ਮੈਂਬਰਾਂ ਨੂੰ ਇਸ ਸਕੈਂਡਲ ਦਾ ਪਤਾ ਲੱਗਾ ਤਾਂ ਮੀਟਿੰਗ ਵਿਚ ਵੀ ਪ੍ਰਸ਼ਨ ਉੱਠੇ ਕਿ ਲਿਖੀ ਚਿੱਠੀ ਦੀ ਕਾਪੀ ਮੈਂਬਰਾਂ ਨੂੰ ਵੀ ਵਿਖਾਲੀ ਜਾਵੇ। ਡਾ. ਜਗਤਾਰ ਨੇ ਕੇਂਦਰੀ ਸਭਾ ਦੇ ਪ੍ਰਧਾਨ ਹੋਣ ਦੇ ਨਾਤੇ ਆਪਣੇ ਜਨਰਲ ਸਕੱਤਰ ਦੀ ਪੂਰੀ ਸਹਾਇਤਾ ਕੀਤੀ। ਪਹਿਲਾਂ ਤਾਂ ਬਹਿਸ ਦੀ ਆਗਿਆ ਦੇਣ ਤੋਂ ਇਨਕਾਰ ਕੀਤਾ ਗਿਆ। ਫਿਰ ਜਨਰਲ ਸਕੱਤਰ ਵਲੋਂ ਕੀਤੀ ਕਰਤੂਤ ਦੀ ਮਾਫ਼ੀ ਵੀ ਨਾ ਮੰਗਵਾਈ ਗਈ ਤੇ ਉਸਨੂੰ ਸਾਫ਼ ਬਰੀ ਕਰ ਦਿੱਤਾ।

ਜਦੋਂ ਦੋ ਸਾਲ ਬਾਅਦ ਅਗਲੇ ਚੋਣ ਅਜਲਾਸ ਵਿਚ ਇਹ ਸਵਾਲ ਉਠਾਇਆ ਗਿਆ ਤਾਂ ਉਸ ਵਲੋਂ ਘਬਰਾ ਕੇ, ਮੇਰੇ ਉੱਤੇ ਬੇ-ਬੁਨਿਆਦ ਦੂਸ਼ਣ ਲਾਏ ਗਏ ਤੇ ਮੇਰੇ ਛੋਟੇ ਭਰਾ ਦੀ ਮੌਤ ਦਾ ਮਿਹਣਾ ਵੀ ਮਾਰਿਆ ਗਿਆ। ਇੰਝ ਕਵੀ ਨੇ ਆਪਣੀ ਜਥੇਬੰਦਕ ਯੋਗਤਾ ਦੇ ਸੋਹਣੇ ਪ੍ਰਮਾਣ ਦੇ ਦਿੱਤੇ ਸਨ।

ਪਰ ਉਮਰ ਦੇ ਬੀਤਣ ਨਾਲ ਤੇ ਪ੍ਰਪੱਕਤਾ ਵਧਣ ਨਾਲ ਸਾਡੇ ਸਬੰਧ ਕੁਝ ਸੁਧਰ ਗਏ ਸਨ। ਆਖ਼ਰੀ ਵਰ੍ਹਿਆਂ ਵਿਚ ਡਾਕਟਰ ਜਗਤਾਰ ਦੀ ਸਿਹਤ ਅਕਸਰ ਹੀ ਢਿੱਲੀ ਰਹਿੰਦੀ ਸੀ। ਅੱਖਾਂ ਵਿਚ ਨੁਕਸ ਵਧਣ ਕਰਕੇ ਨਜ਼ਰ ਵੀ ਕਮਜ਼ੋਰ ਹੋ ਗਈ ਸੀ। ਉਸਦਾ ਦਮਾ ਵੀ ਪੁਰਾਣਾ ਸੀ। ਦਿਲ ਦੇ ਰੋਗ ਦਾ ਵੀ ਹਲਕਾ ਹਮਲਾ ਹੋਇਆ ਸੀ। ਐਪਰ ਉਹ ਅਕਸਰ ਚੜ੍ਹਦੀ ਕਲਾ ਵਿਚ ਰਿਹਾ। ਇਹਨੀਂ ਦਿਨੀਂ ਉਸ ਦੇ ਪਾਕਿਸਤਾਨੀ ਪੰਜਾਬੀ ਕਵਿਤਾ ਬਾਰੇ ਲਿਖੇ ਥੀਸਿਸ ਨੂੰ ਸੋਧ ਕੇ ਦੁਬਾਰਾ ਲਿਖਿਆ ਗਿਆ ਤਾਂ ਮੈਂ ਇਸ ਦੀ ਇੱਕ ਕਾਪੀ ਭੇਜਣ ਦੀ ਮੰਗ ਕੀਤੀ। ਪਰ ਇਹ ਪੁਸਤਕ ਡਾਕਖਾਨੇ ਦੇ ਕਰਮਚਾਰੀਆਂ ਦੀ 'ਈਮਾਨਦਾਰੀ' ਦੀ ਭੇਂਟ ਚੜ੍ਹ ਗਈ। ਕਹਿਣ ਲੱਗੇ, ''ਮੈਂ ਦੋਬਾਰਾ ਭੇਜ ਦਿੰਦਾ ਹਾਂ।''

ਮੈਂ ਆਖਿਆ, ''ਨਹੀਂ, ਮੈਂ ਕਿਸੇ ਦੇ ਹੱਥ ਦਸਤੀ ਮੰਗਵਾ ਲਵਾਂਗਾ।''

ਜਦੋਂ ਚਿਰਾਗ ਦਾ ਵਿਸ਼ੇਸ਼ ਅੰਕ 'ਦੁਖਾਂਤ ਸੰਨ ਸੰਤਾਲੀ' (ਜਨਵਰੀ-ਜੂਨ 2010) ਉਸਨੂੰ ਮਿਲਿਆ ਤਾਂ ਉਹਨੇ ਫੋਨ ਕੀਤਾ। ਆਖਣ ਲੱਗਾ, 'ਅੰਕ ਵਧੀਆ ਦਸਤਾਵੇਜ਼ ਹੈ। ਮੈਂ ਇਸ ਬਾਰੇ ਆਪਣੇ ਪਰਚੇ 'ਕਲਾ ਸਿਰਜਕ' ਵਿਚ ਲਿਖਾਂਗਾ।' ਨਾਲ ਹੀ ਕਹਿਣ ਲੱਗਾ, 'ਅੰਕ ਵਿਚ ਇਸ਼ਤਿਹਾਰ ਦੇ ਰੂਪ ਵਿਚ ਛਪੀ ਸੂਚਨਾ ਅਨੁਸਾਰ ਮੈਨੂੰ 'ਦੇਸ਼-ਦੇਸ਼ ਦੇ ਕਵੀ' ਪੁਸਤਕ ਭੇਜ ਦੇ।' ਮੈਂ ਆਖਿਆ ਕਿ ਇਸ ਦੀ ਅਜੇ ਛਪਾਈ ਮੁਕੰਮਲ ਨਹੀਂ ਹੋਈ। ਜੇ ਕਹੋ ਤਾਂ 'ਪੰਜ ਵਿਸ਼ਵ ਕਵੀ' ਦੀ ਕਾਪੀ ਭੇਜ ਦਿੰਦਾ ਹਾਂ। ਜਦੋਂ ਇਹ ਪੁਸਤਕ ਮਿਲੀ ਤਾਂ ਫੋਨ ਆਇਆ, 'ਮੈਂ ਇਸ ਬਾਰੇ ਅਗਲੇ ਅੰਕ ਵਿਚ ਰੀਵਿਊ ਕਰਾਂਗਾ।

ਪਰ ਉਸ ਦੀਆਂ ਬੀਮਾਰੀਆਂ ਭਾਰੂ ਹੋ ਗਈਆਂ ਸਨ। ਅਖ਼ੀਰ ਪੰਜਾਬੀ ਦਾ ਵੱਡਾ ਕਵੀ ਤੇ ਗ਼ਜ਼ਲਗੋ ਸਦੀਵੀ ਯਾਤਰਾ ਉੱਤੇ ਤੁਰ ਗਿਆ ਸੀ।

ਨਿਰਸੰਦੇਹ ਉਹ ਚੰਗਾ ਕਵੀ ਹੀ ਨਹੀਂ, ਉਸਤਦਾ ਗ਼ਜ਼ਲਗੋ ਵੀ ਸੀ।

ਕਦੇ ਕਿਸੇ ਪ੍ਰਸ਼ੰਸਕ ਨੇ ਟਿੱਪਣੀ ਕੀਤੀ ਸੀ ਕਿ ਜੇ ਉਹ ਕੰਧ ਉੱਤੇ ਚਾਰ ਅੱਖਰ ਲਿਖ ਦੇਵੇ ਤਾਂ ਉਹ ਗਜ਼ਲ ਦਾ ਸ਼ਿਅਰ ਬਣ ਜਾਂਦਾ ਸੀ। ਇਹ ਟਿੱਪਣੀ ਸੱਚੀ ਸੀ। ਪਿਛਲੇ ਪੰਜਾਹ ਸਾਲਾਂ ਦੀਆਂ ਇਹਨਾਂ ਖੱਟੀਆਂ-ਮਿੱਠੀਆਂ ਯਾਦਾਂ ਨੂੰ ਅੰਕਿਤ ਕਰਨਾ ਮੇਰੇ ਲਈ ਕੋਈ ਖ਼ੁਸ਼ਗਵਾਰ ਕਾਰਜ ਨਹੀਂ ਸੀ। ਮੈਂ ਬੜਾ ਸੁੰਘ-ਸੁੰਘ ਕੇ ਤੁਰਦਿਆਂ ਇਨ੍ਹਾਂ ਨੂੰ ਅੰਕਿਤ ਕੀਤਾ ਹੈ। ਖਦਸ਼ਾ ਸੀ, ਕਿਤੇ ਮੈਂ ਉਲਾਰ ਜਾਂ ਅੰਤਰਮੁਖੀ ਨਾ ਹੋ ਜਾਵਾਂ। ਸ਼ਾਇਦ ਵਧ ਜਾਂ ਘੱਟ ਸਾਡੇ ਵਿਰੋਧ ਸਾਡੀ ਦੋਹਾਂ ਦੀ ਹਉਮੈ ਦਾ ਹੀ ਪ੍ਰਗਟਾਵਾ ਹੋਣ। ਪਰ ਕੌਣ ਵਧ ਉਲਾਰ ਸੀ ਤੇ ਕੌਣ ਘੱਟ, ਇਸਦਾ ਨਿਰਣਾ ਕੋਈ ਤੀਸਰਾ ਵਿਅਕਤੀ ਹੀ ਕਰ ਸਕਦਾ ਹੈ, ਜੋ ਸਾਡਾ ਹਾਣੀ ਹੋਵੇ ਤੇ ਦੋਹਾਂ ਨੂੰ ਚੰਗੀ ਤਰ੍ਹਾਂ ਜਾਣਦਾ ਹੋਵੇ।

ਉਸਦੀ ਮੌਤ ਤੋਂ ਬਾਅਦ ਮੈਂ ਉਸ ਦੀਆਂ ਗ਼ਜ਼ਲਾਂ ਤੇ ਕਵਿਤਾਵਾਂ ਦੇ ਦੋਵੇਂ ਗ੍ਰੰਥ ਫਿਰ ਪੜ੍ਹੇ ਹਨ। ਉਸ ਦੀ ਸਮੁੱਚੀ ਕਾਵਿ-ਰਚਨਾ ਸਾਡੇ ਸਭਿਆਚਾਰ ਤੇ ਸਾਹਿਤ ਦੀ ਕੀਮਤੀ ਵਿਰਾਸਤ ਹੈ, ਜਿਸਦਾ ਡੂੰਘਾ ਅਧਿਐਨ ਤੇ ਮੁਲਾਂਕਣ ਜ਼ਰੂਰੀ ਹੈ। ਲੇਖਕ, ਖ਼ਾਸ ਤੌਰ 'ਤੇ ਭਵਿੱਖ ਦੇ ਪਾਠਕ, ਉਸਦੇ ਸੁਭਾਅ ਤੇ ਸ਼ਖ਼ਸੀਅਤ ਦੀਆਂ ਘਾਟਾਂ ਅਤੇ ਕਮਜ਼ੋਰੀਆਂ ਨੂੰ ਭੁੱਲ ਜਾਣਗੇ ਤੇ ਉਸਦੀ ਸਮੁੱਚੀ ਦੇਣ ਦੀ ਕਦਰ ਕਰਨਗੇ। ਪਰ ਇਹ ਵੀ ਸੱਚ ਹੈ ਕਿ ਕਿਸੇ ਵੀ ਕਵੀ ਦੀ ਰਚਨਾ ਨੂੰ ਸਮਝਣ ਲਈ, ਉਸਦਾ ਸਮਾਂ, ਮਾਨਸਿਕਤਾ, ਪਰਿਵਾਰਕ ਪਿਛੋਕੜ ਤੇ ਸ਼ਖ਼ਸੀਅਤ ਦਾ ਡੂੰਘਾ ਅਧਿਐਨ ਤੇ ਵਿਸ਼ਲੇਸ਼ਣ ਜ਼ਰੂਰੀ ਹੁੰਦਾ ਹੈ।

ਜਗਤਾਰ ਦੀ ਸ਼ਾਇਰੀ, ਖ਼ਾਸ ਤੌਰ ਤੇ ਉਸ ਦੀ ਗ਼ਜ਼ਲ ਦੀਆਂ ਅਨੇਕ ਪਰਤਾਂ ਤੇ ਵਿਸ਼ੇਸ਼ਤਾਈਆਂ ਹਨ। ਭਵਿੱਖ ਦੇ ਪਾਠਕ, ਕਲਾ ਪ੍ਰੇਮੀ ਤੇ ਖੋਜੀ ਬਦਲਦੇ ਪ੍ਰਸੰਗਾਂ ਵਿਚ ਇਸਦਾ ਆਪਣੇ-ਆਪਣੇ ਢੰਗ ਨਾਲ ਤੇ ਅੰਤਰ-ਦ੍ਰਿਸ਼ਟੀਆਂ ਅਨੁਸਾਰ ਮੁਲਾਂਕਣ ਕਰਨਗੇ।

'ਜ਼ਮਾਨਾ ਆਏਗਾ ਜਦ ਕੁਝ ਲੋਕ ਸਮਝਣਗੇ,
ਬੁਲੰਦੀ ਤੇਰੇ ਸ਼ਿਅਰਾਂ ਦੀ, ਤੇਰੇ ਸ਼ਿਅਰਾਂ ਦੀ ਗਹਿਰਾਈ।'

'ਕੌਣ ਮੇਰੇ ਬਾਅਦ ਪਾਲੇਗਾ ਹੁਨਰ ਮੁਸ਼ਕਿਲ-ਪਸੰਦ,
ਕੌਣ ਸ਼ਬਦਾਂ ਦੇ ਨਗੀਨੇ ਹਰ ਗ਼ਜ਼ਲ ਅੰਦਰ ਜੜੇਗਾ।'

ਕਿਉਂਕਿ

'ਗ਼ਜ਼ਲ ਦੇ ਸ਼ਿਅਰ ਕਹਿਣਾ, ਕੁਝ ਇਸ ਤਰ੍ਹਾਂ ਹੈ ਜੀਕੂੰ,
ਪਾਣੀ 'ਚੇ ਮੇਖ ਗੱਡਣੀ, ਪੌਣਾਂ 'ਚ ਰੰਗ ਭਰਨਾ।' (23 ਅਪ੍ਰੈਲ 2010)

# ਡਾ. ਜਗਤਾਰ ਦੀਆਂ ਕੁਝ ਗਜ਼ਲਾਂ

ਜਿਸ ਦਿਨ ਦਾ ਲਿਖਵਾ ਬੈਠੇ ਹਾਂ ਆਪਣੀ ਬਾਂਹ 'ਤੇ ਤੇਰਾ ਨਾਂ।
ਉਸ ਦਿਨ ਦਾ ਭੁਲ ਬੈਠੇ ਆਪਣਾ ਪਤਾ, ਟਿਕਾਣਾ, ਸ਼ਹਿਰ, ਗਰਾਂ।

ਪੱਤਾ ਡਿੱਗਿਆ ਵੀ ਕੁੰਡਲ ਬਣ ਜਾਣ ਖੜੋਤੇ ਪਾਣੀ 'ਤੇ,
ਸੁੱਕਦੀਆਂ ਨਦੀਆਂ ਵਿਚ ਪੱਥਰ ਦੀ ਆਵਾਜ਼ ਵੀ ਉਭਰੇ ਨਾ।

ਸਿਖਰ ਦੁਪਹਿਰੇ, ਸੜਦੀ ਰੁੱਤੇ, ਇਹਨਾਂ ਤੋਂ ਬਚ ਕੇ ਹੀ ਚਲ,
ਬੜੀ ਛਲਾਵੀ ਤੇ ਠਗਣੀ ਹੈ, ਉਚੀਆਂ ਦੀਵਾਰਾਂ ਦੀ ਛਾਂ।

ਲੋਕੀ ਕਹਿੰਦੇ ਰਾਤੀਂ ਉਸ ਵਿਚ ਰੂਹਾਂ ਰੋਂਦੀਆਂ ਸੁਣਦੀਆਂ ਨੇ,
ਜਿਸ ਖੰਡਰ ਵਿਚ ਇਕ ਦਿਨ ਆਪਾਂ, ਬਹਿਕੇ ਦੋਵੇਂ ਰੋਏ ਸਾਂ।

ਆਪਣਾ ਆਪਣਾ ਬੂਹਾ ਲਾ ਕੇ ਲੋਕੀਂ ਅੰਦਰ ਬੈਠ ਰਹੇ,
ਇਸ ਮੌਸਮ ਦੇ ਸਰਦ ਵਤੀਰੇ ਦੀ ਗੱਲ ਕਿਸਦੇ ਨਾਲ ਕਰਾਂ।

ਗ਼ਮ ਨਾ ਕਰ ਵੇਲਾ ਲੰਘਣ ਤੇ, ਲੋਕੀ ਸਭ ਕੁਝ ਭੁਲ ਜਾਂਦੇ,
ਏਸ ਨਗਰ ਵਿਚ ਮੈਂ ਵੀ ਇਕ ਦਿਨ, ਘਰ-ਘਰ ਕਿੱਸਾ ਬਣਿਆ ਸਾਂ।

ਇਕ ਵੇਲਾ ਸੀ ਮੈਂ ਤੈਨੂੰ ਹਰ ਗੱਲ ਪੁੱਛਦਾ ਤੇ ਦੱਸਦਾ ਸਾਂ,
ਹੁਣ ਤੇਰੀ ਖ਼ੁਣਸੀ ਆਦਤ ਤੋਂ, ਹਰ ਵੇਲੇ 'ਜਗਤਾਰ' ਡਰਾਂ।

-0-

ਇਹ ਦਿਲ ਜਗਦਾ ਕਦੀ ਬੁਝਦਾ ਹੈ ਮੇਰਾ।
ਹੈ ਅੰਗਿਆਰਾ ਕਿ ਜੁਗਨੂੰ ਦਰਦ ਤੇਰਾ।

ਅਜੇ ਨਾ ਜਾ ਅਜੇ ਕੁਝ ਠਹਿਰ ਜਾ ਤੂੰ,
ਚਿੜੀ ਚੂਕੀ ਨਾ ਹੋਇਆ ਹੈ ਸਵੇਰਾ।

ਇਹ ਕੈਸੀ ਈਦ ਚੰਨ ਚੜ੍ਹਿਆ ਨਾ ਦਿਸਿਆ,
ਬਨੇਰਾ ਸੱਖਣਾ ਆਂਙਣ ਹਨੇਰਾ।

ਮਿਰੇ ਹੰਝੂਆਂ 'ਚ ਡੁੱਬ ਕੇ ਹਾਥ ਨਾ ਲੈ,
ਹੈ ਮੇਰਾ ਦਰਦ ਇਸ ਨਾਲੋਂ ਡੂੰਘੇਰਾ।

ਨਾ ਉਡ ਜਾਏ ਕਿਤੇ ਰਸਤੇ 'ਚ ਹੀ ਇਹ,
ਹੈ ਅੱਜ ਕਲ੍ਹ ਰੰਗ ਯਾਰੀ ਦਾ ਕਚੇਰਾ।

ਪੁਰਾਣੇ ਗ਼ਮ ਹੀ ਰਾਹ ਵਿਚ ਮਿਲ ਪਏ ਸਨ,
ਨਾ ਕਰ ਸ਼ੱਕ ਹੋ ਗਿਆ ਤਾਹੀਂ ਅਵੇਰਾ।

ਬੜੇ ਜੁਗਨੂੰ ਮਿਰੇ ਰਸਤੇ 'ਚ ਚਮਕੇ,
ਨਾ ਹੋਇਐ ਦੂਰ ਤੇਰੇ ਬਿਨ ਹਨੇਰਾ।

-0-

ਰਾਤ ਦਿਨ ਮੈਨੂੰ ਹੈ ਭਾਵੇਂ ਉਹ ਪਈ ਸੁਲਘਾ ਰਹੀ।
ਆਪ ਵੀ ਪਰ ਹੈ ਪਹਾੜੀ-ਬਰਫ ਖੁਰਦੀ ਜਾ ਰਹੀ।

ਉਹ ਨਹੀਂ ਕੋਠੇ 'ਤੇ ਆਉਂਦੀ ਹੁਣ ਕਦੇ ਲੈ ਕੇ ਕਿਤਾਬ,
ਆਪਣੇ ਕਮਰੇ 'ਚ ਸ਼ਾਇਦ ਤਜ਼ਰਬੇ ਦੁਹਰਾ ਰਹੀ।

ਨਾਰੀਅਲ ਦੇ ਵਾਂਗ ਪੀਡਾ, ਸਖ਼ਤ ਸੀ ਜਿਸ ਦਾ ਬਦਨ,
ਘੁਣ-ਭਰੀ ਕੁਰਸੀ ਤਰ੍ਹਾਂ ਅੱਜ ਕਲ੍ਹ ਉਹ ਕਿਰਦੀ ਜਾ ਰਹੀ।

ਓਪਰਾ ਸੀ ਸ਼ਹਿਰ, ਦੋਵੇਂ ਅਜਨਬੀ ਸਾਂ ਮਿਲ ਪਏ,
ਹਰ ਸਫ਼ਰ ਵਿਚ ਉਹ ਪਹਾੜੀ-ਰਾਤ ਚੇਤੇ ਆ ਰਹੀ।

ਉਸ ਦਾ ਪੁਲ ਓਵਰ ਉਨਾਬੀ, ਜ਼ਰਦ ਮਫ਼ਲਰ, ਸਬਜ਼ ਕੋਟ,
ਉਹ ਕੁੜੀ ਅਖ਼ਬਾਰ ਦੀ ਸੁਰਖੀ ਹੈ ਬਣਦੀ ਜਾ ਰਹੀ।

ਉਹ ਚਿੜੀ ਹੁਣ ਦਾਣੇ-ਦੁਣਕੇ 'ਤੇ ਨਹੀਂ ਹੈ ਠਹਿਰਦੀ,
ਉਹ ਤਾਂ ਹੁਣ ਬਾਦਾਮ, ਪਿਸਤਾ ਤੇ ਮੁਨੱਕਾ ਖਾ ਰਹੀ।

ਮਹਿਕ ਤੋਂ ਵਿਛੜਨ ਦਾ ਗ਼ਮ ਘਟਿਆ ਤਾਂ ਪਰਤੀ ਹੋਸ਼ ਕੁਝ,
ਰੰਗ ਜੋ ਬਾਕੀ ਹੈ ਉਸ ਦੀ ਆਬ ਉਡਦੀ ਜਾ ਰਹੀ।

-0-

ਸਿਖਰ ਦੁਪਹਿਰਾ, ਰੁੱਖ ਕੋਈ ਨਾ, ਕਾਲੇ ਪਰਬਤ, ਕਿੱਧਰ ਜਾਵਾਂ?
ਤੁਰਾਂ ਤਾਂ ਪੱਥਰ ਕਹਿੰਦੇ ਜਾਪਣ, ਛੱਡ ਜਾ ਤੂੰ ਆਪਣਾ ਪਰਛਾਵਾਂ।

ਮੈਂ ਮਕਤਲ ਵਲ ਆਪਣੀ ਸੂਲੀ, ਆਪਣੇ ਮੋਢੇ ਚੁਕ ਕੇ ਤੁਰਿਆ,
ਉਸ ਮੌਸਮ ਵਿਚ ਨਜ਼ਰੀਂ ਆਇਆ, ਸ਼ਹਿਰ 'ਚ ਆਦਮ ਟਾਵਾਂ ਟਾਵਾਂ।

ਹਰ ਇਕ ਘਰ ਦਾ ਬੰਦ ਦਰਵਾਜ਼ਾ, ਗੁਲਦਾਨਾਂ ਤੇ ਮੌਤ ਝੁਕੀ ਹੈ,
ਜਿਸ ਰੁੱਖ 'ਤੇ ਰਾਤੀਂ ਫੁਲ ਖਿੜਦੇ, ਉਸ ਰੁੱਖ 'ਤੇ ਰਹਿਣ ਬਲਾਵਾਂ।

ਡਿਗਦੇ ਅਥਰੂ, ਟੁੱਟਦੇ ਤਾਰੇ, ਕੰਬਦੇ ਸਾਏ, ਚੇਤੇ ਆਏ,
ਸੁਣੀਆਂ ਸਨ ਅੱਜ ਅੱਖੀਂ ਡਿੱਠੀਆਂ, ਰੂਹਾਂ ਵਿਚ ਰਹਿ ਜਾਂਦੀਆਂ ਰੂਹਾਂ।

ਮੁੱਦਤ ਹੋਈ ਜਿਨ੍ਹਾਂ ਮਕਾਨਾਂ ਅੰਦਰ, ਸਦਾ ਹਨ੍ਹੇਰਾ ਰਹਿੰਦੈ,
ਰਾਤ ਉਨ੍ਹਾਂ ਵਿਚ ਫਿਰਦਾ ਦਿਸਦਾ, ਨਗਨ ਚਾਨਣੀ ਦਾ ਪਰਛਾਵਾਂ।

ਸਿਪ ਦੀ ਐਸ਼-ਟਰੇ ਵਿਚ ਸਿਗਰਟ ਰੱਖਕੇ ਸੋਚਾਂ ਚੇਤ ਮਹੀਨੇ,
ਕੀ ਬੀਤੇ ਸਾਗਰ 'ਤੇ ਜਿਸ ਤੋਂ, ਲੰਘ ਜਾਵਣ ਚੁਪ-ਚਾਪ ਘਟਾਵਾਂ।

ਖ਼ੂਨੀ ਸ਼ਾਮ, ਡਰਾਉਣੇ ਬੱਦਲ, ਕਿੱਥੇ ਬਹਿ ਕੇ ਰਾਤ ਲੰਘਾਈਏ,
ਹਰ ਇਕ ਘਰ ਦਾ ਦਰ ਖੜਕਾ ਕੇ, ਮੁੜੀਆਂ ਨੇ ਮਾਯੂਸ ਹਵਾਵਾਂ।

ਨਾ ਮਨਸੂਰ ਤੇ ਨਾ ਮੈਂ ਈਸਾ, ਮੈਨੂੰ ਤੂੰ ਗੁਮਨਾਮ ਰਹਿਣ ਦੇ,
ਸੂਲੀ ਨਾਲ ਨਾ ਜੋੜ ਪਿਆ ਤੂੰ, ਐਵੇਂ ਹੀ 'ਜਗਤਾਰ' ਦਾ ਨਾਵਾਂ।

-0-

ਕਹਾਣੀ

# ਸਮਾਨਾਂਤਰ ਰੇਖਾਵਾਂ

**ਸੁਖਬੀਰ**

ਜਗਦੀਸ਼ ਦਾ ਇਸ ਸਕੂਲ ਵਿਚ ਪਹਿਲਾ ਦਿਨ ਸੀ, ਤੇ ਨੌਵੀਂ ਜਮਾਤ ਵਿਚ ਗਣਿਤ ਦਾ ਪਹਿਲਾ ਪੀਰੀਅਡ। ਉਹ ਹੱਥ ਵਿਚ ਲੱਕੜ ਦੀ ਵੱਡੀ ਸਾਰੀ ਪਰਕਾਰ, ਫੁੱਟ, ਗੁਣੀਏ ਤੇ ਚਾਕ ਫੜੀ ਜਮਾਤ ਵਿਚ ਦਾਖਿਲ ਹੋਇਆ ਤਾਂ ਉਸ ਨੂੰ ਲੱਗਾ, ਜਿਵੇਂ ਕੋਈ ਮਖਿਆਲ ਛਿੜ ਪਿਆ ਹੋਵੇ ਤੇ ਮਧੂ-ਮੱਖੀਆਂ ਦੀ ਭਿਣਭਿਣਾਹਟ ਨੇ ਸਾਰਾ ਕਮਰਾ ਭਰ ਦਿੱਤਾ ਹੋਵੇ। ਫੇਰ ਜਦ ਉਹ ਮੇਜ਼ ਕੋਲ ਜਾ ਕੇ ਖੜ੍ਹਾ ਹੋਇਆ ਤਾਂ ਉਸ ਨੇ ਵੇਖਿਆ ਸਾਹਮਣੇ ਵਿਦਿਆਰਥੀਆਂ ਦੀ ਘੁਸਰ-ਮੁਸਰ ਸੀ, ਹਲਕੇ ਜਿਹੇ ਹਾਸੇ ਸਨ, ਸ਼ਰਾਰਤੀ ਅੱਖਾਂ ਤੇ ਅਜੀਬ ਕਿਸਮ ਦੀਆਂ ਆਵਾਜ਼ਾਂ ਸਨ। ਉਹ ਉਂਜੇ ਖੜੋਤਾ ਵਿਦਿਆਰਥੀਆਂ ਨੂੰ ਇੱਕ-ਟੱਕ ਵੇਖਦਾ ਰਿਹਾ। ਅਖੀਰ ਕੁਝ ਹੀ ਛਿਣਾਂ ਵਿਚ ਚੁੱਪ ਛਾ ਗਈ ਤੇ ਜਮਾਤ ਦੇ ਛੱਬੀ ਮੁੰਡਿਆਂ ਤੇ ਅਠਾਰਾਂ ਕੁੜੀਆਂ ਦੀਆਂ ਅੱਖਾਂ ਉਸ ਨੂੰ ਇੱਕ-ਟੱਕ ਵੇਖਣ ਲੱਗੀਆਂ। ਹੁਣ ਕੋਈ ਘੁਸਰ-ਮੁਸਰ ਨਹੀਂ ਸੀ, ਕੋਈ ਹਾਸਾ ਨਹੀਂ ਸੀ, ਕੋਈ ਆਵਾਜ਼ ਨਹੀਂ ਸੀ। ਜਗਦੀਸ਼ ਦੀਆਂ ਅੱਖਾਂ ਨੇ ਸਾਰੀ ਜਮਾਤ ਨੂੰ ਜਿਵੇਂ ਕੀਲ ਲਿਆ ਸੀ।

ਉਹ ਹਾਲੀ ਵੀ ਉਂਜੇ ਖੜ੍ਹਾ ਸੀ। ਉਸ ਨੇ ਇੱਕ ਵਾਰ ਨਜ਼ਰ ਘੁਮਾ ਕੇ ਪੂਰੀ ਜਮਾਤ ਦਾ ਜਾਇਜ਼ਾ ਲਿਆ ਤੇ ਫੇਰ ਨਿੰਮ੍ਹਾ ਜਿਹਾ ਮੁਸਕਰਾਉਣ ਲੱਗਾ। ਵਿਦਿਆਰਥੀ ਉਸ ਦੀ ਮੁਸਕਰਾਹਟ ਦੀ ਅਪਣੱਤ ਮਹਿਸੂਸ ਕੀਤੇ ਬਿਨਾਂ ਨਾ ਰਹਿ ਸਕੇ।

ਮੁਸਕਰਾਹਟ ਉਸ ਦੇ ਬੁੱਲ੍ਹਾਂ ਉਤੇ ਹਾਲੀ ਵੀ ਉਸੇ ਤਰ੍ਹਾਂ ਸੀ। ਤਦੇ ਉਸ ਨੇ ਜਮਾਤ ਦੇ ਮਾਨੀਟਰ ਬਾਰੇ ਪੁੱਛਿਆ ਤੇ ਉਸ ਤੋਂ ਪਿਛਲੇ ਤਿੰਨਾਂ ਮਹੀਨਿਆਂ ਵਿਚ ਹੋ ਚੁੱਕੇ ਕੋਰਸ ਬਾਰੇ ਪਤਾ ਕੀਤਾ। ਤਦ ਉਸ ਨੇ ਚਾਕ ਲਿਆ ਤੇ ਬਲੈਕਬੋਰਡ ਉਤੇ ਇੱਕ ਲੀਕ ਖਿੱਚੀ-ਇਕਦਮ ਸਿੱਧੀ ਲੀਕ। ਫੇਰ ਉਸ ਨੇ ਲੀਕ ਨੂੰ ਵਿਚਕਾਰੋਂ ਕੱਟਿਆ। ਸਾਰੇ ਵਿਦਿਆਰਥੀ ਚੁੱਪ ਕੀਤੇ ਵੇਖ ਰਹੇ ਸਨ ਕਿ ਇਹ ਕੀ ਹੋ ਰਿਹਾ ਹੈ। ਜਗਦੀਸ਼ ਨੇ ਇੱਕ ਵਿਦਿਆਰਥੀ ਨੂੰ ਉਸ ਲੀਕ ਦੇ ਦੋਹਾਂ ਹਿੱਸਿਆਂ ਨੂੰ ਮਾਪਣ ਲਈ ਕਿਹਾ। ਵਿਦਿਆਰਥੀ ਨੇ ਬੜੇ ਚਾਅ ਨਾਲ ਉਠ ਕੇ ਫੁੱਟ ਨਾਲ ਦੋਵੇਂ ਹਿੱਸੇ ਨਾਪੇ ਤਾਂ ਦੋਹਾਂ ਦੀ ਲੰਬਾਈ ਇੱਕੋ ਜਿੰਨੀ ਸੀ। ਲੀਕ ਠੀਕ ਵਿਚਕਾਰੋਂ ਕੱਟੀ ਗਈ ਸੀ। ਵਿਦਿਆਰਥੀਆਂ ਦੀਆਂ ਅੱਖਾਂ ਵਿਚ ਹੈਰਾਨੀ ਆਈ ਤੇ ਉਨ੍ਹਾਂ ਦੇ ਬੁੱਲ੍ਹਾਂ ਉਤੇ ਮੁਸਕਰਾਹਟ ਫੈਲ ਗਈ।

ਫੇਰ ਜਗਦੀਸ਼ ਨੇ ਬਲੈਕਬੋਰਡ ਉਤੇ ਇੱਕ ਦਾਇਰਾ ਵਾਹਿਆ ਤੇ ਇੱਕ ਬਿੰਦ ਰੁਕ ਕੇ ਉਸ ਦੇ ਵਿਚਕਾਰ ਇੱਕ ਨੁਕਤਾ ਲਾਇਆ। ਤਦ ਉਸ ਨੇ ਇੱਕ ਹੋਰ ਵਿਦਿਆਰਥੀ ਨੂੰ ਉਸ ਦਾਇਰੇ ਦੀ ਗੁਲਾਈ ਪਰਖਣ ਲਈ ਕਿਹਾ। ਵਿਦਿਆਰਥੀ ਨੇ ਨੁਕਤੇ ਉਤੇ ਪਰਕਾਰ ਰੱਖ ਕੇ ਘੁਮਾਈ ਤਾਂ ਪਰਕਾਰ ਵਿਚ ਫਸਿਆ ਚਾਕ ਦਾਇਰੇ ਦੀ ਲੀਕ ਉਤੇ ਹੁੰਦਾ ਹੋਇਆ ਘੁੰਮਦਾ ਗਿਆ। ਵਿਦਿਆਰਥੀ ਹੈਰਾਨ ਸਨ ਕਿ ਜਗਦੀਸ਼ ਨੇ ਸਿਰਫ ਹੱਥ ਨਾਲ ਬਿਲਕੁਲ ਸਹੀ ਦਾਇਰਾ ਕਿਵੇਂ ਵਾਹ ਲਿਆ ਸੀ ਤੇ ਫਿਰ ਉਸ ਦੇ ਐਨ ਵਿਚਕਾਰ ਕੇਂਦਰ-ਬਿੰਦੂ ਕਿਵੇਂ ਲਾ ਲਿਆ ਸੀ?

ਉਸ ਪਿੱਛੋਂ ਜਗਦੀਸ਼ ਨੇ ਇੱਕ ਤ੍ਰਿਕੋਣ ਬਣਾਇਆ, ਉਸ ਦੇ ਤਿੰਨਾਂ ਕੋਣਾਂ ਵਿਚ ਉਨ੍ਹਾਂ ਦੇ ਅੰਸ਼ ਲਿਖੇ: 52, 60, 68-ਤਦ ਉਸ ਨੇ ਇੱਕ ਤੀਜੇ ਵਿਦਿਆਰਥੀ ਨੂੰ ਉਹ ਕੋਣ ਨਾਪਣ ਲਈ ਕਿਹਾ। ਵਿਦਿਆਰਥੀ ਨੇ ਤਿੰਨੇ ਕੋਣ ਨਾਪੇ ਤਾਂ ਉਹ ਠੀਕ ਉਨੇ ਹੀ ਅੰਸ਼ਾਂ ਦੇ ਸਨ।

ਅਖੀਰ ਜਗਦੀਸ਼ ਨੇ ਚਾਕ ਮੇਜ਼ ਉਤੇ ਰੱਖਿਆ, ਫੂਕ ਮਾਰ ਕੇ ਹੱਥ ਉਤੋਂ ਚਾਕ ਦੀ ਗਰਦ ਝਾੜੀ ਤੇ ਕੁਰਸੀ ਉਤੇ ਬੈਠ ਗਿਆ। ਵਿਦਿਆਰਥੀਆਂ ਦੇ ਚਿਹਰਿਆਂ ਉਤੇ ਹੈਰਾਨੀ ਦੇ ਨਾਲ ਖੁਸ਼ੀ ਵੀ ਸੀ ਤੇ ਉਹ ਮੁਸਕਰਾਉਂਦੀਆਂ ਹੋਈਆਂ ਨਜ਼ਰਾਂ ਨਾਲ ਉਸ ਨੂੰ ਵੇਖ ਰਹੇ ਸਨ।

ਤਦ ਜਗਦੀਸ਼ ਨੇ ਇੱਕ-ਇੱਕ ਕਰ ਕੇ ਉਨ੍ਹਾਂ ਦੇ ਨਾਂ ਪੁੱਛਣੇ ਸ਼ੁਰੂ ਕੀਤੇ ਉਨ੍ਹਾਂ ਨਾਂਵਾਂ ਵਿਚੋਂ ਹਲਕੇ-ਫੁਲਕੇ ਮਜ਼ਾਕ ਪੈਦਾ ਕੀਤੇ ਤੇ ਕੁਝ ਇੱਕ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਸ਼ਕਲਾਂ-ਸੂਰਤਾਂ ਨਾਲ ਮਿਲਦੇ-ਜੁਲਦੇ ਨਾਂ ਦਿੱਤੇ। ਸਾਰੇ ਵਿਦਿਆਰਥੀ ਖੁਸ਼ ਹੁੰਦੇ ਰਹੇ ਹੱਸਦੇ ਰਹੇ।

ਜਦ ਅਗਲੇ ਪੀਰੀਅਡ ਦੀ ਘੰਟੀ ਵੱਜੀ ਤਾਂ ਜਗਦੀਸ਼ ਨੇ ਮੇਜ਼ ਤੋਂ ਆਪਣੀਆਂ ਚੀਜ਼ਾਂ ਚੁੱਕੀਆਂ ਤੇ ਨਿੰਮ੍ਹਾ ਜਿਹਾ ਮੁਸਕਰਾਉਂਦਾ ਹੋਇਆ ਜਮਾਤ ਵਿਚੋਂ ਚਲਾ ਗਿਆ। ਤਦ ਕੁੜੀਆਂ ਦਾ ਪਾਲ ਵਿਚ ਚੌਥੇ ਡੈਸਕ ਉਤੇ ਬੈਠੀ ਪਿਛਲੇ ਦੋ ਸਾਲਾਂ ਤੋਂ ਗਣਿਤ ਵਿਚ ਫੇਲ੍ਹ ਹੁੰਦੀ ਆ ਰਹੀ ਪਾਸ਼ੀ ਨੂੰ ਲੱਗਾ ਕਿ ਇਸ ਸਾਲ ਉਹ ਗਣਿਤ ਵਿਚ ਕਦੇ ਫੇਲ੍ਹ ਨਹੀਂ ਹੋ ਸਕਦੀ, ਸਗੋਂ ਬਹੁਤ ਚੰਗੇ ਨੰਬਰ ਲੈ ਕੇ ਪਾਸ ਹੋਵੇਗੀ।

ਅਗਲੇ ਦਿਨ ਜਦ ਸੱਤਵੇਂ ਪੀਰੀਅਡ ਵਿਚ ਜਗਦੀਸ਼ ਫੇਰ ਹੱਥ ਵਿਚ ਲੱਕੜ ਦੀ ਪਰਕਾਰ ਫੁੱਟ, ਗੁਣੀਏ ਤੇ ਚਾਕ ਫੜੀ ਜਮਾਤ ਵਿਚ ਆਇਆ ਤਾਂ ਵਿਦਿਆਰਥੀਆਂ ਦੇ ਚਿਹਰਿਆਂ ਉਤੇ ਇੱਕ ਨਵੀਂ ਤਾਜ਼ਗੀ ਸੀ। ਛੇ ਪੀਰੀਅਡ ਪੜ੍ਹ ਚੁੱਕਣ ਪਿੱਛੋਂ ਉਨ੍ਹਾਂ ਦੇ ਚਿਹਰਿਆਂ ਉਤੇ ਜੋ ਥਕੇਵਾਂ ਜਿਹਾ ਹੋਇਆ ਕਰਦਾ ਸੀ। ਉਹ ਅੱਜ ਬਿਲਕੁਲ ਨਹੀਂ ਸੀ। ਉਹ ਜਿਵੇਂ ਸਵੇਰ ਤੋਂ ਹੀ ਜਗਦੀਸ਼ ਨੂੰ ਉਡੀਕ ਰਹੇ ਸਨ। ਉਸ ਦੇ ਆਉਂਦਿਆਂ ਹੀ ਉਨ੍ਹਾਂ ਦੇ ਚਿਹਰੇ ਚਮਕ ਉਠੇ ਤੇ ਉਸ ਦੇ ਬੁੱਲ੍ਹਾਂ ਦੀ ਮੁਸਕਰਾਹਟ ਵੇਖ ਕੇ ਉਹ ਪਹਿਲੇ ਛੇ ਪੀਰੀਅਡਾਂ ਦਾ ਅਕੇਵਾਂ ਤੇ ਥਕੇਵਾਂ ਭੁੱਲ ਗਏ।

ਜਗਦੀਸ਼ ਨੇ ਦੋ-ਤਿੰਨ ਵਿਦਿਆਰਥੀਆਂ ਨੂੰ ਆਪਣੇ ਦਿੱਤੇ ਕੱਲ੍ਹ ਵਾਲੇ ਨਾਂਵਾਂ ਨਾਲ ਬੁਲਾਇਆ, ਇੱਕ ਦੋ ਵਿਦਿਆਰਥੀਆਂ ਨੂੰ ਹਲਕੇ-ਫੁਲਕੇ ਮਜ਼ਾਕ ਕੀਤੇ ਤੇ ਫੇਰ ਇੱਕ ਲਤੀਫਾ ਸੁਣਾਇਆ। ਤਦ ਹੱਸ ਹੱਸ ਕੇ ਦੋਹਰੇ ਹੋ ਰਹੇ ਵਿਦਿਆਰਥੀਆਂ ਵੱਲ ਪਿੱਠ ਕਰ ਕੇ ਉਸ ਨੇ ਬਲੈਕਬੋਰਡ ਉਤੇ ਦੋ ਲੀਕਾਂ ਵਾਹੀਆਂ ਤੇ ਵਿਦਿਆਰਥੀਆਂ ਵੱਲ ਮੁੜ ਕੇ ਪੁੱਛਿਆ, "ਇਹ ਕੇਹੋ ਜਿਹੀਆਂ ਰੇਖਾਵਾਂ ਹਨ?"

ਕਈ ਵਿਦਿਆਰਥੀਆਂ ਦੇ ਹੱਥ ਉਠੇ ਤਾਂ ਉਸ ਨੇ ਇੱਕ ਵੱਲ ਸੈਨਤ ਕੀਤੀ। "ਸਰਲ ਰੇਖਾਵਾਂ।"

"ਸਰਲ ਰੇਖਾਵਾਂ ਤਾਂ ਹਨ ਹੀ, ਪਰ ਇਨ੍ਹਾਂ ਦਾ ਆਪਸ ਵਿਚ ਕੀ ਸੰਬੰਧ ਹੈ?"

ਇਸ ਵਾਰ ਕੋਈ ਹੱਥ ਨਾ ਉਠਿਆ। ਕੁਝ ਹੀ ਚਿਰ ਪਿੱਛੋਂ ਇੱਕ ਵਿਦਿਆਰਥੀ ਨੇ ਖੜ੍ਹੋਂਦਿਆਂ ਕਿਹਾ, "ਇਹ ਆਪਸ ਵਿੱਖ ਵੱਖ-ਵੱਖ ਹਨ।"

ਜਗਦੀਸ਼ ਨੇ ਮੁਸਕਰਾਉਂਦਿਆਂ ਸਿਰ ਹਿਲਾਇਆ। "ਨਹੀਂ। ਇਨ੍ਹਾਂ ਨੂੰ ਰੇਖਾ ਗਣਿਤ ਵਿਚ ਕੀ ਕਹਾਂਗੇ?"

ਤਦੇ ਮਾਨੀਟਰ ਨੇ ਕਾਹਲ ਨਾਲ ਉਠਦਿਆਂ ਕਿਹਾ, "ਸਮਾਨਾਂਤਰ ਰੇਖਾਵਾਂ।"

ਲਗਭਗ ਸਾਰੇ ਵਿਦਿਆਰਥੀਆਂ ਦੇ ਹੱਥ ਉਠੇ। ਪਰ ਪਾਸ਼ੀ ਦੋਵੇਂ ਬਾਹਾਂ ਡੈਸਕ ਉਤੇ ਰੱਖੀ ਬੁੱਲ੍ਹਾਂ ਵਿਚ ਜਿਵੇਂ ਕੁਝ ਯਾਦ ਕਰ ਰਹੀ ਸੀ।

ਜਗਦੀਸ਼ ਨੇ ਉਸੇ ਨੂੰ ਪੁੱਛਿਆ।

ਪਾਸ਼ੀ ਨੇ ਇੱਕ ਨਜ਼ਰ ਆਪਣੇ ਨਾਲ ਬੈਠੀ ਕੁੜੀ ਵੱਲ ਵੇਖਿਆ, ਜਿਸ ਨੇ ਹੱਥ ਖੜ੍ਹਾ ਕੀਤਾ ਹੋਇਆ ਸੀ ਤੇ ਫੇਰ ਖੜੋ ਕੇ ਸਾਹਮਣੇ ਕੰਧ ਵੱਲ ਵੇਖਣ ਲੱਗੀ ਜਿਵੇਂ ਉਥੇ ਲਿਖਿਆ ਕੁਝ ਪੜ੍ਹ ਰਹੀ ਹੋਵੇ। ਅਖੀਰ ਉਸ ਨੇ ਕਿਹਾ, "ਜੋ ਆਪਸ ਵਿਚ ਸਮਾਨ ਹੋਣ।"

ਕੁਝ ਵਿਦਿਆਰਥੀ ਮੁਸਕਰਾਏ, ਮਾਨੀਟਰ ਤੇ ਦੋ-ਤਿੰਨ ਵਿਦਿਆਰਥੀ ਹੱਸੇ ਤੇ ਉਨ੍ਹਾਂ ਦੇ ਹੱਥ ਹੋਰ ਉਚੇ ਹੋ ਕੇ ਤੇਜ਼ੀ ਨਾਲ ਅੱਗੇ-ਪਿੱਛੇ ਹਿੱਲਣ ਲੱਗੇ।

ਜਗਦੀਸ਼ ਮੁਸਕਰਾਇਆ, "ਸਮਾਨ ਕਿਸ ਤਰ੍ਹਾਂ ਹਨ?"

ਪਾਸ਼ੀ ਚੁੱਪ ਸੀ। ਉਸ ਦੇ ਨਾਲ ਬੈਠੀ ਕੁੜੀ ਦਾ ਹੱਥ ਹੋਰ ਉਚਾ ਹੋ ਕੇ ਹਿੱਲ ਰਿਹਾ ਸੀ। ਜਗਦੀਸ਼ ਨੇ ਉਸ ਨੂੰ ਦੱਸਣ ਲਈ ਸੈਨਤ ਕੀਤੀ।

"ਜੋ ਆਪਸ ਵਿਚ ਕਦੇ ਨਾ ਮਿਲਦੀਆਂ ਹੋਣ", ਉਸ ਨੇ ਕਿਹਾ।

ਪਿਛਲੇ ਡੈਸਕ ਉਤੇ ਕੁੰਦਨ ਲਾਲ ਖੜ੍ਹਾ ਹੋ ਕੇ ਜ਼ੋਰ-ਜ਼ੋਰ ਦੀ ਬਾਂਹ ਹਿਲਾ ਰਿਹਾ ਸੀ ਜਿਵੇਂ ਉਸ ਕੁੜੀ ਦਾ ਜਵਾਬ ਗਲਤ ਹੋਵੇ।

ਜਗਦੀਸ਼ ਨੇ ਉਸ ਨੂੰ ਪੁੱਛਿਆ।

"ਜਿਨ੍ਹਾਂ ਵਿਚਕਾਰਲੀ ਦੂਰੀ ਹਮੇਸ਼ਾਂ ਇੱਕੋ ਜਿੰਨੀ ਰਹੇ।" ਮਾਨੀਟਰ ਪਹਿਲੇ ਡੈਸਕ ਉਤੇ ਬੈਠੇ ਮੁੰਡਿਆਂ ਉਤੋਂ ਦੀ ਆਪਣਾ ਹੱਥ ਅੱਗੇ ਵਧਾਈ ਹਿਲਾ ਰਿਹਾ ਸੀ ਜਿਵੇਂ ਕੁੰਦਨ ਲਾਲ ਦਾ ਜਵਾਬ ਵੀ ਗਲਤ ਹੋਵੇ।

ਜਗਦੀਸ਼ ਨੇ ਉਸ ਨੂੰ ਦੱਸਣ ਲਈ ਕਿਹਾ।

"ਸਮਾਨਾਂਤਰ ਰੇਖਾਵਾਂ ਉਹ ਹੁੰਦੀਆਂ ਹਨ, ਜਿਨ੍ਹਾਂ ਵਿਚਕਾਰਲੀ ਦੂਰੀ ਹਮੇਸ਼ਾਂ ਇੱਕੋ ਜਿੰਨੀ ਰਹੇ ਤੇ ਉਹ ਕਿਸੇ ਵੀ ਪਾਸੇ ਚਾਹੇ ਜਿੰਨੀਆਂ ਵੀ ਵਧਾਈਆਂ ਜਾਣ, ਆਪਸ ਵਿਚ ਕਦੇ ਨਾ ਮਿਲਣ।"

"ਸ਼ਾਬਾਸ਼! ... ਸ਼ਾਬਾਸ਼!" ਜਗਦੀਸ਼ ਨੇ ਕਿਹਾ।

ਸਾਰੇ ਹੱਥ ਥੱਲੇ ਹੋ ਗਏ।

ਤਦ ਜਗਦੀਸ਼ ਨੇ ਦੋਹਾਂ ਸਮਾਨਾਂਤਰ ਰੇਖਾਵਾਂ ਨੂੰ ਕੱਟਦੀ ਹੋਈ ਇੱਕ ਰੇਖਾ ਖਿੱਚੀ ਤੇ ਪੁੱਛਿਆ "ਇਸ ਨੂੰ ਕੀ ਕਹਿੰਦੇ ਹਨ?"

"ਤਿਰੀਅਕ ਰੇਖਾ", ਕਈ ਵਿਦਿਆਰਥੀ ਇਕੱਠੇ ਹੀ ਬੋਲ ਉਠੇ।

"ਇਸ ਨਾਲ ਕਿਸ ਕਿਸਮ ਦੇ ਕੋਣ ਬਣਦੇ ਹਨ?"

ਫੇਰ ਕਈ-ਸਾਰੇ ਹੱਥ ਉਠੇ ਪਰ ਪਾਸ਼ੀ ਉਂਜੇ ਡੈਸਕ ਉਤੇ ਬਾਹਾਂ ਟਿਕਾਈ ਬੈਠੀ ਸੀ। ਉਸ ਨੂੰ ਕੁਝ ਵੀ ਸੁੱਝ ਨਹੀਂ ਸੀ ਰਿਹਾ। ਅੱਜ ਤਾਂ ਉਸ ਦੇ ਨਾਲ ਬੈਠੀ ਕੁੜੀ ਵੀ ਉਸ ਨੂੰ ਕੁਝ ਨਹੀਂ ਸੀ ਦੱਸ ਰਹੀ।

ਕੋਣਾਂ ਦੀਆਂ ਕਿਸਮਾਂ ਪੁੱਛਣ ਤੋਂ ਬਾਅਦ ਜਗਦੀਸ਼ ਨੇ ਰੇਖਾ-ਗਣਿਤ ਦਾ ਚੌਥਾ ਪ੍ਰਮੇਯ ਸ਼ੁਰੂ



ਕਰਨਾ ਸੀ। ਪਰ ਉਸ ਤੋਂ ਪਹਿਲਾਂ ਉਸ ਨੇ ਪਾਸ਼ੀ ਨੂੰ ਪੁੱਛਿਆ, "ਸਮਾਨਾਂਤਰ ਰੇਖਾਵਾਂ ਕੀ ਹੁੰਦੀਆਂ ਹਨ?"

ਪਾਸ਼ੀ ਦਾ ਸਿਰ ਚਕਰਾਉਣ ਲੱਗਾ। ਉਹ ਖੜ੍ਹੀ ਹੋ ਗਈ ਤੇ ਉਸ ਨੇ ਸਾਹਮਣੇ ਕੰਧ ਵੱਲ ਵੇਖਦਿਆਂ ਕਿਹਾ "ਜੋ ਆਪਸ ਵਿਚ ਇੱਕ ਦੂਜੀ ਦੇ ਸਮਾਨ ਹੋਣ।"

ਸਾਰੀ ਜਮਾਤ ਵਿਚ ਹਾਸਾ ਗੂੰਜਿਆ। ਪਰ ਇਸ ਵਾਰ ਜਗਦੀਸ਼ ਮੁਸਕਰਾਇਆ ਨਹੀਂ ਸਗੋਂ ਸਹਿਜੇ-ਸਹਿਜੇ ਸਮਝਾਉਣ ਲੱਗਾ ਕਿ ਸਮਾਨਾਂਤਰ ਰੇਖਾਵਾਂ ਉਹ ਰੇਖਾਵਾਂ ਹੁੰਦੀਆਂ ਹਨ, ਜਿਨ੍ਹਾਂ ਵਿਚਕਾਰਲੀ ਦੂਰੀ ਹਮੇਸ਼ਾਂ ਇੱਕੋ ਜਿੰਨੀ ਰਹੇ ਤੇ ਉਹ ਚਾਹੇ ਕਿਸ ਵੀ ਪਾਸੇ ਕਿੰਨੀਆਂ ਵੀ ਵਧਾਈਆਂ ਜਾਣ, ਆਪਸ ਵਿਚ ਕਦੇ ਨਾ ਮਿਲਣ।

ਪਾਸ਼ੀ ਨੇ ਉਸ ਦੇ ਲਫ਼ਜ਼ਾਂ ਨੂੰ ਦੁਹਰਾਇਆ।

ਤਦ ਜਗਦੀਸ਼ ਚੌਥਾ ਪ੍ਰਮੇਯ ਸ਼ੁਰੂ ਕਰਨ ਦੀ ਥਾਂ ਇੱਕ ਕਹਾਣੀ ਸੁਣਾਉਣ ਲੱਗਾ, ਜਿਸ ਵਿਚ ਇੱਕ ਆਦਮੀ ਜਦ ਵੀ ਸਮਾਨਾਂਤਰ ਰੇਖਾਵਾਂ ਵੇਖਦਾ ਹੈ, ਅਚਾਨਕ ਘਬਰਾ ਉਠਦਾ ਹੈ ਤੇ ਉਸ ਨੂੰ ਦੌਰਾ ਪੈਣ ਲੱਗਦਾ ਹੈ। ਖਾਣਾ ਖਾਣ ਵੇਲੇ ਉਹ ਮੇਜ਼ ਉਤੇ ਐਵੇਂ ਹੀ ਆਪਣਾ ਕਾਂਟਾ ਫੇਰਨ ਲੱਗਦਾ ਹੈ ਤਾਂ ਸਮਾਨਾਂਤਰ ਰੇਖਾਵਾਂ ਖਿੱਚੀਆਂ ਜਾਂਦੀਆਂ ਹਨ। ਉਨ੍ਹਾਂ ਨੂੰ ਵੇਖਦਿਆਂ ਹੀ ਉਹ ਬੇਹੋਸ਼ ਹੋ ਜਾਂਦਾ ਹੈ। ਹਜਾਮਤ ਕਰਦਿਆਂ ਉਹ ਚਿਹਰੇ ਉਤੇ ਕੁਝ ਇੱਕ ਵਾਰ ਰੇਜ਼ਰ ਫੇਰਦਾ ਹੈ ਤਾਂ ਗੱਲ੍ਹਾਂ ਉਤੇ ਲੱਗੇ ਸਾਬਣ ਵਿਚ ਸਮਾਨਾਂਤਰ ਰੇਖਾਵਾਂ ਬਣ ਜਾਂਦੀਆਂ ਹਨ ਤੇ ਉਹ ਬੇਹੋਸ਼ ਹੋ ਕੇ ਡਿੱਗ ਪੈਂਦਾ ਹੈ। ਰੇਲਵੇ ਪਲੇਟਫਾਰਮ ਉਤੇ ਖੜੋਤਾ ਉਹ ਆ ਰਹੀ ਗੱਡੀ ਨੂੰ ਵੇਖਣ ਲੱਗਦਾ ਹੈ ਤਾਂ ਰੇਲ ਦੀਆਂ ਲਾਈਨਾਂ ਉਸ ਦੀਆਂ ਅੱਖਾਂ ਵਿਚ ਸਮਾਨਾਂਤਰ ਰੇਖਾਵਾਂ ਬਣ ਜਾਂਦੀਆਂ ਹਨ ਤੇ ਉਸ ਨੂੰ ਦੌਰਾ ਪੈਣ ਲੱਗਦਾ ਹੈ। ਅਖੀਰ, ਮਨੋਵਿਗਿਆਨ ਦੀ ਡਾਕਟਰ ਇੱਕ ਤੀਵੀਂ ਉਸ ਦਾ ਇਲਾਜ ਕਰਦੀ ਹੈ ਤੇ ਪਤਾ ਲਾਉਂਦੀ ਹੈ ਕਿ ਸਮਾਨਾਂਤਰ ਰੇਖਾਵਾਂ ਨੂੰ ਵੇਖ ਕੇ ਉਸ ਨੂੰ ਕਿਉਂ ਦੌਰਾ ਪੈਣ ਲੱਗਦਾ ਹੈ। ...

ਅਗਲੇ ਪੀਰੀਅਡ ਦੀ ਘੰਟੀ ਵੱਜੀ ਤਾਂ ਜਗਦੀਸ਼ ਕਹਾਣੀ ਨੂੰ ਵਿਚੇ ਛੱਡ ਕੇ ਉਠਿਆ। ਵਿਦਿਆਰਥੀ ਕਹਾਣੀ ਪੂਰੀ ਕਰਨ ਲਈ ਜ਼ਿੱਦ ਕਰਨ ਲੱਗੇ ਤਾਂ ਉਹ ਅਗਲੇ ਦਿਨ ਬਾਕੀ ਦੀ ਕਹਾਣੀ ਸੁਣਾਉਣ ਲਈ ਕਹਿ ਕੇ ਚਲਾ ਗਿਆ।

ਤੇ ਪਾਸ਼ੀ ਸੋਚ ਰਹੀ ਸੀ ਕਿ ਭਾਵੇਂ ਉਸ ਨੂੰ ਰੇਖਾ-ਗਣਿਤ ਬਿਲਕੁਲ ਨਹੀਂ ਆਉਂਦਾ ਪਰ ਹੈ ਇਹ ਬੜਾ ਦਿਲਚਸਪ ਵਿਸ਼ਾ। ਇਸ ਸਾਲ ਉਹ ਇਸ ਵਿਚ ਜ਼ਰੂਰ ਪਾਸ ਹੋਵੇਗੀ।

ਸਕੂਲ ਵਿਚ ਪੜ੍ਹਾਉਂਦਿਆਂ ਜਗਦੀਸ਼ ਨੂੰ ਚਾਰ ਮਹੀਨੇ ਹੋ ਗਏ ਸਨ। ਉਹ ਵਿਦਿਆਰਥੀ ਵੀ ਜਿਨ੍ਹਾਂ ਨੂੰ ਗਣਿਤ ਵਿਚ ਕਦੇ ਕੋਈ ਦਿਲਚਸਪੀ ਮਹਿਸੂਸ ਨਹੀਂ ਸੀ ਹੋਈ ਤੇ ਜਿਨ੍ਹਾਂ ਲਈ ਗਣਿਤ ਸ਼ੁਰੂ ਤੋਂ ਹੀ ਬੜਾ ਰੁੱਖਾ ਤੇ ਔਖਾ ਵਿਸ਼ਾ ਬਣਿਆ ਹੋਇਆ ਸੀ, ਹੁਣ ਹੋਰਨਾਂ ਵਿਸ਼ਿਆਂ ਦੇ ਮੁਕਾਬਲੇ ਉਸ ਵਿਚ ਕਿਤੇ ਵੱਧ ਦਿਲਚਸਪੀ ਲੈਣ ਲੱਗੇ ਸਨ। ਉਹ ਬੀਜ-ਗਣਿਤ ਦੇ ਸਿਧਾਂਤਾਂ ਨਾਲ ਅੰਕ-ਗਣਿਤ ਦੇ ਗੁੰਝਲਦਾਰ ਸਵਾਲਾਂ ਨੂੰ ਮਿੰਟਾਂ-ਸਕਿੰਟਾਂ ਵਿਚ ਹੱਲ ਕਰ ਲੈਂਦੇ। ਰੇਖਾ-ਗਣਿਤ ਦੀਆਂ ਵੱਖ-ਵੱਖ ਸ਼ਕਲਾਂ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਘੁੰਮਦੀਆਂ ਰਹਿੰਦੀਆਂ, ਜਿਵੇਂ 'ਕਲੀਡੀਓਸਕੋਪ' ਨੂੰ ਹਿਲਾਉਣ ਨਾਲ ਉਸ ਵਿਚ ਪਏ ਕੱਚ ਦੇ ਰੰਗ-ਬਿਰੰਗੇ ਟੋਟਿਆਂ ਦੀਆਂ ਮਨਮੋਹਣੀਆਂ ਸ਼ਕਲਾਂ ਬਣਦੀਆਂ ਹਨ। ਉਹ ਜਮਾਤਾਂ ਜਿਨ੍ਹਾਂ ਵਿਚ ਜਗਦੀਸ਼ ਦਾ ਕੋਈ ਪੀਰੀਅਡ ਨਹੀਂ ਸੀ, ਉਸ ਲਈ ਤਰਸਦੀਆਂ।

ਪਾਸ਼ੀ ਹੁਣ ਪਹਿਲਾਂ ਵਾਂਗ ਸਵਾਲ ਪੁੱਛੇ ਜਾਣ ਉਤੇ ਕੰਧ ਵੱਲ ਸੁੰਞੀ ਜਿਹੀ ਨਜ਼ਰ ਨਾਲ ਨਾ ਵੇਖਦੀ। ਉਸ ਦਾ ਹੱਥ ਕਦੇ-ਕਦੇ ਉਠ ਜਾਂਦਾ ਤੇ ਉਸ ਦੇ ਜਵਾਬ ਜ਼ਿਆਦਾਤਰ ਸਹੀ ਹੁੰਦੇ। ਪਰ ਪਿਛਲੇ ਦੋ ਵਰ੍ਹਿਆਂ ਦਾ ਉਸ ਦਾ ਬੀਜ-ਗਣਿਤ ਤੇ ਰੇਖਾ-ਗਣਿਤ ਦਾ ਗਿਆਨ ਨਾਂਮਾਤਰ ਹੀ ਸੀ। ਨਵੀਆਂ ਪੜ੍ਹਾਈਆਂ ਗਈਆਂ ਗੱਲਾਂ ਉਸ ਨੂੰ ਕਾਫੀ ਹੱਦ ਤੱਕ ਯਾਦ ਸਨ ਪਰ ਮੁੱਢਲੀਆਂ ਬੁਨਿਆਦੀ ਗੱਲਾਂ ਨਾ ਆਉਣ ਕਰ ਕੇ ਉਹ ਕਈ ਵਾਰ ਸਵਾਲ ਪੁੱਠੇ-ਸਿੱਧੇ ਕਰ ਬੈਠਦੀ ਤੇ ਉਹ ਡਰਦੀ ਕਿ ਕਿਤੇ ਇਸ ਵਾਰ ਵੀ ਫੇਲ੍ਹ ਨਾ ਹੋ ਜਾਏ।

ਸਾਲਾਨਾ ਇਮਤਿਹਾਨ ਵਿਚ ਤਿੰਨ ਮਹੀਨੇ ਬਾਕੀ ਰਹਿ ਗਏ ਸਨ। ਇੱਕ ਦਿਨ ਪਾਸ਼ੀ ਦੇ ਪਿਤਾ ਜੀ ਸਕੂਲ ਆਏ, ਜਗਦੀਸ਼ ਨੂੰ ਮਿਲੇ ਤੇ ਪਾਸ਼ੀ ਲਈ ਉਸ ਦੀ ਟਿਊਸ਼ਨ ਰੱਖ ਲਈ।

ਕਿਸੇ ਘਰ ਵਿਚ ਏਨਾ ਅਮੀਰਾਨਾ ਠਾਠ ਜਗਦੀਸ਼ ਨੇ ਪਹਿਲਾਂ ਕਦੇ ਨਹੀਂ ਸੀ ਵੇਖਿਆ। ਪਾਸ਼ੀ ਦੀ ਕੋਠੀ ਦੇ ਸਾਹਮਣੇ ਬਗੀਚੇ ਵਿਚ ਲੱਗੇ ਹੋਏ ਵੰਨ-ਸੁਵੰਨੇ ਬੂਟਿਆਂ ਦੀ ਕਾਟ-ਤਰਾਸ਼ ਤੇ ਭਾਂਤ-ਸੁਭਾਂਤੇ ਫੁੱਲਾਂ ਨੂੰ ਉਹ ਵੇਖਦਾ ਰਹਿ ਗਿਆ। ਫੇਰ, ਜਦ ਉਹ ਰੇਸ਼ਮੀ ਪਰਦਿਆਂ, ਕਸ਼ਮੀਰੀ ਕਾਲੀਨਾਂ ਤੇ ਅਤਿ-ਆਧੁਨਿਕ ਫ਼ਰਨੀਚਰ ਨਾਲ ਸਜੇ ਡਰਾਇੰਗ-ਰੂਮ ਵਿਚ ਗਿਆ ਤੇ ਪਾਸ਼ੀ ਦੇ ਪਿਤਾ ਜੀ ਨਾਲ ਚਾਹ ਪੀਣ ਬੈਠਾ ਤਾਂ ਉਸ ਮਾਹੌਲ ਵਿਚ ਉਸ ਨੂੰ ਆਪਣੀ ਹਸਤੀ ਏਨੀ ਨਿਗੂਣੀ ਜਿਹੀ ਲੱਗੀ ਕਿ ਉਸ ਦੇ ਮਨ ਵਿਚ ਆਇਆ ਕਿ ਟਿਊਸ਼ਨ ਕਰਨੋਂ ਨਾਂਹ ਕਰ ਦਏ। ਉਸ ਨੂੰ ਲੱਗਾ, ਜਿਵੇਂ ਉਸ ਦੇ ਕੱਪੜੇ ਮੈਲੇ ਤੇ ਅੱਧੋਰਾਣੇ ਸਨ, ਉਸ ਦੇ ਬੂਟ ਬਹੁਤ ਪੁਰਾਣੇ ਤੇ ਖਸਤਾ-ਹਾਲ ਸਨ ਤੇ ਪਾਸ਼ੀ ਦੇ ਪਿਤਾ ਜੀ ਦੇ ਸਾਹਮਣੇ ਉਸ ਦੀ ਸ਼ਖਸੀਅਤ ਬੜੀ ਗਰੀਬੜੀ ਤੇ ਤਰਸਯੋਗ ਸੀ। ਉਹ ਚਾਹ ਪੀਂਦਾ ਹੋਇਆ ਨਾਂਹ ਕਰਨ ਬਾਰੇ ਸੋਚਦਾ ਰਿਹਾ ਪਰ ਨਾਲ ਹੀ ਉਸ ਦੇ ਮਨ ਵਿਚ ਇਹ ਖ਼ਿਆਲ ਵੀ ਆਉਂਦਾ ਰਿਹਾ ਕਿ ਏਨੀ ਚੰਗੀ ਟਿਊਸ਼ਨ ਨੂੰ ਠੁਕਰਾਉਣਾ ਨਿਰੀ ਮੂਰਖਤਾ ਹੈ।

ਅਖੀਰ ਚਾਹ ਪੀਣ ਅਤੇ ਪਾਸ਼ੀ ਦੇ ਪਿਤਾ ਜੀ ਨਾਲ ਕੁਝ ਗੱਲਾਂ ਕਰਨ ਪਿੱਛੋਂ ਉਹ ਪਾਸ਼ੀ ਦੇ ਕਮਰੇ ਵਿਚ ਗਿਆ। ਉਸੇ ਤਰ੍ਹਾਂ ਦੇ ਰੇਸ਼ਮੀ ਪਰਦਿਆਂ, ਕਸ਼ਮੀਰੀ ਕਾਲੀਨਾਂ ਤੇ ਅਤਿ ਆਧੁਨਿਕ ਫ਼ਰਨੀਚਰ ਨਾਲ ਸਜਿਆ ਹੋਇਆ ਕਮਰਾ ਸੀ ਉਹ ਵੀ ਤੇ ਉਥੇ ਵੀ ਜਗਦੀਸ਼ ਦੇ ਮਨ ਵਿਚ ਆਪਣੀ ਨਿਗੂਣੀ ਹੋਂਦ ਦਾ ਅਹਿਸਾਸ ਸੀ ਪਰ ਨਾਲ ਹੀ ਇਮਤਿਹਾਨ ਹੋਣ ਤੱਕ ਹਰ ਮਹੀਨੇ ਨੱਬੇ ਰੁਪਏ ਮਿਲਣ ਦਾ ਖ਼ਿਆਲ ਵੀ ਸੀ।

ਸਕੂਲ ਤੋਂ ਛੁੱਟੀ ਹੋਣ ਪਿੱਛੋਂ ਜਗਦੀਸ਼ ਟਿਊਸ਼ਨ ਉਤੇ ਜਾਣ ਤੋਂ ਪਹਿਲਾਂ ਅੱਧਾ ਘੰਟਾ ਇਧਰ-ਉਧਰ ਬੈਠ-ਉਠ ਕੇ ਕੱਟਦਾ ਕਿਉਂਕਿ ਪਾਸ਼ੀ ਛੁੱਟੀ ਹੁੰਦਿਆਂ ਹੀ ਪੜ੍ਹਨ ਲਈ ਤਿਆਰ ਨਾ ਹੁੰਦੀ। ਉਹ ਉਸ ਦੇ ਕਮਰੇ ਵਿਚ ਜਾਂਦਾ ਤਾਂ ਕੁਝ ਚਿਰ ਪਿੱਛੋਂ ਚਾਹ ਆਉਂਦੀ ਫੇਰ ਦਸਾਂ-ਵੀਹਾਂ ਮਿੰਟਾਂ ਪਿੱਛੋਂ ਪਾਸ਼ੀ ਆਉਂਦੀ ਫੇਰ ਉਸ ਦੀਆਂ ਇਧਰ-ਉਧਰ ਦੀਆਂ ਬੜੀਆਂ ਚੰਚਲ ਗੱਲਾਂ ਆਉਂਦੀਆਂ ਤੇ ਫੇਰ ਕਿਤੇ ਜਾ ਕੇ ਗਣਿਤ ਦੀ ਵਾਰੀ ਆਉਂਦੀ। ਤਦ ਕਦੇ ਅਚਾਨਕ ਪਾਸ਼ੀ ਦੀ ਸਮਾਨਾਂਤਰ ਰੇਖਾਵਾਂ ਦੀ ਉਲਝਣ ਆਉਂਦੀ ਜਿਨ੍ਹਾਂ ਦੀ ਪਰਿਭਾਸ਼ਾ ਤੋਤੇ ਵਾਂਗ ਉਸ ਦੀ ਜ਼ੁਬਾਨ ਉਤੇ ਚੜ੍ਹ ਚੁੱਕੀ ਸੀ ਤੇ ਉਹ ਪੁੱਛਦੀ, "ਮਾਸਟਰ ਜੀ ਕੀ ਇਨ੍ਹਾਂ ਦਾ ਫ਼ਾਸਲਾ ਕਦੇ ਵੀ ਘੱਟ ਨਹੀਂ ਹੁੰਦਾ? ਇਹ ਕਿਤੇ ਵੀ ਜਾ ਕੇ ਨਹੀਂ ਮਿਲਦੀਆਂ?"

"ਨਹੀਂ", ਜਗਦੀਸ਼ ਸਾਹਮਣੇ ਕੰਧ ਵੱਲ ਵੇਖਦਾ ਹੋਇਆ ਕਹਿੰਦਾ।

"ਕਦੇ ਵੀ ਨਹੀਂ?"

ਜਗਦੀਸ਼ ਦੁਬਾਰਾ ਨਹੀਂ ਕਹਿਣ ਦੀ ਥਾਂ ਉਸ ਨੂੰ ਉਹ ਪ੍ਰਮੇਯ ਕਰਨ ਲਈ ਕਹਿੰਦਾ, ਜਿਸ ਵਿਚ ਉਹ ਹਰ ਵਾਰ ਕੋਈ ਨਾ ਕੋਈ ਗਲਤੀ ਕਰ ਜਾਇਆ ਕਰਦੀ ਸੀ।

ਪਾਸ਼ੀ ਕਦੇ ਉਹ ਪ੍ਰਮੇਯ ਕਰਨ ਲੱਗਦੀ ਤੇ ਕਦੇ ਰੁੱਸ ਬਹਿੰਦੀ। ਅਸੀਂ ਨਹੀਂ ਕਰਦੇ! ਕਈ ਵਾਰ ਤਾਂ ਹੋ ਚੁੱਕਾ ਏ। ਤੁਸੀਂ ਮੁੜ-ਮੁੜ ਇਸੇ ਨੂੰ ਕਰਨ ਲਈ ਕਹਿੰਦੇ ਹੋ। ਇਹ ਕਿਹੜਾ ਇਸ ਸਾਲ ਇਮਤਿਹਾਨ ਵਿਚ ਆਉਣ ਵਾਲਾ ਏ।

ਜਗਦੀਸ਼ ਚੁੱਪ ਹੋ ਜਾਂਦਾ ਉਹ ਉਸ ਅਮੀਰਜ਼ਾਦੀ ਨੂੰ ਡਾਂਟ ਨਹੀਂ ਸੀ ਸਕਦਾ ਤੇ ਚੁੱਪ ਬਣਿਆ ਸਾਹਮਣੇ ਕੰਧ ਵੱਲ ਵੇਖਦਾ ਰਹਿੰਦਾ।

ਫੇਰ ਪਾਸ਼ੀ ਜਿਵੇਂ ਖ਼ੁਦ ਹੀ ਮੰਨ ਜਾਂਦੀ ਤੇ ਕਹਿੰਦੀ "ਚੰਗਾ, ਕੱਲ੍ਹ ਮੈਂ ਇਹ ਪ੍ਰਮੇਯ ਜ਼ਰੂਰ ਹੀ ਕਰ ਕੇ ਵਿਖਾ ਦਿਆਂਗੀ। ਇੱਕ ਵੀ ਗਲਤੀ ਨਹੀਂ ਹੋਵੇਗੀ।"

ਤੇ ਫੇਰ ਜਿਵੇਂ ਕੁਝ ਹੋਇਆ ਹੀ ਨਾ ਹੋਵੇ, ਉਹ ਪੁੱਛਦੀ, "ਪਰ ਮਨੋਵਿਗਿਆਨ ਦੀ ਉਸ ਡਾਕਟਰ ਨੇ ਆਖ਼ਿਰ ਉਨ੍ਹਾਂ ਸਮਾਨਾਂਤਰ ਰੇਖਾਵਾਂ ਦੇ ਰਹੱਸ ਦਾ ਕਿਵੇਂ ਪਤਾ ਲਾ ਲਿਆ?"

ਜਗਦੀਸ਼ ਮੁਸਕਰਾ ਪੈਂਦਾ ਤੇ ਕਹਿੰਦਾ ਸ਼ਾਇਦ ਏਸ ਸਾਲ ਫੇਰ ਤੂੰ ਗਣਿਤ ਵਿਚ ਫੇਲ੍ਹ ਹੋਣਾ ਚਾਹੁੰਦੀ ਏਂ।"

ਪਾਸ਼ੀ ਝੱਟ ਕਹਿੰਦੀ, "ਤੁਸੀਂ ਵੇਖ ਲੈਣਾ ਏਸ ਵਾਰ ਮੈਂ ਫ਼ਸਟ ਕਲਾਸ ਨੰਬਰ ਨਾ ਲਏ ਤਾਂ!"

ਪਾਸ਼ੀ ਦੀ ਕੋਠੀ ਵਿਚੋਂ ਨਿਕਲ ਕੇ ਜਗਦੀਸ਼ ਆਪਣੇ ਘਰ ਜਾਂਦਾ ਤਾਂ ਆਪਣੇ ਛੋਟੇ ਜਹੇ ਕਮਰੇ ਵਿਚ ਦਾਖ਼ਲ ਹੁੰਦਿਆਂ ਹੀ ਉਸ ਦਾ ਮਨ ਉਦਾਸ ਹੋ ਉਠਦਾ। ਕਮਰੇ ਵਿਚਲੀ ਮੈਲੀ ਜਿਹੀ ਧੁੰਦ ਤੇ ਘਸਮੈਲੀਆਂ ਕੰਧਾਂ ਵੱਲ ਵੇਖਣ ਨੂੰ ਉਸ ਦਾ ਦਿਲ ਨਾ ਕਰਦਾ। ਨਿਗੂਣੇ ਹੋਣ ਦਾ ਅਹਿਸਾਸ ਉਸ ਨੂੰ ਜਿਵੇਂ ਖਾਣ ਲੱਗਦਾ ਤੇ ਉਹ ਥਕੇਵੇਂ ਜਹੇ ਵਿਚ

ਕੱਪੜੇ ਬਦਲਦਾ, ਮੂੰਹ ਹੱਥ ਧੋਂਦਾ ਅੰਗੀਠੀ ਵਿਚ ਕੋਲੇ ਪਾਉਂਦਾ ਤੇ ਰਾਤ ਦਾ ਖਾਣਾ ਬਣਾਉਣ ਲੱਗਦਾ। ਕਦੇ ਉਹ ਸੋਚਦਾ ਕਿ ਪਿਛਲੇ ਛੇ ਸਾਲਾਂ ਤੋਂ ਉਹ ਸਕੂਲ-ਮਾਸਟਰੀ ਕਰਦਾ ਆ ਰਿਹਾ ਹੈ। ਆਖ਼ਿਰ ਉਸ ਦੀ ਜ਼ਿੰਦਗੀ ਕੀ ਹੈ? ਉਸ ਦਾ ਭਵਿੱਖ ਕੀ ਹੈ? ਕੀ ਸਾਰੀ ਜ਼ਿੰਦਗੀ ਏਸੇ ਤਰ੍ਹਾਂ ਸਕੂਲ ਵਿਚ ਪੜ੍ਹਾਉਂਦਿਆਂ ਤੇ ਇਸ ਕਮਰੇ ਵਿਚ ਖਾਣਾ ਬਣਾਉਂਦਿਆਂ ਬੀਤ ਜਾਏਗੀ? ਇੱਕ ਦਿਨ ਕਿੰਨੇ ਸੁਹਣੇ ਭਵਿੱਖ ਦਾ ਸੁਪਨਾ ਵੇਖਿਆ ਸੀ। ਉਸ ਦੀ ਤਾਲੀਮ ਦੇ ਖ਼ਰਚ ਨੇ ਉਸ ਦੇ ਬੁੱਢੇ ਪਿਤਾ ਦੀ ਕਮਰ ਤੋੜ ਸੁੱਟੀ ਸੀ। ਉਸ ਨੇ ਬੜੀਆਂ ਔਖਿਆਈਆਂ ਨਾਲ ਉਸ ਨੂੰ ਪੜ੍ਹਾਇਆ ਸੀ ਤੇ ਉਸ ਨੂੰ ਆਸ ਸੀ ਕਿ ਇੱਕ ਦਿਨ ਉਹ ਇੰਜੀਨੀਅਰ ਬਣ ਜਾਏਗਾ ਤਾਂ ਸਾਰੀਆਂ ਔਖਿਆਈਆਂ ਦੂਰ ਹੋ ਜਾਣਗੀਆਂ। ਸ਼ੁਰੂ ਤੋਂ ਹੀ ਇੰਜੀਨੀਅਰੀ ਵਿਚ ਜਗਦੀਸ਼ ਦੀ ਬੜੀ ਰੁਚੀ ਸੀ। ਪਰ ਉਸ ਦੇ ਐਫ.ਐਸ-ਸੀ. ਤੱਕ ਪਹੁੰਚਦਿਆਂ ਪਿਤਾ ਦੀ ਕਮਰ ਏਨੀ ਨਿਉਂ ਗਈ ਸੀ ਕਿ ਹੁਣ ਉਹ ਉਸ ਦੀ ਤਾਲੀਮ ਦਾ ਭਾਰ ਹੋਰ ਵਧੇਰੇ ਨਹੀਂ ਸੀ ਚੁੱਕ ਸਕਦਾ। ਦਿਨ-ਰਾਤ ਦੀ ਅਟੁੱਟ ਮਿਹਨਤ ਸਦਕਾ ਜਗਦੀਸ਼ ਐਫ.ਐਸ-ਸੀ. ਵਿਚ ਪਹਿਲੀ ਸ਼੍ਰੇਣੀ ਵਿਚ ਪਾਸ ਹੋਇਆ ਸੀ। ਪਰ ਅੱਗੋਂ ਮਾਇਕ ਔਕੜਾਂ ਕਰਕੇ ਇੰਜੀਨੀਅਰੀ ਕਰਨੀ ਸੰਭਵ ਨਹੀਂ ਸੀ। ਤਦ ਉਸ ਨੇ ਛੋਟੀ-ਛੋਟੀ ਕਮਾਈ ਕਰਦਿਆਂ ਬੀ.ਏ. ਕੀਤੀ ਸੀ ਤੇ ਫੇਰ ਸਕੂਲ ਵਿਚ ਨੌਕਰੀ ਕਰ ਲਈ ਸੀ। ਹੁਣ ਇਹ ਉਸ ਦਾ ਛੇਵਾਂ ਸਾਲ ਸੀ ਤੇ ਉਸ ਦੀ ਜ਼ਿੰਦਗੀ ਇੱਕ ਅਜਿਹੀ ਸਿੱਧੀ ਲੀਕ ਬਣ ਗਈ ਸੀ ਜਿਸ ਵਿਚ ਕੋਈ ਵਿੰਗ-ਮੋੜ ਨਹੀਂ ਸੀ। ਉਸ ਨੂੰ ਆਪਣੀ ਜ਼ਿੰਦਗੀ ਦਾ ਆਖ਼ਰੀ ਪੜਾਅ ਸਾਫ਼ ਦਿਸ ਰਿਹਾ ਸੀ ਤੇ ਇੱਕ ਲੀਕ ਪਾਸ਼ੀ ਦੀ ਜ਼ਿੰਦਗੀ ਦੀ ਸੀ। ਉਹ ਆਪਣੇ ਪਿਤਾ ਦੀ ਕੱਲੀ-ਕਾਰੀ ਧੀ ਸੀ ਤੇ ਉਸ ਦੀ ਸਾਰੀ ਜਾਇਦਾਦ ਦੀ ਵਾਰਿਸ। ਇੱਕ ਦਿਨ ਵਿਆਹ ਹੋਣ ਪਿੱਛੋਂ ਉਸ ਨੇ ਉਸ ਕੋਠੀ ਵਿਚੋਂ ਨਿਕਲ ਕੇ ਉਹੋ ਜਿਹੀ ਹੀ ਕਿਸੇ ਹੋਰ ਕੋਠੀ ਵਿਚ ਚਲੀ ਜਾਣਾ ਸੀ।

ਟਿਊਸ਼ਨ ਦਾ ਇਹ ਤੀਜਾ ਮਹੀਨਾ ਸੀ। ਪਾਸ਼ੀ ਗਣਿਤ ਵਿਚ ਹੁਣ ਪੱਕੇ ਪੈਰਾਂ ਉਤੇ ਖੜ੍ਹੀ ਸੀ ਤੇ ਖ਼ਾਸ ਕਰਕੇ ਰੇਖਾ-ਗਣਿਤ ਵਿਚ ਤਾਂ ਉਸ ਨੂੰ ਕਦੇ ਵੀ ਸਾਹਮਣੇ ਕੰਧ ਵੱਲ ਵੇਖ ਕੇ ਸੋਚਣਾ ਨਹੀਂ ਸੀ ਪੈਂਦਾ ਪਰ ਹੁਣ ਜਗਦੀਸ਼ ਹਮੇਸ਼ਾਂ ਸਾਹਮਣੇ ਕੰਧ ਵੱਲ ਵੇਖ ਕੇ ਸੋਚਦਾ। ਉਸ ਨੂੰ ਪਾਸ਼ੀ ਦੇ ਕਮਰੇ ਵਿਚ ਆਪਣੀ ਹੋਂਦ ਨਿਗੂਣੀ ਬਣਦੀ ਜਾ ਰਹੀ ਪ੍ਰਤੀਤ ਹੋ ਰਹੀ ਸੀ ਤੇ ਪਾਸ਼ੀ ਤੋਂ ਡਰ ਲੱਗਦਾ ਸੀ-ਪਾਸ਼ੀ ਜੋ ਆਪਣੀ ਉਮਰ ਦੇ ਸਤਾਰ੍ਹਵੇਂ ਸਾਲ ਵਿਚ ਪੈਰ ਰੱਖ ਚੁੱਕੀ ਸੀ। ਪਾਸ਼ੀ ਜੋ ਉਸ ਨਾਲ ਓੜਕ ਦੀਆਂ ਗੱਲਾਂ ਕਰਦੀ ਹੋਈ ਕਦੇ ਅਚਾਨਕ ਰੁੱਸ ਬੈਠਦੀ ਕਦੇ ਪਾਰੇ ਵਾਂਗ ਤਿਲ੍ਹਕ ਪੈਂਦੀ। ਪਾਸ਼ੀ ਜੋ ਅਜਿਹੇ ਅਜੀਬ-ਅਜੀਬ ਸਵਾਲ ਪੁੱਛਦੀ ਕਿ ਜਗਦੀਸ਼ ਜਵਾਬ ਨਾ ਦੇ ਪਾਉਂਦਾ ਤੇ ਫੇਰ ਪਾਸ਼ੀ ਜਿੰਨਾ ਹੀ ਉਸ ਦੇ ਨੇੜੇ ਹੁੰਦੀ, ਓਨਾ ਹੀ ਉਹ ਉਸ ਤੋਂ ਦੂਰ ਹੋਣ ਦੀ ਕੋਸ਼ਿਸ਼ ਕਰਦਾ। ਉਹ ਫ਼ਾਸਲਾ ਜੋ ਤਿੰਨ ਮਹੀਨੇ ਪਹਿਲਾਂ ਸੀ ਹੁਣ ਵੀ ਉਂਜੇ ਸੀ। ਕਦੇ ਉਸ ਨੂੰ ਲੱਗਦਾ ਕਿ ਪਾਸ਼ੀ ਦੇ ਰੇਸ਼ਮੀ ਕੱਪੜੇ ਉਸ ਨੂੰ ਛੋਹ ਰਹੇ ਹਨ ਤਾਂ ਉਹ ਆਪਣੇ ਆਪ ਵਿਚ ਸੁੰਗੜ ਜਾਂਦਾ। ਕਦੇ ਕਾਪੀ ਉਤੇ ਸਵਾਲ ਸਮਝਾਉਂਦਿਆਂ ਉਸ ਨੂੰ ਲੱਗਦਾ ਕਿ ਪਾਸ਼ੀ ਦੀਆਂ ਅੱਖਾਂ ਉਸ ਦੇ ਚਿਹਰੇ ਉਤੇ ਗੱਡੀਆਂ ਹੋਈਆਂ ਹਨ ਤਾਂ ਉਸ ਨੂੰ ਆਪਣਾ ਚਿਹਰਾ ਭਖਦਾ ਹੋਇਆ ਮਹਿਸੂਸ ਹੁੰਦਾ। ਕਦੇ ਪੈਨਸਿਲ ਫੜਾਉਂਦਿਆਂ ਜਾਂ ਕਿਤਾਬ ਦਿੰਦਿਆਂ ਪਾਸ਼ੀ ਦੀਆਂ ਉਂਗਲਾਂ ਉਸ ਦੇ ਹੱਥ ਨੂੰ ਛੋਹ ਜਾਂਦੀਆਂ ਤਾਂ ਉਹ ਸਿਹਰ ਉਠਦਾ।

ਅਜਿਹੇ ਮੌਕਿਆਂ ਉਤੇ ਅਚਾਨਕ ਉਸ ਕਮਰੇ ਵਿਚ ਪਾਸ਼ੀ ਦੀ ਮਾਂ ਨੇ ਆਉਣਾ, ਜਿਵੇਂ ਕਿਸੇ ਕੰਮ ਦਾ ਬਹਾਨਾ ਕੀਤਾ ਹੋਵੇ। ਤਦ ਪਾਸ਼ੀ ਬੜੀ ਸਾਊ ਜਿਹੀ ਕੁੜੀ ਬਣ ਜਾਂਦੀ ਤੇ ਗਣਿਤ ਸੰਬੰਧੀ ਕਈ-ਕਈ ਗੱਲਾਂ ਪੁੱਛਣ ਲੱਗਦੀ। ਉਸ ਦੀ ਮਾਂ ਕੁਝ ਚਿਰ ਕਮਰੇ ਵਿਚ ਬਹਿ ਕੇ ਚਲੀ ਜਾਂਦੀ। ਤਦ ਜਗਦੀਸ਼ ਫੇਰ ਉਹੋ ਰੇਸ਼ਮੀ ਛੋਹ ਮਹਿਸੂਸ ਕਰਦਾ, ਉਸ ਦਾ ਚਿਹਰਾ ਭਖਣ ਲੱਗਦਾ ਤੇ ਉਸ ਦਾ ਸਰੀਰ ਸਿਹਰ ਉਠਦਾ। ਪਰ ਉਹ ਸਾਹਮਣੇ ਕੰਧ ਵੱਲ ਹੀ ਦੇਖਦਾ ਰਹਿੰਦਾ ਜਾਂ ਥੱਲੇ ਕਾਪੀ ਉਤੇ ਨਜ਼ਰ ਗੱਡੀ ਰੱਖਦਾ। ਆਖ਼ਿਰ ਪਾਸ਼ੀ ਰੁੱਸ ਬਹਿੰਦੀ ਸੱਚ-ਮੁੱਚ ਹੀ ਉਸ ਨਾਲ ਨਾਰਾਜ਼ ਹੋ ਜਾਂਦੀ ਤੇ ਕਹਿੰਦੀ ਕਿ ਉਹ ਉਸ ਤੋਂ ਬਿਲਕੁਲ ਨਹੀਂ ਪੜ੍ਹੇਗੀ ਬਿਲਕੁਲ ਹੀ ਨਹੀਂ ਪੜ੍ਹੇਗੀ।

ਇਮਤਿਹਾਨ ਹੋ ਗਿਆ। ਟਿਊਸ਼ਨ ਖ਼ਤਮ ਹੋ ਗਈ ਤੇ ਨਾਲ ਹੀ ਪਾਸ਼ੀ ਦੀ ਆਲੀਸ਼ਾਨ ਕੋਠੀ ਵਿਚ ਜਗਦੀਸ਼ ਦਾ ਜਾਣਾ-ਆਉਣਾ ਵੀ ਖ਼ਤਮ ਹੋ ਗਿਆ। ਉਸ ਨੂੰ ਲੱਗਾ ਇਹ ਪਿਛਲੇ ਤਿੰਨ ਮਹੀਨੇ ਜਿਵੇਂ ਕਿਸੇ ਸੁਪਨੇ ਵਿਚ ਬੀਤੇ ਹੋਣ। ਇਨ੍ਹਾਂ ਤਿੰਨਾਂ ਮਹੀਨਿਆਂ ਵਿਚ ਉਸ ਦੀ ਹਾਲਤ ਕਿਸੇ ਲੰਮੀ ਬੀਮਾਰੀ ਦੇ ਮਰੀਜ਼ ਵਰਗੀ ਬਣ ਗਈ ਸੀ ਪਰ ਹੁਣ ਇਹ ਸਭ ਕੁਝ ਖਤਮ ਹੋ ਗਿਆ ਸੀ ਤੇ ਉਹ ਖੁਸ਼ ਸੀ।

ਟਿਊਸ਼ਨ ਖ਼ਤਮ ਹੋਣ ਪਿੱਛੋਂ ਸਿਰਫ਼ ਇੱਕ ਵਾਰ ਉਸ ਨੂੰ ਪਾਸ਼ੀ ਦੀ ਕੋਠੀ ਜਾਣਾ ਪਿਆ। ਪਾਸ਼ੀ ਦੇ ਪਿਤਾ ਜੀ ਨੇ ਉਸ ਨੂੰ ਚਾਹ ਉਤੇ ਬੁਲਾਇਆ ਸੀ। ਕੋਠੀ ਵਿਚ ਦਾਖ਼ਿਲ ਹੋਣ ਉਤੇ ਪਾਸ਼ੀ ਨੇ ਉਸ ਨੂੰ ਇਸ ਤਰ੍ਹਾਂ ਨਮਸਤੇ ਕੀਤੀ, ਜਿਵੇਂ ਪਹਿਲਾਂ ਕਦੇ ਨਹੀਂ ਸੀ ਕੀਤੀ ਤੇ ਉਸ ਦਾ ਅਜਿਹਾ ਵਤੀਰਾ ਸੀ ਜਿਵੇਂ ਉਸ ਦੇ ਅੰਦਰ ਕੋਈ ਨਫ਼ਰਤ ਸੀ ਜੋ ਹੁਣ ਛਿੱਥੀ ਪੈ ਗਈ ਸੀ। ਚਾਹ ਪੀਂਦਿਆਂ ਪਾਸ਼ੀ ਦੇ ਪਿਤਾ ਜੀ ਨੇ ਇਧਰ-ਉਧਰ ਦੀਆਂ ਗੱਲਾਂ ਤੋਂ ਛੁੱਟ ਕੁਝ ਗੱਲਾਂ ਪਾਸ਼ੀ ਦੇ ਪਰਚਿਆਂ ਬਾਰੇ ਕੀਤੀਆਂ ਤੇ ਆਸ ਪ੍ਰਗਟ ਕੀਤੀ ਕਿ ਪਰਚੇ ਚੰਗੇ ਹੋਏ ਹੋਣਗੇ ਤੇ ਇਸ ਸਿਲਸਿਲੇ ਵਿਚ ਉਸ ਦਾ ਰਤਾ ਖ਼ਿਆਲ ਰੱਖਣ ਲਈ ਕਿਹਾ। ਜਗਦੀਸ਼ ਨੇ ਯਕੀਨ ਦਿਵਾਇਆ ਕਿ ਹੁਣ ਪਾਸ਼ੀ ਨੂੰ ਡਰਨ ਦੀ ਬਿਲਕੁਲ ਹੀ ਲੋੜ ਨਹੀਂ ਹੈ।

ਆਖ਼ਿਰ ਪਾਸ਼ੀ ਦੀ ਜਮਾਤ ਦੇ ਵੀ ਗਣਿਤ ਦੇ ਪਰਚੇ ਜਗਦੀਸ਼ ਕੋਲ ਆਏ। ਉਸ ਨੂੰ ਯਕੀਨ ਸੀ ਕਿ ਪਾਸ਼ੀ ਨੇ ਪਰਚਾ ਬਹੁਤ ਚੰਗਾ ਕੀਤਾ ਹੋਵੇਗਾ ਕਿਉਂਕਿ ਉਸ ਕਿਸਮ ਦੇ ਸਵਾਲ ਪਾਸ਼ੀ ਕਈ ਵਾਰ ਉਸ ਦੇ ਸਾਹਮਣੇ ਕਰ ਚੁੱਕੀ ਸੀ। ਫੇਰ ਵੀ ਉਸ ਨੇ ਪਰਚਿਆਂ ਵਿਚੋਂ ਪਹਿਲਾਂ ਉਸੇ ਦਾ ਪਰਚਾ ਕੱਢਿਆ ਤੇ ਇੱਕ-ਇੱਕ ਕਰ ਕੇ ਸਾਰੇ ਵਰਕੇ ਪਰਤ ਗਿਆ। ਉਹ ਹੈਰਾਨ ਰਹਿ ਗਿਆ ਕਿ ਸਾਰਾ ਪਰਚਾ ਖਾਲੀ ਸੀ। ਸਿਰਫ਼ ਪਹਿਲੇ ਸਫ਼ੇ ਉਤੇ ਦੋ ਲੀਕਾਂ ਖਿੱਚੀਆਂ ਹੋਈਆਂ ਸਨ ਤੇ ਉਨ੍ਹਾਂ ਦੇ ਉਪਰ ਮੋਟੇ ਅੱਖਰਾਂ ਵਿਚ ਲਿਖਿਆ ਹੋਇਆ ਸੀ ਸਮਾਨਾਂਤਰ ਰੇਖਾਵਾਂ ਤੇ ਉਨ੍ਹਾਂ ਦੇ ਵਿਚਕਾਰ ਇੱਕ ਸਵਾਲੀਆਂ ਨਿਸ਼ਾਨ ਸੀ ਜਿਵੇਂ ਉਹ ਪੁੱਛ ਰਹੀ ਹੋਵੇ, 'ਮਾਸਟਰ ਜੀ ਕੀ ਇਹ ਕਦੇ ਨਹੀਂ ਮਿਲਣਗੀਆਂ?'

# ਔਲਾਦ ਬੁਢਾਪੇ ਦੀ ਲਾਠੀ

ਔਲਾਦ ਅਜਿਹਾ ਘਣ ਛਾਂਵਾਂ ਬੂਟਾ ਹੈ ਜਿਸ ਤੋਂ ਮਾਪਿਆਂ ਨੂੰ ਬੁਢਾਪੇ ਦੀ ਤਿੱਖੀ ਦੁਪਹਿਰ ਵਿਚ ਠੰਢੀਆਂ ਸੀਤਲ ਛਾਂਵਾਂ ਦੀ ਉਮੀਦ ਹੁੰਦੀ ਹੈ। ਔਲਾਦ ਨੂੰ ਬੁਢਾਪੇ ਦੀ ਲਾਠੀ ਵੀ ਮੰਨਿਆ ਜਾਂਦਾ ਹੈ। ਔਲਾਦ ਜਿਹਾ ਮਿੱਠੜਾ ਮੇਵਾ ਚੰਗੇ ਭਾਗਾਂ ਨਾਲ ਨਸੀਬ ਹੁੰਦਾ ਹੈ। ਜੇ ਕਿਤੇ ਔਲਾਦ ਨੇਕ ਹੋਵੇ ਤਾਂ ਹੋਰ ਵੀ ਚੰਗੇ ਭਾਗ ਹੁੰਦੇ ਹਨ। ਔਲਾਦ ਬੋਲਣ ਨੂੰ ਤਾਂ ਸਿਰਫ਼ ਤਿੰਨ ਅੱਖਰਾਂ ਦਾ



**ਨਿੰਮਾ ਡੱਲੇਵਾਲਾ**
ਫੋਨ:513-432-9754

ਸ਼ਬਦ ਹੈ ਪਰ ਇਹ ਇਨਸਾਨ ਦੀ ਜ਼ਿੰਦਗੀ ਭਰ ਦੀ ਕਮਾਈ ਹੁੰਦੀ ਹੈ।

ਵਿਆਹ ਤੋਂ ਪਹਿਲਾਂ ਹਰ ਗੱਭਰੂ/ਮੁਟਿਆਰ ਦਾ ਸੁਪਨਾ ਹੁੰਦਾ ਹੈ ਕਿ ਉਸ ਦਾ ਜੀਵਨ ਸਾਥੀ ਸਭ ਤੋਂ ਸੋਹਣਾ ਤੇ ਚੰਗਾ ਹੋਵੇ। ਦੋ ਵੱਖ-ਵੱਖ ਰੂਹਾਂ ਜਦੋਂ ਵਿਆਹ ਦੇ ਬੰਧਨ ਵਿਚ ਬੱਝ ਕੇ ਇਕ ਹੋ ਜਾਂਦੀਆਂ ਹਨ ਤਾਂ ਦੋਹਾਂ ਦੇ ਦਿਲਾਂ ਵਿਚ ਇਕ ਸਾਂਝਾ ਸੁਪਨ ਸਜ ਜਾਂਦਾ ਹੈ ਕਿ ਰੱਬ ਨੇਕ ਔਲਾਦ ਦਾ ਮਿੱਠੜਾ ਮੇਵਾ ਝੋਲੀ ਪਾ ਦੇਵੇ। ਜਦੋਂ ਮਾਂ ਦੀ ਕੁੱਖ ਨੂੰ ਭਾਗ ਲੱਗਦਾ ਹੈ ਤਾਂ ਸਾਰਾ ਟੱਬਰ ਉਤਾਵਲਾ ਹੋ ਜਾਂਦਾ ਹੈ। ਨਵੇਂ ਚਿਹਰੇ ਦਾ ਚਿਹਰਾ ਦੇਖਣ ਲਈ ਉਂਗਲਾਂ 'ਤੇ ਗਿਣ-ਗਿਣ ਦਿਨਾਂ ਦਾ ਹਿਸਾਬ ਸ਼ੁਰੂ ਹੋ ਜਾਂਦਾ ਹੈ। ਦੁਨੀਆਂ 'ਤੇ ਆਉਣ ਵਾਲੇ ਨਵੇਂ ਜੀਅ ਦਾ ਨਾਂ ਪਹਿਲਾਂ ਤੋਂ ਹੀ ਰੱਖਣ ਦੀ ਕਵਾਇਦ ਸ਼ੁਰੂ ਹੋ ਜਾਂਦੀ ਹੈ।

ਔਲਾਦ ਦੀ ਖੁਸ਼ੀ ਮਾਪਿਆਂ ਦੀ ਜ਼ਿੰਦਗੀ ਦਾ ਮਕਸਦ ਬਣ ਜਾਂਦੀ ਹੈ। ਮਾਪੇ ਬੱਚਿਆਂ ਦੀ ਹਰ ਬੁਰੀ ਬਲਾਅ ਆਪਣੇ ਸਿਰ ਲੈਣ ਲਈ ਤਿਆਰ ਹੁੰਦੇ ਹਨ। ਆਪਣੇ ਮੂੰਹ ਦੀ ਬੁਰਕੀ ਬੱਚਿਆਂ ਦੇ ਮੂੰਹ ਵਿਚ ਪਾ ਜੋ ਖ਼ੁਸ਼ੀ ਮਾਪਿਆਂ ਨੂੰ ਮਿਲਦੀ ਹੈ, ਉਹ ਖ਼ੁਸ਼ੀ ਔਲਾਦ ਨੂੰ ਉਦੋਂ ਹੀ ਸਮਝ ਆਉਂਦੀ ਹੈ, ਜਦੋਂ ਉਹ ਖੁਦ ਮਾਪੇ ਬਣਦੇ ਹਨ। ਮਾਂ ਆਪ ਗਿੱਲੇ ਥਾਂ ਪੈ ਕੇ ਬੱਚੇ ਨੂੰ ਸੁੱਕੇ ਥਾਂ ਪਾ ਕੇ, ਆਪਣਾ ਅੰਮ੍ਰਿਤ ਵਰਗਾ ਸੀਰ ਪਿਲਾ ਕੇ ਜਵਾਨ ਕਰਦੀ ਹੈ। ਔਲਾਦ ਨੂੰ ਵੱਧ ਦਿੱਤੀ ਖੁੱਲ੍ਹ ਅਤੇ ਘੱਟ ਦਿੱਤੇ ਵਕਤ ਦਾ ਵਹਿੰਦਾ ਪਾਣੀ ਕਈ ਵਾਰ ਇਨਸਾਨ ਦੀ ਉਮਰ ਭਰ ਦੀ ਕਮਾਈ ਰੋੜ੍ਹ ਕੇ ਲੈ ਜਾਂਦਾ ਹੈ। ਕਈ ਵਾਰੀ ਅਸੀਂ ਪੈਸੇ ਕਮਾਉਂਦੇ-ਕਮਾਉਂਦੇ ਕਾਮਯਾਬੀ ਦੀਆਂ ਰਾਹਾਂ 'ਤੇ ਤਾਂ ਬਹੁਤ ਮੰਜ਼ਿਲਾਂ ਤੈਅ ਕਰ ਜਾਂਦੇ ਹਾਂ, ਪਰ ਸਾਡੀ ਅਸਲ ਕਮਾਈ ਔਲਾਦ ਰੂਪੀ ਚੰਦਨ ਦੀ ਲੱਕੜੀ ਨੂੰ ਲੱਗਿਆ ਘੁਣ ਵੀ ਸਾਨੂੰ ਨਜ਼ਰ ਨਹੀਂ ਆਉਂਦਾ। ਪੈਸੇ ਕਮਾਉਣ ਦੇ ਨਾਲ-ਨਾਲ ਕੁਦਰਤ ਵੱਲੋਂ ਮਿਲਿਆ ਔਲਾਦ ਜਿਹਾ ਖ਼ਜ਼ਾਨਾ ਸਾਂਭਣਾ ਵੱਧ ਜ਼ਰੂਰੀ ਹੈ!

ਜਿਵੇਂ-ਜਿਵੇਂ ਔਲਾਦ ਵੱਡੀ ਹੁੰਦੀ ਹੈ, ਤਿਵੇਂ-ਤਿਵੇਂ ਮਾਪਿਆਂ ਦੇ ਸੁਪਨੇ ਵੱਡੇ ਹੁੰਦੇ ਜਾਂਦੇ ਹਨ। ਹਰ ਵੇਲੇ ਮਾਪਿਆਂ ਦੀ ਇਹੀ ਕੋਸ਼ਿਸ਼ ਹੁੰਦੀ ਹੈ ਕਿ ਔਲਾਦ ਨੂੰ ਚੰਗੀ ਤਾਲੀਮ ਅਤੇ ਚੰਗੇ ਸੰਸਕਾਰ ਦਿੱਤੇ ਜਾਣ। ਬਿਨਾਂ ਕਿਸੇ ਦਬਾਅ ਅਤੇ ਬਿਨਾਂ ਕਿਸੇ ਲਾਲਚ ਤੋਂ ਸੱਚੀ ਲਗਨ ਨਾਲ ਬੱਚਿਆਂ ਦੀ ਪਰਵਰਿਸ਼ ਕਰਦਿਆਂ ਤੇ ਫਰਜ਼ ਨਿਭਾਉਂਦਿਆਂ ਮਾਪਿਆਂ ਦੇ ਦਿਲ ਵਿਚ ਉਮੰਗ ਉਠਦੀ ਹੈ ਜਿਹੜੀ ਜਵਾਨ ਹੋਏ ਪੁੱਤ ਦੇ ਸਿਰ ਸਿਹਰੇ ਬੰਨ੍ਹਣ ਦੇ ਸੁਪਨੇ ਲੈ ਕੇ ਤੁਰੀ ਹੁੰਦੀ ਹੈ। ਉਡੀਕ ਦੀਆਂ ਘੜੀਆਂ ਨੂੰ ਪਿੱਛੇ ਛੱਡਦਾ ਹੋਇਆ ਆਖਿਰ ਉਹ ਦਿਨ ਆ ਜਾਂਦਾ ਹੈ ਜਿਸ ਦਿਨ ਪਿਓ ਪੁੱਤ ਦੀ ਚੜ੍ਹਦੀ ਜੰਨ ਤੋਂ ਰੁਪਈਏ ਵਾਰਦਾ ਹੈ; ਤੇ ਮਾਂ, ਨੂੰਹ-ਪੁੱਤ ਦੇ ਸਿਰੋਂ ਪਾਣੀ ਵਾਰਦੀ ਹੈ।

ਜਿਵੇਂ-ਜਿਵੇਂ ਮਾਪੇ ਬੁਢਾਪੇ ਵੱਲ ਵਧਦੇ ਹਨ; ਤਿਵੇਂ-ਤਿਵੇਂ ਉਨ੍ਹਾਂ ਦਾ ਸਤਿਕਾਰ ਘਟਦਾ ਜਾਂਦਾ ਹੈ। ਨਸ਼ਾ, ਭਰੂਣ ਹੱਤਿਆ ਅਤੇ ਦਹੇਜ ਵਰਗੀਆਂ ਲਾਹਣਤਾਂ ਵਾਂਗ ਇਹ ਨਵੀਂ ਲਾਹਣਤ ਸਮਾਜ ਵਿਚ ਪੈਦਾ ਹੋ ਰਹੀ ਹੈ। ਜਦੋਂ ਮਾਪੇ ਆਪਣੇ ਫਰਜ਼ ਪੂਰੀ ਇਮਾਨਦਾਰੀ ਨਾਲ ਨਿਭਾਉਂਦੇ ਹਨ ਤਾਂ ਔਲਾਦ ਦਾ ਵੀ ਫਰਜ਼ ਹੈ ਕਿ ਉਹ ਮਾਪਿਆਂ ਦੀਆਂ ਉਮੀਦਾਂ 'ਤੇ ਖ਼ਰੀ ਉਤਰੇ। ਬਚਪਨ ਵੇਲੇ ਮੋਢੇ ਚੁੱਕਣ ਵਾਲਾ ਪਿਓ ਬੁਢਾਪੇ ਵਿਚ ਬੋਝ ਕਿਉਂ ਲੱਗਣ ਲੱਗਦਾ ਹੈ? ਮਾਪਿਆਂ ਦੀ ਉਂਗਲ ਫੜ ਕੇ ਤੁਰਨਾ ਸਿੱਖਣ ਵਾਲੀ ਔਲਾਦ ਲੋੜ ਪੈਣ 'ਤੇ ਮਾਪਿਆਂ ਦੀ ਲਾਠੀ ਕਿਉਂ ਨਹੀਂ ਬਣਦੀ? ਔਲਾਦ ਨੂੰ ਜੱਗ ਦਿਖਾਉਣ ਵਾਲੇ ਜਨਮ ਦਾਤੇ ਜਦੋਂ ਦੁਨੀਆਂ ਤੋਂ ਕੂਚ ਕਰ ਜਾਂਦੇ ਹਨ ਤਾਂ ਉਦੋਂ ਕਦੀ ਵੀ ਨਾ ਪੂਰਾ ਹੋਣ ਵਾਲਾ ਘਾਟਾ ਮਹਿਸੂਸ ਹੁੰਦਾ ਹੈ। ਜੇ ਔਲਾਦ ਮਾੜੀ ਨਿਕਲ ਜਾਏ ਤਾਂ ਮਾਪਿਆਂ ਦੀ ਉਮਰ ਭਰ ਦੀ ਕਮਾਈ ਦੇ ਸਭ ਸਿੱਕੇ ਖੋਟੇ ਹੋ ਜਾਂਦੇ ਹਨ। ਜੇ ਔਲਾਦ ਚੰਗੀ ਨਿਕਲ ਜਾਏ ਤਾਂ ਮਾਪਿਆਂ ਦੀ ਜ਼ਿੰਦਗੀ ਭਰ ਦੀ ਕਮਾਈ ਸਫ਼ਲ ਹੋ ਜਾਂਦੀ ਹੈ।

ਇੱਥੇ ਧੀਆਂ ਦਾ ਮਾਮਲਾ ਉਚੇਚਾ ਵਿਚਾਰਨ ਵਾਲਾ ਹੈ ਕਿਉਂਕਿ ਕਈਆਂ ਨੂੰ ਤਾਂ ਜੱਗ ਦੇਖਣਾ ਵੀ ਨਸੀਬ ਨਹੀਂ ਹੁੰਦਾ। ਜੇ ਉਹ ਜੱਗ ਵਿਚ ਆ ਹੀ ਜਾਂਦੀਆਂ ਹਨ ਤਾਂ ਪਰਾਏ ਧਨ ਦਾ ਰੁਤਬਾ ਮਿਲ ਜਾਂਦਾ ਹੈ ਪਰ ਉਹ ਪਰਾਇਆ ਧਨ, ਪਰਾਏ ਘਰ ਜਾ ਕੇ ਵੀ ਆਪਣੇ ਮਾਪਿਆਂ ਨੂੰ ਪਰਾਇਆ ਨਹੀਂ ਕਰਦਾ। ਪੁੱਤ ਹਮੇਸ਼ਾ ਮਾਪਿਆਂ ਦੀ ਜਾਇਦਾਦ ਵੰਡਾਉਂਦੇ ਹਨ ਪਰ ਧੀਆਂ ਹਮੇਸ਼ਾ ਮਾਪਿਆਂ ਦੇ ਦਰਦ ਵੰਡਾਉਂਦੀਆਂ ਹਨ। ਬਚਪਨ ਦੇ ਖਿਡੌਣਿਆਂ ਤੋਂ ਲੈ ਕੇ ਸਕੂਲ, ਕਾਲਜ ਦੀ ਪੜ੍ਹਾਈ ਤੱਕ ਵਿਤਕਰਾ ਸਹਿਣ ਵਾਲੀ ਧੀ, ਮਾਪਿਆਂ ਦਾ ਭੋਰਾ ਵੀ ਦੁੱਖ ਨਹੀਂ ਸਹਾਰ ਸਕਦੀ। ਸੋਚੋ ਕਿ ਮਾਂਵਾਂ ਜਿਵੇਂ ਪੁੱਤ ਦੇ ਮੂੰਹ ਨੂੰ ਦੁੱਧ ਦਾ ਗਲਾਸ ਲਾਉਂਦੀਆਂ ਹਨ, ਇਵੇਂ ਕਦੇ ਕਿਸੇ ਧੀ ਦੇ ਮੂੰਹ ਨੂੰ ਵੀ ਲਾਇਆ ਹੈ? ਅਸੀਂ ਆਪਣੀਆਂ ਧੀਆਂ ਨੂੰ ਪਰਾਇਆ ਧਨ ਕਹਿ ਦਿੰਦੇ ਹਾਂ ਅਤੇ ਪਰਾਏ ਘਰੋਂ ਆਈਆਂ ਨੂੰ ਬੇਗਾਨੀਆਂ ਕਹਿ ਦਿੰਦੇ ਹਾਂ। ਉਂਜ, ਆਖਰੀ ਵੇਲੇ ਦੀ ਸੇਵਾ ਬੇਗਾਨੀਆਂ ਹੀ ਕਰਦੀਆਂ ਹਨ।



ਔਲਾਦ ਮਾਂ ਦੀ ਗੋਦ ਦਾ ਅਜਿਹਾ ਸ਼ਿੰਗਾਰ ਹੈ ਜਿਸ ਅੱਗੇ ਸਾਰੇ ਹੀ ਸ਼ਿੰਗਾਰ ਫਿੱਕੇ ਹਨ। ਇਹ ਅਜਿਹਾ ਗਹਿਣਾ ਹੈ ਜਿਸ ਦੀ ਤੁਲਨਾ ਮਹਿੰਗੇ ਤੋਂ ਮਹਿੰਗੇ ਗਹਿਣੇ ਵੀ ਨਹੀਂ ਕਰ ਸਕਦੇ। ਕਈ ਇਨਸਾਨ ਇਸ ਔਲਾਦ ਰੂਪੀ ਗਹਿਣੇ ਤੋਂ ਵਾਂਝੇ ਹੀ ਚੱਲ ਵਸੇ, ਤੇ ਕਈ ਇਸ ਗਹਿਣੇ ਨੂੰ ਤਰਸ ਰਹੇ ਹਨ। ਇਸ ਨੂੰ ਹਾਸਲ ਕਰਨ ਲਈ ਇਨਸਾਨ ਮੰਦਿਰਾਂ, ਮਸੀਤਾਂ, ਗੁਰਦੁਆਰਿਆਂ ਵਿਚ ਜਾ ਕੇ ਨੱਕ ਰਗੜਦਾ ਹੈ, ਮੜ੍ਹੀ-ਮਸਾਣੀਂ ਦੀਵੇ ਬਾਲਦਾ ਹੈ। ਹਰ ਹੱਥ-ਕੰਡਾ ਅਜਮਾਉਂਦਾ ਹੈ। ਦਿਨ-ਰਾਤ ਚਿੰਤਾ ਦੇ ਤੂਫ਼ਾਨਾਂ ਵਿਚ ਘਿਰੇ ਅਤੇ ਸਬਰਾਂ ਦੇ ਘੁੱਟ ਭਰ-ਭਰ ਜ਼ਿੰਦਗੀ ਗੁਜ਼ਾਰਦੇ ਇਨਸਾਨ ਨੂੰ ਜਦੋਂ ਕੋਈ ਸਕਾ-ਸਬੰਧੀ ਇਹ ਕਹਿ ਦੇਵੇ ਕਿ 'ਅੱਗਾ ਨਾ ਪਿੱਛਾ, ਕਿਸ ਵਾਸਤੇ ਕੰਮ ਕਰਦਾ ਏਂ?' ਤਾਂ ਉਨ੍ਹਾਂ ਪੱਥਰਾਂ ਵਰਗੇ ਬੋਲਾਂ ਦੇ ਦਿੱਤੇ ਜ਼ਖ਼ਮ ਕਈ-ਕਈ ਦਿਨ ਹੰਝੂਆਂ ਦੀ ਮੱਲ੍ਹਮ ਲਾ-ਲਾ ਕੇ ਵੀ ਰਾਜ਼ੀ ਨਹੀਂ ਹੁੰਦੇ। ਔਰਤ ਨੂੰ ਜੇ ਕੋਈ ਬਾਂਝ ਜਿਹੇ ਮਿਹਣੇ ਦੀ ਤਲਵਾਰ ਮਾਰ ਦੇਵੇ ਤਾਂ ਉਸ ਦੇ ਦਿਲ ਦੇ ਇੰਨੇ ਟੁਕੜੇ ਹੋ ਜਾਂਦੇ ਹਨ ਕਿ ਉਹ ਵਿਚਾਰੀ ਖੁਦ ਵੀ ਨਹੀਂ ਗਿਣ ਸਕਦੀ।

ਇਕ ਔਲਾਦ ਮਾੜੀ ਹੁੰਦੀ ਹੈ ਜੋ ਮਾਪਿਆਂ ਦੀ ਇਕੱਠੀ ਕੀਤੀ ਪੂੰਜੀ ਅਤੇ ਬਣਾਈ ਇੱਜ਼ਤ ਨੂੰ ਰੋਲ ਕੇ ਰੱਖ ਦਿੰਦੀ ਹੈ। ਇਕ ਔਲਾਦ ਚੰਗੀ ਹੁੰਦੀ ਹੈ ਜਿਸ 'ਤੇ ਮਾਪਿਆਂ ਨੂੰ ਉਸ ਦੇ ਮਾਪੇ ਹੋਣ ਦਾ ਫਖ਼ਰ ਹੁੰਦਾ ਹੈ। ਇਕ ਔਲਾਦ ਚੰਗੀ ਤੋਂ ਵੀ ਵੱਧ ਚੰਗੀ ਹੁੰਦੀ ਹੈ ਜਿਹੜੀ ਆਪਣੇ ਸਮਾਜ, ਧਰਮ ਅਤੇ ਦੇਸ਼ ਵਾਸਤੇ ਵੀ ਕੁਝ ਕਰ ਜਾਂਦੀ ਹੈ। ਸਰਬਣ ਕੁਮਾਰ ਵੀ ਕਿਸੇ ਦੀ ਔਲਾਦ ਸੀ ਜਿਸ ਦੀ ਮਿਸਾਲ ਅੱਜ ਵੀ ਦਿੱਤੀ ਜਾਂਦੀ ਹੈ; ਜਿਸ ਦੇ ਗੀਤ ਅੱਜ ਵੀ ਗਾਏ ਜਾਂਦੇ ਹਨ; ਜਿਹੜਾ ਆਪਣੇ ਅੰਨ੍ਹੇ ਮਾਪਿਆਂ ਨੂੰ ਮੋਢੇ ਚੁੱਕੀ ਫਿਰਦਾ ਸੀ। ਹਰ ਮਾਂ-ਬਾਪ ਅੱਜ ਵੀ ਸਰਬਣ ਕੁਮਾਰ ਵਰਗੀ ਆਗਿਆਕਾਰੀ ਔਲਾਦ ਦੀ ਤਮੰਨਾ ਰੱਖਦਾ ਹੈ। ਉਧਰ, ਭਗਤ ਸਿੰਘ ਅਤੇ ਸਰਾਭੇ ਨੂੰ ਅਸੀਂ ਕਿਵੇਂ ਭੁੱਲ ਸਕਦੇ ਹਾਂ ਜਿਹੜੇ ਮਾਪਿਆਂ ਦੇ ਨਾਲ-ਨਾਲ ਦੇਸ਼ ਦੀਆਂ ਉਮੀਦਾਂ 'ਤੇ ਵੀ ਖ਼ਰੇ ਉਤਰੇ; ਦੇਸ਼ ਨੂੰ ਆਜ਼ਾਦੀ ਵਾਲਾ ਜਾਮ ਪਿਲਾਇਆ, ਤੇ ਆਪ ਸ਼ਹੀਦੀ ਵਾਲਾ ਜਾਮ ਪੀ ਗਏ। ਜਿਨ੍ਹਾਂ ਨੇ ਜੰਮਣ ਵਾਲੀ ਮਾਂ ਦੇ ਦੁੱਧ ਦਾ ਪੂਰਾ ਮੁੱਲ ਤਾਂ ਮੋੜਿਆ ਹੀ, ਆਪਣੇ ਗਲ ਫਾਂਸੀ ਵਾਲਾ ਰੱਸਾ ਅਤੇ ਭਾਰਤ ਮਾਂ ਦੇ ਗੱਲ ਆਜ਼ਾਦੀ ਵਾਲਾ ਹਾਰ ਪਾ ਕੇ ਭਾਰਤ ਮਾਂ ਦਾ ਕਰਜ਼ਾ ਵੀ ਸਿਰ ਨਹੀਂ ਰਹਿਣ ਦਿੱਤਾ, ਉਹ ਵੀ ਕਿਸੇ ਦੀ ਨੇਕ ਔਲਾਦ ਸਨ!

ਔਲਾਦ ਦੀ ਗੱਲ ਛਿੜੀ ਹੈ ਤਾਂ ਇਕ ਹੋਰ ਸੁੱਚੇ ਮੋਤੀਆਂ ਵਰਗੀ ਔਲਾਦ ਦਾ ਜ਼ਿਕਰ ਜ਼ਰੂਰੀ ਬਣਦਾ ਹੈ ਜਿਸ ਦਾ ਨਾਂ ਇਤਿਹਾਸ ਦੇ ਸੁਨਿਹਰੀ ਪੰਨਿਆਂ 'ਤੇ ਧਰੂ ਤਾਰੇ ਵਾਂਗ ਚਮਕਦਾ ਹੈ, ਤੇ ਰਹਿੰਦੀ ਦੁਨੀਆਂ ਤੱਕ ਚਮਕਦਾ ਰਹੇਗਾ। ਉਹ ਹਨ, ਗੁਰੂ ਗੋਬਿੰਦ ਸਿੰਘ ਦੇ ਚਾਰ ਸਾਹਿਬਜ਼ਾਦੇ ਜਿਨ੍ਹਾਂ ਨੇ ਨਿੱਕੀਆਂ ਉਮਰਾਂ ਵਿਚ ਹੀ ਸ਼ਹਾਦਤ ਵਾਲੇ ਹੱਦ-ਬੰਨੇ ਪਾਰ ਕਰ ਦਿੱਤੇ। ਪਿਓ ਦੀ ਆਗਿਆ ਦਾ ਪਾਲਣ ਅਤੇ ਦਾਦੀ ਦੀ ਸਿੱਖਿਆ ਦੇ ਬੋਲ ਨਿੱਕੀਆਂ ਜਿੰਦਾਂ ਕੋਲੋਂ ਵੱਡੇ ਸਾਕੇ ਕਰਵਾ ਗਏ। ਉਹ ਸੂਬਾ ਸਰਹਿੰਦ ਦੇ ਦਿੱਤੇ ਲਾਲਚ ਕਬੂਲ ਕਰਕੇ ਜਿਉਂਦੇ ਰਹਿ ਸਕਦੇ ਸਨ ਪਰ ਉਨ੍ਹਾਂ ਪਿਓ ਦੇ ਵੀ ਪਿਓ 'ਹਿੰਦ ਦੀ ਚਾਦਰ' ਨੂੰ ਦਾਗੀ ਕਰਕੇ ਜ਼ਿੰਦਗੀ ਜਿਉਣ ਨਾਲੋਂ ਤਸੀਹੇ ਭਰੀ ਮੌਤ ਨੂੰ ਗਲੇ ਲਗਾਇਆ ਅਤੇ ਸਿੱਖ ਧਰਮ ਦੇ ਅਮੀਰ ਇਤਿਹਾਸ ਵਿਚ ਐਸੀਆਂ ਗੂੜ੍ਹੀਆਂ ਪੈੜਾਂ ਪਾ ਗਏ ਕਿ ਸਿੱਖ ਕੌਮ ਉਨ੍ਹਾਂ ਦਾ ਦੇਣ ਕਦੀ ਵੀ ਨਹੀਂ ਦੇ ਸਕਦੀ।

ਏਕ ਹੋਏ ਪਰ ਨੇਕ ਹੋਏ
ਕੀ ਕਰਨੀ ਡਾਰ ਲੋਕੋ।
ਲੱਖ ਕਰੋੜਾਂ ਵਰਗੇ ਸਨ,
ਗੋਬਿੰਦ ਜੀ ਦੇ ਚਾਰ ਲੋਕੋ।
ਹਰ ਕੋਈ ਰੱਬ ਤੋਂ ਪੁੱਤ ਮੰਗਦਾ,
ਉਨ੍ਹਾਂ ਉਹ ਵੀ ਦਿੱਤੇ ਵਾਰ ਲੋਕੋ।
ਕਰਜ਼ਾ ਕਲਗੀਆਂ ਵਾਲੇ ਦਾ
ਨਾ ਹੋਣਾ ਸਿਰੋਂ ਉਤਾਰ ਲੋਕੋ।

ਅੱਜ ਦੇ ਕੱਲਯੁੱਗ ਦੇ ਦੌਰ ਵਿਚ ਗ਼ੁਜ਼ਰ ਰਹੀ ਨਵੀਂ ਪੀੜ੍ਹੀ ਨੂੰ ਨਿੰਮੇ ਡੱਲੇਵਾਲੇ ਦਾ ਸੁਨੇਹਾ ਹੈ ਕਿ ਉਹ ਇਨ੍ਹਾਂ ਦੇ ਪਾਏ ਪੂਰਨਿਆਂ 'ਤੇ ਚੱਲਣ ਦੀ ਕੋਸ਼ਿਸ਼ ਕਰਨ। ਉਨ੍ਹਾਂ ਦੀ ਪਵਿੱਤਰ ਸੋਚ ਅਤੇ ਨੇਕਨਾਮੀਆਂ ਨੂੰ ਨਜ਼ਰਅੰਦਾਜ਼ ਨਾ ਕਰਨ। ਜੋ ਅਸੀਂ ਬੀਜਾਂਗੇ, ਉਹੀ ਵੱਢਾਂਗੇ। ਜੇ ਅਸੀਂ ਆਪਣੇ ਮਾਪਿਆਂ ਦਾ ਬਣਦਾ ਹੱਕ-ਸਤਿਕਾਰ ਨਹੀਂ ਦਿੰਦੇ ਤਾਂ ਸਾਨੂੰ ਵੀ ਸਾਡੇ ਬੱਚਿਆਂ ਕੋਲੋਂ ਇੱਜ਼ਤ ਵਾਲੇ ਪਕਵਾਨ ਨਹੀਂ ਮਿਲਣੇ। ਬਚਪਨ ਅਤੇ ਬੁਢਾਪੇ ਵਿਚ ਇਨਸਾਨ ਦੀ ਸ਼ਕਲ ਦਾ ਜ਼ਮੀਨ-ਅਸਮਾਨ ਦਾ ਫਰਕ ਹੋ ਜਾਂਦਾ ਹੈ ਪਰ ਬਚਪਨ ਅਤੇ ਬੁਢਾਪੇ ਦੀ ਸ਼ਕਲ ਇਕੋ ਜਿਹੀ ਹੁੰਦੀ ਹੈ। ਦੋਨੋਂ ਉਮਰਾਂ ਵਿਚ ਸਹਾਰੇ ਦੀ ਲੋੜ ਹੁੰਦੀ ਹੈ। ਬਚਪਨ ਵਿਚ ਸਹਾਰਾ ਦੇਣ ਵਾਲੇ ਮਾਪਿਆਂ ਨੂੰ ਬੁਢਾਪੇ ਵਿਚ ਸਹਾਰਾ ਦੇਣਾ ਸਾਡਾ ਫਰਜ਼ ਹੀ ਨਹੀਂ, ਧਰਮ ਹੈ। ਜਿਉਂਦੇ ਮਾਪਿਆਂ ਦੀ ਕੀਤੀ ਸੇਵਾ ਧੁਰ ਦਰਗਾਹ ਤੱਕ ਜਾਂਦੀ ਹੈ। ਮਰਿਆਂ ਤੋਂ ਬਾਅਦ ਮੜ੍ਹੀਆਂ 'ਤੇ ਬਾਲੇ ਦੀਵੇ ਵੀ ਕਿਸੇ ਕੰਮ ਨਹੀਂ ਆਉਣੇ।

## ਪੁੱਤਰ

ਮਾਂ-ਪਿਓ ਚਾਹੇ ਹੋਵਣ ਮਹਾਰਾਜੇ।
ਕੁਲ ਵਸਤਾਂ ਸੰਗ ਹੋਣ ਨਿਵਾਜੇ।
ਸ਼ੀਸ਼ ਮਹੱਲੀਂ ਤਖਤ ਬਿਰਾਜੇ।
ਝੰਡੇ ਝੂਲਣ ਵੱਜਣ ਵਾਜੇ।
ਕਿੰਨੇ ਹੀ ਭਾਵੇਂ ਹੋਣ ਮਹਾਨ।
ਬਿਨ ਸੰਤਾਨ ਨਾ ਸੋਹਣ ਨਿਸ਼ਾਨ।
ਪੁੱਤਾਂ-ਧੀਆਂ ਬਿਨਾਂ ਸੁੰਨਸਾਨ।

ਪੁੱਤਾਂ ਵਾਲਿਓ ਜ਼ਰਾ ਵਿਚਾਰ ਵੇਖੋ,
ਮਾਂ ਦੇ ਗਲੇ ਦਾ ਹਾਰ ਸ਼ਿੰਗਾਰ ਪੁੱਤਰ।
ਸੁੱਖ ਸੁੱਖਦੇ ਰਗੜਦੇ ਨੱਕ ਮਾਪੇ,
ਮੰਗਣ ਰੱਬ ਤੋਂ ਕਰ ਕਰ ਪੁਕਾਰ ਪੁੱਤਰ।
ਮਿੱਠਾ ਮੇਵਾ ਤੇ ਤਾਰਾ ਅੱਖੀਆਂ ਦਾ,
ਬਾਪੂ ਆਖਦਾ ਮੇਰਾ ਸਰਦਾਰ ਪੁੱਤਰ।
ਕੁਲ ਬੰਸ ਮੇਰੀ ਵਧੂ ਹੋਰ ਅੱਗੇ,
ਸਾਡੇ ਨਾਮ ਨੂੰ ਕਰੂ ਉਜਿਆਰ ਪੁੱਤਰ।।

ਕੀ ਕੀ ਬੀਤਦੀ ਮਾਪੇ ਹੀ ਜਾਣਦੇ ਨੇ,
ਜੇਕਰ ਹੋ ਜਾਵੇ ਕਦੇ ਬੀਮਾਰ ਪੁੱਤਰ।
ਮਾਪੇ ਦੇਣ ਦਵਾਈਆਂ ਹਕੀਮ ਸੱਦਣ,
ਸੁੱਖਾਂ ਸੁੱਖਦੇ ਨਾ ਹੋਵੇ ਅਵਾਜ਼ਾਰ ਪੁੱਤਰ।
ਤੱਤੀ 'ਵਾ ਨਾ ਲੱਗੇ ਲਾਲਾਂ ਮੇਰਿਆਂ ਨੂੰ,
ਠੰਢ ਨਾਲ ਨਾ ਜਾਣ ਠੰਢਿਆਰ ਪੁੱਤਰ।
ਗੁਰੂ ਗ੍ਰੰਥ ਸਾਹਿਬ ਜੀ ਬੋਲਦੇ ਨੇ,
ਪੈਂਦੀ ਗੰਢ ਹੈ ਨਾਲ ਸੰਸਾਰ ਪੁੱਤਰ।

ਦਸ਼ਰਥ ਡਿੱਗ ਮਹੱਲ ਤੋਂ ਚੂਰ ਹੋਇਆ,
ਜਦ ਵਣਵਾਸ ਨੂੰ ਤੁਰੇ ਤਿਆਰ ਪੁੱਤਰ।
ਮੌਤ ਜਦੋਂ ਅਭਿਮਨੂੰ ਦੀ ਸੁਣੀ ਅਰਜਣ,
ਉਹਦੇ ਢਿਲਕ ਗਏ ਤੀਰ ਤਲਵਾਰ ਪੁੱਤਰ।
ਮੋਰਧੁਜ ਦੇ ਨੈਣਾਂ 'ਚੋਂ ਮੀਂਹ ਬਰਸੇ,
ਬੋਟੀ ਜਿਗਰ ਦੀ ਦੇਖੀ ਨਿਸਾਰ ਪੁੱਤਰ।
ਯੂਸਫ਼ ਵਿਛੜਿਆ ਤਾਂ ਯਾਕੂਬ ਰੋਇਆ,
ਕਦੋਂ ਹੋਣਗੇ ਫੇਰ ਦੀਦਾਰ ਪੁੱਤਰ।

ਇਬਰਾਹੀਮ ਦੇ ਪੁੱਤਰ ਦੀ ਬਲੀ ਵੇਲੇ,
ਰੋਈ ਰੂਹ ਉਹਦੀ ਧਾਹਾਂ ਮਾਰ ਪੁੱਤਰ।
ਕਹਿੰਦਾ ਬੰਨ੍ਹ ਦਿਓ ਘੁੱਟ ਕੇ ਪੱਟੀਆਂ ਨੂੰ,
ਵੇਖ ਸਕਾਂ ਨਾ ਵਾਰ ਤਲਵਾਰ ਪੁੱਤਰ।
ਸਰਵਣ ਪੁੱਤ ਜਦ ਛੱਡ ਸਰੀਰ ਦਿੱਤਾ,
ਨਿਕਲੀ ਮਾਪਿਆਂ ਦੀ ਜਿੰਦ ਹਾਰ ਪੁੱਤਰ।
ਐਪਰ ਧੰਨ ਸਤਿਗੁਰ ਕਲਗੀ ਵਾਲਿਆ ਤੂੰ,
ਜਿਹਨੇ ਹੱਸ ਕੇ ਵਾਰ'ਤੇ ਚਾਰ ਪੁੱਤਰ।

*-ਗੁਰਮੁਖ ਸਿੰਘ ਗਿੱਲ*
*ਫੋਨ: 510-730-5629*

ਗ਼ਦਰ ਸ਼ਤਾਬਦੀ

# ਗ਼ਦਰ ਦੀ ਗੱਲ:ਹਮੇਂ ਰਾਹਜ਼ਨੋਂ ਕੀ ਗਰਜ਼ ਨਹੀਂ

■ ਨੌਨਿਹਾਲ ਸਿੰਘ

1857 ਦੇ ਗ਼ਦਰ ਦਾ ਪੂਰਵ-ਕਾਲ, 1857 ਦਾ ਗ਼ਦਰ, ਗ਼ਦਰ ਪਾਰਟੀ ਦਾ ਇਤਿਹਾਸ, ਬੱਬਰ ਅਕਾਲੀ, ਕਿਰਤੀ ਲਹਿਰ, ਨੌਜਵਾਨ ਭਾਰਤ ਸਭਾ; ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਮਕਾਲੀਆਂ ਦਾ ਦੌਰ; ਆਈ.ਐਨ.ਏ. ਅਤੇ 1946 ਦੀ ਨੇਵੀ ਬਗ਼ਾਵਤ, ਇਨ੍ਹਾਂ ਸਭ ਦਾ ਅੰਤਰ-ਸਬੰਧ ਹੈ। 10 ਮਈ 1857 ਦੇ ਗ਼ਦਰ ਦਾ ਜ਼ਿਕਰ ਕਰਦੇ, ਸ਼ਹੀਦ ਭਗਤ ਸਿੰਘ ਦੇ (10 ਮਈ ਦਾ ਦਿਨ) ਲੇਖ 'ਚ ਆਜ਼ਾਦੀ ਦੀ ਜੰਗ ਛੇੜਨ ਵਾਲੇ ਇਸ ਇਤਿਹਾਸਕ ਦਿਹਾੜੇ ਨੂੰ ਉਚਿਆਇਆ ਗਿਆ ਹੈ। 1928 ਦੇ 'ਕਿਰਤੀ' ਵਿਚ 1857 ਦੇ ਗ਼ਦਰ ਬਾਰੇ ਜ਼ਿਕਰ ਕਰਦਿਆਂ ਸ਼ਹੀਦ ਭਗਤ ਸਿੰਘ ਨੇ ਲਿਖਿਆ ਹੈ:

"ਇਸ ਜੰਗ (1857) ਦੇ ਨਾਕਾਮਯਾਬ ਹੋਣ 'ਤੇ ਜਿਹੜਾ ਜ਼ੁਲਮ ਬੇਗੁਨਾਹ ਹਿੰਦੁਸਤਾਨੀਆਂ ਉਪਰ ਢਾਹਿਆ ਗਿਆ, ਉਸ ਨੂੰ ਲਿਖਣ ਲਈ ਨਾ ਸਾਡੇ 'ਚ ਹੌਸਲਾ ਹੈ ਅਤੇ ਨਾ ਕਿਸੇ ਹੋਰ ਵਿਚ। ਇਹ ਸਭ ਕੁਝ ਹਿੰਦੁਸਤਾਨ ਦੇ ਆਜ਼ਾਦ ਹੋਣ 'ਤੇ ਹੀ ਲਿਖਿਆ ਜਾਵੇਗਾ।" ਪਰ ਡੇਢ ਸੌ ਸਾਲ ਬੀਤ ਜਾਣ ਮਗਰੋਂ ਅੱਜ ਵੀ ਮੂੰਹ ਬੋਲਦਾ ਸੱਚ ਇਹ ਹੈ ਕਿ 1857 ਦਾ ਗ਼ਦਰ, ਗ਼ਦਰ ਪਾਰਟੀ ਦਾ ਇਤਿਹਾਸ ਅਤੇ ਸਮੁੱਚੀ ਇਨਕਲਾਬੀ ਕੌਮੀ ਤਵਾਰੀਖ਼ ਦਾ ਅਜੇ ਬਹੁਤ ਕੁਝ ਅਣਛੋਹਿਆ ਪਿਆ ਹੈ। ਉਸ ਦਾ ਇਤਿਹਾਸਕ ਮੁੱਲ ਘੋਖਣਾ, ਪੜਤਾਲਣਾ ਪਿਆ ਹੈ। ਫਰਵਰੀ 1926 ਦੇ 'ਕਿਰਤੀ' ਵਿਚ ਇਹ ਟਿੱਪਣੀ ਸਾਡੇ ਸੋਚਣ ਲਈ ਹੈ ਕਿ ਅਸੀਂ ਅੱਜ ਇਸ ਇਤਿਹਾਸ ਦੀ ਕਿੰਨੀ ਕੁ ਕਦਰ ਪਾ ਰਹੇ ਹਾਂ:

"ਅਮਰੀਕਾ, ਕੈਨੇਡਾ ਨਿਵਾਸੀ ਕਿਰਤੀ ਹਿੰਦੁਸਤਾਨੀਆਂ (ਗ਼ਦਰੀਆਂ) ਦੇ ਕੌਮੀ ਆਦਰਸ਼ ਨੂੰ ਨੌਕਰਸ਼ਾਹੀ ਨੇ ਤਾਂ ਝੂਠ ਤੁਫਾਨ ਗੰਢ ਕੇ ਬਦਨਾਮ ਕਰਨਾ ਹੀ ਸੀ, ਆਪਣੇ ਕੌਮੀ ਆਗੂਆਂ ਨੇ ਵੀ ਇਸ ਨੂੰ, ਜਾਂ ਤਰ੍ਹਾਂ-ਤਰ੍ਹਾਂ ਨਾਲ ਬਦਨਾਮ ਕੀਤਾ ਹੈ ਅਤੇ ਜਾਂ ਖ਼ਲਕਤ ਦੇ ਸਾਹਮਣੇ ਸਹੀ ਸ਼ਕਲ ਵਿਚ ਆਉਣ ਤੋਂ ਰੋਕਿਆ ਹੈ। ਅਮਰੀਕਾ, ਕੈਨੇਡਾ ਨਿਵਾਸੀ ਭਾਈਆਂ ਦੀਆਂ ਕੁਰਬਾਨੀਆਂ ਦਾ ਕਦੀ-ਕਦੀ ਜ਼ਿਕਰ ਹੋਇਆ, ਪਰ ਇਸ ਪਰਹੇਜ਼ ਨਾਲ ਕਿ ਇਸ ਜ਼ਿਕਰ ਨਾਲ ਉਨ੍ਹਾਂ ਦੇ ਆਦਰਸ਼ ਨੂੰ ਕੋਈ ਸਹਾਇਤਾ ਨਾ ਮਿਲ ਜਾਵੇ। ... ਇੱਥੇ ਹੀ ਬੱਸ ਨਹੀਂ, ਉਨ੍ਹਾਂ ਦੇ ਦੁੱਖਾਂ, ਔਕੜਾਂ ਦਾ ਇਤਿਹਾਸ ਵੀ ਕੌਮ ਦੇ ਸਾਹਮਣੇ ਅਜੇ ਤੱਕ ਨਹੀਂ ਲਿਆਂਦਾ ਗਿਆ। ... ਇਨ੍ਹਾਂ ਕਿਰਤੀ ਵੀਰਾਂ ਵੱਲੋਂ ਜਿਤਨੀ ਕੁਰਬਾਨੀ ਕੀਤੀ ਗਈ, ਜੇ ਇਸ ਦੀ ਰੁਪਏ ਵਿਚੋਂ ਟਕੇ ਭਰ ਜਿਤਨੀ ਵੀ ਕਦਰ ਕੀਤੀ ਗਈ ਹੁੰਦੀ ਤਾਂ ਉਨ੍ਹਾਂ ਦੀਆਂ ਔਕੜਾਂ ਵਿਚ ਮੱਦਦ ਕਿਸੇ ਨਾ ਕਿਸੇ ਸ਼ਕਲ 'ਚ ਕਰਨ ਦਾ ਉਪਰਾਲਾ ਕੀਤਾ ਜਾਂਦਾ।"

ਇਸ ਕਾਰਜ ਦੀ ਪੂਰਤੀ, ਸ਼ਤਾਬਦੀ ਦੇ ਦਰਬਾਰੀ ਹੋਣ ਦੀ ਨਾ ਝਾਕ ਕਰਨੀ ਚਾਹੀਦੀ ਹੈ, ਨਾ ਸ਼ਿਕਵਾ। ਇਹ ਜਿਨ੍ਹਾਂ ਦੀ ਅਸ਼ ਵਿਰਾਸਤ ਹੈ, ਉਨ੍ਹਾਂ ਨੂੰ ਖੁਦ ਹੀ ਸੰਭਾਲਣ, ਪ੍ਰਫੁੱਲਤ ਕਰਨ ਅਤੇ ਇਸ ਦੀ ਲੋਅ ਲੋਕਾਂ ਤੱਕ ਲਿਜਾਣ ਲਈ ਸਾਂਝੇ ਉੱਦਮ ਜੁਟਾਉਣੇ ਪੈਣੇ ਹਨ। ਜ਼ਿਕਰਯੋਗ ਹੈ ਕਿ ਵੀਹਵੀਂ ਸਦੀ ਦੇ ਸ਼ੁਰੂ 'ਚ ਉੱਠੀ:

ਗ਼ਦਰ ਲਹਿਰ ਪਹਿਲੀ ਲਹਿਰ ਹੈ ਜਿਸ ਨੇ ਸਾਮਰਾਜ ਦਾ ਸਾਡੇ ਮੁਲਕ 'ਚੋਂ ਬੋਰੀਆ ਬਿਸਤਰਾ ਗੋਲ ਕਰਕੇ ਸੰਪੂਰਨ ਅਜ਼ਾਦੀ ਦਾ ਨਿਸ਼ਾਨਾ ਮਿਥਿਆ।

ਗ਼ਦਰ ਲਹਿਰ ਹੈ ਜਿਸ ਨੇ ਜਮਹੂਰੀ, ਧਰਮ-ਨਿਰਪੱਖ (ਧਰਮ, ਹਰ ਬੰਦੇ ਦਾ ਜ਼ਾਤੀ ਮਾਮਲਾ ਹੈ) ਲੋਕ ਰਾਜ ਦਾ ਝੰਡਾ ਚੁੱਕਿਆ।

ਗ਼ਦਰ ਲਹਿਰ ਹੈ ਜਿਸ ਨੇ ਮਿੰਨਤਾਂ, ਤਰਲਿਆਂ, ਅਰਜ਼ੀਆਂ ਰਾਹੀਂ ਆਜ਼ਾਦੀ ਦੀ ਝਾਕ ਛੱਡ ਕੇ ਨਿਵੇਕਲੀ ਰਾਜਨੀਤਕ ਹਥਿਆਰਬੰਦ ਜੱਦੋ-ਜਹਿਦ ਦਾ ਬੀੜਾ ਚੁੱਕਿਆ।

ਗ਼ਦਰ ਲਹਿਰ ਹੈ ਜਿਸ ਨੇ ਸਭ ਲਈ ਰੁਜ਼ਗਾਰ, ਬਰਾਬਰ ਦੇ ਅਧਿਕਾਰ, ਪੂਰਨ ਹੁਨਰ ਤੱਕ ਲਾਜ਼ਮੀ ਮੁਫ਼ਤ ਪੜ੍ਹਾਈ ਦਾ ਨਿਸ਼ਾਨਾ ਮਿਥਿਆ।

ਗ਼ਦਰ ਲਹਿਰ ਹੈ ਜਿਸ ਕੋਲ ਪਹਿਲੇ ਪੜਾਅ 'ਚ ਦੇਸ਼ ਦੀ ਖਰੀ ਅਜ਼ਾਦੀ, ਜਮਹੂਰੀਅਤ ਦਾ ਨਕਸ਼ਾ ਸੀ ਅਤੇ ਅਗਲੇ ਪੜਾਵਾਂ ਵਿਚੋਂ ਗੁਜ਼ਰਦੀ ਹੋਈ ਇਹ ਸਮਾਜਵਾਦ ਤੱਕ ਆਪਣੇ ਹੀ ਸਿਰਜੇ ਸਾਂਝੀਵਾਲਤਾ ਦੇ ਇਤਿਹਾਸਕ ਸੰਕਲਪਾਂ ਨੂੰ ਅਮਲੀ ਜਾਮਾ ਪਹਿਨਾਉਣ ਦੀਆਂ ਮੰਜ਼ਲਾਂ ਵੱਲ ਵਧਣ ਲਈ ਸਾਫ ਸੀ।

ਗ਼ਦਰ ਲਹਿਰ ਹੈ ਜੋ ਕੌਮਾਂਤਰੀਵਾਦੀ ਦ੍ਰਿਸ਼ਟੀ ਦਾ ਉਘੜਵਾਂ ਨਮੂਨਾ ਪੇਸ਼ ਕਰਦੀ ਹੈ, ਜਦੋਂ ਇਹ ਹਰ ਗ਼ਦਰੀ ਦੇ ਕਾਰਜਾਂ ਵਿਚ ਅਹਿਮ ਕਾਰਜ ਮਿਥਦੀ ਹੈ ਕਿ ਦੁਨੀਆ ਦੇ ਕਿਸੇ ਵੀ ਕੋਨੇ ਵਿਚ ਬੈਠੇ ਗ਼ਦਰੀ ਲਈ ਇਹ ਜ਼ਰੂਰੀ ਹੈ ਕਿ ਉਹ ਉਥੇ ਹੀ ਸਾਮਰਾਜ ਵਿਰੁੱਧ ਚੱਲ ਰਹੀਆਂ ਕੌਮੀ ਅਤੇ ਲੋਕ-ਮੁਕਤੀ ਲਹਿਰਾਂ ਦੇ ਹੱਕ ਵਿਚ ਡਟ ਕੇ ਆਵਾਜ਼ ਬੁਲੰਦ ਕਰੇ।

ਗ਼ਦਰ ਲਹਿਰ ਦਾ ਇਹ ਨਿਵੇਕਲਾ ਅਤੇ ਮਾਣ-ਮੱਤਾ ਪੱਖ ਹੈ ਕਿ ਇਸ ਨੇ ਮਿੱਲਾਂ, ਖੇਤਾਂ ਵਿਚ ਕੰਮ ਕਰਦੇ ਕਿਰਤੀਆਂ, ਕਿਸਾਨਾਂ ਤੋਂ ਲੈ ਕੇ ਵਿਦਵਾਨਾਂ, ਲੇਖਕਾਂ ਅਤੇ ਕਵੀਆਂ ਨੂੰ ਆਪਣੇ ਕਲਾਵੇ ਵਿਚ ਲਿਆ।

ਗ਼ਦਰ ਲਹਿਰ ਦੇ ਸਿਰਕੱਢ ਬੁਲਾਰੇ 'ਗ਼ਦਰ' ਦਾ ਵੱਖ-ਵੱਖ ਭਾਸ਼ਾਵਾਂ ਵਿਚ ਛਪਣਾ, ਹੱਥੋ-ਹੱਥੀ ਕਿੰਨੇ ਹੀ ਮੁਲਕਾਂ ਦੇ ਪਾਠਕਾਂ ਤੱਕ ਮੁਫ਼ਤ ਪਹੁੰਚਣਾ, 'ਗ਼ਦਰ ਦੀ ਗੂੰਜ' ਦੀਆਂ ਰਚਨਾਵਾਂ ਅਤੇ ਹੋਰ ਇਤਿਹਾਸਕ ਤੱਥ ਗਵਾਹ ਹਨ ਕਿ ਇਹ ਲਹਿਰ ਸਿਧਾਂਤ ਅਤੇ ਅਮਲ ਦਾ, ਕਹਿਣੀ ਅਤੇ ਕਰਨੀ ਦਾ ਸੁਮੇਲ ਕਰਨ ਲਈ ਸੰਜੀਦਗੀ ਅਤੇ ਦ੍ਰਿੜ੍ਹਤਾ ਨਾਲ ਸੰਘਰਸ਼ਸ਼ੀਲ ਸੀ। "ਬਲ ਹੂਆ ਬੰਧਨ ਛੂਟੇ, ਸਭ ਕਿਛੁ ਹੋਤਿ ਉਪਾਇ" ਅਤੇ 'ਗ਼ਦਰ' ਅਖ਼ਬਾਰ ਦੇ ਮੁੱਖ ਪੰਨੇ ਉਪਰ ਇਹ ਸ਼ਬਦ ਉਕਰਨਾ:

**"ਜੇ ਤਉ ਪ੍ਰੇਮ ਖੇਲਣ ਕਾ ਚਾਉ**
**ਸਿਰ ਧਰ ਤਲੀ ਗਲੀ ਮੇਰੀ ਆਉ।"**

ਗ਼ਦਰੀ ਸੰਗਰਾਮੀਆਂ ਦੀਆਂ ਅਥਾਹ ਕੁਰਬਾਨੀਆਂ ਭਰੀ ਧਾਰਨਾ ਦਾ ਮੂੰਹ ਬੋਲਦਾ ਸਬੂਤ ਹਨ।

ਗ਼ਦਰ ਲਹਿਰ ਵਿਚ ਬੰਦੇ ਮਾਤਰਮ, ਦੇਸ਼ ਭਗਤੀ, ਪਰਉਪਕਾਰ, ਆਜ਼ਾਦੀ ਦਾ ਆਦਰਸ਼ ਪੜਾਵਾਂ ਵਿਚੋਂ ਹੁੰਦਿਆਂ ਬਰਾਬਰੀ ਤੇ ਟਿਕੇ ਨਿਜ਼ਾਮ ਲਈ ਸਾਮਰਾਜਵਾਦ-ਮੁਰਦਾਬਾਦ! ਇਨਕਲਾਬ-ਜ਼ਿੰਦਾਬਾਦ ਅਤੇ ਸਮਾਜਵਾਦ ਵੱਲ ਪੁਲਾਂਘਾਂ ਅਗਲੇ ਤੋਂ ਅਗਲੇ ਪੜਾਅ ਹਨ।

ਗ਼ਦਰ ਲਹਿਰ ਹੈ ਜਿਸ ਨੇ ਬੀਤੇ ਇਤਿਹਾਸ ਦੇ ਬਹੁਤ ਸਾਰੇ ਦੌਰਾਂ ਦੇ ਅਮੀਰ ਅਤੇ ਜੁਝਾਰੂ ਪੱਖਾਂ, ਸਾਹਿਤ ਅਤੇ ਲੋਕ-ਬੋਲੀ ਨੂੰ ਸਾਮਰਾਜੀ ਪ੍ਰਬੰਧ ਅਤੇ ਸੱਭਿਆਚਾਰ ਨੂੰ ਜੜ੍ਹੋਂ ਉਖੇੜਨ ਲਈ ਕਾਰਗਰ ਹਥਿਆਰ ਵਜੋਂ ਵਰਤਿਆ।

ਭਾਈ ਸੰਤੋਖ ਸਿੰਘ 'ਕਿਰਤੀ', ਸ੍ਰੀ ਗੁਰੂ ਅਰਜਨ ਦੇਵ ਜੀ ਬਾਰੇ ਅਪਣੀ ਰਚਨਾ ਵਿਚ ਲਿਖਦੇ ਹਨ:

"ਪਰਉਪਕਾਰੀ ਮਾਨਸ ਨੂੰ ਸੰਸਾਰ ਵਿਚ ਕਦਮ ਕਦਮ 'ਤੇ ਸੁਆਰਥ ਦੇ ਮਦ (ਨਸ਼ੇ) ਨਾਲ ਅੰਨ੍ਹੇ ਹੋਏ ਲੋਕਾਂ ਨਾਲ ਯੁੱਧ ਕਰਨਾ ਪੈਂਦਾ ਹੈ। ਪਰਉਪਕਾਰੀਆਂ ਅਤੇ ਸੁਆਰਥੀਆਂ ਦਾ ਆਪਸ ਵਿਚ ਯੁੱਧ ਇਸ ਸੰਸਾਰ ਵਿਚ ਲਗਾਤਾਰ ਚੱਲ ਰਿਹਾ ਹੈ ਅਤੇ ਇਸ ਯੁੱਧ ਦੇ ਕਈ ਰੰਗ ਹਨ।"

ਦੁਨੀਆਂ ਭਰ ਦੇ ਲੋਕਾਂ ਦੇ ਵਿਰੁੱਧ ਖੜ੍ਹੇ ਸਾਡੇ ਸਮੇਂ ਦੇ ਸੁਆਰਥੀਆਂ ਨੇ ਪੌਣ-ਪਾਣੀ ਸਮੇਤ ਕੁਦਰਤੀ ਸਾਧਨਾਂ ਨੂੰ ਵੀ ਆਪਣੇ ਸੁਆਰਥਾਂ ਲਈ ਜੱਫ਼ਾ ਮਾਰ ਲਿਆ ਹੈ। ਸੋ, ਸਾਡੇ ਸਮੇਂ ਅੰਦਰ ਕਈ ਰੰਗਾਂ-ਢੰਗਾਂ ਦੀ ਜੱਦੋ-ਜਹਿਦ ਜ਼ਰੂਰੀ ਬਣ ਗਈ ਹੈ।

ਗ਼ਦਰ ਲਹਿਰ ਦੀ ਮਸ਼ਾਲ ਲੈ ਕੇ ਨਿਕਲੇ ਸੰਗਰਾਮੀਏ ਆਪ ਭਾਵੇਂ ਮਿਟ ਗਏ ਪਰ ਉਹ ਅਮਿੱਟ ਪੈੜਾਂ ਛੱਡ ਗਏ। ਇਨਕਲਾਬੀ ਚੇਤਨਾ ਦੇ ਚਿਰਾਗ ਬਾਲ ਗਏ। ਇਨਕਲਾਬ ਦਾ ਸੂਹਾ ਚਿੰਨ੍ਹ ਅਤੇ ਉੱਘਾ ਜਰਨੈਲ ਸ਼ਹੀਦ ਭਗਤ ਸਿੰਘ ਅਜਿਹੇ ਰੌਸ਼ਨ ਚਿਰਾਗਾਂ ਦੀ ਡਾਰ ਦਾ ਜ਼ਿਕਰ ਕਰਦੇ ਹੋਏ ਸ਼ਹੀਦ ਕਰਤਾਰ ਸਿੰਘ ਸਰਾਭਾ ਬਾਰੇ ਲਿਖੇ ਆਪਣੇ ਲੇਖ ਵਿਚ ਗੁੰਮਨਾਮ ਸੰਗਰਾਮੀਆਂ ਨੂੰ ਸ਼ੇਅਰ ਨਾਲ ਇਉਂ ਸਿਜਦਾ ਕਰਦਾ ਹੈ:

**"ਨਹੀਂ ਹੋਤਾ ਹੈ ਮੁਹਤਾਜੇ ਨੁਮਾਇਸ਼ ਫ਼ੈਜ਼ ਸ਼ਬਨਮ ਕਾ,**
**ਅੰਧੇਰੀ ਰਾਤ ਮੇਂ ਮੋਤੀ ਲੁਟਾ ਜਾਤੀ ਹੈ ਗੁਲਸ਼ਨ ਮੇਂ।"**

ਗ਼ਦਰ ਲਹਿਰ ਦੀ ਰਾਜਨੀਤੀ ਅਤੇ ਸਾਹਿਤ ਅੰਦਰ ਮੁੱਢਲਾ ਸਿਰਾ ਭਗਤਾਂ, ਸੂਫ਼ੀ ਸੰਤਾਂ ਦੀ ਬਾਣੀ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਨਾਲ ਜਾ ਜੁੜਦਾ ਹੈ ਅਤੇ ਆਖ਼ਰੀ ਸਿਰਾ ਲੋਕ ਹਿਤੈਸ਼ੀ, ਕੌਮੀ ਕੌਮਾਂਤਰੀ ਸਰੋਕਾਰਾਂ, ਪ੍ਰਗਤੀਸ਼ੀਲ, ਵਿਗਿਆਨਿਕ ਅਤੇ ਇਨਕਲਾਬੀ ਜੁਝਾਰਵਾਦੀ ਸਾਹਿਤ ਤੱਕ ਪੁੱਜਦਾ ਹੈ। ਇਹ ਲਹਿਰ ਨਿਰੰਤਰ ਵਗਦਾ ਦਰਿਆ ਹੈ। ਇਹ ਲੋਕਾਂ ਦੀ ਪੁੱਗਤ ਵਾਲੇ ਪੰਚਾਇਤੀ-ਜਮਹੂਰੀ ਰਾਜ ਦੀ ਸਿਰਜਣਾ ਕਰਦੇ ਹੋਏ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਅਤੇ ਹਰ ਵੰਨਗੀ ਦੀ ਵਿਤਕਰੇਬਾਜ਼ੀ ਅਤੇ ਜਬਰ ਦੀ ਜੜ੍ਹ ਪੁੱਟ ਕੇ ਨਵੇਂ ਲੋਕ ਪੱਖੀ ਸਮਾਜ ਦੀ ਸਿਰਜਣਾ ਵੱਲ ਵਧਦੇ ਲੋਕ-ਸੰਗਰਾਮ ਦੀ ਬੀਰ-ਗਾਥਾ ਹੈ।

ਹੁਣ ਅੱਜ ਦਾ ਵਿਸ਼ਵੀਕਰਨ ਹੈ। ਸਾਮਰਾਜੀ ਪ੍ਰਬੰਧ ਦਾ ਬਦਲਿਆ ਰੂਪ ਅਤੇ ਰੰਗ ਢੰਗ ਜੋ ਕੁੱਲ ਦੁਨੀਆ ਦੀਆਂ ਕੌਮਾਂ ਅਤੇ ਲੋਕਾਂ ਉਪਰ ਸਿੱਧੀ-ਅਸਿੱਧੀ ਧੌਂਸ, ਦਖ਼ਲਅੰਦਾਜ਼ੀ ਅਤੇ ਕਬਜ਼ੇ ਨਾਲ ਅਪਣਾ ਸਿੱਕਾ ਚਲਾਉਣ ਲਈ ਹਾਬੜਿਆ ਦਹਾੜ ਰਿਹਾ ਹੈ। ਇਕ ਵਿਸ਼ਵੀਕਰਨ ਦਾ ਮਾਡਲ ਗ਼ਦਰੀ ਬਾਬਿਆਂ, ਕਿਰਤੀ ਲਹਿਰ ਦੇ ਜੁਝਾਰੂਆਂ ਅਤੇ ਸ਼ਹੀਦ ਭਗਤ ਸਿੰਘ ਹੋਰਾਂ ਨੇ ਲੋਕਾਂ ਦੀ ਮੁਕਤੀ ਲਈ ਪੇਸ਼ ਕੀਤਾ ਹੈ। ਇਹ, ਸਾਡੇ ਭਵਿੱਖ ਲਈ ਵੀ ਮਹਾਨ ਆਦਰਸ਼ ਪੇਸ਼ ਕਰਦਾ ਹੈ। ਇਹ ਲੁੱਟ-ਰਹਿਤ, ਜੰਗ-ਰਹਿਤ, ਭੈਅ-ਰਹਿਤ, ਗ਼ਮ-ਰਹਿਤ ਅਤੇ ਸਿਤਮ-ਰਹਿਤ ਸੰਸਾਰ ਦਾ ਅਤੇ ਇਸ ਵਿਚ ਹੀ ਜੜੇ ਨਗੀਨੇ ਨਵੇਂ ਸਮਾਜ ਵਾਲੇ ਹਿੰਦੁਸਤਾਨ ਦਾ ਮੁਹਾਂਦਰਾ ਵੀ ਪੇਸ਼ ਕਰਦਾ ਹੈ।


ਲੋਕਾਂ ਦੀ ਚੇਤਨਾ ਵਿਚ ਅਜਿਹੇ ਖ਼ੂਬਸੂਰਤ ਸਮਾਜ ਦੀ ਤਸਵੀਰ ਆਉਣ ਤੋਂ ਰੋਕਣ ਲਈ ਬਹੁਤ ਯਤਨ ਹੁੰਦੇ ਹਨ ਜਿਵੇਂ ਦਾਰਸ਼ਨਿਕ ਵਾਲਟਰ ਬੈਂਜਾਮਿਨ ਲਿਖਦੇ ਹਨ:

"ਹੁਕਮਰਾਨ ਜਮਾਤਾਂ, ਲੋਕਾਂ ਦਾ ਇਤਿਹਾਸ ਹਥਿਆ ਲੈਂਦੀਆਂ ਹਨ। ਖ਼ਾਸ ਕਰਕੇ ਉਨ੍ਹਾਂ ਦੀਆਂ ਕਾਮਯਾਬ ਜੱਦੋ-ਜਹਿਦਾਂ ਅਤੇ ਉਨ੍ਹਾਂ ਦੇ ਅਤੀਤ ਦੇ ਹਰਮਨ ਪਿਆਰੇ ਨਾਇਕਾਂ ਦਾ ਇਤਿਹਾਸ। ਇਸ ਤਰ੍ਹਾਂ ਕਰਨ ਲਈ ਉਨ੍ਹਾਂ ਨੂੰ ਕਈ ਵਾਰ ਦਮਨ ਵੀ ਕਰਨਾ ਪੈਂਦਾ ਹੈ। ਗ਼ਲਤ ਬਿਆਨਬਾਜ਼ੀ ਅਤੇ ਭੰਡੀ ਪ੍ਰਚਾਰ ਕਰਨਾ ਪੈਂਦਾ ਹੈ।"


ਲੋਕਾਂ ਨੂੰ ਵਿਗਿਆਨਕ ਸੂਝ ਅਤੇ ਇਨਕਲਾਬੀ ਚੇਤਨਾ ਨਾਲ ਲੈਸ ਕਰਦੇ ਹੋਏ ਸਿਧਾਂਤ ਅਤੇ ਅਮਲ ਦਾ ਸੁਮੇਲ ਕਰਦਿਆਂ ਹੀ ਉਨ੍ਹਾਂ ਦੇ ਅਸਲੀ ਮਾਰਗ ਵੱਲ ਅੱਗੇ ਤੋਰਿਆ ਜਾ ਸਕਦਾ ਹੈ, ਜਿਵੇਂ ਗ਼ਦਰ ਪਾਰਟੀ ਦੇ ਮੋਢੀ ਲਾਲਾ ਹਰਦਿਆਲ ਆਪਣੇ ਲੇਖ 'ਗੁਲਾਮੀ ਦਾ ਜ਼ਹਿਰ' ਵਿਚ ਇਉਂ ਲਿਖਦੇ ਹਨ:

"ਗੁਲਾਮੀ ਵਿਚ ਆਤਮਾ ਡਰ ਅਤੇ ਝੂਠ ਹੇਠਾਂ ਦੱਬੀ ਰਹਿੰਦੀ ਹੈ। ਗੁਲਾਮੀ ਵਿਚ ਆਤਮਿਕ ਆਜ਼ਾਦੀ ਕਠਿਨ ਹੈ। ਗੁਲਾਮੀ ਦੇ ਨਾਲ ਨਾਲ ਆਤਮਾ ਘੁਲ-ਘੁਲ ਕੇ ਮਰ ਜਾਂਦੀ ਹੈ। ਜੇ ਹਿੰਦੁਸਤਾਨ ਵਿਚ ਆਦਮੀ ਪੈਦਾ ਕਰਨੇ ਹਨ ਤਾਂ ਗੁਲਾਮੀ ਦੂਰ ਕਰੋ ਅਤੇ ਜੇ ਗੁਲਾਮੀ ਦੂਰ ਕਰਨਾ ਹੈ ਤਾਂ ਆਦਮੀ ਪੈਦਾ ਕਰੋ।"

ਲੋਕਾਂ ਦਾ ਧਿਆਨ ਉਨ੍ਹਾਂ ਦੇ ਅਸਲ ਮੁੱਦਿਆਂ, ਉਨ੍ਹਾਂ ਦੀ ਮੁਕਤੀ ਵਾਲੀ ਵਿਚਾਰਧਾਰਾ ਅਤੇ ਮਾਰਗ ਤੋਂ ਲਾਂਭੇ ਕਰਨ ਲਈ ਉਹ ਫ਼ਿਰਕੂ, ਜਾਤ-ਪਾਤ, ਧਰਮ, ਇਲਾਕੇ ਆਦਿ ਦੇ ਨਾਂ ਹੇਠ ਭਰਾ ਮਾਰ ਲੜਾਈ ਦੀ ਅੱਗ ਭੜਕਾਉਣ ਲਈ ਤੀਲੀਆਂ ਸੁੱਟਦੇ ਹਨ। ਗ਼ਦਰ ਲਹਿਰ ਦਾ ਸਮੁੱਚਾ ਇਤਿਹਾਸ ਅਤੇ ਅਮਲ ਸਾਨੂੰ ਇਸ ਤੋਂ ਚੌਕੰਨੇ ਵੀ ਕਰਦਾ ਹੈ ਅਤੇ ਆਪਣੀ ਸਦਭਾਵਨਾ ਦੀ ਰੌਸ਼ਨ ਮਿਸਾਲ ਵੀ ਪੇਸ਼ ਕਰਦਾ ਹੈ।




ਗ਼ਦਰ (ਉਰਦੂ), 24 ਮਾਰਚ 1914 ਵਾਲਾ ਅੰਕ



ਬਾਬਾ ਸੋਹਣ ਸਿੰਘ ਭਕਨਾ



ਸ਼ਹੀਦ ਭਗਤ ਸਿੰਘ



ਸ਼ਹੀਦ ਕਰਤਾਰ ਸਿੰਘ ਸਰਾਭਾ

ਜੋ ਆਰਥਿਕ, ਸਮਾਜਕ, ਰਾਜਨੀਤਕ ਅਤੇ ਸੱਭਿਆਚਾਰਕ ਹਾਲਾਤ ਗ਼ਦਰ ਪਾਰਟੀ ਦੀ ਬੁਨਿਆਦ ਰੱਖਣ ਅਤੇ ਜ਼ੋਰ ਫੜਨ ਮੌਕੇ ਸਨ, ਅੱਜ ਉਹ ਹਾਲਾਤ, ਮਸਲੇ ਅਤੇ ਵੰਗਾਰਾਂ ਹੋਰ ਵੀ ਜਰਬਾਂ ਖਾ ਗਈਆਂ ਹਨ। ਗ਼ਦਰ ਪਾਰਟੀ ਦੀ ਸਥਾਪਨਾ ਸ਼ਤਾਬਦੀ ਮਹਿਜ਼ ਰਸਮੀ ਤੌਰ 'ਤੇ ਮਨਾਉਣਾ ਨਹੀਂ, ਸਗੋਂ ਮੂੰਹ ਅੱਡੀ ਖੜ੍ਹੀਆਂ ਵੰਗਾਰਾਂ ਨੂੰ ਮੁਖ਼ਾਤਬ ਹੋਣ ਅਤੇ ਸਾਰਥਿਕ ਰਾਹ ਲੋਕਾਂ ਅੱਗੇ ਰੱਖਣਾ ਸਮੇਂ ਦੀ ਤਿੱਖੀ ਲੋੜ ਹੈ।

**ਤੂੰ ਇਧਰ ਉਧਰ ਕੀ ਬਾਤ ਨਾ ਕਰ,**
**ਯਹ ਬਤਾ ਕਿ ਕਾਫ਼ਲਾ ਕਿਉਂ ਲੁਟਾ,**
**ਹਮੇਂ ਰਾਹਜ਼ਨੋਂ ਕੀ ਗਰਜ਼ ਨਹੀਂ,**
**ਤੇਰੀ ਰਹਿਬਰੀ ਕਾ ਸਵਾਲ ਹੈ।**

ਅੰਗਰੇਜ਼ੀ ਅਖ਼ਬਾਰਾਂ ਦੇ ਪ੍ਰਸਿੱਧ ਪੱਤਰਕਾਰ ਕੇ.ਐਸ. ਸੰਧੂ ਦੇ ਹਵਾਲੇ ਨਾਲ ਉੱਘੇ ਨਾਵਲਕਾਰ ਗੁਰਦਿਆਲ ਸਿੰਘ 'ਸਫ਼ਰ ਤਾਂ ਜਾਰੀ ਰਹਿਣਾ ਹੈ' ਨਾਂ ਦੇ ਆਪਣੇ ਲੇਖ ਵਿਚ ਉਪਰੋਕਤ ਟੂਕਾਂ ਲਿਖਦੇ ਹੋਏ ਜ਼ੋਰ ਦੇ ਰਹੇ ਹਨ ਕਿ ਲੁੱਟੇ ਜਾ ਰਹੇ ਲੋਕਾਂ ਬਾਰੇ, ਲੁਟੇਰਿਆਂ ਬਾਰੇ ਐਧਰ ਉਧਰ ਦੀਆਂ ਗੱਲਾਂ ਕਰਦੇ ਰਹਿਣ ਦੀ ਬਜਾਏ ਸਵਾਲਾਂ ਦਾ ਕੇਂਦਰੀ ਸਵਾਲ ਤਾਂ ਲੋਕਾਂ ਦੀ ਅਗਵਾਈ ਕਰਨ ਦਾ ਹੈ।

---

# ਨੈਣ-ਨਕਸ਼

(ਸਫ਼ਾ 29 ਦੀ ਬਾਕੀ)

ਵਾਂਗ। ਭੰਨ'ਤੇ ਮੋਰ, ਤੇ ਤੌਲੀਏ ਵਾਂਗ ਨਿਚੋੜ ਕੇ ਮੰਜੇ 'ਤੇ ਪਾ'ਤਾ।

ਮੁੜਦੀ ਵਾਰ ਰਾਮ ਲਾਲ ਫਿਰ ਭਾਗੂ ਨੂੰ ਕਹਿਣ ਲੱਗਾ, 'ਵੇਖ ਲੈ ਲੱਛਮੀ ਕੀ-ਕੀ ਕਾਰੇ ਕਰਾਉਂਦੀ ਐ?'

'ਭਰਜਾਈ ਨੇ ਦਿੱਤੇ ਸੀ?'

'ਕਾਹਨੂੰ ਟਿੱਚਰਾਂ ਕਰੀ ਜਾਨੈਂ। ਮੈਂ ਪੈਸਿਆਂ ਦੀ ਗੱਲ ਕਰਦਾਂ। ਤਿੰਨ ਸਾਲ ਹੋ ਗਏ, ਲੈ ਕੇ ਤਾਂ ਬੜੇ ਮਿੱਠੇ ਬੋਲਾਂ ਨਾਲ ਗਿਆ ਸੀ, ਹੁਣ ਸਾਲਾ ਗਾਲੀਂ ਉਤਰ ਪਿਐ।'

'ਤਾਂ ਹੀ ਹੱਡ ਭਨਾ ਲਏ। ਸੱਚ, ਰਾਮ ਲਾਲਾ! ਗੁਰੂ ਕੋਲ ਗਏ ਨੂੰ ਕਿੰਨਾ ਕੁ ਚਿਰ ਹੋ ਗਿਐ ਭਲਾ?'

'ਹੋ ਗਏ ਹੋਣੇ ਆਂ ਛੇ-ਸੱਤ ਮਹੀਨੇ।'

'ਵੇਖ ਲੈ ਗੁਰੂ ਤੇਰੇ ਨੇ ਵੀ ਰੰਨ ਰੱਖੀ ਹੋਈ ਐ।'

ਲੱਗ ਗਈ ਅੱਗ ਰਾਮ ਲਾਲ ਦੇ, 'ਕੀ ਕਿਹੈ?'

'ਤੇਰੇ ਗੁਰੂ ਕੋਲ ਵੀ ਰੰਨ ਐ।'

'ਹਰਾਮਜ਼ਾਦਿਆ ਪੈ ਗਈ ਦੋਸਤੀ ਨੂੰ ਅੱਗ। ਮੂੰਹ ਸੰਭਾਲ ਕੇ ਬੋਲੀਂ ਹੁਣ। ਉਹ ਤਾਂ ਕਦੇ ਤੀਵੀਂ ਦੇ ਕੋਲ ਦੀ ਨੀਂ ਲੰਘਿਆ ਹੋਣਾ, ਤੇ ਤੂੰ ਏਡਾ ਵੱਡਾ ਇਲਜ਼ਾਮ ਲਾ'ਤਾ ਰੰਨ ਰੱਖਣ ਦਾ?'

'ਇਹੀ ਤਾਂ ਤੈਨੂੰ ਪਤਾ ਨ੍ਹੀਂ। ਤੂੰ ਲੱਛਮੀ ਨੂੰ ਪਿਆਰ ਕਰਦੈਂ, ਤੇ ਉਹ ਰੰਨ ਦੇ ਜੁੱਤੀ ਫੇਰਦੈ।'

'...ਓਏ ਮੈਂ ਤੈਨੂੰ ਕਿਹੈ, ਉਹ ਪੂਰਾ ਜਤੀ-ਸਤੀ ਐ, ਤੇ ਤੂੰ ਇਹ ਵੀ ਆਟੇ ਨੂੰ ਪਲੇਥਣ ਲਾ'ਤਾ ਪਈ, ਉਹ ਰੰਨ ਖੜਕਾਉਂਦਾ ਵੀ ਐ...ਠਹਿਰ ਜਾ ਓ ਤੇਰੀ...।'

ਤੇ ਰਾਮ ਲਾਲ ਦਾ ਗੁੱਸਾ ਹੱਥੋਂ ਨਿਕਲ ਗਿਆ, ਤੇ ਦੇ ਲਿਆ ਭਾਗੂ ਰਾਮ ਵੀ ਗੋਡਿਆਂ ਹੇਠ। ਇਕਹਿਰੇ ਸਰੀਰ ਵਾਲੇ ਭਾਗੂ ਰਾਮ ਦੀ ਤਾਂ ਕਰ'ਤੀ ਹੱਡੀ-ਪੱਸਲੀ ਇਕ। ਜੁਬਾੜੇ 'ਚੋਂ ਲਹੂ ਵਗੇ। ਰਾਮ ਲਾਲ ਦੇ ਹੂਰੇ ਲੁਹਾਰ ਦੇ ਘਣ ਵਾਂਗ ਪੈਣ ਵਿਚਾਰੇ ਦੇ ਸਿਰ 'ਚ। ਉਹ ਹੇਠੋਂ ਆਖੇ, ਮੇਰੀ ਗੱਲ ਤਾਂ ਸੁਣ। ਉਠ ਤਾਂ ਲੈਣ ਦੇ...।

'ਤੂੰ ਮੇਰੇ ਗੁਰੂ ਦੀ ਜੱਖਣਾ ਪੱਟਦੈਂ। ਤੈਨੂੰ ਤਾਂ ਅੱਜ ਮੈਂ ਜਿਉਂਦਾ ਨ੍ਹੀਂ ਛੱਡਣਾ।'

ਕੋਲੋਂ ਲੰਘਦੇ ਇਕ ਜਾਣੂ ਨੇ ਦੇਖਿਆ ਕਿ ਆਹ ਤਾਂ ਕ੍ਰਿਸ਼ਨ-ਸੁਦਾਮਾ ਫਸ ਪਏ। ਕੀ ਹੋ ਗਿਆ ਇਨ੍ਹਾਂ ਨੂੰ। ਇਹ ਤਾਂ ਲਾਲੂ ਤੇ ਭਾਗੂ ਨੇ। ਉਹਨੇ ਕਲਾਵਾ ਭਰ ਕੇ ਰਾਮ ਲਾਲ ਪਰ੍ਹਾਂ ਕੀਤਾ, ਤੇ ਹੇਠੋਂ ਕੱਢਿਆ ਮਾੜੀ ਕਿਸਮਤ ਵਾਲੇ ਭਾਗੂ ਨੂੰ। ਦੋਵੇਂ ਮਸੀਂ ਘਰਾਂ ਨੂੰ ਤੋਰੇ।

ਸਵੇਰੇ 'ਕੱਠੀ ਕਰ 'ਲੀ ਰਾਮ ਲਾਲ ਨੇ ਪੰਚਾਇਤ, ਪਈ ਮੇਰੇ ਗੁਰੂ 'ਤੇ ਭਾਗੂ ਨੇ ਦੋਸ਼ ਲਾਇਆ ਤੀਵੀਂ ਰੱਖਣ ਦਾ।

ਸਰਪੰਚ ਨੇ ਜਦੋਂ ਭਾਗੂ ਤੋਂ ਜਵਾਬ ਤਲਬੀ ਕੀਤੀ ਤਾਂ ਸਾਰੀ ਪਰ੍ਹਿਆ ਦਾ ਸਿਰ ਨੀਵਾਂ ਹੋ ਗਿਆ। ਭਾਗੂ ਕਹਿਣ ਲੱਗਾ, 'ਮੈਂ ਤਾਂ ਇਹਨੂੰ ਇਹਦਾ ਈ ਜਵਾਬ ਦੇ ਰਿਹਾ ਸੀ, ਜਦੋਂ ਇਹ ਲੱਭੂ ਰਾਮ ਤੋਂ ਲੱਛਮੀ ਕਹਿ ਕੇ ਮਾਇਆ ਲੈਣ ਗਿਆ, ਉਹਨੂੰ ਵੀ ਭੰਨ ਕੇ ਆਇਆ ਸੀ। ਦੱਸਦਾ ਤਾਂ ਮੈਂ ਇਹਨੂੰ ਇਹ ਸੀ ਪਈ, ਗ੍ਰਹਿਸਥੀ ਬੰਦਿਆਂ ਲਈ ਮਾਇਆ ਦੇਵੀ ਈ ਹੁੰਦੀ ਐ ਲੱਛਮੀ ਪਰ ਸਾਧੂ ਸੰਤਾਂ ਦਾ ਇਹਦੇ ਨਾਲ ਨੇਹ ਨ੍ਹੀਂ ਹੁੰਦਾ। ਉਹ ਇਹਨੂੰ ਜੁੱਤੀ ਹੇਠ ਰੰਨ ਬਣਾ ਕੇ ਰੱਖਦੇ ਹਨ। ਇਹਨੇ ਤਾਂ ਮੈਨੂੰ ਗੱਲ ਈ ਨ੍ਹੀਂ ਪੂਰੀ ਕਰਨ ਦਿੱਤੀ।'

ਪਰ੍ਹਿਆ 'ਚ ਰਾਮ ਲਾਲ ਦਾ ਸਿਰ ਤਾਂ ਭਾਗੂ ਰਾਮ ਦੇ ਰਹਿਣ ਕਾਰਨ 'ਚ ਸੀ, ਪਰ ਲਗਦਾ ਸੀ ਰੱਬ ਦੂਜੀ ਵਾਰ ਫਿਰ ਸ਼ਰਮਿੰਦਾ ਹੋ ਗਿਆ ਹੈ।

**ਅੰਤਿਕਾ:**

ਰੱਬ ਹੀ ਬਣਿਆ ਫਿਰਦਾ ਏਥੇ
ਰੱਬ ਰੱਬ ਕਰਦਾ ਬੰਦਾ।
ਸੱਚੀਂ ਹੁਣ ਨੇ ਕਰਦੇ ਏਥੇ
ਉਹਦੇ ਬੰਦੇ ਧੰਦਾ।
ਅੱਖ ਨ੍ਹੀਂ ਪੱਟਦਾ ਖੌਰੇ ਕਾਹਤੋਂ
ਨਹੀਂ ਡਰਦਾ ਪੁੱਠੇ ਕਾਰੇ
ਉਹਦਾ ਚੋਲਾ ਪਾ ਕੇ
ਮਾਰਨ ਰੱਬ ਨੂੰ ਹੀ ਲਲਕਾਰੇ।

# 'ਰੰਗਲੇ ਪੰਜਾਬ ਨੂੰ ਬਚਾਈਂ' ਸੀ.ਡੀ. ਅਤੇ ਮਨਪ੍ਰੀਤ ਅੱਗੇ ਵੰਗਾਰਾਂ

## ਕੀ ਮੈਂ ਝੂਠ ਬੋਲਿਐ...



ਸਵਰਨ ਸਿੰਘ ਟਹਿਣਾ*

*ਫੋਨ:91-98141-78883

ਗੀਤ-ਸੰਗੀਤ ਦੀ ਅਹਿਮੀਅਤ ਨੂੰ ਵੱਖ-ਵੱਖ ਲੋਕਾਂ ਵੱਲੋਂ ਆਪੋ-ਆਪਣੇ ਢੰਗ ਨਾਲ ਪਰਿਭਾਸ਼ਤ ਕੀਤਾ ਜਾਂਦੈ। ਗਾਉਣ ਅਤੇ ਵੇਚਣ ਵਾਲਿਆਂ ਦੇ ਵੱਡੇ ਹਿੱਸੇ ਵੱਲੋਂ ਇਸ ਨੂੰ ਸਿਰਫ਼ ਕਾਰੋਬਾਰ ਵਾਲੀ ਚੀਜ਼ ਮੰਨਿਆ ਜਾਂਦੈ, ਬੁੱਧੀਜੀਵੀ ਵਰਗ ਇਸ ਨੂੰ ਸਮਾਜਿਕ ਸਰੋਕਾਰਾਂ ਨਾਲ ਵੀ ਜੋੜ ਕੇ ਦੇਖਦੈ, ਤੇ ਚਿੰਤਕਾਂ ਵੱਲੋਂ ਇਸ ਨੂੰ ਜਾਗ੍ਰਿਤੀ ਦਾ ਮਾਧਿਅਮ ਵੀ ਮੰਨਿਆ ਜਾਂਦੈ। ਸੰਗੀਤ ਨਾਲ ਮਿਲੇ ਬੋਲਾਂ ਦੀ ਤਾਕਤ ਦਾ ਅੰਦਾਜ਼ਾ ਇਸੇ ਤੋਂ ਲੱਗ ਜਾਂਦੈ ਕਿ ਆਜ਼ਾਦੀ ਸੰਗਰਾਮ ਨੂੰ ਜੋਸ਼ੀਲਾ ਬਣਾਈ ਰੱਖਣ ਲਈ ਦੇਸ਼ ਭਗਤੀ ਦੇ ਅਜਿਹੇ ਗੀਤ ਲੋਕਾਂ ਤੱਕ ਅੱਪੜਦੇ ਕੀਤੇ ਗਏ ਕਿ ਲੋਕਾਂ ਅੰਦਰ ਅੰਗਰੇਜ਼ ਹਕੂਮਤ ਖਿਲਾਫ਼ ਜੋਸ਼ ਠਾਠਾਂ ਮਾਰਦਾ ਰਹੇ, ਤੇ ਹੁਣ ਜਦੋਂ ਗੋਰਿਆਂ ਦੀ ਥਾਂ ਆਪਣੇ ਰੰਗ ਵਾਲਿਆਂ ਨੇ ਮੁਲਕ ਨੂੰ ਲੁੱਟਣਾ ਅਤੇ ਇੱਥੋਂ ਦੇ ਵਸਨੀਕਾਂ ਨੂੰ ਕੁੱਟਣਾ ਸ਼ੁਰੂ ਕੀਤਾ ਹੈ ਤਾਂ ਸਮੇਂ-ਸਮੇਂ ਵੱਖ-ਵੱਖ ਪਾਰਟੀਆਂ ਵੱਲੋਂ ਆਪਣੇ ਏਜੰਡੇ ਲੋਕਾਂ ਤੱਕ ਪੁਚਾਉਣ ਤੇ ਦੂਜਿਆਂ ਪ੍ਰਤੀ ਰੋਸ ਜਗਾਉਣ ਲਈ ਵੀ ਇਸ ਦਾ ਸਹਾਰਾ ਲਿਆ ਜਾਂਦਾ ਹੈ।

ਕੱਲ੍ਹ ਤੱਕ ਗੀਤ-ਸੰਗੀਤ ਦੀ ਵਰਤੋਂ ਸਿਰਫ਼ ਸਿਆਸੀ ਰੈਲੀਆਂ ਮੌਕੇ ਲੋਕਾਂ ਦੀ ਭੀੜ ਜੋੜਨ ਲਈ ਕੀਤੀ ਜਾਂਦੀ ਸੀ ਪਰ ਬਾਅਦ 'ਚ ਇਸ ਨੂੰ ਵੱਖਰੇ ਢੰਗ ਨਾਲ ਵਰਤਣਾ ਸ਼ੁਰੂ ਕੀਤਾ ਗਿਆ। ਵੋਟਾਂ ਤੋਂ ਚਾਰ ਕੁ ਮਹੀਨੇ ਪਹਿਲਾਂ ਪਾਰਟੀ ਆਗੂਆਂ ਵੱਲੋਂ ਕਲਾਕਾਰਾਂ ਕੋਲੋਂ ਗੀਤ ਗੁਆ ਕੇ ਚੈਨਲਾਂ 'ਤੇ ਚਲਵਾਉਣੇ ਸ਼ੁਰੂ ਕਰ ਦਿੱਤੇ ਜਾਂਦੇ, ਪਰ ਹੁਣ ਇਸ ਤੋਂ ਅੱਗੇ ਵਧਦਿਆਂ ਸੱਤਾਧਾਰੀਆਂ ਅਤੇ ਵਿਰੋਧੀ ਧਿਰਾਂ ਦੇ ਪੋਤੜੇ ਫੋਲਣ ਲਈ ਵੀ ਇਸ ਨੂੰ ਵਰਤਿਆ ਜਾਣ ਲੱਗਾ ਹੈ।

ਆਪਣੀ ਗੱਲ ਅਵਾਮ ਤੱਕ ਪੁਚਾਉਣ ਅਤੇ ਦੂਜਿਆਂ ਦੀਆਂ ਚਾਲਾਂ ਤੋਂ ਪਰਦਾ ਚੁੱਕਣ ਲਈ ਗੀਤ-ਸੰਗੀਤ ਦੇ ਇਸ ਸਹਾਰੇ ਨੇ ਇਸ ਗੱਲ ਨੂੰ ਹੋਰ ਵੀ ਪ੍ਰਮਾਣਤ ਕਰ ਦਿੱਤਾ ਹੈ ਕਿ ਇਹ ਸਿਰਫ਼ ਮਨੋਰੰਜਨ ਨਾਲ ਨਹੀਂ ਜੁੜੀ, ਸਗੋਂ ਮਨ ਦੇ ਵਲਵਲੇ ਸਾਂਝੇ ਕਰਨ ਅਤੇ ਸਮਾਜਿਕ ਚੇਤਨਾ ਦੀ ਮਸ਼ਾਲ ਜਗਦੀ ਰੱਖਣ ਲਈ ਵੀ ਇਸ ਦੀ ਵਰਤੋਂ ਕੀਤੀ ਜਾ ਸਕਦੀ ਹੈ। ਜਦੋਂ ਮਨੁੱਖ ਦੇ ਰੋਮ-ਰੋਮ ਵਿਚ ਸੰਗੀਤ ਰਚਿਆ ਹੋਇਐ ਤਾਂ ਪਤੇ ਦੀਆਂ ਗੱਲਾਂ ਨੂੰ ਸੰਗੀਤ ਦੇ ਤੁੜਕੇ ਰਾਹੀਂ ਸਾਧਾਰਨ ਲੋਕਾਈ ਤੱਕ ਪੁਚਾਉਣ ਦਾ ਮੌਕਾ ਖਾਲੀ ਜਾਣ ਦੇਣਾ ਕਿਸੇ ਨੂੰ ਗਵਾਰਾ ਨਹੀਂ ਜਾਪਦਾ!

ਇਹ ਵੀ ਹੋ ਸਕਦੈ ਕਿ ਭਵਿੱਖ ਵਿਚ ਹੋਰ ਪਾਰਟੀਆਂ ਵੱਲੋਂ ਇਸ ਵਿਧਾ ਨੂੰ ਆਪਣੀ ਪਾਰਟੀ ਦੇ ਚੋਣ ਮੈਨੀਫੈਸਟੋ ਵਜੋਂ ਵਰਤਿਆ ਜਾਵੇ ਕਿਉਂਕਿ 'ਪੀਪਲਜ਼ ਪਾਰਟੀ ਆਫ਼ ਪੰਜਾਬ' (ਪੀ.ਪੀ.ਪੀ.) ਵੱਲੋਂ ਜਿਹੜੀ ਸੀ.ਡੀ. ਹੁਣੇ-ਹੁਣੇ ਰਿਲੀਜ਼ ਕੀਤੀ ਗਈ ਹੈ, ਉਸ ਵਿਚਲੇ ਸੱਤੇ ਗਾਣੇ ਅਤੇ ਪਾਰਟੀ ਸੰਸਥਾਪਕ ਦੇ ਵਿਚਾਰ ਸੁਣ ਕੇ ਜਾਪਦੈ ਕਿ ਲੀਡਰ ਹੁਣ ਸਮਝਣ ਲੱਗ ਪਏ ਨੇ ਕਿ ਜੇ ਸਮਾਂ ਰਹਿੰਦਿਆਂ ਲੋਕਾਂ ਤੱਕ ਆਪਣੀਆਂ ਨੀਤੀਆਂ ਪਹੁੰਚਾਉਣ ਦੇ ਨਾਲ-ਨਾਲ ਵਿਰੋਧੀਆਂ ਦੇ ਬਖੀਏ ਉਧੇੜਨ ਦਾ ਸਿਲਸਿਲਾ ਸ਼ੁਰੂ ਕੀਤਾ ਜਾਵੇ ਤਾਂ ਇਕ ਤੋਂ ਦੂਜੇ, ਤੇ ਦੂਜੇ ਤੋਂ ਤੀਜੇ ਤੱਕ ਮੂੰਹੋਂ-ਮੂੰਹੀਂ ਅੱਪੜਦੀ ਗੱਲ ਜ਼ਿਆਦਾ ਅਸਰਦਾਰ ਸਾਬਤ ਹੋ ਸਕਦੀ ਹੈ।

'ਰੰਗਲੇ ਪੰਜਾਬ ਨੂੰ ਬਚਾਈਂ' ਸੀ.ਡੀ. ਵਿਚ ਉਹ ਸਭ ਕੁੱਝ ਹੈ ਜਿਹੜਾ ਮਨਪ੍ਰੀਤ ਸਿੰਘ ਬਾਦਲ ਨੂੰ ਅਕਾਲੀ ਦਲ 'ਚੋਂ ਕੱਢਣ ਮਗਰੋਂ ਅੰਮ੍ਰਿਤਸਰ ਵਿਚ ਉਸ ਵੱਲੋਂ ਕੀਤੇ ਪ੍ਰਦਰਸ਼ਨ ਮੌਕੇ ਆਪਣੇ ਬਿਆਨ ਵਿਚ ਕਿਹਾ ਗਿਆ ਸੀ। ਪੰਜਾਬ ਲਈ ਦਰਦ ਦੀ ਗੱਲ, ਬੇਰੁਜ਼ਗਾਰੀ, ਅਨਪੜ੍ਹਤਾ, ਪਰਵਾਸ, ਕਿਸਾਨੀ, ਕਾਰਪੋਰੇਟ ਘਰਾਣਿਆਂ, ਨਸ਼ਾਖੋਰੀ, ਸਿੱਖਿਆ, ਸਿਹਤ ਅਤੇ ਪੰਜਾਬੀਆਂ ਦੀਆਂ ਹੋਰ ਮੁਸ਼ਕਲਾਂ ਦੀ ਗੱਲ ਕਰਨ ਦੇ ਨਾਲ-ਨਾਲ 'ਤੱਕੜੀ' ਅਤੇ 'ਪੰਜੇ' ਨੂੰ ਖ਼ੂਬ ਰਗੜੇ ਲਾਏ ਗਏ ਹਨ।

ਇਨ੍ਹਾਂ ਗਾਣਿਆਂ ਜ਼ਰੀਏ ਜੋ ਕਿਹਾ ਗਿਆ ਹੈ, ਲੋਚਦਾ ਹਰ ਪੰਜਾਬੀ ਉਹੀ ਹੈ ਪਰ ਦੁੱਖ ਦੀ ਗੱਲ ਹੈ ਕਿ ਪੰਜ-ਪੰਜ ਸਾਲਾਂ ਦੀ ਚੂਹੇ ਬਿੱਲੀ ਵਾਲੀ ਖੇਡ ਦੌਰਾਨ ਪੰਜਾਬ ਸਤਿਆਨਾਸ ਤੋਂ ਸਵਾ ਸਤਿਆਨਾਸ ਵੱਲ ਵਧ ਰਿਹਾ ਹੈ। ਤੀਜੇ ਬਦਲ ਦੀ ਗੱਲ ਬਲਵੰਤ ਸਿੰਘ ਰਾਮੂਵਾਲੀਆ ਦੀ 'ਲੋਕ ਭਲਾਈ ਪਾਰਟੀ' ਬਣਾਉਣ ਵੇਲੇ ਵੀ ਤੁਰੀ ਸੀ ਪਰ ਸਰਮਾਏ ਦੀ ਘਾਟ ਜਾਂ ਲੋਕ ਮਨਾਂ ਤੱਕ ਘਰ ਕਰ ਸਕਣ ਵਾਲੇ ਵਿਚਾਰਾਂ ਦੀ ਘਾਟ ਕਾਰਨ ਹੁਣ ਉਨ੍ਹਾਂ ਖੁਦ ਇਹ ਕਬੂਲਣਾ ਸ਼ੁਰੂ ਕਰ ਦਿੱਤਾ ਹੈ ਕਿ 'ਪੰਜਾਬ ਵਿਚ ਤੀਜੇ ਬਦਲ ਦਾ ਆਧਾਰ ਨਹੀਂ।'

ਇਨ੍ਹਾਂ ਹਾਲਾਤ ਵਿਚ ਮਨਪ੍ਰੀਤ ਦੀ 'ਤੀਜੇ ਬਦਲ' ਦੀ ਗੱਲ ਕਦੋਂ ਤੱਕ ਸਿਰੇ ਲੱਗੇਗੀ, ਇਹ ਤਾਂ ਪਤਾ ਨਹੀਂ ਪਰ ਉਸ ਵੱਲੋਂ 'ਜਾਗੋ ਪੰਜਾਬ ਯਾਤਰਾ' ਦੀ ਸ਼ੁਰੂਆਤ ਤੋਂ ਲੈ ਕੇ ਸੀ.ਡੀ. ਜ਼ਰੀਏ ਪੰਜਾਬੀਆਂ ਨੂੰ ਹਲੂਣਨ ਤੱਕ ਦੇ ਉਦਮ ਤੋਂ ਇੰਜ ਜਾਪਦੈ ਕਿ ਉਸ ਦੀ ਸਰਗਰਮੀ 'ਤੀਜੇ ਬਦਲ' ਦੇ ਚਾਹਵਾਨ ਬਾਕੀਆਂ ਨਾਲੋਂ ਥੋੜ੍ਹੀ ਭਿੰਨ ਜ਼ਰੂਰ ਹੈ।


'ਪੀ.ਪੀ.ਪੀ' ਦੀ ਇਸ ਸੀ.ਡੀ. ਵਿਚਲੇ ਸੱਤੇ ਗੀਤ ਸਮੇਂ-ਸਮੇਂ ਆਈਆਂ ਸਰਕਾਰਾਂ ਦੇ ਕੀਤੇ ਕਰਾਇਆਂ ਤੋਂ ਪਰਦਾ ਚੁੱਕਦੇ ਹਨ। ਇਨ੍ਹਾਂ ਗੀਤਾਂ ਵਿਚ ਭਾਵੇਂ ਬਹੁਤੀ ਸਖ਼ਤ ਭਾਸ਼ਾ ਦੀ ਵਰਤੋਂ ਨਹੀਂ ਕੀਤੀ ਗਈ ਪਰ ਸੁਣਨ ਵਾਲੇ ਸਭ ਸਮਝਦੇ ਨੇ। ਕੁੱਝ ਕੁ ਗੱਲਾਂ ਸਪੱਸ਼ਟ ਤੌਰ 'ਤੇ ਕਹੀਆਂ ਗਈਆਂ ਹਨ ਜਿਵੇਂ ਡਿਪਟੀ ਸੀ.ਐਮ. 'ਤੇ ਟਿੱਪਣੀ, ਚੀਡਸੇ ਅਤੇ ਭੂੰਡਤ 'ਤੇ ਤਵਾ, ਤੱਕੜੀ ਤੇ ਪੰਜੇ ਨੂੰ ਖੂੰਜੇ ਲਾਉਣ ਵਾਲੇ ਵਿਚਾਰ।

ਸ਼ੁਰੂਆਤ ਵਿਚ ਮਨਪ੍ਰੀਤ ਦਾ ਥੋੜ੍ਹੇ ਜਿਹੇ ਸਮੇਂ ਦਾ ਭਾਸ਼ਣ ਹੈ ਜਿਸ ਵਿਚ ਉਸ ਨੇ ਪੰਜਾਬ ਦੀਆਂ ਲੁੱਟੀਆਂ ਜਾ ਚੁੱਕੀਆਂ ਖੁਸ਼ੀਆਂ, ਇੱਥੇ ਵਗਦੀ ਕਾਲੀ ਹਨੇਰੀ ਨੂੰ ਠੱਲ੍ਹਣ ਅਤੇ ਨਵੇਂ ਪੰਜਾਬ ਨੂੰ ਸਿਰਜਣ ਦੀ ਕਾਮਨਾ ਕੀਤੀ ਹੈ ਅਤੇ ਬਾਅਦ ਵਿਚ ਮਕਬੂਲ ਹੋਏ ਗੀਤ 'ਸਾਈਂ ਵੇ ਸਾਡੀ ਫਰਿਆਦ ਤੇਰੇ ਤਾਈਂ' ਦੀ ਤਰਜ਼ 'ਤੇ ਸਮੇਂ ਦੀਆਂ ਚੁਣੌਤੀਆਂ, ਭਵਿੱਖ ਵਿਚ ਕੀਤੇ ਜਾਣ ਵਾਲੇ ਕੰਮਾਂ ਅਤੇ 'ਕੇਸਰੀ ਪੱਗਾਂ' ਵਾਲਿਆਂ ਦੇ ਹੱਕ 'ਚ ਡਟਣ ਦੀ ਅਪੀਲ ਕੀਤੀ ਹੈ:

ਸਾਈਂ ਵੇ ਰੰਗਲੇ ਪੰਜਾਬ ਨੂੰ ਬਚਾਈਂ,
ਸਾਈਂ ਵੇ ਖੁਸ਼ੀਆਂ ਦੀ ਪਤੰਗ ਨੂੰ ਉਡਾਈਂ,
ਸਾਈਂ ਵੇ ਡੋਰ ਕਿਸੇ ਸੱਚੇ ਨੂੰ ਫੜਾਈਂ,
ਸਾਈਂ ਵੇ ਲੋਟੂਆਂ ਦਾ ਰਾਜ ਨਾ ਲਿਆਈਂ,
ਸਾਈਂ ਵੇ ਰਾਹਾਂ ਵਿਚੋਂ ਕੰਡੇ ਵੀ ਹਟਾਈਂ,
ਸਾਈਂ ਵੇ ਕਰਜ਼ੇ ਦੇ ਬੋਝ ਨੂੰ ਘਟਾਈਂ,
ਸਾਈਂ ਵੇ ਵੈਰੀ ਦੀਆਂ ਚਾਲਾਂ ਤੋਂ ਬਚਾਈਂ।

'ਸਾਈਂ' ਵਿਚ ਜਿੱਥੇ ਇਸ਼ਾਰੇ ਨਾਲ ਲੁੱਟਣ ਵਾਲਿਆਂ ਬਾਰੇ ਕਿਹਾ ਗਿਆ ਹੈ, ਉਥੇ ਲੋਟੂਆਂ ਵੱਲੋਂ ਨਵਿਆਂ ਦੇ ਰਾਹਾਂ ਵਿਚ ਖੜ੍ਹੀਆਂ ਕੀਤੀਆਂ ਜਾਣ ਵਾਲੀਆਂ ਚੁਣੌਤੀਆਂ ਦਾ ਜ਼ਿਕਰ ਵੀ ਆਇਆ ਹੈ। ਕਰਜ਼ੇ ਦੇ ਜਿਹੜੇ ਮੁੱਦੇ ਕਰਕੇ ਮਨਪ੍ਰੀਤ ਨੂੰ ਪਾਰਟੀ 'ਚੋਂ ਕੱਢਿਆ ਗਿਆ, ਉਸ ਦੀ ਗੱਲ ਵੀ ਕੀਤੀ ਗਈ ਹੈ ਅਤੇ 'ਨੀਲੀਆਂ' ਪੱਗਾਂ ਵਾਲਿਆਂ ਵੱਲੋਂ ਚੱਲੀਆਂ ਜਾ ਰਹੀਆਂ ਚਾਲਾਂ ਦੀ ਪੇਸ਼ਕਾਰੀ ਵੀ ਹੋਈ ਹੈ।

ਸਾਰੇ ਗੀਤਾਂ ਵਿਚ ਜਿੱਥੇ 'ਪੀਪਲਜ਼ ਪਾਰਟੀ ਆਫ਼ ਪੰਜਾਬ' ਦੀ ਮਹਿਮਾ ਤਰਕ ਨਾਲ ਕੀਤੀ ਗਈ ਹੈ, ਉਥੇ ਜਿਨ੍ਹਾਂ-ਜਿਨ੍ਹਾਂ ਦਾ ਤਵਾ ਲਾਉਣਾ ਚਾਹੀਦਾ ਹੈ, ਕਲਾਤਮਕ ਢੰਗ ਨਾਲ ਲਾ ਦਿੱਤਾ ਗਿਆ ਹੈ। ਗੱਲ ਭਾਵੇਂ, 'ਸਾਰਾ ਸੂਬਾ ਪੀ.ਪੀ.ਪੀ. ਦੇ ਨਾਲ ਹੋ ਗਿਆ ਜੀ' ਗੀਤ ਦੀ ਹੋਵੇ, 'ਮਨਪ੍ਰੀਤ ਦੀਆਂ ਗੱਲਾਂ ਚੱਲਦੀਆਂ ਨੇ' ਦੀ ਹੋਵੇ, ਅਕਾਲੀਆਂ-ਕਾਂਗਰਸੀਆਂ ਬਾਬਤ ਕਹਿਣਾ, 'ਇਹ ਹੁਣ ਕੀੜੀਆਂ ਵਾਂਗੂੰ ਇਕ ਦੂਜੇ ਵਿਚ ਵੱਜਦੇ ਫਿਰਦੇ ਨੇ' ਦੀ ਹੋਵੇ, 'ਜਾਗੋ ਆਈ ਆ' ਤੇ ਜਾਂ 'ਕੀ ਮੈਂ ਝੂਠ ਬੋਲਿਐ' ਦੀ ਹੋਵੇ; ਸਭ ਜ਼ਰੀਏ ਪੰਜਾਬ ਦੀ ਵਾਗਡੋਰ ਸੁਹਿਰਦ ਹੱਥਾਂ 'ਚ ਫੜਾਉਣ ਦੀ ਗੱਲ ਕੀਤੀ ਹੈ।




ਜ਼ਾਹਿਰ ਹੈ ਜਦੋਂ ਇਕ ਖਾਸ ਪਾਰਟੀ ਵੱਲੋਂ ਇਹ ਸੀ.ਡੀ. ਆਪਣੀ ਗੱਲ ਕਹਿਣ ਲਈ ਰਿਲੀਜ਼ ਕੀਤੀ ਗਈ ਹੈ ਤਾਂ ਇਸ ਵਿਚ ਲੋਕਾਂ ਨੂੰ ਜ਼ਖਮ ਦੇਣ ਵਾਲਿਆਂ ਦੀ ਫੱਟੀ ਪੋਚਣ ਦੀ ਕੋਸ਼ਿਸ਼ ਕੀਤੀ ਗਈ ਹੋਵੇਗੀ ਪਰ ਜਿਹੜੇ-ਜਿਹੜੇ ਮੁੱਦੇ ਇਸ ਜ਼ਰੀਏ ਉਠਾਏ ਗਏ ਨੇ; ਜਿਹੜੀਆਂ-ਜਿਹੜੀਆਂ ਗੱਲਾਂ ਤੋਂ ਪਰਦੇ ਚੁੱਕੇ ਗਏ ਨੇ; ਉਨ੍ਹਾਂ ਬਾਰੇ ਸਿਰ ਦੀ ਵਰਤੋਂ ਕਰਨ ਵਾਲਾ ਹਰ ਪੰਜਾਬੀ ਪਹਿਲਾਂ ਵੀ ਜਾਣਦਾ ਹੈ ਪਰ ਇਸ ਜਾਣੇ 'ਤੇ ਅਮਲ ਕਰਨਾ ਉਨ੍ਹਾਂ ਹਿੱਸੇ ਨਹੀਂ ਆਇਆ, ਜਾਂ ਆਉਣ ਹੀ ਨਹੀਂ ਦਿੱਤਾ ਗਿਆ।

ਪੱਕੀ ਗੱਲ ਹੈ ਕਿ ਇਕ ਲੱਖ 'ਮੁਫ਼ਤ' ਸੀ.ਡੀ. ਲੋਕਾਂ ਤੱਕ ਪੁਚਾਉਣ ਪਿੱਛੇ ਲੋਕਾਂ ਨੂੰ ਆਪਣੇ ਨਾਲ ਜੋੜਨ ਦੀ ਕੋਸ਼ਿਸ਼ ਹੈ ਪਰ ਇਹ ਗੱਲ ਵੀ ਪੱਕੀ ਹੈ ਭਵਿੱਖ ਵਿਚ ਹੋਰ ਪਾਰਟੀਆਂ ਵੱਲੋਂ ਵੀ ਇਹ ਉਦਮ ਕੀਤੇ ਜਾਇਆ ਕਰਨਗੇ।

ਇਸ ਸੀ.ਡੀ. ਦੇ ਸਾਰੇ ਗੀਤ ਉਘੇ ਕਾਮੇਡੀਅਨ ਭਗਵੰਤ ਮਾਨ ਵੱਲੋਂ ਲਿਖੇ ਗਏ ਹਨ। ਜ਼ਾਹਰ ਹੈ ਕਿ ਇਹ ਉਦਮ ਵੀ ਉਸੇ ਦੀ ਸੋਚ ਦਾ ਨਤੀਜਾ ਹੈ। ਗੀਤਾਂ ਜ਼ਰੀਏ ਇਸ ਤਰ੍ਹਾਂ ਦੀਆਂ ਚੋਭਾਂ ਭਗਵੰਤ ਹੀ ਲਾ ਸਕਦਾ ਹੈ ਕਿਉਂਕਿ ਹੁਣ ਤੱਕ ਆਈਆਂ ਆਪਣੀਆਂ ਕੈਸਿਟਾਂ, ਸੀ.ਡੀਜ਼ ਵਿਚ ਉਸ ਨੇ ਸਮੇਂ ਦੀਆਂ ਸਰਕਾਰਾਂ 'ਤੇ ਬਹੁਤ ਵਾਰ ਟਕੋਰਾਂ ਕੀਤੀਆਂ ਨੇ, ਤੇ ਹੁਣ ਜਦੋਂ ਉਹ ਮਨਪ੍ਰੀਤ ਦੇ ਮੋਢੇ ਨਾਲ ਮੋਢਾ ਜੋੜ ਕੇ ਚੱਲ ਰਿਹੈ ਤਾਂ ਪਾਰਟੀ ਵਿਚਾਰਧਾਰਾ ਨੂੰ ਲੋਕਾਂ ਤੱਕ ਇਸ ਢੰਗ ਨਾਲ ਪੁਚਾਉਣ ਦਾ ਸਿਹਰਾ ਉਸੇ ਸਿਰ ਬੱਝਦਾ ਹੈ।

ਮਨਪ੍ਰੀਤ ਦੀ ਸੋਚ ਚੰਗੀ ਹੈ ਅਤੇ ਉਸ ਦੀ ਪਾਰਟੀ ਦਾ ਕੱਦ ਆਉਂਦੇ ਸਮੇਂ ਵਿਚ ਹੋਰ ਵਧਣ ਦੀ ਉਮੀਦ ਹੈ। ਸਿਆਸੀ ਮਾਹਿਰਾਂ ਦੀ ਇਹ ਗੱਲ ਵੀ ਝੂਠੀ ਨਹੀਂ ਕਿ ਮਨਪ੍ਰੀਤ ਦਾ ਨਿਸ਼ਾਨਾ 2012 ਨਹੀਂ, 2017 ਹੈ ਤੇ ਇਹ ਗੱਲ ਸਹੀ ਵੀ ਹੋ ਸਕਦੀ ਹੈ ਕਿਉਂਕਿ ਭੰਬੇ ਪਏ ਪੰਜਾਬੀਆਂ ਨੂੰ ਨਾ ਇਕਦਮ ਕਿਸੇ ਦੀ ਗੱਲ ਸਮਝ ਆਈ ਹੈ, ਤੇ ਨਾ ਹੀ ਆ ਸਕਦੀ ਹੈ।

ਪੁਲਾਂ 'ਤੇ ਉਸਰ ਰਿਹਾ ਪੰਜਾਬ ਜ਼ਮੀਨੀ ਹਕੀਕਤਾਂ ਤੋਂ ਕਿਸ ਕਦਰ ਦੂਰ ਚਲਾ ਗਿਆ ਹੈ, ਇਸ ਗੱਲ ਤੋਂ ਕੋਈ ਅਣਜਾਣ ਨਹੀਂ। ਨੋਟਾਂ ਅਤੇ ਨਸ਼ਿਆਂ ਵੱਟੇ ਵੋਟਾਂ ਨੇ ਪੰਜਾਬ ਨੂੰ ਕਿਸ ਕਦਰ ਖੋਰਾ ਲਾਇਆ, ਇਸ ਗੱਲ ਤੋਂ ਵੀ ਸਾਰੇ ਵਾਕਫ਼ ਨੇ। ਪੰਜਾਬ ਦੀ ਜਵਾਨੀ ਜਾਨ ਜੋਖ਼ਮ ਵਿਚ ਪਾ ਕੇ ਏਜੰਟਾਂ ਰਾਹੀਂ ਵਿਦੇਸ਼ਾਂ ਵੱਲ ਕਿਉਂ ਜਾ ਰਹੀ ਹੈ, ਇਸ ਗੱਲ ਦਾ ਵੀ ਸਭ ਨੂੰ ਪਤੈ। ਪ੍ਰਸ਼ਾਸਨਿਕ ਢਾਂਚਾ, ਅਧਿਕਾਰੀ, ਕਰਮਚਾਰੀ ਕਿੰਨੇ ਕੁ ਸੁਹਿਰਦ ਨੇ, ਇਹ ਗੱਲ ਵੀ ਕੋਈ ਨਹੀਂ ਭੁੱਲਿਆ, ਤੇ ਲਾਲ ਬੱਤੀ ਸੱਭਿਆਚਾਰ ਨੇ ਪੰਜਾਬ ਦਾ ਦਿਵਾਲਾ ਕਿਸ ਕਦਰ ਕੱਢਿਆ ਹੈ, ਕੋਈ ਇਸ ਤੋਂ ਵੀ ਅਣਜਾਣ ਨਹੀਂ ਪਰ ਗਲ-ਗਲ ਤੱਕ ਇਹੋ ਜਿਹੇ ਸਿਸਟਮ ਵਿਚ ਫਿੱਟ ਹੋਈ ਲੋਕਾਈ ਨੂੰ ਸਮਝ ਨਹੀਂ ਪੈ ਰਹੀ ਕਿ ਆਖਰ ਕੀਤਾ ਕੀ ਜਾਵੇ?

ਪੰਜਾਬ ਦੇ ਲੋਕਾਂ ਨੇ ਜਿਸ ਉਤੇ ਵੀ ਭਰੋਸਾ ਕੀਤਾ, ਉਸੇ ਨੇ ਇਨ੍ਹਾਂ ਦੀਆਂ ਭਾਵਨਾਵਾਂ ਲਹੂ-ਲੁਹਾਨ ਕੀਤੀਆਂ। ਬੜੀ ਵਾਰ 'ਆਜ਼ਾਦਾਂ' ਨੇ ਸਰਕਾਰੀਤੰਤਰ ਖਿਲਾਫ਼ ਆਵਾਜ਼ ਚੁੱਕਣ ਦੀ ਗੱਲ ਕਰਕੇ ਜਿੱਤਾਂ ਹਾਸਲ ਕੀਤੀਆਂ ਪਰ ਬਾਅਦ 'ਚ ਉਹ ਪਹਿਲਾਂ ਵਾਲੇ ਵੱਗ 'ਚ ਜਾ ਰਲੇ। ਬੜਿਆਂ ਨੇ ਆ ਕੇ ਆਖਿਆ ਕਿ ਹੁਣ ਤੁਹਾਡੀ ਤਕਦੀਰ ਬਦਲਣ ਦਾ ਜ਼ਿੰਮਾ ਸਾਡੇ ਸਿਰ ਹੈ, ਤੇ ਲੋਕਾਂ ਉਨ੍ਹਾਂ ਨੂੰ ਜਿਤਾ ਛੱਡਿਆ ਪਰ ਉਹ ਵੀ ਪਹਿਲਾਂ ਵਾਲਿਆਂ ਵਰਗੇ ਬਣ ਗਏ। ਸ਼ਾਇਦ ਇਹੀ ਕਾਰਨ ਹੈ ਕਿ ਹੁਣ ਲੋਕ ਸੋਚਦੇ ਨੇ ਕਿ 'ਚੰਗੇ' ਦੀ ਉਮੀਦ ਛੱਡੋ, ਸਭ ਨੇ ਪੰਜ ਸਾਲ ਲਹੂ ਪੀਣੈ; ਅੱਜ ਜਿਹੜਾ ਜੋ ਦਿੰਦੈ, ਉਸ ਨੂੰ ਮਾਣੋ।

ਲੋਕਾਂ ਦੀ ਹਾਲਤ ਕਿੰਨੀ ਤ੍ਰਿਸਕਾਰੀ ਏ, ਇਸ ਦੀ ਮਿਸਾਲ ਇੰਨੀ ਗੱਲ ਤੋਂ ਹੀ ਮਿਲ ਜਾਂਦੀ ਏ ਕਿ ਇਕ ਦਿਨ ਦੇ ਪੰਜ-ਸੱਤ ਸੌ ਬਦਲੇ ਪੰਜ ਸਾਲਾਂ ਨੂੰ ਗਹਿਣੇ ਧਰਿਆ ਜਾਂਦੈ। ਕੀਤਾ ਕੀ ਜਾਵੇ? ਹੱਲ ਕੋਈ ਨਹੀਂ ਦਿਸਦਾ, ਬੰਦਾ ਜਾਵੇ ਤਾਂ ਜਾਵੇ ਕਿੱਧਰ?

ਲੋਕ ਮਨਪ੍ਰੀਤ ਸਿੰਘ ਬਾਦਲ ਦੇ ਵਿਚਾਰਾਂ ਦੀ ਕਦਰ ਕਰਦੇ ਨੇ; ਉਸ ਨਾਲ ਹੌਲੀ-ਹੌਲੀ ਤੁਰ ਵੀ ਰਹੇ ਨੇ ਪਰ ਤੁਰਨ ਵਾਲਿਆਂ ਦੇ ਮਨਾਂ ਅੰਦਰੋਂ ਸਵਾਲ ਉਠਣੇ ਬੰਦ ਨਹੀਂ ਹੋਏ। ਕਈ ਤੁਰਨਾ ਚਾਹੁੰਦੇ ਨੇ ਪਰ ਇਹ ਸੋਚਦਿਆਂ ਕਿ ਹਾਲੇ ਉਸ ਦੀ ਪਾਰਟੀ ਨੂੰ ਪੱਕੇ ਪੈਰੀਂ ਹੋਣ 'ਤੇ ਵਕਤ ਲੱਗ ਜਾਣੈ, ਤੇ ਜਦੋਂ ਉਹਦਾ ਵਕਤ ਆਵੇਗਾ, ਉਦੋਂ ਪਤਾ ਨਹੀਂ ਵਿਚਾਰਧਾਰਾ ਕਿਹੜੇ ਪਾਸੇ ਮੋੜ ਕੱਟੇਗੀ? ਇਹ ਸੋਚ ਕੇ ਉਹ ਦੜ ਵੱਟੀ ਬੈਠੇ ਨੇ।

ਬਹੁਤੇ ਲੋਕ ਅਜਿਹੇ ਹਨ ਜਿਹੜੇ ਨਾ ਮਨਪ੍ਰੀਤ ਦੇ ਖਿਲਾਫ਼ ਨੇ, ਤੇ ਨਾ ਹੀ ਬਹੁਤੇ ਹੱਕ 'ਚ। ਉਨ੍ਹਾਂ ਦੇ ਸਵਾਲ ਨੇ ਕਿ ਤਾਏ ਦੀ ਪਾਰਟੀ 'ਚ ਪੌਣੇ ਚਾਰ ਸਾਲ ਰਹਿਣ ਮਗਰੋਂ ਉਹਨੂੰ ਇਕਦਮ ਭ੍ਰਿਸ਼ਟ ਨਿਜ਼ਾਮ ਦਾ ਖਿਆਲ ਕਿਉਂ ਆਇਆ? ਕਈਆਂ ਦਾ ਕਹਿਣੈ ਕਿ ਉਹਨੇ ਪੰਜਾਬ ਅਤੇ ਪੰਜਾਬੀਅਤ ਦੀ ਗੱਲ ਤਾਂ ਕੀਤੀ ਹੈ ਪਰ ਪੰਜਾਬੀ ਜ਼ੁਬਾਨ ਦੀ ਨਹੀਂ ਕੀਤੀ। 'ਪੀਪਲਜ਼ ਪਾਰਟੀ ਆਫ਼ ਪੰਜਾਬ' ਦੀ ਥਾਂ ਪਾਰਟੀ ਦਾ ਨਾਂ ਪੰਜਾਬੀ 'ਚ ਵੀ ਰੱਖਿਆ ਜਾ ਸਕਦਾ ਸੀ, ਤੇ ਕਈਆਂ ਦਾ ਕਹਿਣਾ ਹੈ ਕਿ ਉਸ ਨਾਲ ਤੁਰਨ ਵਾਲੇ ਕਈ ਲੋਕਾਂ ਦਾ ਕਿਰਦਾਰ ਵੀ ਉਤਨਾ ਦੁੱਧ ਧੋਤਾ ਨਹੀਂ ਜਿੰਨਾ ਹੋਣਾ ਚਾਹੀਦੈ।

ਗੱਲਾਂ ਮਨਪ੍ਰੀਤ ਦੀਆਂ ਵੀ ਠੀਕ ਨੇ, ਤੇ ਸੋਚ ਲੋਕਾਂ ਦੀ ਵੀ ਗਲਤ ਨਹੀਂ ਪਰ ਜਿਸ ਤਰ੍ਹਾਂ ਮਨਪ੍ਰੀਤ ਨੇ ਥੋੜ੍ਹੇ ਸਮੇਂ ਵਿਚ ਦੋਹਾਂ ਵੱਡੀਆਂ ਪਾਰਟੀਆਂ ਦੇ ਆਗੂਆਂ ਦੀ ਨੀਂਦ ਖੋਹੀ ਹੈ, ਉਹ ਚੰਗੀ ਵੀ ਲੱਗਦੀ ਹੈ ਤੇ ਪੰਜਾਬ ਦੀ ਰਾਜਨੀਤੀ 'ਚ ਪਹਿਲਾਂ ਨਾਲੋਂ ਵੱਧ ਦਿਲਚਸਪੀ ਲਿਆਉਣ ਵਾਲੀ ਵੀ। ਚੰਗਾ ਹੋਵੇ ਜੇ ਕੋਈ ਅਜਿਹਾ ਆਗੂ ਪੰਜਾਬ ਦੀ ਵਾਗਡੋਰ ਸੰਭਾਲੇ ਜਿਹੜਾ ਸੱਚੀਂ-ਮੁੱਚੀਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਪਹਿਰੇਦਾਰ ਹੋਣ ਦੇ ਨਾਲ-ਨਾਲ 'ਰੰਗਲੇ ਪੰਜਾਬ ਨੂੰ ਬਚਾਈਂ' ਵਾਲੀ ਗੱਲ 'ਤੇ ਦਿਲੋਂ ਅਮਲ ਕਰਨ ਵਾਲਾ ਹੋਵੇ। ਉਹ ਭਾਵੇਂ ਮਨਪ੍ਰੀਤ ਹੋਵੇ ਜਾਂ ਕੋਈ ਹੋਰ, ਲੋਕਾਂ ਨੂੰ ਖੁਸ਼ੀ ਹੀ ਹੋਵੇਗੀ, ਇਤਰਾਜ਼ ਕੋਈ ਵੀ ਨਹੀਂ।

## ਕਾਵਿ-ਸੰਸਾਰ

# ਜਾਗੋ ਦੇਖੋ ਪੰਜਾਬ ਜਲ ਰਿਹਾ ਹੈ

ਹੈਲੋ ਹੈਲੋ ਹੈਲੋ ਜਾਗੋ ਦੇਖੋ
ਪੰਜਾਬ ਜਲ ਰਿਹਾ ਹੈ।
ਘਰ ਦੇ ਦੀਵੇ ਲਾਈ ਅੱਗ
ਲਟ ਲਟ ਬਲ ਰਿਹਾ ਹੈ।

ਇਹ ਗੁਰੂ ਪੈਗੰਬਰ ਪੀਰਾਂ ਦੀ ਧਰਤੀ,
ਇਹ ਸਾਧੂ ਸੰਤ ਫਕੀਰਾਂ ਦੀ ਧਰਤੀ,
ਹੈ ਯੋਧੇ ਬਲੀਆਂ ਬੀਰਾਂ ਦੀ ਧਰਤੀ,
ਜਿਥੇ ਅੱਜ ਸ਼ੈਤਾਨ ਦਾ ਰਾਜ ਚੱਲ ਰਿਹਾ ਹੈ।
ਹੈਲੋ ਹੈਲੋ ਹੈਲੋ ਜਾਗੋ ਦੇਖੋ
ਪੰਜਾਬ ਜਲ ਰਿਹਾ ਹੈ।

ਘਰ ਹੀ ਨਾ ਰਿਹਾ ਤਾਂ ਜਾਵਾਂਗੇ ਕਿੱਥੇ,
ਪੰਜਾਬੀ ਦੇ ਸੋਹਲੇ ਦੱਸੋ ਗਾਵਾਂਗੇ ਕਿੱਥੇ,
ਰਾਮ ਰਹੀਮ ਨਾਨਕ ਬਹਾਵਾਂਗੇ ਕਿੱਥੇ,
ਆਪਣੇ ਚਾਰ-ਚੁਫੇਰੇ ਹੀ
ਪਾਪ ਫਲ ਰਿਹਾ ਹੈ।
ਹੈਲੋ ਹੈਲੋ ਹੈਲੋ ਜਾਗੋ ਦੇਖੋ
ਪੰਜਾਬ ਜਲ ਰਿਹਾ ਹੈ।

ਸਿਆਸਤੀਆਂ ਪਾਈਆਂ ਕਿਵੇਂ ਲਕੀਰਾਂ,
ਪੰਜਾਬ ਨੂੰ ਕੀਤਾ ਹੈ ਲੀਰਾਂ ਲੀਰਾਂ,
ਲੁੱਟ-ਪੁੱਟ ਗਈਆਂ ਨੇ ਤਕਦੀਰਾਂ,
ਵੋਟਾਂ ਦੀ ਖਾਤਰ ਉਹ ਫਿਰ ਛੱਲ ਰਿਹਾ ਹੈ।
ਹੈਲੋ ਹੈਲੋ ਹੈਲੋ ਜਾਗੋ ਦੇਖੋ
ਪੰਜਾਬ ਜਲ ਰਿਹਾ ਹੈ।

ਧਰਮੀ ਵੀ ਸਾਰੇ ਪਖੰਡੀ ਹੀ ਲੱਗਦੇ,
ਗੁੰਮਰਾਹ ਕਰ ਰਹੇ ਢੰਗੀ ਹੀ ਲੱਗਦੇ,
ਮੌਕਾਪ੍ਰਸਤ ਤਿੱਤਰ ਖੰਭੀ ਹੀ ਲੱਗਦੇ,
ਧਰਮ ਅਸਥਾਨਾਂ ਦੀ ਥਾਂ
ਡੇਰਾਵਾਦ ਮੱਲ ਰਿਹਾ ਹੈ।
ਹੈਲੋ ਹੈਲੋ ਹੈਲੋ ਜਾਗੋ ਦੇਖੋ
ਪੰਜਾਬ ਜਲ ਰਿਹਾ ਹੈ।

ਗੁਰੂ ਗ੍ਰੰਥ ਵਿਚ ਰਵਿਦਾਸ ਸਮੋਇਆ,
ਵੱਖ ਹੋਣ ਦਾ ਸਵਾਲ ਕੀ ਹੋਇਆ?
ਜ਼ਹਿਰ ਦਾ ਕਿਸ ਨੇ ਬੀਜ ਹੈ ਬੋਇਆ,
ਕਿਸ ਪਾਪੀ ਦੁਸ਼ਟ ਦਾ
ਦਿਮਾਗ ਚੱਲ ਰਿਹਾ ਹੈ।
ਹੈਲੋ ਹੈਲੋ ਹੈਲੋ ਜਾਗੋ ਦੇਖੋ
ਪੰਜਾਬ ਜਲ ਰਿਹਾ ਹੈ।

ਆਪਣਿਆਂ ਹੀ ਕੀਤੀ ਹੈ ਬੇ-ਵਫਾਈ,
ਹਰੇ ਇਨਕਲਾਬ ਥੀਂ ਜ਼ਹਿਰ ਮਿਲਾਈ,
ਖੋਹ ਲਿਆ ਪਾਣੀ ਸ਼ਰਾਬ ਪਿਲਾਈ,
ਜਾਨਲੇਵਾ ਨਸ਼ਿਆਂ ਦਾ
ਦੌਰ ਚੱਲ ਰਿਹਾ ਹੈ।
ਹੈਲੋ ਹੈਲੋ ਹੈਲੋ ਜਾਗੋ ਦੇਖੋ
ਪੰਜਾਬ ਜਲ ਰਿਹਾ ਹੈ।

ਕਿਸਾਨ ਦੀ ਹਾਲਤ ਵਾਂਗ ਭਿਖਾਰੀ,
ਮਜ਼ਦੂਰ ਨੂੰ ਮਿਲਦੀ ਨਾਹੀਂ ਦਿਹਾੜੀ,
ਸ਼ਰ੍ਹੇਆਮ ਲੁੱਟਦੇ ਪਏ ਵਿਓਪਾਰੀ,
ਅਨਾਜ ਗੁਦਾਮਾਂ 'ਚ ਪਿਆ
ਸੜ-ਗਲ ਰਿਹਾ ਹੈ।
ਹੈਲੋ ਹੈਲੋ ਹੈਲੋ ਜਾਗੋ ਦੇਖੋ
ਪੰਜਾਬ ਜਲ ਰਿਹਾ ਹੈ।

ਘਰ ਘਰ ਕੈਂਸਰ ਰੋਗ ਹੈ ਹੋਇਆ,
ਕੁਝ ਨਹੀਂ ਦਿਸਦਾ ਨਵਾਂ ਨਰੋਇਆ,
ਪੰਜਾਬੀ ਚਿਹਰਾ ਹੈ ਅੱਧ ਮੋਇਆ,
ਏਥੇ ਜਾਪਦਾ ਚੜ੍ਹਦਾ ਸੂਰਜ ਹੀ
ਢਲ ਰਿਹਾ ਹੈ।
ਹੈਲੋ ਹੈਲੋ ਹੈਲੋ ਜਾਗੋ ਦੇਖੋ
ਪੰਜਾਬ ਜਲ ਰਿਹਾ ਹੈ।

ਵਿਦਿਆ ਵੀਚਾਰੀ ਦੀ ਹੋਈ ਖੁਆਰੀ,
ਹਰ ਇਕ ਨੂੰ ਲੱਗੀ ਕੁਰਪਸ਼ਨ ਬਿਮਾਰੀ,
ਫ਼ੇਲ੍ਹ ਹੋ ਗਈ ਮਸ਼ੀਨਰੀ ਸਰਕਾਰੀ,
'ਆਦਮਪੁਰੀ' ਮੀਡੀਏ ਨੂੰ
ਈ-ਮੇਲ ਘੱਲ ਰਿਹਾ ਹੈ।
ਹੈਲੋ ਹੈਲੋ ਹੈਲੋ ਜਾਗੋ ਦੇਖੋ
ਪੰਜਾਬ ਜਲ ਰਿਹਾ ਹੈ...।
ਪੰਜਾਬ ਜਲ ਰਿਹਾ ਹੈ...।

-ਅਵਤਾਰ ਸਿੰਘ ਆਦਮਪੁਰੀ

# ਪੰਜਾਬੀ ਫਿਲਮ 'ਅੰਨ੍ਹੇ ਘੋੜੇ ਦਾ ਦਾਨ' ਨੇ ਕੌਮਾਂਤਰੀ ਮੇਲੇ ਵਿਚ ਗੱਡੇ ਝੰਡੇ

ਨਾਵਲਕਾਰ ਗੁਰਦਿਆਲ ਸਿੰਘ ਦੇ ਚਰਚਿਤ ਨਾਵਲ 'ਤੇ ਬਣਾਈ ਪੰਜਾਬੀ ਫਿਲਮ 'ਅੰਨ੍ਹੇ ਘੋੜੇ ਦਾ ਦਾਨ' 68ਵੇਂ ਵੀਨਸ ਕੌਮਾਂਤਰੀ ਫਿਲਮ ਮੇਲੇ ਵਿਚ ਦਿਖਾਈ ਜਾ ਰਹੀ ਹੈ। ਇਹ



ਨਾਵਲਕਾਰ ਗੁਰਦਿਆਲ ਸਿੰਘ


ਮੇਲੇ 31 ਅਗਸਤ ਤੋਂ 10 ਸਤੰਬਰ ਤੱਕ ਲੱਗਣਾ ਹੈ। ਇਹ ਪਹਿਲੀ ਅਜਿਹੀ ਪੰਜਾਬੀ ਫਿਲਮ ਹੈ ਜਿਹੜੀ ਕਿਸੇ ਕੌਮਾਂਤਰੀ ਫਿਲਮ ਮੇਲੇ ਵਿਚ ਦਿਖਾਈ ਜਾ ਰਹੀ ਹੈ ਅਤੇ ਇਸ ਨੂੰ ਮੁਕਾਬਲੇ ਵਾਲੇ ਸੈਕਸ਼ਨ ਵਿਚ ਰੱਖਿਆ ਗਿਆ ਹੈ। ਪੰਜਾਬ ਅਤੇ ਪੰਜਾਬੀਆਂ ਲਈ ਇਹ ਬੜੇ ਮਾਣ ਵਾਲੀ ਗੱਲ ਹੈ। ਇਸ ਫਿਲਮ ਦੇ ਡਾਇਰੈਕਟਰ ਗੁਰਵਿੰਦਰ ਸਿੰਘ ਹਨ। ਇਸ ਫਿਲਮ ਵਿਚ



ਇਮੈਨੂਅਲ ਸਿੰਘ ਅਤੇ ਕੁਲਵਿੰਦਰ ਕੌਰ।

ਆਪਣੇ ਸਮੇਂ ਦੇ ਮਹਾਨ ਫਿਲਮਸਾਜ਼ ਮਰਹੂਮ ਮਣੀ ਕੌਲ ਦਾ ਵੀ ਯੋਗਦਾਨ ਹੈ। ਉਹ ਇਸ ਫਿਲਮ ਦੇ 'ਕ੍ਰੀਏਟਿਵ ਪ੍ਰੋਡਿਊਸਰ' ਸਨ। ਇਹ ਫਿਲਮ ਭਾਰਤੀ ਕੌਮੀ ਫਿਲਮ ਵਿਕਾਸ ਨਿਗਮ (ਇੰਡੀਅਨ ਫਿਲਮ ਡਿਵੈਲਪਮੈਂਟ ਕਾਰਪੋਰੇਸ਼ਨ) ਨੇ ਬਣਵਾਈ ਹੈ ਅਤੇ ਇਸ ਦੀ ਸ਼ੂਟਿੰਗ ਇਸੇ ਸਾਲ ਦੇ ਆਰੰਭ ਵਿਚ ਬਠਿੰਡਾ ਵਿਚ ਕੀਤੀ ਗਈ। ਫਿਲਮ ਵਿਚ ਮੁੱਖ ਰੋਲ ਸੈਮੂਅਲ ਜੌਹਨ ਨੇ ਨਿਭਾਇਆ ਹੈ। ਬਾਕੀ ਸਾਰੇ ਦੇ ਸਾਰੇ ਕਲਾਕਾਰ, ਪੇਸ਼ਵਰ ਕਲਾਕਾਰ ਨਹੀਂ। ਡਾਇਰੈਕਟਰ ਨੇ ਇਸ ਫਿਲਮ ਵਿਚ ਇਹ ਵੱਖਰਾ ਤਜਰਬਾ ਕੀਤਾ ਹੈ ਅਤੇ ਉਹ ਕਾਮਯਾਬ ਵੀ ਰਿਹਾ ਹੈ।

ਇਸ ਫਿਲਮ ਦਾ ਮੁੱਖ ਥੀਮ ਦਲਿਤਾਂ ਦੀ ਦਾਸਤਾਨ ਨਾਲ ਜੁੜਿਆ ਹੈ। ਦਲਿਤਾਂ ਦੀ ਪੀੜ ਇਸ ਫਿਲਮ ਦੇ ਹਰ ਦ੍ਰਿਸ਼ ਵਿਚੋਂ ਰਿਸਦੀ ਜਾਪਦੀ ਹੈ। ਧੁੰਦ ਵਾਲੀ ਇਕ ਸਵੇਰ ਨੂੰ ਜਦੋਂ ਪਿੰਡ ਹੌਲੀ-ਹੌਲੀ ਜਾਗਣ ਲੱਗਦਾ ਹੈ ਤਾਂ ਨਾਲ ਹੀ ਖਬਰ ਆਉਂਦੀ ਹੈ ਕਿ ਪਿੰਡ ਦੇ ਬਾਹਰਵਾਰ ਕੋਈ ਘਰ ਢਾਹ ਦਿੱਤਾ ਗਿਆ ਹੈ। ਮਸਲਾ ਇਹ ਹੈ ਕਿ ਇੰਨੀ ਠੰਢ ਵਿਚ ਘਰਵਾਲਿਆਂ ਦੀ ਢੋਈ ਹੁਣ ਕਿੱਥੇ ਹੋਵੇਗੀ? ਇਨ੍ਹਾਂ ਹੀ ਫਿਕਰਾਂ ਨਾਲ ਜੂਝ ਰਹੇ ਇਕ ਹੋਰ ਟੱਬਰ ਦਾ ਬਜ਼ੁਰਗ ਇਸ ਅਨਿਆਂ ਖਿਲਾਫ ਹੋਰ ਲੋਕਾਂ ਨਾਲ ਜਾ ਖੜ੍ਹਾ ਹੁੰਦਾ ਹੈ। ਉਸੇ ਦਿਨ ਉਸ ਦਾ ਮੁੰਡਾ ਮੇਲੂ ਜਿਹੜਾ ਸ਼ਹਿਰ ਵਿਚ ਰਿਕਸ਼ਾ ਚਲਾਉਂਦਾ ਹੈ, ਆਪਣੇ ਸਾਥੀਆਂ ਨਾਲ ਹੜਤਾਲ ਵਿਚ ਹਿੱਸਾ ਲੈਂਦਾ ਹੈ। ਉਸ ਦੇ ਜ਼ਿਹਨ ਵਿਚ ਆਪਣੇ ਲੋਕਾਂ ਦੇ ਦੁੱਖ ਕੱਟੇ ਜਾਣ ਦੀ ਕੋਈ ਤਾਂਘ ਬੈਠੀ ਹੈ ਜੋ ਗਾਹੇ-ਬਗਾਹੇ ਸਿਰ ਚੁੱਕਦੀ ਹੈ ਅਤੇ ਨਾੜਾਂ ਵਿਚ ਵਗ ਰਹੇ ਲਹੂ ਨੂੰ ਗਤੀ ਦਿੰਦੀ ਹੈ। ਪੋਟਾ-ਪੋਟਾ ਜ਼ਖਮੀ ਅਤੇ ਇਕੱਲ ਦਾ ਮਾਰਿਆ ਮੇਲੂ ਸਾਰਾ ਦਿਨ ਅੱਚੋਆਈ ਵਿਚ ਲੰਘਾਉਂਦਾ ਹੈ ਅਤੇ ਰਾਤ ਨੂੰ ਆਪਣੇ ਸਾਥੀਆਂ ਨਾਲ ਬੈਠ ਕੇ ਦਾਰੂ ਉਡਾਉਂਦਾ ਹੈ ਅਤੇ ਆਪਣੀ ਤੇ ਆਪਣੇ ਭਾਈਵੰਦਾਂ ਦੇ ਜੀਣ-ਥੀਣ, ਤੰਗੀਆਂ-ਤੁਰਸ਼ੀਆਂ ਅਤੇ ਇਨ੍ਹਾਂ ਦੀ ਹੋਂਦ ਬਾਰੇ ਗੱਲਾਂ ਕਰਦਾ ਹੈ। ਸਾਰਾ ਦਿਨ ਸ਼ਹਿਰ ਦੀਆਂ ਗਲੀਆਂ ਵਿਚ ਘੁੰਮਦੇ ਮੇਲੂ ਨੂੰ ਪਤਾ ਹੀ ਨਹੀਂ ਲੱਗਦਾ ਕਿ ਉਸ ਨੇ ਆਖਰਕਾਰ ਜਾਣਾ ਕਿੱਥੇ ਹੈ? ਉਸ ਦੀ ਮੰਜ਼ਿਲ ਕੀ ਹੈ? ਹੋਰ



ਸੈਮੂਅਲ ਜੌਹਨ ਜਿਸ ਨੇ ਫਿਲਮ ਵਿਚ ਮੇਲੂ ਦਾ ਮੁੱਖ ਕਿਰਦਾਰ ਨਿਭਾਇਆ ਹੈ।



ਫਿਲਮ ਵਿਚ ਦਿਆਲੋ ਦਾ ਕਿਰਦਾਰ ਨਿਭਾਉਣ ਵਾਲੀ ਅਦਾਕਾਰਾ ਸਰਬਜੀਤ ਕੌਰ।

ਕੁਝ ਕਰਨਾ ਕੀ ਹੈ? ਪਿੰਡ ਆਉਂਦਾ ਹੈ ਤਾਂ ਉਹਦੀ ਮਾਂ ਆਪਣੀ ਦਰਦਨਾਕ ਕਹਾਣੀ ਬਿਆਨ ਕਰਦੀ ਹੈ। ਉਹ ਜਿਸ ਜ਼ਿਮੀਦਾਰ ਦੇ ਖੇਤਾਂ ਵਿਚ ਕੰਮ ਕਰਨ ਜਾਂਦੀ ਹੈ, ਉਹ ਉਹਦੀ ਦੁਰਗਤ ਕਰਦੇ ਹਨ। ਫਿਰ ਰਾਤ ਦੀ ਖਾਮੋਸ਼ੀ ਵਿਚ ਗੋਲੀ ਚੱਲਣ ਦੀ ਆਵਾਜ਼ ਆਉਂਦੀ ਹੈ। ਪੂਰੇ ਪਿੰਡ ਵਿਚ ਤਣਾਅ ਹੈ। ਰਾਤ ਨੂੰ ਚੰਦ ਗ੍ਰਹਿਣ ਲੱਗਿਆ ਹੋਇਆ ਹੈ ਅਤੇ ਇਕ ਬੰਦਾ ਗਲੀ ਵਿਚ ਘੁੰਮਦਾ ਚੰਦ-ਗ੍ਰਹਿਣ ਦਾਨ ਮੰਗ ਰਿਹਾ ਹੈ। ਇਸੇ ਬੰਦੇ ਦੀ ਭੈਣ ਵੀ ਪਿੰਡ ਦੀਆਂ ਗਲੀਆਂ ਵਿਚ ਹੈ ਪਰ ਇਨ੍ਹਾਂ ਦਾ ਬਾਪੂ ਆਪਣੇ ਕਿਸੇ ਸਾਥੀ ਨਾਲ ਸ਼ਹਿਰ ਗਿਆ ਹੋਇਆ ਹੈ।

ਗੁਰਵਿੰਦਰ ਸਿੰਘ 'ਅੰਨ੍ਹੇ ਘੋੜੇ ਦਾ ਦਾਨ' ਨੂੰ ਜ਼ਿੰਦਗੀ ਲਈ ਲੜ ਰਹੀਆਂ ਜਮਾਤਾਂ ਦੇ ਰੂਪ ਵਿਚ ਦੇਖਦਾ ਹੈ। ਉਹ ਇਨ੍ਹਾਂ ਜਮਾਤਾਂ ਦੇ ਮੱਥੇ ਉੱਤੇ ਖੁਣੀ ਗਈ ਅਧੀਨਗੀ ਨੂੰ ਤੁਣਕਦਾ ਹੈ। ਇਹ ਅਧੀਨਗੀ ਬਹੁਤ ਤੰਗ ਕਰਨ ਵਾਲੀ ਹੈ। ਉੱਠਣ-ਬੈਠਣ, ਰਹਿਣੀ-ਬਹਿਣੀ, ਰਿਸ਼ਤਿਆਂ ਅਤੇ ਲੜਾਈਆਂ ਵਿਚੋਂ ਇਹ ਅਕਸਰ ਝਾਤੀਆਂ ਮਾਰਦੀ ਹੈ। ਸਤਹਿ ਦੇ ਹੇਠਾਂ ਵਾਲੀ ਹਲਚਲ ਬਾਹਰ ਨਹੀਂ ਦਿਸਦੀ ਅਤੇ ਇਹੀ ਗੱਲ ਹੌਲੀ-ਹੌਲੀ ਲਾਚਾਰੀ ਦਾ ਰੂਪ ਵਟਾ ਲੈਂਦੀ ਹੈ। ਬਾਅਦ ਵਿਚ ਜਦੋਂ ਕਿਤੇ ਕੋਈ ਲੜੀ ਤੁਰਦੀ ਅਤੇ ਲੋਅ ਫੁੱਟਦੀ ਹੈ ਤਾਂ ਲਾਚਾਰੀ ਦੀ ਬਰਫ ਪਿਘਲਣ ਲਗਦੀ ਹੈ। ਗੁਰਵਿੰਦਰ ਇਸ ਅਧੀਨਗੀ ਨੂੰ ਬਹੁਤ ਸੂਖਮ ਰੂਪ ਵਿਚ ਹੁੱਝਾਂ ਮਾਰਦਾ ਹੈ। 'ਅੰਨ੍ਹੇ ਘੋੜੇ ਦਾ ਦਾਨ' ਗੁਰਵਿੰਦਰ ਸਿੰਘ ਦੀ ਪਹਿਲੀ ਫੀਚਰ ਫਿਲਮ ਹੈ। ਅੱਜਕੱਲ੍ਹ ਉਹ ਪਣੇ ਸ਼ਹਿਰ ਵਿਚ ਵੱਸ ਰਿਹਾ ਹੈ। ਉਸ ਨੇ 1995 ਵਿਚ ਦਿੱਲੀ ਯੂਨੀਵਰਸਿਟੀ ਤੋਂ ਗਰੈਜੂਏਸ਼ਨ ਕੀਤੀ ਅਤੇ ਫਿਰ ਕੁਝ ਸਮਾਂ ਇਸ਼ਤਿਹਾਰਾਂ ਦੀ ਦੁਨੀਆਂ ਵਿਚ ਗ੍ਰਾਫਿਕ ਆਰਟਿਸਟ ਵਜੋਂ ਕੰਮ ਕਰਨ ਤੋਂ ਬਾਅਦ ਪੁਣੇ ਯੂਨੀਵਰਸਿਟੀ ਤੋਂ ਪੋਸਟ-ਗਰੈਜੂਏਸ਼ਨ ਕਰ ਲਈ। 2001 ਵਿਚ ਪੁਣੇ ਦੀ ਮਸ਼ਹੂਰ ਫਿਲਮ ਸੰਸਥਾ 'ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਆੱਫ ਇੰਡੀਆ' ਤੋਂ ਫਿਲਮ ਡਾਇਰੈਕਸ਼ਨ ਦੀ ਸਿਖਲਾਈ ਲਈ। 2002 ਤੋਂ 2006 ਤੱਕ ਪੰਜਾਬ ਵਿਚ ਰਹਿ ਕੇ ਅਧੀਨ ਕਹੀਆਂ ਜਾ ਰਹੀਆਂ ਜਾਤਾਂ ਦੇ ਲੋਕ ਸੰਗੀਤ 'ਤੇ ਖੋਜ ਕਾਰਜ ਕੀਤਾ। ਇਸ ਸੰਗੀਤ ਬਾਰੇ ਉਸ ਨੇ ਦਸਤਾਵੇਜ਼ੀ ਫਿਲਮਾਂ ਬਣਾਈਆਂ ਅਤੇ ਲੋਕਾਂ ਨੂੰ ਦਿਖਾਈਆਂ। 'ਅੰਨ੍ਹੇ ਘੋੜੇ ਦਾ ਦਾਨ' ਦੀ ਪਟਕਥਾ ਗੁਰਵਿੰਦਰ ਨੇ ਆਪ ਲਿਖੀ ਹੈ। ਫਿਲਮ 'ਚ ਸੈਮੂਅਲ ਜੌਹਨ ਤੋਂ ਇਲਾਵਾ ਮੱਲ ਸਿੰਘ, ਸਰਬਜੀਤ ਕੌਰ, ਧਰਮਿੰਦਰ ਕੌਰ, ਇਮੈਨੂਅਲ ਸਿੰਘ, ਕੁਲਵਿੰਦਰ ਕੌਰ, ਲੱਖਾ ਸਿੰਘ ਅਤੇ ਗੁਰਵਿੰਦਰ ਮਖਣਾ ਨੇ ਅਦਾਕਾਰੀ ਕੀਤੀ ਹੈ। ਫਿਲਮ ਦੇ ਡਾਇਲਾਗ ਨਾਵਲ ਦੇ ਲੇਖਕ ਗੁਰਦਿਆਲ ਸਿੰਘ ਅਤੇ ਜਸਦੀਪ ਸਿੰਘ ਨੇ ਲਿਖੇ ਹਨ। ਸੰਗੀਤ ਦੀਆਂ ਛੋਹਾਂ ਕੈਥਰੀਨ ਲੈਂਬ ਦਿੱਤੀਆਂ ਹਨ। ਕੈਮਰੇ ਦੇ ਜੌਹਰ ਸੱਤਿਆ ਰਾਏ ਨਾਗਪਾਲ ਦਿਖਾਏ ਹਨ। ਸਾਊਂਡ ਮੰਦਰ ਕੁਲਕਰਨੀ ਦੀ ਹੈ। ਸੰਪਾਦਨ ਦਾ ਕੰਮ ਉਜਵਲ ਚੰਦਰ ਨੇ ਕੀਤਾ ਹੈ।

> ਗੁਰਵਿੰਦਰ ਸਿੰਘ 'ਅੰਨ੍ਹੇ ਘੋੜੇ ਦਾ ਦਾਨ' ਨੂੰ ਜ਼ਿੰਦਗੀ ਲਈ ਲੜ ਰਹੀਆਂ ਜਮਾਤਾਂ ਦੇ ਰੂਪ ਵਿਚ ਦੇਖਦਾ ਹੈ। ਉਹ ਇਨ੍ਹਾਂ ਜਮਾਤਾਂ ਦੇ ਮੱਥੇ ਉੱਤੇ ਖੁਣੀ ਗਈ ਅਧੀਨਗੀ ਨੂੰ ਤੁਣਕਦਾ ਹੈ। ਇਹ ਅਧੀਨਗੀ ਬਹੁਤ ਤੰਗ ਕਰਨ ਵਾਲੀ ਹੈ। ਸਤਹਿ ਦੇ ਹੇਠਾਂ ਵਾਲੀ ਹਲਚਲ ਬਾਹਰ ਨਹੀਂ ਦਿਸਦੀ ਅਤੇ ਇਹੀ ਗੱਲ ਹੌਲੀ-ਹੌਲੀ ਲਾਚਾਰੀ ਦਾ ਰੂਪ ਵਟਾ ਲੈਂਦੀ ਹੈ। ਬਾਅਦ ਵਿਚ ਜਦੋਂ ਕਿਤੇ ਕੋਈ ਲੜੀ ਤੁਰਦੀ ਅਤੇ ਲੋਅ ਫੁੱਟਦੀ ਹੈ ਤਾਂ ਲਾਚਾਰੀ ਦੀ ਬਰਫ ਪਿਘਲਣ ਲਗਦੀ ਹੈ।




ਗੁਰਵਿੰਦਰ ਸਿੰਘ (ਸੱਜੇ) ਬਠਿੰਡਾ ਵਿਖੇ ਮੱਲ ਸਿੰਘ ਨਾਲ।

# ਮੁਹੰਮਦ ਰਫ਼ੀ ਨਹੀਂ ਕਿਸੇ ਨੇ ਬਣ ਜਾਣਾ

ਸੰਗੀਤ ਦੀ ਦੁਨੀਆ ਵਿਚ ਮਰਹੂਮ ਮੁਹੰਮਦ ਰਫ਼ੀ ਸਾਹਿਬ ਦਾ ਨਾਂ ਕਿਸੇ ਤੁਆਰਫ ਦਾ ਮੁਹਤਾਜ ਨਹੀਂ। 24 ਦਸੰਬਰ ਨੂੰ ਪੰਜਾਬ ਦੀ ਪਵਿੱਤਰ ਧਰਤੀ ਜ਼ਿਲ੍ਹਾ ਅੰਮ੍ਰਿਤਸਰ ਦੇ ਮਜੀਠਾ ਰੋਡ 'ਤੇ ਪਿੰਡ ਕੋਟਲਾ ਸੁਲਤਾਨ ਸਿੰਘ ਵਿਖੇ ਜਨਮੇ ਮੁਹੰਮਦ ਰਫੀ ਦੇ ਪਿਤਾ ਦਾ ਨਾਂ ਅਲੀ ਮੁਹੰਮਦ ਸੀ ਜੋ ਪਿੰਡ ਵਿਚ ਹੀ ਹਜ਼ਾਮਤਾਂ ਬਣਾਉਣ ਦਾ ਕੰਮ ਕਰਦੇ ਸਨ। ਉਹ ਵਧੀਆ ਕੁੱਕ ਵੀ ਸਨ। ਪਿੰਡ ਦਾ ਦੌਰਾ ਕਰਨ 'ਤੇ ਰਫ਼ੀ ਦੇ ਜਮਾਤੀ ਰਹੇ ਕੁੰਦਨ ਸਿੰਘ ਸਮਰਾ, ਬਖਸ਼ੀਸ਼ ਸਿੰਘ ਸਮਰਾ ਤੇ ਗੁਰਬਖਸ਼ ਸਿੰਘ ਗਿੱਲ ਨੇ ਦੱਸਿਆ ਕਿ ਫੀਕੋ (ਰਫ਼ੀ ਦਾ ਘਰ ਦਾ ਨਾਂ) ਨੂੰ ਬਚਪਨ ਤੋਂ ਹੀ ਸੰਗੀਤ ਦਾ ਬੜਾ ਸ਼ੌਕ ਸੀ। ਇਸੇ ਕਾਰਨ ਉਹ ਪਿੰਡ ਦੇ ਹੀ ਸਕੂਲ ਵਿਚ ਸਿਰਫ਼ ਚੌਥੀ ਕਲਾਸ ਤੱਕ ਪੜ੍ਹੇ ਤੇ ਤਕਰੀਬਨ 1936 ਵਿਚ ਆਪਣਾ ਜੱਦੀ ਪੁਸ਼ਤੀ ਮਕਾਨ ਸਿਰਫ 1400 ਰੁਪਏ ਵਿਚ ਵੇਚ ਕੇ ਲਾਹੌਰ ਚਲੇ ਗਏ।

ਪੁੱਤਰ ਦਾ ਗਾਇਕੀ 'ਚ ਰੁਚੀ ਰੱਖਣਾ ਪਿਤਾ ਹਾਜੀ ਅਲੀ ਮੁਹੰਮਦ ਨੂੰ ਪਸੰਦ ਨਹੀਂ ਸੀ ਪਰ ਉਨ੍ਹਾਂ ਦਾ ਵੱਡਾ ਭਰਾ ਹਾਮਿਦ, ਮੁਹੰਮਦ ਰਫੀ ਅੰਦਰ ਲੁਕੀ ਪ੍ਰਤਿਭਾ ਪਛਾਣ ਗਿਆ ਸੀ ਤੇ ਉਨ੍ਹਾਂ ਨੂੰ ਵੱਡਾ ਗਾਇਕ ਬਣਾਉਣ 'ਚ ਅਹਿਮ ਭੂਮਿਕਾ ਨਿਭਾਈ। 1935-36 'ਚ ਰਫੀ ਸਾਹਿਬ ਦਾ ਪਰਿਵਾਰ ਲਾਹੌਰ ਚਲਾ ਗਿਆ। ਉਨ੍ਹਾਂ ਦੇ ਜੀਵਨ ਦਾ ਪਹਿਲਾ ਗੀਤ ਪੰਜਾਬੀ ਫਿਲਮ 'ਗੁਲ ਬਲੋਚ' ਲਈ ਰਿਕਾਰਡ ਕੀਤਾ ਗਿਆ, ਬੋਲ ਸਨ 'ਸੋਹਣੀਏ ਹੀਰੀਏ ਨੀ ਤੇਰੀ ਯਾਦ ਨੇ ਬਹੁਤ ਸਤਾਇਆ।' ਇਸ ਤੋਂ ਬਾਅਦ ਉਨ੍ਹਾਂ ਨੂੰ ਮਾਸਟਰ ਨਜ਼ੀਰ ਦੀ ਫਿਲਮ 'ਲੈਲਾ ਮਜਨੂੰ' ਲਈ ਵੀ ਗਾਉਣ ਦਾ ਮੌਕਾ ਮਿਲਿਆ। ਇਸ ਵੇਲੇ ਉਨ੍ਹਾਂ ਦੀ ਉਮਰ ਮਹਿਜ਼ 15 ਸਾਲ ਦੀ ਸੀ। ਉਨ੍ਹਾਂ ਇਕ-ਦੋ ਫਿਲਮਾਂ 'ਚ ਅਦਾਕਾਰੀ ਵੀ ਕੀਤੀ ਪਰ ਬਾਅਦ 'ਚ ਅਦਾਕਾਰੀ ਦਾ ਖ਼ਿਆਲ ਛੱਡ ਦਿੱਤਾ।



ਰਫ਼ੀ ਨੇ ਪ੍ਰਸਿੱਧ ਸੰਗੀਤਕਾਰ ਨੌਸ਼ਾਦ ਸਾਹਿਬ ਦੀਆਂ ਤਕਰੀਬਨ 150 ਫਿਲਮਾਂ ਵਿਚ ਗਾਇਆ। ਰਫੀ ਸਾਹਿਬ ਦੀ ਆਵਾਜ਼ ਦੀ ਇਕ ਖਾਸੀਅਤ ਇਹ ਵੀ ਸੀ ਕਿ ਉਨ੍ਹਾਂ ਜਿਸ ਵੀ ਕਲਾਕਾਰ ਲਈ ਗਾਇਆ, ਉਸ ਕਲਾਕਾਰ ਨੂੰ ਮੁਹੰਮਦ ਰਫ਼ੀ ਦੀ ਆਵਾਜ਼ ਆਪਣੇ 'ਤੇ ਫਿਲਮਾਏ ਜਾਣ ਲਈ ਵਧੇਰੇ ਢੁਕਵੀਂ ਲੱਗਦੀ। 1974 ਤੇ 1977 ਵਿਚ ਉਨ੍ਹਾਂ ਨੂੰ ਬੈਸਟ ਸਿੰਗਰ ਦਾ ਐਵਾਰਡ, 1960 ਵਿਚ 'ਚੌਦਵੀਂ ਕਾ ਚਾਂਦ ਹੋ' ਗੀਤ ਲਈ ਫਿਲਮ ਫੇਅਰ ਐਵਾਰਡ ਤੇ 'ਬਾਬੁਲ ਕੀ ਦੁਆਏ ਲੇਤੀ ਜਾ' ਗੀਤ ਲਈ ਰਾਸ਼ਟਰੀ ਐਵਾਰਡ ਵੀ ਮਿਲਿਆ। ਇਸ ਗੀਤ ਬਾਰੇ ਰਫੀ ਸਾਹਿਬ ਨੇ ਆਪਣੇ ਇੰਤਕਾਲ ਤੋਂ ਕੁਝ ਚਿਰ ਪਹਿਲਾਂ ਉਰਦੂ ਪੱਤ੍ਰਿਕਾ 'ਸ਼ਮ੍ਹਾ' 'ਚ ਇਕ ਲੇਖ ਲਿਖਿਆ ਜਿਸ ਵਿਚ ਉਨ੍ਹਾਂ ਲਿਖਿਆ 'ਜਦੋਂ ਮੈਂ ਇਹ ਗੀਤ ਰਿਕਾਰਡ ਕਰਵਾ ਰਿਹਾ ਸੀ ਤਾਂ ਉਸ ਤੋਂ ਦੋ ਦਿਨ ਬਾਅਦ ਮੇਰੀ ਬੇਟੀ ਦੀ ਸ਼ਾਦੀ ਸੀ। ਕਲਪਨਾ ਦ੍ਰਿਸ਼ਟੀ 'ਚ ਮੈਨੂੰ ਇੰਜ ਲੱਗਾ ਕਿ ਮੇਰੀ ਬੇਟੀ ਵਿਦਾ ਹੋ ਰਹੀ ਹੈ ਤੇ ਮੈਂ ਉਸ ਲਈ ਦੁਆ ਕਰ ਰਿਹਾ ਹਾਂ। ਮੈਂ ਇਹ ਗੀਤ ਗਾਉਂਦਿਆਂ ਸੱਚੀਂ ਜਜ਼ਬਾਤੀ ਹੋ ਗਿਆ ਸੀ ਤੇ ਮੇਰੀਆਂ ਅੱਖਾਂ 'ਚ ਅੱਥਰੂ ਸਨ।'

ਰਫ਼ੀ ਵੱਲੋਂ ਗਾਏ ਗੀਤ 'ਓ ਦੁਨੀਆ ਕੇ ਰਖਵਾਲੇ', 'ਸੁਹਾਨੀ ਰਾਤ ਢਲ ਚੁਕੀ', 'ਵਕਤ ਕੇ ਦਿਨ ਔਰ ਰਾਤ, 'ਯਾਦ ਨਾ ਜਾਏ', 'ਮੈਂ ਜੱਟ ਯਮਲਾ ਪਗਲਾ ਦੀਵਾਨਾ', 'ਪੱਥਰ ਕੇ ਸਨਮ', 'ਤਕਦੀਰ ਕਾ ਫਸਾਨਾ', 'ਹਮ ਤੁਮਸੇ ਯੁਦਾ ਹੋ ਕੇ', 'ਕਹਾਂ ਜਾ ਰਹਾ ਹੈਂ ਤੂੰ ਐ ਜਾਨੇ ਵਾਲੇ' ਅੱਜ ਵੀ ਹਰ ਇਕ ਦੀ ਜ਼ਬਾਨ 'ਤੇ ਹਨ। ਹਿੰਦੀ ਗੀਤਾਂ ਤੋਂ ਇਲਾਵਾ ਰਫ਼ੀ ਸਾਹਿਬ ਨੇ ਕਈ ਪੰਜਾਬੀ ਗੀਤ 'ਜੱਗ ਵਾਲਾ ਮੇਲਾ', 'ਕੈਸੀ ਦੁਨੀਆ ਦੀ ਬਣੀ ਤਕਦੀਰ', 'ਤੇਰੇ ਇਸ਼ਕੇ ਚਾਨਣੀ', 'ਅਸਾਂ ਯਾਰ ਦੇ ਨਜ਼ਾਰੇ ਵਿਚੋਂ ਰੱਬ ਵੇਖਿਆ', 'ਕੌਣ ਕਿਸੇ ਦਾ ਖਾਂਦਾ ਬਈ ਦਾਣਾ ਪਾਣੀ' ਤੇ 'ਲਾਈਆਂ ਤੇ ਤੋੜ ਨਿਭਾਵੀਂ' ਵੀ ਗਾਏ। 31 ਜੁਲਾਈ 1980 ਨੂੰ ਉਹ ਵਿਛੋੜਾ ਦੇ ਗਏ।

WRONGFUL DEATH | AUTO | PEDESTRIAN | BICYCLE | DOG BITES | TRUCK ACCIDENTS

LAW OFFICES OF MARK COHEN

ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ,
ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ

*"I take your accident personally"*

Free initial consultation. No fee if no recovery.

ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ

Please visit our web site for more information

www.markcohenlaw.com or call us at 510.792.4008

ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"




ਕਮਰਸ਼ੀਅਲ

GPS

ਡਿਜ਼ੀਟਲ ਸੈਟੇਲਾਈਟ ਟਰੈਕਿੰਗ ਅਤੇ ਰਿਕਾਵਰੀ



ਸੰਤੁਸ਼ਟੀ ਦੀ ਗਾਰੰਟੀ



ਰੀਫਰ ਯੂਨਿਟਾਂ ਲਈ ਸਪੈਸ਼ਲ



5 ਸਾਲਾਂ ਲਈ ਕੋਈ ਚਾਰਜ ਨਹੀਂ

- ਐਡਰਸ ਅਤੇ ਜਗ੍ਹਾ
- ਘੱਟ ਬੈਟਰੀ ਵੋਲਟੇਜ਼
- ਸਪੀਡ ਅਤੇ ਡਰੈਕਸ਼ਨ
- ਇੰਜਨ ਬੰਦ
- ਅਨਲਾਕ ਟਰੱਕ
- ਸਪੀਡ ਦੇਖੋ

$375

ਬਹੁਤ ਹੀ ਘੱਟ ਲਾਗਤ

- ਮਹੀਨੇ ਦੀ ਕੋਈ ਫੀਸ ਨਹੀਂ
- ਸਾਲ ਦੀ ਕੋਈ ਫੀਸ ਨਹੀਂ
- ਐਕਟੀਵੇਸ਼ਨ ਦੀ ਕੋਈ ਫੀਸ ਨਹੀਂ
- ਕੋਈ ਕਾਨਟਰੈਕਟ ਨਹੀਂ

ਡੈਮੋ ਦੇਖਣ ਲਈ ਕਾਲ ਕਰੋ

Dave: 925-382-5670

Vista CCTV TECHNOLOGY
A leader of worldwide CCTV surveillance

Now buy Vista Products
Www.ezchase.com
(Division of vista cctv tech.)

Protect Your home and Business




*We install anywhere in California*

*H.264 Network DVR
*D1 Resolution
*Real Time Recording
*Dual Streaming Multiplex
*Remote Control
*CMS Central Station
*DDNS Supported
*HDD/DVD-RW/USB Backup
*PTZ Control

BEST PRICE GUARANTEE

View CCTV on your iPhone!

3G Mobile Monitoring

Call Direct: Sukhpal@661-586-5080
Customer Service: 1-800-235-1391
Email: commvision@sbcglobal.net



ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ

www.011india.com



$25
2000 MINUTES*
* SOME RESTRICTIONS APPLY

✓ No Pin Needed
✓ No Connection Fee
✓ No Monthly Fee

USE FROM HOME OR CELL PHONE

GlobeTel Comm.

ਇਹ ਸਰਵਿਸ ਹਰ ਦੇਸ਼ ਲਈ ਵਰਤੋ।
ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਹੋਰ ਜਾਣਕਾਰੀ ਲਈ ਕਾਲ ਕਰੋ:
1.800.914.1013



Desi World Radio
Pure Desi Entertainment




ਰੇਡੀਓ ਟੋਟਲ 35000 ਸਟੇਸ਼ਨਜ਼ ਨਾਲ ਲੈਸ
ਪਹਿਲਾ ਪੂਰਾ ਦੇਸੀ WiFi ਇੰਟਰਨੈਟ ਰੇਡੀਓ
24 ਘੰਟੇ ਸੱਤੇ ਦਿਨ ਹਰਮਿੰਦਰ ਸਾਹਿਬ ਅਤੇ
27 ਹੋਰ ਧਾਰਮਿਕ ਸਟੇਸ਼ਨਜ਼ ਤੇ ਸਵੇਰੇ, ਸ਼ਾਮੀ
ਪਾਠ, ਕੀਰਤਨ ਅਤੇ ਬਾਣੀ ਸੁਣੋ. 24 ਘੰਟੇ ਪੰਜਾਬੀ ਗਾਣੇ, ਥੋੜੇ ਥੋੜੇ ਸਮੇਂ ਬਾਅਦ ਖ਼ਬਰਾਂ, ਚਲੰਤ ਮਾਮਲਿਆ ਦੇ 125 ਤੋਂ ਵੱਧ ਪੰਜਾਬੀ ਰੇਡੀਓ ਸਟੇਸ਼ਨਜ਼ ਅਮਰੀਕਾ, ਕਨੇਡਾ, ਇੰਗਲੈਂਡ, ਅਸਟਰੇਲੀਆ ਨੀਊਜ਼ੀਲੈਂਡ, ਫੀਜ਼ੀ, ਭਾਰਤ, ਸਿੰਘਾਪੁਰ ਦੇ ਰੇਡੀਓ ਸਟੇਸ਼ਨ, ਰੇਡੀਓ ਹਮਸਫਰ, ਸ਼ੇਰੇ-ਪੰਜਾਬ, ਧਮਾਲ ਰੇਡੀਓ, ਹੱਸਦਾ ਪੰਜਾਬ, ਦੇਸ ਪ੍ਰਦੇਸ, ਸਾਂਝੀ ਅਵਾਜ਼, ਪੰਜ ਪਾਣੀ, ਚੜ੍ਹਦੀ ਕਲਾਂ, ਢੋਲ ਰੇਡੀਓ, ਰੇਡੀਓ ਨੌਜਵਾਨ ਅਤੇ ਹੋਰ ਬਹੁਤ ਸਾਰੇ ਰੇਡੀਓ ਹਿੰਦੀ,ਉਰਦੂ, ਦੱਖਣੀ ਭਾਰਤ ਦੇ 500 ਤੋਂ ਵੱਧ ਰੇਡੀਓ ਸਟੇਸ਼ਨਜ਼
ਰੇਡੀਓ ਰਿਮੋਟ ਕਟ੍ਰੋਲ ਨਾਲ ਉਪਲਬਧ, ਇਸ ਨੂੰ ਵਰਤਣਾ ਬਹੁਤ ਹੀ ਅਸਾਨ,
ਰੇਡੀਓ ਵਿਚ 2 ਅਲਾਰਮ ਹਨ, ਹਰਮਿੰਦਰ ਸਾਹਿਬ ਜਾਂ ਕੋਈ ਵੀ ਧਾਰਮਿਕ ਸਟੇਸ਼ਨ
ਆਪਣੇ ਅਲਾਰਮ ਵਿਚ ਫਿੱਟ ਕਰਕੇ ਆਪਣੀ ਅੱਖ ਰੱਬ ਦੇ ਨਾਮ ਨਾਲ ਖੋਲੋ ਜੀ

ਕੈਲੀਫੋਰਨੀਆਂ ਦਾ ਨੰ: 1 ਰੇਡੀਓ "ਰੇਡੀਓ ਚੜਦੀ ਕਲਾ" ਸੁਣੋ ਸਿਰਫ਼ ਦੇਸੀ ਵ੍ਰਲਡ ਰੇਡੀਓ ਦੇ ਚੈਨਲ ਨੰ: 1 ਤੇ

ਡੀਲਰਸ਼ਿਪ ਲੈ ਕੇ ਵਧੀਆ ਪੈਸੇ ਕਮਾਉਣ ਲਈ ਲੈਣ ਲਈ ਸਾਨੂੰ ਸੰਪਰਕ ਕਰੋ

ਅਸੀ ਇਸ ਰੇਡੀਓ ਨੂੰ ਸਾਰੇ USA ਵਿੱਚ Free ਸ਼ਿਪ ਕਰਦੇ ਹਾਂ

Radio available on

LA Merchandise , Yuba Ctiy
Punjab Bazaar, Yuba City
Bombay Video's, Yuba City
New Delhi, Yuba City
India Market, Sacramento
AB Sweets, Sacramento

India Stop, Elk Grove
Desi Bazaar, Sacramento
Shan-E-Punjab, Stockton
Shalimar Grocerys, Union City
Singh Cash and Caryy, Carona
India House of Grocery, Sacramento

www.desiworldradio.com
Email: info@desiworldradio.com
Toll Free Number 1-800-604-6024